**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

**Ad space available**
Call 847-359-0746

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabbal@gmail.com
License# OC70672 Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 17, Issue 7, February 13, 2016 20451 N Plum Grove Rd., Palatine, IL 60074 Ph:847-359-0746, Fax:847-705-9388

# ਲੋਕ ਰੋਹ ਤੇ ਰੋਸ ਨੇ ਅਕਾਲੀ ਆਗੂਆਂ ਦੇ ਸਾਹ ਸੂਤੇ

## ਸੱਤਾਧਾਰੀ ਦਲ ਲਈ ਵੱਕਾਰ ਦਾ ਸਵਾਲ ਬਣੀ ਖਡੂਰ ਸਾਹਿਬ ਚੋਣ

**ਅੰਮ੍ਰਿਤਸਰ:** ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਖਿਲਾਫ ਸੂਬੇ ਭਰ ਵਿਚ ਚੱਲ ਰਹੀ ਰੋਹ ਅਤੇ ਰੋਸ ਦੀ ਲਹਿਰ ਪਾਰਟੀ ਲਈ ਸਿਰਦਰਦੀ ਬਣੀ ਹੋਈ ਹੈ, ਇਸੇ ਕਰ ਕੇ ਹੁਣ ਖਡੂਰ ਸਾਹਿਬ ਜ਼ਿਮਨੀ ਚੋਣ ਹਾਕਮ ਧਿਰ ਅਕਾਲੀ ਦਲ ਲਈ ਵਕਾਰ ਦਾ ਸਵਾਲ ਬਣ ਗਈ ਹੈ। ਰਵਾਇਤੀ ਪਾਰਟੀ ਵਜੋਂ ਇਸ ਚੋਣ ਵਿਚ ਇਕੱਲਾ ਅਕਾਲੀ ਦਲ ਹੀ ਡਟਿਆ ਹੋਇਆ ਹੈ, ਜਦਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਇਸ ਚੋਣ ਤੋਂ ਲਾਂਭੇ ਹਨ। ਚੋਣ ਮੈਦਾਨ ਵਿਚ ਛੇ ਆਜ਼ਾਦ ਉਮੀਦਵਾਰ ਅਕਾਲੀ ਦਲ ਲਈ ਸਿਰਦਰਦੀ ਬਣ ਗਏ ਹਨ। ਹਾਕਮ ਧਿਰ ਨੂੰ ਡਰ ਸਤਾ ਰਿਹਾ ਹੈ ਕਿ ਇਸ ਚੋਣ ਵਿਚ ਜੇ ਰਿਵਾਇਤੀ ਪਾਰਟੀ ਦੀ ਅਣਹੋਂਦ ਦੇ ਬਾਵਜੂਦ ਅਕਾਲੀ ਦਲ ਹਾਰਦਾ ਹੈ ਤਾਂ ਇਸ ਤੋਂ ਵੱਧ ਨਮੋਸ਼ੀ ਵਾਲੀ ਗੱਲ ਨਹੀਂ ਹੋ ਸਕਦੀ। ਉਧਰ, ਸ਼੍ਰੋਮਣੀ ਅਕਾਲੀ ਦਲ ਜਿਥੇ ਜਿੱਤਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਹੈ, ਉਥੇ ਕਾਂਗਰਸੀਆਂ ਲਈ ਚੋਣ ਵਿਚ ਐਲਾਨੇ ਗਏ ਬਾਈਕਾਟ ਨੂੰ ਸਫਲ ਬਣਾਉਣਾ ਵਕਾਰ ਦਾ ਸਵਾਲ ਬਣਿਆ ਹੋਇਆ ਹੈ। ਕਾਂਗਰਸੀਆਂ ਵੱਲੋਂ ਪਿੰਡ-ਪਿੰਡ ਜਾ ਕੇ ਬੈਠਕਾਂ ਕੀਤੀਆਂ ਜਾ ਰਹੀਆਂ ਹਨ ਤੇ ਲੋਕਾਂ ਨੂੰ ਵੋਟ ਨਾ ਪਾਉਣ ਲਈ ਪ੍ਰੇਰਿਆ ਜਾ ਰਿਹਾ ਹੈ।

ਅਕਾਲੀ ਦਲ ਦੇ ਉਮੀਦਵਾਰ ਨੂੰ ਦੋ ਆਜ਼ਾਦ

*(ਬਾਕੀ ਸਫਾ 6 'ਤੇ)*



### ਦਲ ਬਦਲੂਆਂ ਨੇ ਸਿਰਦਰਦੀ ਹੋਰ ਵਧਾਈ

**ਚੰਡੀਗੜ੍ਹ:** ਅਕਾਲੀ ਦਲ ਵਿਚੋਂ ਦਲ ਬਦਲੂਆਂ ਦੇ ਕਾਂਗਰਸ ਵਿਚ ਜਾਣ ਕਾਰਨ ਹਾਕਮ ਪਾਰਟੀ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਕਮ ਧਿਰ ਦੇ ਤਿੰਨ ਵੱਡੇ ਆਗੂਆਂ ਬਲਵੰਤ ਸਿੰਘ ਰਾਮੂਵਾਲੀਆ, ਦੀਪਇੰਦਰ ਢਿੱਲੋਂ ਅਤੇ ਹੈਰੀ ਮਾਨ ਵੱਲੋਂ ਪਾਰਟੀ ਨੂੰ ਤਿਲਾਂਜਲੀ ਦਿੱਤੀ ਜਾ ਚੁੱਕੀ ਹੈ ਤੇ ਕਈ ਹੋਰ ਵੱਡੇ ਆਗੂਆਂ ਵੱਲੋਂ ਵੀ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਨੂੰ ਅਲਵਿਦਾ ਕਹੇ ਜਾਣ ਦਾ ਖਦਸ਼ਾ ਹੈ। ਹੁਣ ਅਕਾਲੀ ਦਲ ਵੱਲੋਂ ਕਾਂਗਰਸ ਤੇ ਹੋਰ ਪਾਰਟੀਆਂ ਨੂੰ ਛੱਡ ਕੇ ਆਏ ਸਿਆਸਤਦਾਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ। ਅਕਾਲੀ ਦਲ ਨੇ ਕਾਂਗਰਸ ਵਿਚੋਂ ਦਲ ਬਦਲੀ ਨੂੰ ਉਤਸ਼ਾਹਿਤ ਕਰਨ ਲਈ ਨਵੇਂ ਚਿਹਰਿਆਂ ਨੂੰ ਸਰਕਾਰੀ ਅਹੁਦਿਆਂ ਨਾਲ ਨਿਵਾਜਿਆ ਤੇ ਇਹੀ ਆਗੂ ਹੁਣ ਮੁੜ ਕਾਂਗਰਸ ਦਾ 'ਹੱਥ' ਫੜ ਰਹੇ ਹਨ। ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਦੇ 2012 ਵਿਚ ਮੁੜ ਸੱਤਾ ਵਿਚ ਆਉਣ ਬਾਅਦ ਕਾਂਗਰਸ ਦੇ ਕਈ ਆਗੂਆਂ ਨੇ ਹਾਕਮ ਧਿਰ ਦਾ ਪੱਲਾ ਫੜ ਲਿਆ ਸੀ। ਸਾਲ 2012 ਬਾਅਦ ਦੋ ਮੌਜੂਦਾ ਵਿਧਾਇਕਾਂ ਅਤੇ ਛੇ ਸਾਬਕਾ ਵਿਧਾਇਕਾਂ ਸਮੇਤ ਦਰਜਨਾਂ ਕਾਂਗਰਸੀਆਂ ਨੇ ਵਫ਼ਾਦਾਰੀਆਂ ਬਦਲ ਲਈਆਂ ਸਨ। ਇਨ੍ਹਾਂ ਵਿਚ ਤਿੰਨ ਸਾਬਕਾ ਮੰਤਰੀ ਵੀ ਸਨ। ਹੁਣ ਅਕਾਲੀ ਦਲ ਵਿਰੋਧੀ ਬਣੀ ਹਵਾ ਕਾਰਨ ਪਾਸਾ ਪਲਟ ਰਿਹਾ ਹੈ।

# ਹੈਡਲੀ ਦੇ ਇੰਕਸ਼ਾਫ਼ ਨਾਲ ਘਿਰਿਆ ਪਾਕਿਸਤਾਨ

**ਨਵੀਂ ਦਿੱਲੀ:** ਅਮਰੀਕਾ ਵਿਚ 35 ਸਾਲ ਦੀ ਕੈਦ ਭੁਗਤ ਰਹੇ ਡੇਵਿਡ ਹੈਡਲੀ ਵੱਲੋਂ ਵੀਡੀਓ ਲਿੰਕ ਰਾਹੀਂ ਮੁੰਬਈ ਦੀ ਸਪੈਸ਼ਲ ਅਦਾਲਤ ਦੇ ਜੱਜ ਸਾਹਮਣੇ ਕੀਤੇ ਇੰਕਸ਼ਾਫ਼ ਨੇ ਪਾਕਿਸਤਾਨ ਉਤੇ ਅਤਿਵਾਦੀ ਹਮਾਇਤ ਦੇ ਠੱਪੇ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ। ਹੈਡਲੀ ਦੇ ਖੁਲਾਸੇ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ 26 ਨਵੰਬਰ, 2008 ਨੂੰ ਮੁੰਬਈ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਵਿਚ ਉਸ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ., ਫ਼ੌਜ ਤੇ ਲਸ਼ਕਰ-ਏ-ਤੋਇਬਾ ਵੱਲੋਂ ਸਾਂਝੇ ਤੌਰ ਉਤੇ ਘੜੀ ਗਈ ਸੀ। ਲਸ਼ਕਰ-ਏ-ਤੋਇਬਾ ਦਾ ਮੁਖੀ ਹਾਫ਼ਿਜ਼ ਸਈਦ ਹੈ ਜੋ ਅੱਜ ਵੀ ਪਾਕਿਸਤਾਨ ਵਿਚ ਖੁੱਲ੍ਹਾ ਘੁੰਮਦਾ ਭਾਰਤ ਵਿਰੁੱਧ ਜ਼ਹਿਰ ਉਗਲ ਰਿਹਾ ਹੈ। ਉਸ ਨੇ ਖੁਲਾਸਾ ਕੀਤਾ ਕਿ ਮੁੰਬਈ ਹਮਲੇ ਤੋਂ ਪਹਿਲਾਂ ਸਤੰਬਰ ਅਤੇ ਅਕਤੂਬਰ ਵਿਚ ਦੋ ਵਾਰ ਹਮਲੇ ਦੀ ਯੋਜਨਾ ਬਣਾਈ ਗਈ ਸੀ, ਪਰ ਇਹ ਕੋਸ਼ਿਸ਼ਾਂ ਨਾਕਾਮ ਹੋ ਗਈਆਂ। ਇਕ ਵਾਰ ਉਨ੍ਹਾਂ ਦੀ ਕਿਸ਼ਤੀ ਸਮੁੰਦਰ ਵਿਚ ਪਹਾੜੀ ਨਾਲ ਟਕਰਾ ਗਈ ਜਿਸ ਕਾਰਨ ਉਨ੍ਹਾਂ ਦੇ ਹਥਿਆਰ ਤੇ ਗੋਲੀ ਸਿੱਕਾ ਗੁਆਚ ਗਏ ਤੇ ਉਨ੍ਹਾਂ ਨੂੰ ਪਾਕਿਸਤਾਨ ਪਰਤਣਾ ਪਿਆ।



ਹੈਡਲੀ ਨੂੰ ਪਾਕਿਸਤਾਨ ਜਾਂਦਿਆਂ ਸ਼ਿਕਾਗੋ (ਅਮਰੀਕਾ) ਦੇ ਹਵਾਈ ਅੱਡੇ 'ਤੇ ਫੜਿਆ ਗਿਆ ਸੀ। 2013 ਵਿਚ ਸ਼ਿਕਾਗੋ ਦੀ ਅਦਾਲਤ ਨੇ ਮੁੰਬਈ ਅਤੇ ਡੈਨਮਾਰਕ ਵਿਚ ਅਤਿਵਾਦੀ ਹਮਲੇ ਲਈ ਸਾਜ਼ਿਸ਼ ਘੜਨ ਦੇ ਦੋਸ਼ ਵਿਚ ਉਸ ਨੂੰ 35 ਸਾਲ ਦੀ ਸਜ਼ਾ ਸੁਣਾਈ ਸੀ। ਉਹ ਲਸ਼ਕਰ ਤੋਂ ਇਲਾਵਾ ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਲਈ ਕੰਮ ਕਰ ਰਿਹਾ ਸੀ ਤੇ ਉਸ ਨੂੰ ਇਹ ਵੀ ਪਤਾ ਸੀ ਕਿ ਆਈ.ਐਸ.ਆਈ. ਅਧਿਕਾਰੀ ਬ੍ਰਿਗੇਡੀਅਰ ਰਿਆਜ਼ ਲਸ਼ਕਰ ਕਮਾਂਡਰ ਜ਼ਕੀ-ਉਰ ਰਹਿਮਾਨ ਲਖਵੀ ਦਾ ਆਕਾ ਹੈ। ਲਖਵੀ ਮੁੰਬਈ ਹਮਲੇ ਦਾ ਮੁੱਖ ਸਾਜ਼ਿਸ਼ਘਾੜਾ ਹੈ। ਉਸ ਨੇ ਪਾਕਿਸਤਾਨੀ ਫੌਜ ਤੇ ਆਈ.ਐਸ.ਆਈ. ਦੇ ਤਿੰਨ ਅਧਿਕਾਰੀਆਂ ਕਰਨਲ ਸ਼ਾਹ, ਲੈਫਟੀਨੈਂਟ ਕਰਨਲ ਹਮਜ਼ਾ ਅਤੇ ਮੇਜਰ ਸਮੀਰ ਅਲੀ ਦੇ ਨਾਲ ਹੀ ਸੇਵਾਮੁਕਤ ਫੌਜੀ ਅਧਿਕਾਰੀ ਅਬਦੁਲ ਰਹਿਮਾਨ ਪਾਸ਼ਾ ਦਾ ਨਾਂ ਵੀ ਲਿਆ। ਪਾਸ਼ਾ ਲਸ਼ਕਰ ਤੇ ਅਲ ਕਾਇਦਾ ਨਾਲ ਬਹੁਤ ਨੇੜਿਓਂ ਕੰਮ ਕਰ ਰਿਹਾ ਸੀ। ਹੈਡਲੀ ਨੇ ਮੰਨਿਆ ਕਿ ਉਸ ਨੇ ਸਿੱਧੀਵਿਨਾਇਕ ਮੰਦਰ ਤੇ ਜਲ ਸੈਨਾ ਸਟੇਸ਼ਨ ਦੀ ਵੀ ਰੇਕੀ ਕੀਤੀ ਸੀ। ਉਸ ਨੇ ਕਿਹਾ ਕਿ ਭਾਰਤ ਵਿਚ ਹਮਲਿਆਂ ਲਈ ਮੁੱਖ ਤੌਰ 'ਤੇ ਲਸ਼ਕਰ ਹੀ ਜ਼ਿੰਮੇਵਾਰ ਹੈ।

ਦੁਨੀਆਂ ਭਰ ਵਿਚ ਉਹ ਇਕ ਖ਼ਤਰਨਾਕ ਦੇਸ਼ ਵਜੋਂ ਬਦਨਾਮ ਹੋ ਚੁੱਕਾ ਹੈ। ਉਥੇ ਦਹਿਸ਼ਤਵਾਦੀ ਸੰਗਠਨ ਇੰਨੇ ਤਾਕਤਵਰ ਹੋ ਚੁੱਕੇ ਹਨ, ਜਿਨ੍ਹਾਂ ਸਾਹਮਣੇ ਸਰਕਾਰ ਵੀ ਮਜਬੂਰ ਦਿਖਾਈ ਦਿੰਦੀ ਹੈ। ਇਹ ਵੀ ਇਕ ਵੱਡਾ ਕਾਰਨ ਹੈ ਕਿ ਅੱਜ ਪਾਕਿਸਤਾਨ ਦੀ ਸਰਕਾਰ ਤੇ ਸਿਆਸਤਦਾਨ ਜੇਕਰ ਮੋੜ ਕੱਟਣਾ ਵੀ ਚਾਹੁੰਦੇ ਹਨ ਤਾਂ ਉਨ੍ਹਾਂ ਵਿਚ ਅਜਿਹਾ ਕਰਨ ਦਾ ਹੌਸਲਾ ਦਿਖਾਈ ਨਹੀਂ ਦਿੰਦਾ। ਪਾਕਿਸਤਾਨ ਦੇ ਅੰਦਰੂਨੀ ਹਾਲਾਤ ਦਹਿਸ਼ਤਵਾਦੀ ਸੰਗਠਨਾਂ ਕਰ ਕੇ ਲਗਾਤਾਰ ਖ਼ਰਾਬ ਹੁੰਦੇ ਜਾ ਰਹੇ ਹਨ।

**We Do Real Estate in Bay Area & Central Valley**
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸਿੱਖ ਅਦਾਕਾਰ ਵਾਰਿਸ ਆਹਲੂਵਾਲੀਆ ਦਾ ਜਹਾਜ਼ ਕੰਪਨੀ ਖਿਲਾਫ ਮੋਰਚਾ

ਨਿਊ ਯਾਰਕ: ਉਘੇ ਸਿੱਖ ਅਮਰੀਕੀ ਅਦਾਕਾਰ, ਮਾਡਲ ਤੇ ਡਿਜ਼ਾਈਨਰ ਵਾਰਿਸ ਆਹਲੂਵਾਲੀਆ ਨੂੰ ਮੈਕਸਿਕੋ ਸਿਟੀ ਤੋਂ ਨਿਊ ਯਾਰਕ ਜਾ ਰਹੇ ਜਹਾਜ਼ ਵਿਚ ਇਸ ਲਈ ਨਹੀਂ ਚੜ੍ਹਨ ਦਿੱਤਾ ਗਿਆ ਕਿਉਂਕਿ ਉਸ ਨੇ ਸੁਰੱਖਿਆ ਜਾਂਚ ਦੌਰਾਨ ਆਪਣੀ ਦਸਤਾਰ ਉਤਾਰਨ ਤੋਂ ਇਨਕਾਰ ਕਰ ਦਿੱਤਾ। ਮੈਨਹੱਟਨ ਵਿਚ ਰਹਿਣ ਵਾਲੇ ਵਾਰਿਸ (41 ਸਾਲ) ਦਾ ਕਹਿਣਾ ਹੈ ਕਿ ਉਹ ਮੈਕਸਿਕੋ ਸਿਟੀ ਦੇ ਕੌਮਾਂਤਰੀ ਹਵਾਈ ਅੱਡੇ ਉਤੇ ਏਅਰੋਮੈਕਸਿਕੋ ਏਅਰਲਾਈਨ ਦੇ ਕਾਊਂਟਰ ਉਤੇ ਪਹੁੰਚਿਆ। ਉਨ੍ਹਾਂ ਨੂੰ ਪ੍ਰਥਮ ਸ਼੍ਰੇਣੀ ਦਾ ਬੋਰਡਿੰਗ ਪਾਸ ਦਿੱਤਾ ਗਿਆ ਜਿਸ ਉਤੇ 'ਐਸ.ਐਸ.ਐਸ.ਐਸ.' ਕੋਡ ਲਿਖਿਆ ਹੋਇਆ ਸੀ। ਇਸ ਕੋਡ ਦਾ ਮਤਲਬ ਸੀ, ਉਸ ਨੂੰ ਦੁਬਾਰਾ ਸੁਰੱਖਿਆ ਜਾਂਚ ਵਿਚੋਂ ਲੰਘਣਾ ਪਵੇਗਾ।



ਵਾਰਿਸ ਨੇ ਏਅਰਲਾਈਨ ਨੂੰ ਇਸ ਵਿਹਾਰ ਲਈ ਮੁਆਫੀ ਮੰਗਣ ਲਈ ਕਿਹਾ ਹੈ। ਆਸਕਰ ਲਈ ਨਾਮਜ਼ਦ ਫਿਲਮ 'ਦਿ ਗਰੈਂਡ ਬੁਡਾਪੈਸਟ ਹੋਟਲ' ਤੇ ਅਮਰੀਕੀ ਟੀ.ਵੀ. ਲੜੀਵਾਰ 'ਦਿ ਕੈਰੀ ਡਾਇਰੀਜ਼' ਵਿਚ ਕੰਮ ਕਰ ਚੁੱਕੇ ਵਾਰਿਸ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਉਤੇ ਤਸਵੀਰ ਅਪਲੋਡ ਕੀਤੀ ਹੈ ਜਿਸ ਵਿਚ ਉਨ੍ਹਾਂ ਦੇ ਹੱਥ ਵਿਚ ਏਅਰੋਮੈਕਸਿਕੋ ਏਅਰਲਾਈਨ ਦੀ ਟਿਕਟ ਫੜੀ ਹੋਈ ਹੈ। ਉਨ੍ਹਾਂ ਲਿਖਿਆ, 'ਇਹ ਹੁਣ ਕਿਸੇ ਕੰਮ ਦੀ ਨਹੀਂ ਹੈ।'

'ਨਿਊ ਯਾਰਕ ਟਾਈਮਜ਼' ਮੁਤਾਬਕ, ਹੋਰ ਮੁਸਾਫਰਾਂ ਦੇ ਸਵਾਰ ਹੋਣ ਬਾਅਦ ਵਾਰਿਸ ਤੇ ਉਨ੍ਹਾਂ ਦੇ ਬੈਗ ਦੀ ਤਲਾਸ਼ੀ ਲਈ ਗਈ। ਉਨ੍ਹਾਂ ਨੂੰ ਸਵੈਟ-ਸ਼ਰਟ ਉਤਾਰਨ ਲਈ ਕਿਹਾ ਗਿਆ ਤੇ ਹੇਠਾਂ ਬਿਠਾ ਦਿੱਤਾ ਗਿਆ। ਵਾਰਿਸ ਨੇ ਦੱਸਿਆ ਕਿ ਇਸ ਬਾਅਦ ਉਸ ਨੂੰ ਦਸਤਾਰ ਉਤਾਰਨ ਲਈ ਕਿਹਾ ਗਿਆ। ਉਨ੍ਹਾਂ ਕਿਹਾ, "ਮੈਂ ਉਤਰ ਦਿੱਤਾ ਕਿ ਮੈਂ ਆਪਣੀ ਦਸਤਾਰ ਨਹੀਂ ਉਤਾਰਾਂਗਾ। ਇਸ ਬਾਅਦ ਉਨ੍ਹਾਂ ਆਪਸ ਵਿਚ ਘੁਸਰ-ਮੁਸਰ ਕੀਤੀ ਤੇ ਕਿਹਾ ਕਿ ਠੀਕ ਹੈ, ਤੁਸੀਂ ਫਿਰ ਜਹਾਜ਼ ਵਿਚ ਨਹੀਂ ਚੜ੍ਹ ਸਕਦੇ।" ਏਅਰਲਾਈਨ ਨੇ ਬਿਆਨ ਜਾਰੀ ਕੀਤਾ ਹੈ ਕਿ ਉਹ ਧਰਮ, ਸਮਾਜਿਕ ਹਾਲਤ ਜਾਂ ਲਿੰਗ ਦੇ ਆਧਾਰ ਉਤੇ ਕਿਸੇ ਭੇਦਭਾਵ ਬਿਨਾਂ ਸਾਰੇ ਲੋਕਾਂ ਨੂੰ ਯਾਤਰਾ ਕਰਾਉਣ ਲਈ ਪ੍ਰਤੀਬੱਧ ਹੈ, ਪਰ ਅਮਰੀਕਾ ਦੇ ਏਅਰਲਾਈਨ ਸੁਰੱਖਿਆ ਪ੍ਰਸ਼ਾਸਨ ਪ੍ਰੋਟੋਕੋਲ (ਟੀ.ਐਸ.ਏ.) ਤਹਿਤ ਕਿਸੇ ਮੁਸਾਫਰ ਨੂੰ ਹੋਈ ਅਸੁਵਿਧਾ ਲਈ ਪਛਤਾਵਾ ਹੈ।

## ਕੋਹਿਨੂਰ ਬਾਰੇ ਪਾਕਿ ਅਦਾਲਤ ਵੱਲੋਂ ਪਟੀਸ਼ਨ ਸਵੀਕਾਰ

**ਲਾਹੌਰ:** ਪਾਕਿਸਤਾਨ ਦੀ ਇਕ ਅਦਾਲਤ ਨੇ ਬ੍ਰਿਟੇਨ ਤੋਂ ਕੋਹਿਨੂਰ ਹੀਰਾ ਵਾਪਸ ਲਿਆਉਣ ਲਈ ਸਰਕਾਰ ਨੂੰ ਨਿਰਦੇਸ਼ ਦੇਣ ਦੀ ਮੰਗ ਕਰਨ ਵਾਲੀ ਪਟੀਸ਼ਨ ਸਵੀਕਾਰ ਕਰ ਲਈ ਹੈ। ਇਸ ਹੀਰੇ ਲਈ ਭਾਰਤ ਵੱਲੋਂ ਵੀ ਕਈ ਵਰ੍ਹਿਆਂ ਤੋਂ ਯਤਨ ਕੀਤੇ ਜਾ ਰਹੇ ਹਨ।


# ਪੰਜਾਬੀ ਫਿਲਮ 'ਵਿਸਾਖੀ ਲਿਸਟ' ਮੁਕੰਮਲ

## ਗੁੱਥੀ ਅਤੇ ਜਿੰਮੀ ਸ਼ੇਰਗਿੱਲ ਪਹਿਲੀ ਵਾਰ ਪੰਜਾਬੀ ਫਿਲਮ 'ਚ ਹੋਣਗੇ ਇਕੱਠੇ

**ਸੈਨ ਫਰਾਂਸਿਸਕੋ (ਐਸ ਅਸ਼ੋਕ ਭੌਰਾ):** ਜੀ ਬੀ (ਗਾਖਲ ਬ੍ਰਦਰਜ਼) ਐਂਟਰਟੇਨਮੈਂਟ ਦੀ ਪਹਿਲੀ ਪੰਜਾਬੀ ਫਿਲਮ 'ਵਿਸਾਖੀ ਲਿਸਟ' ਮੁਕੰਮਲ ਹੋ ਗਈ ਹੈ ਅਤੇ ਪੋਸਟ ਪ੍ਰੋਡਕਸ਼ਨ ਦੀਆਂ ਸਫਾਂ ਅੰਦਰ ਹੈ। ਫਿਲਮ ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਆਪਣੇ ਮਜ਼ਾਕੀਆ ਸੁਭਾਅ ਮੁਤਾਬਿਕ ਇਸ ਫਿਲਮ ਦੇ ਨਿਰਮਾਣ ਬਾਰੇ ਗੱਲ ਕਰਦਿਆਂ ਕਿਹਾ ਹੈ ਕਿ 'ਵਿਸਾਖੀ ਲਿਸਟ' ਨਾਲ ਉਹ ਪੰਜਾਬੀ ਫਿਲਮ ਜਗਤ 'ਚ ਆਪਣੇ ਬਾਕੀ ਕਾਰੋਬਾਰ ਵਾਂਗ ਸਫਲਤਾ ਨਾਲ ਪੈਰ ਟਿਕਾਉਣਗੇ। ਉਨ੍ਹਾਂ ਦਾਅਵਾ ਕੀਤਾ ਕਿ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਇਕ ਤਜ਼ਰਬਾ ਸੀ ਅਤੇ ਜੱਟ ਨੂੰ ਤਜ਼ਰਬਾ ਭਾਵੇਂ ਮਹਿੰਗਾ ਵੀ ਮਿਲੇ ਪਰ ਉਹ ਪਿੰਡ ਨਹੀਂ ਛੱਡਦਾ।

ਸਮੀਪ ਕੰਗ ਦੇ ਨਿਰਦੇਸ਼ਨ ਹੇਠ ਬਣੀ ਇਸ ਪੰਜਾਬੀ ਫਿਲਮ ਦੀ ਸ਼ੂਟਿੰਗ ਡੇਰਾਬਸੀ ਅਤੇ ਚੰਡੀਗੜ੍ਹ ਦੇ ਇਰਦ-ਗਿਰਦ ਕੀਤੀ ਗਈ ਹੈ ਜਿਸ ਵਿਚ ਸੁਨੀਲ ਗਰੋਵਰ ਉਰਫ ਗੁੱਥੀ ਅਤੇ ਪੰਜਾਬੀ ਫਿਲਮਾਂ ਦਾ ਸਦਾ ਬਹਾਰ ਅਭਿਨੇਤਾ ਜਿੰਮੀ ਸ਼ੇਰਗਿੱਲ ਮੁੱਖ ਰੋਲ ਨਿਭਾ ਰਹੇ ਹਨ। ਪਹਿਲੀ ਵਾਰ ਹੋਵੇਗਾ ਕਿ ਕਿਸੇ ਪੰਜਾਬੀ ਫਿਲਮ ਵਿਚ ਦੋਹਾਂ ਦੀ ਇਕੱਠਿਆਂ ਹਾਜ਼ਰੀ ਹੋਵੇਗੀ। 'ਵਿਸਾਖੀ ਲਿਸਟ' ਜਿਵੇਂ ਨਾਂ ਤੋਂ ਹੀ ਕੁਝ ਵੱਖਰਾਪਨ ਲੱਗਦਾ ਹੈ ਇਵੇਂ ਸਰਕਾਰ ਵਲੋਂ ਖਾਸ ਤੇ ਇਤਿਹਾਸਕ ਦਿਨਾਂ 'ਤੇ ਰਿਹਾ ਕੀਤੇ ਜਾਣ ਵਾਲੇ ਕੈਦੀਆਂ ਦੀ ਦਿਲਚਸਪ ਅਤੇ ਹਾਸ ਭਰਪੂਰ ਫਿਲਮ ਪੰਜਾਬੀ ਸਿਨੇਮਾ ਜਗਤ ਦੇ ਦਰਸ਼ਕਾਂ ਲਈ ਖਿੱਚ ਇਸ ਕਰਕੇ ਵੀ ਬਣੇਗੀ ਕਿ ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਬੀ ਐਨ ਸ਼ਰਮਾ, ਬੀਨੂ ਢਿੱਲੋਂ ਅਤੇ ਕਰਮਜੀਤ ਅਨਮੋਲ ਵਰਗੇ ਹਾਸਰਸ ਕਲਾਕਾਰ ਵੀ ਫਿਲਮ ਦੇ ਅਹਿਮ ਕਿਰਦਾਰ ਬਣੇ ਹਨ।






*ਸੁਨੀਲ ਗਰੋਵਰ ਉਰਫ ਗੁੱਥੀ ਅਤੇ ਜਿੰਮੀ ਸ਼ੇਰਗਿੱਲ ਦੇ 'ਵਿਸਾਖੀ ਲਿਸਟ' ਵਿਚ ਦੋ ਵੱਖ ਵੱਖ ਅੰਦਾਜ਼*

ਸੰਗੀਤ ਜੈ ਦੇਵ ਦਾ ਹੈ ਅਤੇ ਰਣਜੀਤ ਬਾਵਾ ਦੀ ਆਵਾਜ਼ ਵਿਚ ਧਨੀ ਰਾਮ ਚਾਤ੍ਰਿਕ ਦੀ ਰਚਨਾ ਇਕ ਨਿਵੇਕਲੇ ਅੰਦਾਜ਼ ਵਿਚ ਸੁਣਨ ਨੂੰ ਮਿਲੇਗੀ। ਫਿਲਮ ਬਾਰੇ ਆਪਣੇ ਤਜ਼ਰਬੇ ਦੀ ਗੱਲ ਕਰਦਿਆਂ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਨੇ ਇਹ ਪ੍ਰਤੀਕਿਰਿਆ ਫਿਰ ਦੁਹਰਾਈ ਹੈ ਕਿ ਜਿਵੇਂ ਸਮੀਪ ਕੰਗ ਹੁਣ ਤੱਕ ਫਿਲਮ ਨਿਰਮਾਣ ਵਿਚ ਇਕ ਸਥਾਪਿਤ ਨਾਮ ਬਣ ਚੁੱਕਾ ਹੈ ਇਵੇਂ 'ਵਿਸਾਖੀ ਲਿਸਟ' ਇਕ ਮੀਲ ਪੱਥਰ ਸਾਬਤ ਹੋਵੇਗੀ।

22 ਅਪਰੈਲ 2016 ਨੂੰ ਰਿਲੀਜ਼ ਕੀਤੀ ਜਾਣ ਵਾਲੀ 'ਵਿਸਾਖੀ ਲਿਸਟ' ਲਈ ਗਾਖਲ ਭਰਾ ਹੀ ਉਤਸੁਕ ਨਹੀਂ ਸਗੋਂ ਪੰਜਾਬ ਦਾ ਫਿਲਮ ਜਗਤ ਵੀ ਉਨ੍ਹਾਂ ਦੀ ਇਸ ਪਲੇਠੀ ਫਿਲਮ ਵੱਲ ਨਜ਼ਰਾਂ ਟਿਕਾਈ ਬੈਠਾ ਹੈ।

# ਨਿਊ ਦੀਪ ਬੱਸ ਨੇ ਇਕ ਹੋਰ ਜਾਨ ਲਈ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਡਿੰਪੀ ਢਿੱਲੋਂ ਦੀ ਨਿਊ ਦੀਪ ਬੱਸ ਨੇ ਬਠਿੰਡਾ ਵਿਚ ਸਾਈਕਲ ਸਵਾਰ ਮਾਲੀ ਨੂੰ ਮਾਰ-ਮੁਕਾਇਆ। ਭੜਕੇ ਲੋਕਾਂ ਨੇ ਬੱਸ ਦੇ ਸ਼ੀਸ਼ੇ ਭੰਨ ਦਿੱਤੇ। ਲੋਕਾਂ ਦਾ ਰੋਹ ਦੇਖਦੇ ਹੋਏ ਬੱਸ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਨਿਊ ਦੀਪ ਬੱਸ (ਪੀਬੀ 30 ਕੇ- 7478) ਅੰਮ੍ਰਿਤਸਰ ਤੋਂ ਬਠਿੰਡਾ ਆ ਰਹੀ ਸੀ। ਬਠਿੰਡਾ-ਗੋਨਿਆਣਾ ਮੁੱਖ ਸੜਕ 'ਤੇ ਕੌਮੀ ਖਾਦ ਕਾਰਖਾਨੇ ਨੇੜੇ ਇਹ ਹਾਦਸਾ ਵਾਪਰ ਗਿਆ। ਕੌਮੀ ਖਾਦ ਕਾਰਖਾਨੇ ਦੀ ਕਲੋਨੀ ਵਿਚ ਰਹਿ ਰਿਹਾ ਮਾਲੀ ਹੇਤ ਰਾਮ (55 ਸਾਲ) ਬਠਿੰਡਾ ਸ਼ਹਿਰ ਵੱਲ ਸਾਈਕਲ 'ਤੇ ਆ ਰਿਹਾ ਸੀ। ਮਾਲੀ ਦੇ ਪਰਿਵਾਰ ਵਿਚ ਦੋ ਧੀਆਂ ਤੇ ਇੱਕ ਲੜਕਾ ਹੈ। ਦੱਸਿਆ ਗਿਆ ਹੈ ਕਿ ਬੱਸ ਕਾਫ਼ੀ ਤੇਜ਼ ਸੀ ਅਤੇ ਉਸ ਨੇ ਸਾਈਕਲ ਸਵਾਰ ਮਾਲੀ ਨੂੰ ਪਿੱਛੇ ਤੋਂ ਟੱਕਰ ਮਾਰੀ।

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਗਿੱਦੜਬਾਹਾ ਦੇ ਇੰਚਾਰਜ ਡਿੰਪੀ ਢਿੱਲੋਂ ਦੀ ਮਾਲਕੀ ਵਾਲੀ ਦੀਪ ਕੰਪਨੀ ਦੀਆਂ ਬੱਸਾਂ ਨੇ ਪਿਛਲੇ ਸਮੇਂ ਦੌਰਾਨ ਪੰਜ ਹਾਦਸੇ ਕੀਤੇ ਗਏ ਹਨ। ਆਦਰਸ਼ ਵੈੱਲਫੇਅਰ ਸੁਸਾਇਟੀ ਦੇ ਆਗੂ ਮਨੀਸ਼ ਪਾਂਧੀ ਨੇ ਦੱਸਿਆ ਕਿ ਹੇਤ ਰਾਮ ਆਪਣੇ ਕੰਮ ਤੋਂ ਵਾਪਸ ਜਾ ਰਿਹਾ ਸੀ ਅਤੇ ਐਨ.ਐਫ.ਐਲ. ਗੇਟ ਨੰਬਰ ਇਕ ਵਿਚੋਂ ਨਿਕਲ ਕੇ ਜਦੋਂ ਉਹ ਬਠਿੰਡਾ-ਗੋਨਿਆਣਾ ਰੋਡ 'ਤੇ ਪੁੱਜਿਆ ਤਾਂ ਬੱਸ ਨੇ ਉਸ ਨੂੰ ਲਪੇਟ ਵਿਚ ਲੈ ਲਿਆ।

**Anu Attorney Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

**ਸੰਜਨਾ ਪ੍ਰਭਾਕਰ**
ਸੀਨੀਅਰ ਮਾਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

**408-905-9849**

*email: sanjana.prabhakar@gmail.com*



ਸੰਜਨਾ ਪ੍ਰਭਾਕਰ
ਅਨੁਭਵੀ ਮਾਰਟਗੇਜ ਕੰਸਲਟੈਂਟ
NMLS # 378390

Arcus LENDING America's Premier Mortgage Experts
*Arcus NMLS # 1035734*

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰਿਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

*Work with her preferred realtor and save money on real estate closing cost.*

# ਗੁਰਦੁਆਰਾ ਫਰੀਮਾਂਟ ਦੀਆਂ ਸੁਪਰੀਮ ਕੌਂਸਲ ਚੋਣਾਂ: ਦੋ ਸਲੇਟਾਂ ਵਿਚਾਲੇ ਸਿੱਧੀ ਟੱਕਰ

**ਫਰੀਮਾਂਟ (ਬਿਊਰੋ):** ਅਮਰੀਕਾ ਵਿਚ ਸਿੱਖ ਸਿਆਸਤ ਦੇ ਪੱਖ ਤੋਂ ਅਹਿਮ ਗਿਣੇ ਜਾਂਦੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਇਸ ਵਾਰ ਤਿੰਨ ਧਿਰਾਂ ਮੈਦਾਨ ਵਿਚ ਨਿਤਰੀਆਂ ਸਨ ਪਰੰਤੂ ਸਿੱਖ ਪੰਚਾਇਤ ਤੋਂ ਪਹਿਲਾਂ ਅਲੱਗ ਹੋਏ ਜਸਵਿੰਦਰ ਸਿੰਘ ਜੰਡੀ ਦੀ ਸਲੇਟ ਦੇ ਸਿੱਖ ਪੰਚਾਇਤ ਦੇ ਹੱਕ ਵਿਚ ਬੈਠ ਜਾਣ ਉਪਰੰਤ ਦੋ ਸਲੇਟਾਂ ਮੈਦਾਨ ਵਿਚ ਰਹਿ ਗਈਆਂ ਹਨ।

ਚੋਣਾਂ 13 ਮਾਰਚ ਨੂੰ ਹੋਣੀਆਂ ਹਨ। ਇਹ ਚੋਣਾਂ ਹਰ ਦੋ ਸਾਲ ਬਾਅਦ ਹੁੰਦੀਆਂ ਹਨ। ਜ਼ਿਕਰਯੋਗ ਹੈ ਕਿ ਸੁਪਰੀਮ ਕੌਂਸਲ ਅਗੋਂ ਪ੍ਰਬੰਧਕ ਕਮੇਟੀ ਦੀ ਚੋਣ ਕਰਦੀ ਹੈ।

ਕਾਗਜ਼ ਵਾਪਿਸ ਲੈਣ ਦੀ ਆਖਰੀ ਤਾਰੀਕ 6 ਫਰਵਰੀ ਤੋਂ ਬਾਅਦ ਤਿੰਨ ਸਲੇਟਾਂ ਮੈਦਾਨ ਵਿਚ ਰਹਿ ਗਈਆਂ ਸਨ-ਸਿੱਖ ਪੰਚਾਇਤ, ਬੇ-ਏਰੀਆ ਸਿੱਖ ਅਲਾਇੰਸ (ਬਾਸਾ) ਅਤੇ ਪੰਥਕ ਸਲੇਟ। ਪਿਛਲੀ ਵਾਰ ਵੀ ਸਿੱਖ ਪੰਚਾਇਤ ਅਤੇ ਬੇ-ਏਰੀਆ ਸਿੱਖ ਅਲਾਇੰਸ ਆਪਸ ਵਿਚ ਭਿੜੀਆਂ ਸਨ।

ਇਸ ਵਾਰ ਸਿੱਖ ਪੰਚਾਇਤ ਤੋਂ ਵੱਖ ਹੋਏ ਪੰਥਕ ਆਗੂ ਭਾਈ ਜਸਵਿੰਦਰ ਸਿੰਘ ਜੰਡੀ ਨੇ ਆਪਣੀ ਅਲੱਗ ਸਲੇਟ ਮੈਦਾਨ ਵਿਚ ਉਤਾਰੀ ਸੀ। ਉਨ੍ਹਾਂ ਦੀ ਪੰਥਕ ਸਲੇਟ ਵਿਚ ਖੁਦ ਜਸਵਿੰਦਰ ਸਿੰਘ ਜੰਡੀ, ਨਿਰਮਲ ਸਿੰਘ ਬਾਠ, ਭੁਪਿੰਦਰ ਸਿੰਘ ਰੰਧਾਵਾ, ਅਮਰਜੀਤ ਸਿੰਘ ਸਰਕਾਰੀਆ ਅਤੇ ਭੁਪਿੰਦਰ ਸਿੰਘ ਉਮੀਦਵਾਰ ਸਨ।



ਪ੍ਰਾਪਤ ਸੂਚਨਾ ਅਨੁਸਾਰ ਮੰਗਲਵਾਰ ਨੂੰ ਸਿੱਖ ਪੰਚਾਇਤ ਅਤੇ ਪੰਥਕ ਸਲੇਟ ਦਰਮਿਆਨ ਹੋਈ ਮੀਟਿੰਗ ਤੋਂ ਬਾਅਦ ਭਾਈ ਜੰਡੀ ਨੇ ਪੰਥਕ ਸਲੇਟ ਦੇ ਚੋਣ ਮੈਦਾਨ ਵਿਚੋਂ ਬਾਹਰ ਹੋਣ ਅਤੇ ਸਿੱਖ ਪੰਚਾਇਤ ਦੇ ਉਮੀਦਵਾਰਾਂ ਦੀ ਮਦਦ ਕਰਨ ਦਾ ਐਲਾਨ ਕੀਤਾ।

ਸਿੱਖ ਪੰਚਾਇਤ ਨੇ ਇਸ ਵਾਰ ਤਿੰਨ ਨਵੇਂ ਚਿਹਰੇ ਮੈਦਾਨ ਵਿਚ ਉਤਾਰੇ ਹਨ ਅਤੇ ਬੀਬੀਆਂ ਤੇ ਨੌਜਵਾਨਾਂ ਨੂੰ ਪ੍ਰਤੀਨਿਧਤਾ ਦੇਣ ਲਈ ਉਨ੍ਹਾਂ ਨੂੰ ਵੀ ਉਮੀਦਵਾਰਾਂ ਦੀ ਲਿਸਟ ਵਿਚ ਸ਼ਾਮਿਲ ਕੀਤਾ ਹੈ। ਇਨ੍ਹਾਂ ਵਿਚ ਬੀਬੀ ਅਰਵਿੰਦਰ ਕੌਰ, ਭਾਈ ਹਰਿੰਦਰਪਾਲ ਸਿੰਘ ਅਤੇ ਭਾਈ ਪਰਮਿੰਦਰ ਸਿੰਘ ਸ਼ਾਮਲ ਹਨ।

ਬੀਬੀ ਅਰਵਿੰਦਰ ਕੌਰ ਨੇ ਸੈਨ ਫਰਾਂਸਿਸਕੋ ਯੂਨੀਵਰਸਿਟੀ ਤੋਂ ਨਿਊਟਰੀਸ਼ਨ ਦੀ ਡਿਗਰੀ ਕੀਤੀ ਹੈ ਤੇ ਬੈਂਕ ਆਫ ਅਮਰੀਕਾ ਦੀ ਵਾਈਸ ਪ੍ਰੈਜੀਡੈਂਟ ਹੈ। ਭਾਈ ਹਰਿੰਦਰਪਾਲ ਸਿੰਘ ਇਲੈਕਟ੍ਰੀਕਲ ਇੰਜੀਨੀਅਰ ਹਨ ਅਤੇ ਪੀ.ਜੀ ਐਂਡ.ਈ. ਵਿਚ ਸੀਨੀਅਰ ਐਡਵਾਈਜ਼ਰ ਹਨ। ਨੌਜਵਾਨ ਵਰਗ ਵਿਚੋਂ ਭਾਈ ਪਰਮਿੰਦਰ ਸਿੰਘ ਕੰਪਿਊਟਰ ਸਾਇੰਸ ਦੇ ਗਰੈਜੂਏਟ ਹਨ। ਭਾਈ ਗੁਰਿੰਦਰ ਸਿੰਘ ਅਤੇ ਭਾਈ ਜਸਦੇਵ ਸਿੰਘ ਪਿਛਲੀ ਵਾਰ ਵਾਲੇ ਹੀ ਉਮੀਦਵਾਰ ਹਨ।

ਸਿੱਖ ਪੰਚਾਇਤ ਨੂੰ ਭਰੋਸਾ ਹੈ ਕਿ ਇਸ ਵਲੋਂ ਪਿਛਲੇ 4 ਸਾਲਾਂ ਵਿਚ ਸੁਚੱਜੇ ਢੰਗ ਨਾਲ ਨਿਭਾਈ ਸੇਵਾ ਨੂੰ ਮੁਖ ਰਖਦਿਆਂ ਸੰਗਤ ਇਸ ਨੂੰ ਮੁੜ ਸੇਵਾ ਦਾ ਮੌਕਾ ਦੇਵੇਗੀ।

ਬੇਅ ਏਰੀਆ ਸਿੱਖ ਅਲਾਇੰਸ ਦੀ ਸਲੇਟ ਦੇ ਉਮੀਦਵਾਰਾਂ ਵਿਚ-ਅਵਤਾਰ ਸਿੰਘ ਧਾਮੀ, ਦਵਿੰਦਰ ਸਿੰਘ ਚਾਨਾ, ਵਿਕਰਮਜੀਤ ਸਿੰਘ, ਧਨਵੰਤ ਸਿੰਘ ਧਾਲੀਵਾਲ ਅਤੇ ਮਹਿੰਦਰ ਸਿੰਘ ਕਲੇਰ ਸ਼ਾਮਲ ਹਨ।

ਇਸ ਸਲੇਟ ਦੇ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗੁਰਦੁਆਰਾ ਸੈਨ ਹੋਜ਼ੇ, ਮਿਲਪੀਟਸ ਅਤੇ ਹੇਵਰਡ ਦੀ ਸੰਗਤ ਦਾ ਸਮਰਥਨ ਪ੍ਰਾਪਤ ਹੈ। ਉਨ੍ਹਾਂ ਫਰੀਮਾਂਟ ਦੀ ਸੰਗਤ ਨੂੰ ਇਨ੍ਹਾਂ ਚੋਣਾਂ ਵਿਚ ਮੌਕਾ ਦੇਣ ਦੀ ਅਪੀਲ ਕੀਤੀ ਹੈ। ਗੁਰਦੁਆਰਾ ਸੈਨ ਹੋਜੇ ਦੇ ਭੁਪਿੰਦਰ ਸਿੰਘ ਢਿਲੋਂ ਦੇ ਗਰੁਪ ਵਲੋਂ ਸਿੱਖ ਅਲਾਇੰਸ ਦੀ ਹਮਾਇਤ ਕਰਨ ਦਾ ਐਲਾਨ ਪਹਿਲਾਂ ਹੀ ਕੀਤਾ ਜਾ ਚੁਕਾ ਹੈ।

# ਔਰਬਿਟ ਕਾਂਡ: ਲੜਕੀ ਦੀ ਮਾਂ ਬਿਆਨਾਂ ਤੋਂ ਮੁੱਕਰੀ

**ਮੋਗਾ:** ਔਰਬਿਟ ਬੱਸ ਕਾਂਡ ਦੀ ਮੁੱਖ ਗਵਾਹ ਅਤੇ ਮ੍ਰਿਤਕ ਨਾਬਾਲਗ ਲੜਕੀ ਦੀ ਮਾਂ ਛਿੰਦਰ ਕੌਰ ਇੱਥੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਨਾ ਤਾਂ ਪੁਲਿਸ ਨੂੰ ਦਿੱਤੇ ਬਿਆਨਾਂ ਦੀ ਤਾਈਦ ਕਰ ਸਕੀ ਅਤੇ ਨਾ ਹੀ ਮੁਲਜ਼ਮਾਂ ਨੂੰ ਪਛਾਣ ਸਕੀ। ਸਰਕਾਰੀ ਪੱਖ ਨੇ ਇਨ੍ਹਾਂ ਬਿਆਨਾਂ ਨੂੰ ਮੁੱਕਰਿਆ ਕਰਾਰ ਦਿੱਤਾ ਹੈ। ਇਸ ਮਾਮਲੇ ਦੀ ਅਦਾਲਤ ਨੇ ਅਗਲੀ ਸੁਣਵਾਈ 25 ਮਾਰਚ ਲਈ ਮੁਕੱਰਰ ਕੀਤੀ ਹੈ।

ਇੱਥੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਜੰਟ ਸਿੰਘ ਦੀ ਅਦਾਲਤ ਵਿਚ ਅਰਸ਼ਦੀਪ ਕੌਰ ਦੀ ਮਾਂ ਛਿੰਦਰ ਕੌਰ ਨੇ ਆਪਣੇ ਬਿਆਨ ਦਰਜ ਕਰਵਾਏ। ਉਸ ਤੋਂ ਕਰੀਬ ਇੱਕ ਘੰਟਾ ਸਰਕਾਰੀ ਧਿਰ ਅਤੇ ਬਚਾਅ ਪੱਖ ਦੇ ਵਕੀਲਾਂ ਨੇ ਸਵਾਲ ਪੁੱਛੇ। ਸਰਕਾਰੀ ਪੱਖ ਮੁਤਾਬਕ, ਉਸ ਨੇ ਬੱਸ ਵਿਚ ਟਿਕਟ ਸਬੰਧੀ ਝਗੜਾ ਹੋਣ ਤੋਂ ਬਾਅਦ ਬੇਹੋਸ਼ ਹੋਣ ਦੀ ਗੱਲ ਆਖੀ ਹੈ। ਉਸ ਨੂੰ ਇਹ ਵੀ ਨਹੀਂ ਪਤਾ ਕਿ ਉਸ ਨੇ ਛਾਲ ਮਾਰੀ ਸੀ ਜਾਂ ਕਿਸੇ ਨੇ ਉਸ ਨੂੰ ਧੱਕਾ ਦਿੱਤਾ ਗਿਆ ਸੀ। ਉਹ ਨਾ ਤਾਂ ਪੁਲਿਸ ਨੂੰ ਦਿੱਤੇ ਬਿਆਨ, ਘਟਨਾ ਤੇ ਮਿਤੀ ਆਦਿ ਦੀ ਪੂਰੀ ਤਰ੍ਹਾਂ ਤਾਈਦ ਕਰ ਸਕੀ ਅਤੇ ਨਾ ਹੀ ਅਦਾਲਤ ਵਿਚ ਮੌਜੂਦ ਮੁਲਜ਼ਮਾਂ ਨੂੰ ਪਛਾਣ ਸਕੀ। ਸਰਕਾਰੀ ਧਿਰ ਮੁਤਾਬਕ ਇਨ੍ਹਾਂ ਬਿਆਨਾਂ ਨੂੰ ਮੁਕਰਿਆ ਕਰਾਰ ਦਿੱਤਾ ਗਿਆ ਹੈ। ਇਸ ਮੌਕੇ ਉਸ ਦਾ ਪਤੀ ਸੁਖਦੇਵ ਸਿੰਘ ਵੀ ਅਦਾਲਤ ਵਿਚ ਮੌਜੂਦ ਸੀ। ਸੁਖਦੇਵ ਸਿੰਘ 11 ਦਸੰਬਰ ਨੂੰ ਅਦਾਲਤ ਵਿਚ ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਤੋਂ ਪਹਿਲਾਂ ਹੀ ਪਲਟ (ਮੁੱਕਰ) ਗਿਆ ਸੀ। ਇਸ ਜੋੜੇ ਦੇ ਨਾਬਾਲਗ ਪੁੱਤਰ ਅਕਾਸ਼ਦੀਪ ਸਿੰਘ ਦਾ ਪੇਪਰ ਹੋਣ ਕਰ ਕੇ ਉਸਦੀ ਗਵਾਹੀ ਨਹੀਂ ਹੋ ਸਕੀ।

ਦੱਸਣਯੋਗ ਹੈ ਕਿ ਹੁਕਮਰਾਨ ਬਾਦਲਾਂ ਦੀ ਮਾਲਕੀ ਵਾਲੀ ਕੰਪਨੀ ਔਰਬਿਟ ਦੀ ਬੱਸ ਵਿਚੋਂ ਬੀਤੇ ਵਰ੍ਹੇ 29 ਅਪਰੈਲ ਨੂੰ ਨਾਬਾਲਗ ਲੜਕੀ ਅਰਸ਼ਦੀਪ ਕੌਰ ਨਾਲ ਛੇੜ-ਛਾੜ ਕਰਨ ਤੋਂ ਬਾਅਦ ਉਸ ਨੂੰ ਚੱਲਦੀ ਬੱਸ ਵਿਚੋਂ ਕਥਿਤ ਤੌਰ 'ਤੇ ਸੁੱਟ ਦਿੱਤਾ ਗਿਆ ਸੀ ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ।

ਇਸ ਮਾਮਲੇ ਵਿਚ ਛਿੰਦਰ ਕੌਰ ਦੇ ਬਿਆਨਾਂ 'ਤੇ ਥਾਣਾ ਬਾਘਾ ਪੁਰਾਣਾ ਨੇ 30 ਅਪਰੈਲ 2015 ਨੂੰ ਮੁਲਜ਼ਮਾਂ ਰਣਜੀਤ ਸਿੰਘ ਵਾਸੀ ਬਠਿੰਡਾ, ਸੁਖਵਿੰਦਰ ਸਿੰਘ ਵਾਸੀ ਬਹਾਵਲ ਵਾਲੀ ਥਾਣਾ ਅਬੋਹਰ ਜ਼ਿਲ੍ਹਾ ਫਾਜ਼ਿਲਕਾ, ਗੁਰਦੀਪ ਸਿੰਘ ਵਾਸੀ ਦਸਮੇਸ਼ ਨਗਰ ਮੋਗਾ ਤੇ ਅਮਰ ਰਾਜ ਦਾਣਾ ਵਾਸੀ ਚੱਕ ਬਖਤੂ ਜ਼ਿਲ੍ਹਾ ਬਠਿੰਡਾ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਗਠਿਤ ਜਸਟਿਸ ਵੀ.ਕੇ. ਬਾਲੀ ਕਮਿਸ਼ਨ ਵੀ ਜਾਂਚ ਕਰ ਰਿਹਾ ਹੈ ਅਤੇ ਛਿੰਦਰ ਕੌਰ ਨੂੰ ਕਮਿਸ਼ਨ ਨੇ 20 ਫ਼ਰਵਰੀ ਨੂੰ ਚੰਡੀਗੜ੍ਹ ਵਿਚ ਤਲਬ ਕੀਤਾ ਹੈ।

## ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਕੋਇਰਾਲਾ ਦਾ ਦੇਹਾਂਤ

**ਕਾਠਮੰਡੂ:** ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਸੁਸ਼ੀਲ ਕੁਮਾਰ ਕੋਇਰਾਲਾ ਦਾ ਦੇਹਾਂਤ ਹੋ ਗਿਆ ਹੈ। ਪਿਛਲੇ ਸਾਲ ਉਨ੍ਹਾਂ ਨੇਪਾਲ ਦੇ ਨਵੇਂ ਸੰਵਿਧਾਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਹ 79 ਸਾਲ ਦੇ ਸਨ ਅਤੇ ਉਹ ਫਰਵਰੀ 2014 ਤੋਂ ਅਕਤੂਬਰ 2015 ਤੱਕ ਨੇਪਾਲ ਦੇ ਪ੍ਰਧਾਨ ਮੰਤਰੀ ਰਹੇ। ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੀ ਅਗਵਾਈ ਹੇਠ ਇਥੇ ਆਏ ਵਫ਼ਦ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਸ਼ਾਇਰ ਨਿਦਾ ਫਾਜ਼ਲੀ ਦਾ ਦੇਹਾਂਤ

**ਨਵੀਂ ਦਿੱਲੀ:** ਮਸ਼ਹੂਰ ਸ਼ਾਇਰ ਤੇ ਗੀਤਕਾਰ ਨਿਦਾ ਫਾਜ਼ਲੀ ਦਾ ਸੋਮਵਾਰ ਨੂੰ ਦੇਹਾਂਤ ਹੋ ਗਿਆ। ਉਹ 78 ਸਾਲਾਂ ਦੇ ਸਨ ਅਤੇ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਫਾਜ਼ਲੀ ਉਰਦੂ ਤੇ ਹਿੰਦੀ ਦੇ ਅਜ਼ੀਮ ਸ਼ਾਇਰਾਂ ਤੇ ਗੀਤਕਾਰਾਂ 'ਚ ਸ਼ੁਮਾਰ ਸੀ। ਉਨ੍ਹਾਂ ਦੇ ਗੀਤ ਹਰ ਜ਼ੁਬਾਨ 'ਚ ਗਾਏ ਜਾਂਦੇ ਹਨ। ਫਾਜ਼ਲੀ ਖੱਬੇਪੱਖੀ ਵਿਚਾਰਧਾਰਾ ਨਾਲ ਜੁੜੇ ਹੋਏ ਸਨ ਤੇ ਉਨ੍ਹਾਂ ਦੇ ਗੀਤ ਹਰ ਤਬਕੇ 'ਚ ਪਸੰਦ ਕੀਤੇ ਜਾਂਦੇ ਸਨ।

ਨਿਦਾ ਫਾਜ਼ਲੀ ਦਾ ਜਨਮ 1938 'ਚ ਦਿੱਲੀ ਵਿਖੇ ਹੋਇਆ ਸੀ ਤੇ ਉਨ੍ਹਾਂ ਦੀ ਪੜ੍ਹਾਈ-ਲਿਖਾਈ ਗਵਾਲੀਅਰ 'ਚ ਹੋਈ ਸੀ। ਉਨ੍ਹਾਂ ਦੇ ਪਿਤਾ ਵੀ ਸ਼ਾਇਰ ਸਨ ਤੇ ਵੰਡ ਸਮੇਂ ਪਾਕਿਸਤਾਨ ਚਲੇ ਗਏ ਸਨ ਪਰ ਨਿਦਾ ਫਾਜ਼ਲੀ ਨੇ ਭਾਰਤ 'ਚ ਹੀ ਰਹਿਣ ਦਾ ਫੈਸਲਾ ਕੀਤਾ। ਉਂਜ ਤਾਂ ਨਿਦਾ ਫਾਜ਼ਲੀ ਦੇ ਬਹੁਤ ਸਾਰੇ ਗੀਤ ਮਸ਼ਹੂਰ ਹੋਏ, ਪਰ ਉਨ੍ਹਾਂ ਦਾ ਗੀਤ 'ਕਿਸੇ ਕੋ ਮੁਕੰਮਲ ਜਹਾਂ ਨਹੀਂ ਮਿਲਤਾ' ਬਹੁਤ ਮਸ਼ਹੂਰ ਹੋਇਆ।

ਸਾਲ 1968 'ਚ ਨੌਕਰੀ ਤਲਾਸ਼ 'ਚ ਨਿਦਾ ਫਾਜ਼ਲੀ ਮੁੰਬਈ ਗਏ ਤੇ ਫਿਰ ਮੁੰਬਈ 'ਚ ਹੀ ਰਹਿਣ ਲੱਗੇ। ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਵਿਚ 'ਧਰਮਯੁੱਗ' ਤੇ 'ਬਿਲਿਟਜ਼' ਮੈਗਜ਼ੀਨ ਲਈ ਲਿਖਿਆ। ਉਨ੍ਹਾਂ ਦੀ ਲਿਖਣ ਕਲਾ ਨੇ ਫਿਲਮੀ ਦੁਨੀਆ ਨੂੰ ਪ੍ਰਭਾਵਤ ਕੀਤਾ। ਫਿਰ ਉਨ੍ਹਾਂ ਦਾ ਬਾਲੀਵੁੱਡ ਨਾਲ ਰਿਸ਼ਤਾ ਪੱਕਾ ਹੋ ਗਿਆ ਤੇ ਉਹ ਫ਼ਿਲਮੀ ਪਾਰਟੀਆਂ ਦੀ ਸ਼ਾਨ ਬਣੇ ਰਹੇ। ਨਿਦਾ ਫਾਜ਼ਲੀ ਨੇ ਗਜ਼ਲ ਤੇ ਗੀਤਾਂ ਤੋਂ ਇਲਾਵਾ ਦੋਹਾ ਤੇ ਨਜ਼ਮਾਂ ਵੀ ਲਿਖ਼ੀਆਂ, ਜਿਨ੍ਹਾਂ ਨੂੰ ਲੋਕਾਂ ਨੇ ਖੂਬ ਸਰਾਹਿਆ। ਉਨ੍ਹਾਂ ਦੀ ਸ਼ਾਇਰੀ ਦੀ ਖਾਸ ਖੂਬੀ ਇਹ ਰਹੀ ਕਿ ਉਹ ਗਜ਼ਲਾਂ 'ਚ ਫਾਰਸੀ ਦੇ ਸ਼ਬਦਾਂ ਦੀ ਥਾਂ ਲੋਕ ਜ਼ੁਬਾਨ ਦੀ ਵਰਤੋਂ ਕਰਦੇ ਰਹੇ।


M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR
EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538

# ਕੇਂਦਰ ਨੇ ਪੰਜਾਬ ਵਿਚ ਨਸ਼ਾ ਰੋਕੂ ਪ੍ਰਾਜੈਕਟ ਤੋਂ ਹੱਥ ਪਿਛਾਂਹ ਖਿੱਚੇ

**ਬਠਿੰਡਾ:** ਕੇਂਦਰ ਸਰਕਾਰ ਹੁਣ ਪੰਜਾਬ ਵਿਚ ਨਸ਼ਿਆਂ ਖਿਲਾਫ ਚਲਾਏ ਕੇਂਦਰੀ ਪ੍ਰਾਜੈਕਟ ਤੋਂ ਹੱਥ ਪਿਛਾਂਹ ਖਿੱਚਣ ਲੱਗੀ ਹੈ। ਕੇਂਦਰ ਨੇ ਤਕਰੀਬਨ ਚਾਰ ਮਹੀਨੇ ਤੋਂ ਇਸ ਪ੍ਰਾਜੈਕਟ ਲਈ ਧੇਲਾ ਨਹੀਂ ਭੇਜਿਆ, ਜਿਸ ਕਰ ਕੇ ਪੰਜਾਬ ਵਿਚ ਨਸ਼ਿਆਂ ਖਿਲਾਫ਼ ਪ੍ਰਾਜੈਕਟ ਨੂੰ ਬਰੇਕਾਂ ਲੱਗ ਗਈਆਂ ਹਨ। 31 ਮਾਰਚ 2016 ਤੱਕ ਇਹ ਪ੍ਰਾਜੈਕਟ ਮੁਕੰਮਲ ਹੋਣਾ ਸੀ ਪਰ ਕੇਂਦਰੀ ਫੰਡ ਨਾ ਮਿਲਣ ਕਰ ਕੇ ਦੂਸਰੇ ਪੜਾਅ ਦਾ ਪ੍ਰੋਗਰਾਮ ਸ਼ੁਰੂ ਹੀ ਨਹੀਂ ਹੋ ਸਕਿਆ। ਕੇਂਦਰ ਸਰਕਾਰ ਤਰਫ਼ੋਂ ਨਸ਼ਿਆਂ ਖਿਲਾਫ਼ ਚੇਤਨਤਾ ਪ੍ਰੋਗਰਾਮ ਉਤੇ ਪੰਜਾਬ ਵਿਚ ਪ੍ਰਤੀ ਪਿੰਡ 3500 ਰੁਪਏ ਖਰਚ ਕੀਤੇ ਜਾਣੇ ਸਨ। ਨਹਿਰੂ ਯੁਵਾ ਕੇਂਦਰ ਰਾਹੀਂ ਇਹ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ ਪਰ ਚਾਰ ਮਹੀਨੇ ਤੋਂ ਫੰਡ ਹੀ ਨਹੀਂ ਮਿਲੇ।

ਕੇਂਦਰੀ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਪੰਜਾਬ ਤੇ ਮਨੀਪੁਰ ਵਿਚ ਮੁੱਢਲੇ ਪੜਾਅ ਉਤੇ ਕਾਫੀ ਸਮਾਂ ਪਹਿਲਾਂ ਨਸ਼ਿਆਂ ਖਿਲਾਫ਼ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਸੀ। ਪਹਿਲੇ ਪੜਾਅ ਉਤੇ ਸਾਲ 2011-12 ਵਿਚ ਪੰਜਾਬ ਦੇ 10 ਜ਼ਿਲ੍ਹਿਆਂ ਦੇ ਤਿੰਨ ਹਜ਼ਾਰ ਪਿੰਡਾਂ ਨੂੰ ਕਵਰ ਕੀਤਾ ਗਿਆ ਸੀ। ਕੇਂਦਰ ਵਿਚ ਭਾਜਪਾ ਦੇ ਆਉਣ ਮਗਰੋਂ ਅਕਤੂਬਰ 2014 ਵਿਚ ਪੰਜਾਬ ਨਸ਼ਿਆਂ ਖਿਲਾਫ਼ ਚੇਤਨਤਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ, ਜਿਸ ਤਹਿਤ 11 ਜ਼ਿਲ੍ਹਿਆਂ ਨੂੰ ਕਵਰ ਕੀਤਾ ਗਿਆ। ਹੁਣ ਇਸੇ ਪ੍ਰਾਜੈਕਟ ਤਹਿਤ ਪੂਰੇ ਪੰਜਾਬ ਨੂੰ ਕਵਰ ਕੀਤਾ ਗਿਆ, ਜਿਸ ਤਹਿਤ ਹਰ ਜ਼ਿਲ੍ਹੇ ਦੇ 300 ਪਿੰਡ ਕਵਰ ਕੀਤੇ ਜਾਣੇ ਹਨ।




ਪ੍ਰਾਪਤ ਵੇਰਵਿਆਂ ਅਨੁਸਾਰ ਨਹਿਰੂ ਯੁਵਾ ਕੇਂਦਰ ਵੱਲੋਂ ਹਰ ਜ਼ਿਲ੍ਹੇ ਵਿਚ ਇਸ ਪ੍ਰਾਜੈਕਟ ਤਹਿਤ ਇਕ ਜ਼ਿਲ੍ਹਾ ਪ੍ਰਾਜੈਕਟ ਅਫਸਰ ਅਤੇ 30 ਪਿੰਡਾਂ ਪਿੱਛੇ ਇਕ ਕੌਮੀ ਯੁਵਕ ਕੋਰ ਦੀ ਨਿਯੁਕਤੀ ਕੀਤੀ ਗਈ। ਜ਼ਿਲ੍ਹਾ ਪ੍ਰਾਜੈਕਟ ਅਫਸਰ ਨੂੰ 12 ਹਜ਼ਾਰ ਤੇ ਕੌਮੀ ਯੁਵਕ ਕੋਰ ਨੂੰ 2500 ਰੁਪਏ ਪ੍ਰਤੀ ਮਹੀਨਾ ਤਨਖਾਹ ਉਤੇ ਭਰਤੀ ਕੀਤਾ ਗਿਆ। ਕੇਂਦਰ ਸਰਕਾਰ ਨੇ ਪਹਿਲਾਂ ਅਫਸਰਾਂ ਤੇ ਫਿਰ ਵਾਲੰਟੀਅਰਾਂ ਨੂੰ ਬਕਾਇਦਾ ਟਰੇਨਿੰਗ ਦਿੱਤੀ। ਇਸ ਪ੍ਰਾਜੈਕਟ ਤਹਿਤ 11 ਕਿਸਮ ਦੀਆਂ ਗਤੀਵਿਧੀਆਂ ਕੀਤੀਆਂ ਜਾਣੀਆਂ ਸਨ, ਜਿਨ੍ਹਾਂ ਵਿਚ ਨਾਟਕ ਮੇਲੇ, ਜਾਗਰੂਕਤਾ ਰੈਲੀਆਂ, ਭਾਸ਼ਨ ਤੇ ਪੋਸਟਰ ਮੁਕਾਬਲੇ ਅਤੇ ਹੋਰ ਪ੍ਰੋਗਰਾਮ ਸ਼ਾਮਲ ਸਨ। ਪ੍ਰਾਪਤ ਜਾਣਕਾਰੀ ਮੁਤਾਬਕ ਪੰਜਾਬ ਭਰ ਵਿਚ ਚਾਰ ਮਹੀਨੇ ਤੋਂ ਇਹ ਪ੍ਰੋਗਰਾਮ ਠੱਪ ਪਏ ਹਨ ਅਤੇ ਕਿਸੇ ਵੀ ਜ਼ਿਲ੍ਹਾ ਪ੍ਰਾਜੈਕਟ ਅਫਸਰ ਅਤੇ ਕੌਮੀ ਯੁਵਕ ਕੋਰ ਨੂੰ ਤਨਖਾਹ ਨਹੀਂ ਦਿੱਤੀ ਗਈ।

### ਪ੍ਰਾਜੈਕਟ ਲਈ ਅਜੇ ਧੇਲਾ ਵੀ ਨਾ ਭੇਜਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਤਰਫ਼ੋਂ ਇਸ ਵਾਸਤੇ ਫੰਡ ਹੀ ਨਹੀਂ ਭੇਜੇ ਗਏ, ਜਿਸ ਕਰ ਕੇ ਪੰਜਾਬ ਵਿਚ ਨਸ਼ਿਆਂ ਖਿਲਾਫ਼ ਛੇੜੀ ਮੁਹਿੰਮ ਠੰਢੀ ਪੈ ਗਈ ਹੈ। ਹਾਲਾਂਕਿ ਕੇਂਦਰ ਸਰਕਾਰ ਨੇ ਪੰਜਾਬ ਵਿਚ ਨਸ਼ਿਆਂ ਦਾ ਬੋਲਬਾਲਾ ਹੋਣ ਦੇ ਮਾਮਲੇ ਨੂੰ ਸੰਜੀਦਗੀ ਨਾਲ ਲਿਆ ਸੀ। ਇਸ ਪ੍ਰਾਜੈਕਟ ਦੀ ਕੜੀ ਤਹਿਤ ਹੀ ਪੰਜਾਬ ਵਿਚ ਨਸ਼ਿਆਂ ਸਬੰਧੀ ਸਰਵੇਖਣ ਵਗੈਰਾ ਕੀਤਾ ਗਿਆ ਸੀ, ਜਿਸ ਦੀ ਰਿਪੋਰਟ ਪਿਛਲੇ ਦਿਨੀਂ ਨਸ਼ਰ ਹੋਈ ਹੈ।

ਜ਼ਿਲ੍ਹਾ ਬਠਿੰਡਾ ਵਿਚ ਇਸ ਪ੍ਰਾਜੈਕਟ ਤਹਿਤ 300 ਪਿੰਡਾਂ ਵਿਚ ਨਸ਼ਿਆਂ ਖਿਲਾਫ਼ ਜਾਗਰੂਕਤਾ ਮੁਹਿੰਮ ਅਰੰਭੀ ਜਾਣੀ ਸੀ, ਜੋ ਕਿ ਹਾਲੇ ਤੱਕ ਸ਼ੁਰੂ ਹੀ ਨਹੀਂ ਹੋ ਸਕੀ। ਇਸ ਪ੍ਰਾਜੈਕਟ ਤਹਿਤ ਹਰ ਪਿੰਡ ਵਿਚ 10 ਮੈਂਬਰੀ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ। ਸੂਤਰ ਦੱਸਦੇ ਹਨ ਕਿ ਕੇਂਦਰ ਸਰਕਾਰ ਨੇ ਇਸ ਪ੍ਰਾਜੈਕਟ ਵਿਚ ਦਿਲਚਸਪੀ ਲੈਣੀ ਬੰਦ ਕਰ ਦਿੱਤੀ ਹੈ।

# ਸੁਖਬੀਰ ਦਾ ਪਾਣੀ ਵਾਲੀਆਂ ਬੱਸਾਂ ਦਾ ਸੁਪਨਾ ਸਾਕਾਰ?

**ਅੰਮ੍ਰਿਤਸਰ:** ਪੰਜਾਬ ਦੇ ਲੋਕ ਜੂਨ ਮਹੀਨੇ ਤੋਂ ਪਾਣੀ ਵਿਚ ਚੱਲਣ ਵਾਲੀਆਂ ਬੱਸਾਂ ਵਿਚ ਸਫਰ ਕਰ ਸਕਣਗੇ।" ਇਹ ਦਾਅਵਾ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕੀਤਾ ਹੈ। ਸੁਖਬੀਰ ਮੁਤਾਬਕ ਬੱਸਾਂ ਚਲਾਉਣ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਪਾਣੀ ਵਿਚ ਬੱਸਾਂ ਚਲਾਉਣ ਵਾਲਾ ਪੰਜਾਬ ਸਰਕਾਰ ਦਾ ਵਿਸ਼ੇਸ਼ ਪ੍ਰੋਜੈਕਟ ਮੁਕੰਮਲ ਹੋਣ ਕੰਢੇ 'ਤੇ ਹੈ। ਸੈਰ ਸਪਾਟਾ ਵਿਭਾਗ ਦੇ ਸਹਿਯੋਗ ਨਾਲ ਪਾਣੀ ਤੇ ਸੜਕਾਂ 'ਤੇ ਚੱਲਣ ਵਾਲੀਆਂ ਬੱਸਾਂ ਦੀ ਸ਼ੁਰੂਆਤ ਮਈ ਦੇ ਅਖੀਰ ਤੱਕ ਕਰ ਦਿੱਤੀ ਜਾਵੇਗੀ ਤੇ ਇਹ ਬੱਸਾਂ ਹਰੀਕੇ ਵੈਟਲੈਂਡ 'ਚ ਚੱਲਣਗੀਆਂ।

ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਤਹਿਤ ਇਹ ਬੱਸ ਅੰਮ੍ਰਿਤਸਰ ਤੇ ਹਰੀਕੇ ਵਾਇਆ ਤਰਨਤਾਰਨ ਤੋਂ ਚੱਲੇਗੀ। ਇਨ੍ਹਾਂ ਬੱਸਾਂ ਦੇ ਚਾਲੂ ਹੋ ਜਾਣ ਨਾਲ ਵਿਸ਼ਵ ਪੱਧਰ ਦੇ ਸੈਰ-ਸਪਾਟੇ ਨੂੰ ਵੱਡਾ ਉਤਸ਼ਾਹ ਮਿਲੇਗਾ। ਦਰਅਸਲ, ਕੇਂਦਰੀ ਮੰਤਰੀ ਨਿਤਿਨ ਗਡਕਰੀ ਦੀ ਮੌਜੂਦਗੀ ਵਿਚ ਸੁਖਬੀਰ ਬਾਦਲ ਵੱਲੋਂ ਪੰਜਾਬ ਵਿਚ ਪਾਣੀ ਵਾਲੀਆਂ ਬੱਸਾਂ ਚਲਾਉਣ ਦੇ ਐਲਾਨ ਤੋਂ ਬਾਅਦ ਕਾਂਗਰਸ ਸਮੇਤ ਕਈ ਰਾਜਸੀ ਪਾਰਟੀਆਂ ਨੇ ਇਸ ਐਲਾਨ ਨੂੰ ਹਾਸੋਹੀਣਾ ਕਰਾਰ ਦਿੱਤਾ ਸੀ, ਪਰ ਸੁਖਬੀਰ ਬਾਦਲ ਇਸ ਪ੍ਰੋਜੈਕਟ ਨੂੰ 2017 ਵਿਧਾਨ ਸਭਾ ਚੋਣਾ ਤੋਂ ਪਹਿਲਾਂ ਸ਼ੁਰੂ ਕਰਕੇ ਆਪਣੇ ਸਿਆਸੀ ਦੁਸ਼ਮਣਾਂ ਦਾ ਮੂੰਹ ਬੰਦ ਕਰਨਾ ਚਾਹੁੰਦੇ ਹਨ।



### ਹੁਣ ਪੰਜਾਬ ਸਰਕਾਰ ਪਾਲੇਗੀ ਮਗਰਮੱਛ?

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਹਰੀਕੇ ਪੱਤਣ ਵਿਚ ਸੈਰ-ਸਪਾਟਾ ਉਦਯੋਗ ਨੂੰ ਵਿਕਸਿਤ ਕਰਨ ਦੇ ਮੰਤਵ ਨਾਲ ਉਥੇ ਮਗਰਮੱਛ ਪਾਲਣ ਦੀ ਯੋਜਨਾ ਬਣਾਈ ਹੈ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਉਥੇ ਪਾਣੀ ਵਿਚ ਚੱਲਣ ਵਾਲੀਆਂ ਬੱਸਾਂ ਚਲਾਉਣ ਦਾ ਵੀ ਐਲਾਨ ਕਰ ਚੁੱਕੀ ਹੈ।

ਪੰਜਾਬ ਸਰਕਾਰ ਨੇ ਹਰੀਕੇ ਪੱਤਣ ਵਿਚ ਆਉਣ ਵਾਲੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਾਉਣ ਲਈ 41 ਵਰਗ ਕਿਲੋਮੀਟਰ ਇਲਾਕੇ ਵਿਚ ਮਗਰਮੱਛ ਪਾਲਣ ਦਾ ਵਿਚਾਰ ਬਣਾਇਆ ਹੈ। ਅਧਿਕਾਰੀਆਂ ਮੁਤਾਬਕ ਮਗਰਮੱਛ ਪਾਲੇ ਜਾਣ ਦੇ ਇਸ ਪਹਿਲੇ ਪ੍ਰੋਜੈਕਟ ਨੂੰ ਸਰਕਾਰ ਵੱਲੋਂ ਮਨਜ਼ੂਰੀ ਵੀ ਦੇ ਦਿੱਤੀ ਗਈ ਹੈ। ਵਣ ਵਿਭਾਗ ਸਮੇਤ ਵਾਇਲਡ ਲਾਈਫ ਮਹਿਕਮੇ ਦੇ ਅਧਿਕਾਰੀਆਂ ਨੇ ਇਸ ਪ੍ਰੋਜੈਕਟ 'ਤੇ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਦਰਅਸਲ, ਹਰੀਕੇ ਪੱਤਣ ਵਿਖੇ ਵੈਟਲੈਂਡ ਤੇ ਬਰਡ ਸੈਂਚੂਰੀ ਵਿਖੇ ਹਰ ਸਾਲ ਆਉਣ ਵਾਲੇ ਵਿਦੇਸ਼ੀ ਪੰਛੀਆਂ ਨੂੰ ਦੇਖਣ ਲਈ ਸੈਲਾਨੀ ਦੂਰ-ਦੂਰ ਤੋਂ ਆਉਂਦੇ ਹਨ।

# ਪੰਜ ਪਿਆਰਿਆਂ ਵੱਲੋਂ ਨੌਕਰੀ ਛੱਡਣ ਮਗਰੋਂ ਵੱਧ ਸਨਮਾਨ ਮਿਲਣ ਦਾ ਦਾਅਵਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਨੌਕਰੀ ਤੋਂ ਫਾਰਗ ਕੀਤੇ ਪੰਜ ਪਿਆਰਿਆਂ ਦਾ ਦਾਅਵਾ ਹੈ ਕਿ ਨੌਕਰੀ ਛੱਡਣ ਤੋਂ ਬਾਅਦ ਉਨ੍ਹਾਂ ਨੂੰ ਸੰਗਤ ਵੱਲੋਂ ਵਧੇਰੇ ਸਨਮਾਨ ਮਿਲ ਰਿਹਾ ਹੈ। ਪੰਜ ਪਿਆਰਿਆਂ ਵਿਚੋਂ ਭਾਈ ਸਤਨਾਮ ਸਿੰਘ ਖੰਡਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਨੌਕਰੀ ਦੌਰਾਨ ਵੀ ਸੰਗਤ ਤੋਂ ਸਨਮਾਨ ਮਿਲਦਾ ਰਿਹਾ ਪਰ ਨੌਕਰੀ ਛੱਡਣ ਤੋਂ ਬਾਅਦ ਵਧੇਰੇ ਸਨਮਾਨ ਮਿਲਿਆ ਹੈ। ਨੌਕਰੀ ਦੌਰਾਨ ਉਹ ਕਈ ਬੰਦਿਸ਼ਾਂ ਵੀ ਮਹਿਸੂਸ ਕਰਦੇ ਸਨ ਪਰ ਹੁਣ ਉਹ ਖੁੱਲ੍ਹੇ ਤੌਰ 'ਤੇ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹਨ। ਹੁਣ ਤੱਕ ਉਹ ਕਈ ਥਾਂਵਾਂ 'ਤੇ ਅੰਮ੍ਰਿਤ ਸੰਚਾਰ ਕਰ ਚੁੱਕੇ ਹਨ ਅਤੇ ਹਰ ਥਾਂ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਬੀਤੇ ਦਿਨੀਂ ਉਨ੍ਹਾਂ ਨੂੰ ਅਖੰਡ ਕੀਰਤਨੀ ਜਥੇ ਵੱਲੋਂ ਪ੍ਰਚਾਰ ਕਰਨ ਲਈ ਇਨੋਵਾ ਗੱਡੀ ਭੇਟ ਕੀਤੀ ਗਈ ਸੀ। ਭਾਈ ਖੰਡਾ ਨੇ ਆਖਿਆ ਕਿ ਵਾਹਨ ਮਿਲਣ ਨਾਲ ਧਰਮ ਪ੍ਰਚਾਰ ਕਰਨ ਵਾਸਤੇ ਦੂਰ ਦੁਰਾਡੇ ਜਾਣ ਦਾ ਮਸਲਾ ਵੀ ਹੱਲ ਹੋ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨੌਕਰੀ ਜਾਂ ਸਮਝੌਤੇ ਸਬੰਧੀ ਕੋਈ ਗੱਲਬਾਤ ਕਰਨ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਹੁਣ ਆਪਣੇ ਪੱਧਰ ਉਤੇ ਹੀ ਧਰਮ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਕਰਨ ਦਾ ਕੰਮ ਜਾਰੀ ਰੱਖਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਗੱਲਬਾਤ ਲਈ ਕੋਈ ਪੇਸ਼ਕਸ਼ ਨਹੀਂ ਹੋਈ।



ਦੱਸਣਯੋਗ ਹੈ ਕਿ ਪੰਜ ਪਿਆਰਿਆਂ ਨੇ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਾ ਵਿਰੋਧ ਕਰਦਿਆਂ ਉਨ੍ਹਾਂ ਨੂੰ ਤਲਬ ਕੀਤਾ ਸੀ। ਜਥੇਦਾਰਾਂ ਵੱਲੋਂ ਕੋਈ ਸਪੱਸ਼ਟੀਕਰਨ ਨਾ ਦੇਣ 'ਤੇ ਪੰਜ ਪਿਆਰਿਆਂ ਨੇ ਅੰਤ੍ਰਿੰਗ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣ। ਸ਼੍ਰੋਮਣੀ ਕਮੇਟੀ ਵੱਲੋਂ ਵੀ ਕੋਈ ਕਾਰਵਾਈ ਨਾ ਹੋਣ 'ਤੇ ਉਨ੍ਹਾਂ ਨੇ ਜਥੇਦਾਰਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ ਸੀ, ਜਿਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਪੰਜ ਪਿਆਰਿਆਂ ਨੂੰ ਸੇਵਾ ਨਿਯਮਾਂ ਦੀ ਉਲੰਘਣਾ ਅਤੇ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਹੇਠ ਨੌਕਰੀ ਤੋਂ ਫਾਰਗ ਕਰ ਦਿੱਤਾ ਸੀ।

# ਪੰਮੇ ਦੀ ਹਵਾਲਗੀ ਰੋਕਣ ਲਈ ਡਟੀਆਂ ਸਿੱਖ ਜਥੇਬੰਦੀਆਂ

**ਮੈਲਬਰਨ:** ਪੁਰਤਗਾਲ ਵਿਚ ਗ੍ਰਿਫਤਾਰ ਕੀਤੇ ਗਏ ਪਰਮਜੀਤ ਸਿੰਘ ਪੰਮਾ ਦੀ ਭਾਰਤ ਹਵਾਲਗੀ ਰੋਕਣ ਲਈ ਵਿਦੇਸ਼ਾਂ ਵਿਚ ਰਹਿਣ ਵਾਲੇ ਸਿੱਖਾਂ ਨੇ ਆਪੋ ਆਪਣੇ ਦੇਸ਼ ਵਿਚ ਪੁਰਤਗਾਲ ਦੀ ਐਬੰਸੀ ਅੱਗੇ ਸ਼ਾਂਤਮਈ ਧਰਨੇ ਦਿੱਤੇ। ਮੈਲਬਾਰਨ ਵਿਚ ਸਿੱਖਾਂ ਨੇ ਵੀ ਪੁਰਤਗਾਲ ਦੀ ਐਬੰਸੀ ਅੱਗੇ ਧਰਨਾ ਦਿੱਤਾ। ਧਰਨੇ ਵਿਚ ਵੱਡੀ ਗਿਣਤੀ ਸਿੱਖਾਂ ਨੇ ਹਿੱਸਾ ਲਿਆ। ਇਸੇ ਤਰ੍ਹਾਂ ਲੰਡਨ ਵਿਚ ਵੀ ਪੁਰਤਗਾਲ ਦੀ ਐਬੰਸੀ ਅੱਗੇ ਪਰਮਜੀਤ ਸਿੰਘ ਪੰਮਾ ਦੀ ਪਤਨੀ ਪਿੰਕੀ ਕੌਰ ਦੀ ਅਗਵਾਈ ਵਿਚ ਧਰਨਾ ਦਿੱਤਾ ਗਿਆ। ਧਰਨੇ ਤੋਂ ਬਾਅਦ ਐਬੰਸੀ ਨੂੰ ਇਕ ਮੰਗ ਪੱਤਰ ਵੀ ਦਿੱਤਾ ਗਿਆ ਜਿਸ ਵਿਚ ਪੰਮਾ ਨੂੰ ਭਾਰਤ ਹਵਾਲੇ ਨਾ ਕਰਨ ਦੀ ਅਪੀਲ ਕੀਤੀ ਗਈ।




ਧਰਨੇ ਵਿਚ ਪੰਮਾ ਦੇ ਪਰਿਵਾਰ ਤੋਂ ਇਲਾਵਾ ਇੰਗਲੈਂਡ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਸਿੱਖਾਂ ਨੇ ਵੀ ਹਿੱਸਾ ਲਿਆ। ਇਸ ਤੋਂ ਪਹਿਲਾਂ ਸਿੱਖ ਇਸ ਮੁੱਦੇ ਉਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਮੰਤਰੀ ਡੇਵਿਡ ਕੈਮਰੌਨ ਦੇ ਘਰ ਅੱਗੇ ਧਰਨਾ ਦੇ ਚੁੱਕੇ ਹਨ। ਪਰਮਜੀਤ ਸਿੰਘ ਪੰਮਾ ਦੀ ਭਾਰਤ ਹਵਾਲਗੀ ਵਿਰੁੱਧ ਜਿਥੇ ਸਿੱਖਾਂ ਵੱਲੋਂ ਕਾਨੂੰਨੀ ਤੌਰ 'ਤੇ ਪੈਰਵੀ ਕੀਤੀ ਜਾ ਰਹੀ ਹੈ, ਉਥੇ ਹੀ ਧਰਨਿਆਂ ਰਾਹੀਂ ਪੁਰਤਗਾਲ ਦੀ ਸਰਕਾਰ ਉਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਦਾਲਤ ਤੋਂ ਬਾਅਦ ਪੰਮਾ ਦਾ ਕੇਸ ਹੁਣ ਪੁਰਤਗਾਲ ਦੇ ਸੋਸ਼ਲ ਜਸਟਿਸ ਮੰਤਰਾਲੇ ਕੋਲ ਹੈ ਜਿਸ ਦੀ ਅਗਲੀ ਸੁਣਵਾਈ 16 ਫਰਵਰੀ ਨੂੰ ਹੋਵੇਗੀ। ਪਰਮਜੀਤ ਸਿੰਘ ਪੰਮਾ ਨੂੰ 18 ਦਸੰਬਰ ਨੂੰ ਪੁਰਤਗਾਲ ਪੁਲਿਸ ਨੇ ਰੈੱਡ ਕਾਰਨਰ ਨੋਟਿਸ ਉਤੇ ਉਸ ਸਮੇਂ ਗ੍ਰਿਫਤਾਰ ਕੀਤਾ ਸੀ ਜਦੋਂ ਉਹ ਆਪਣੇ ਪਰਿਵਾਰ ਨਾਲ ਛੁੱਟੀਆਂ ਮਨਾਉਣ ਲਈ ਉਥੇ ਗਿਆ ਸੀ।

# ਕਤਲੇਆਮ 84 ਵੇਲੇ ਕਿਉਂ ਖਾਮੋਸ਼ ਰਹੀਆਂ ਅਦਾਲਤਾਂ?

**ਚੰਡੀਗੜ੍ਹ:** 1984 ਸਿੱਖ ਕਤਲੇਆਮ ਸਮੇਂ ਉਚ ਅਦਾਲਤ ਦੇ ਜੱਜਾਂ ਦਾ ਝੁਕਾਅ ਕਾਂਗਰਸ ਪੱਖੀ ਸੀ। ਇਸ ਕਰਕੇ ਹੀ ਕਤਲੇਆਮ ਨੂੰ ਰੋਕਣ ਵਿਚ ਨਿਆਂਪਾਲਿਕਾ ਨੇ ਕੋਈ ਸਰਗਰਮ ਭੂਮਿਕਾ ਨਹੀਂ ਨਿਭਾਈ। ਕਤਲੇਆਮ ਦੀ ਜਾਂਚ ਬਾਰੇ ਬਣਿਆ ਰੰਗਾਨਾਥ ਮਿਸ਼ਰਾ ਕਮਿਸ਼ਨ ਵੀ ਕਾਂਗਰਸ ਪੱਖੀ ਸੀ ਤੇ ਬਾਅਦ ਵਿਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਗਾਨਾਥ ਮਿਸ਼ਰਾ ਕਾਂਗਰਸ ਵੱਲੋਂ ਰਾਜ ਸਭਾ ਮੈਂਬਰ ਬਣੇ।" ਇਹ ਦਾਅਵਾ ਬਹਿਬਲ ਕਲਾਂ ਕਾਂਡ ਦੇ ਪੀਪਲਜ਼ ਕਮਿਸ਼ਨ ਦੇ ਮੁਖੀ ਸਾਬਕਾ ਜਸਟਿਸ ਮਾਰਕੰਡੇ ਕਾਟਜੂ ਨੇ ਇਕ ਚੈਨਲ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।

ਉਨ੍ਹਾਂ ਕਿਹਾ ਕਿ '84 ਵਿਚ ਨਿਆਂਪਾਲਿਕਾ ਦਾ ਰੋਲ ਠੀਕ ਨਹੀਂ ਸੀ। ਅਦਾਲਤ ਕਤਲੇਆਮ ਨੂੰ ਰੁਕਵਾਉਣ ਲਈ ਜੋ ਭੂਮਿਕਾ ਨਿਭਾਅ ਸਕਦੀ ਸੀ, ਉਹ ਨਹੀਂ ਨਿਭਾਈ। ਲੋਕਾਂ ਨੂੰ ਨਿਆਂਪਾਲਿਕਾ ਉਤੇ ਜ਼ਿਆਦਾ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਹੈ। ਹਾਲਾਂਕਿ ਉਨ੍ਹਾਂ ਕਿਹਾ ਕਿ ਅਦਾਲਤ 'ਚ ਕੁਝ ਜੱਜ ਚੰਗੇ ਵੀ ਹਨ। ਬਾਦਲ ਪਰਿਵਾਰ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦੇ ਪਾਸਪੋਰਟ ਜ਼ਬਤ ਹੋਣੇ ਚਾਹੀਦੇ ਹਨ ਕਿਉਂਕਿ ਬਾਦਲ ਪੰਜਾਬ ਵਿਚੋਂ ਭੱਜਣਗੇ। ਅਗਲੀ ਸਰਕਾਰ ਅਕਾਲੀ ਦਲ ਦੀ ਨਹੀਂ ਬਣੇਗੀ ਤੇ ਬਾਦਲ ਪੰਜਾਬ 'ਚੋਂ ਭੱਜਣ ਦੀ ਕੋਸ਼ਿਸ਼ ਕਰਨਗੇ। ਇਸ ਲਈ ਇਨ੍ਹਾਂ ਦੇ ਪਾਸਪੋਰਟ ਜ਼ਬਤ ਹੋ ਜਾਣੇ ਚਾਹੀਦੇ ਹਨ।



ਕਾਟਜੂ ਨੂੰ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਪੱਖ ਵਿਚ ਹਨ ਤੇ ਲੋਕ ਕਹਿ ਰਹੇ ਹਨ ਕਿ ਪੰਜਾਬ 'ਚ ਇਸ ਵਾਰ ਝਾੜੂ ਚੱਲੇਗੀ। ਉਨ੍ਹਾਂ ਅਰਵਿੰਦ ਕੇਜਰੀਵਾਲ ਬਾਰੇ ਕਿਹਾ ਕਿ ਉਸ ਵਿਚ ਵਿਜ਼ਨ ਨਹੀਂ ਹੈ ਤੇ ਉਹ ਸਟੰਟਬਾਜ਼ ਹੈ ਤੇ ਪੰਜਾਬੀ ਉਸ ਦੀ ਸਟੰਟਬਾਜ਼ੀ ਨੂੰ ਹੀ ਪਸੰਦ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਖਾਲਿਸਤਾਨ ਜਾਂ ਮਾਓਵਾਦ ਦੀ ਮੰਗ ਉਠਾਉਣੀ ਗਲਤ ਨਹੀਂ, ਪਰ ਇਸ ਦਾ ਤਰੀਕਾ ਹਿੰਸਕ ਨਹੀਂ ਹੋਣਾ ਚਾਹੀਦਾ। ਅਫ਼ਜ਼ਲ ਗੁਰੂ ਤੇ ਯਾਕੂਬ ਮੈਮਨ ਨਿਰਦੋਸ਼ ਸਨ ਕਿਉਂਕਿ ਉਨ੍ਹਾਂ ਨੂੰ ਸਿਰਫ ਇਕਬਾਲੀਆ ਬਿਆਨ ਦੇ ਅਧਾਰ 'ਤੇ ਫਾਂਸੀ ਦਿੱਤੀ ਹੈ ਤੇ ਇਕਬਾਲੀਆ ਬਿਆਨ ਪੁਲਿਸ ਨੇ ਲੈਣਾ ਹੁੰਦਾ ਹੈ। ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪੁਲਿਸ ਕਿਸ ਤਰ੍ਹਾਂ ਇਕਬਾਲੀਆ ਬਿਆਨ ਲੈਂਦੀ ਹੈ। ਕਾਟਜੂ ਨੇ ਕਿਹਾ ਕਿ ਗਾਂ ਨੂੰ ਬੀ.ਜੇ.ਪੀ. ਤੇ ਆਰ.ਐਸ.ਐਸ. ਜਾਣਬੁੱਝ ਕੇ ਮੁੱਦਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਮੈਂ ਜਿਥੇ ਵੀ ਬੀਫ਼ ਮਿਲਦਾ ਹੈ, ਖਾਂਦਾ ਹਾਂ।

## ਮਾਮਲਾ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਦਾ

# ਕਾਬਜ਼ ਧੜੇ ਵਲੋਂ ਵਿਰੋਧੀ ਧਿਰ 'ਤੇ ਲਾਏ ਗਏ ਦੋਸ਼ਾਂ ਦਾ ਸੱਚ

ਸਾਧ ਸੰਗਤ ਸਲੇਟ ਅਤੇ ਪੰਥਕ ਸਲੇਟ ਵਲੋਂ ਯੂਬਾ ਸਿਟੀ ਵਿਚ ਕੀਤੀ ਗਈ ਪ੍ਰੈਸ ਕਾਨਫਰੰਸ ਦੇ ਪ੍ਰਤੀਕਰਮ ਵਿਚ ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧ ਉਤੇ ਕਾਬਜ਼ ਧੜੇ ਦੇ ਬੁਲਾਰੇ ਤੇਜਿੰਦਰ ਸਿੰਘ ਦੁਸਾਂਝ ਨੇ ਪੰਜਾਬੀ ਅਖਬਾਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ 13 ਜਨਵਰੀ 2016 ਦੇ ਅੰਕ ਵਿਚ ਜੋ ਬਿਆਨ ਦਿਤਾ ਹੈ, ਉਸ ਵਿਚ ਕੁਝ ਗਲਤ ਤੇ ਗੁਮਰਾਹਕੁਨ ਟਿੱਪਣੀਆਂ ਕੀਤੀਆਂ ਗਈਆਂ ਹਨ ਜਿਸ ਦਾ ਸੱਚ ਮੈਂ ਸੰਗਤ ਅਤੇ ਪੰਥ ਦਰਦੀਆਂ ਨੂੰ ਦੱਸਣਾ ਚਾਹੁੰਦਾ ਹਾਂ। ਸੱਚ-ਝੂਠ ਦਾ ਫੈਸਲਾ ਸੰਗਤ ਦੇ ਹੱਥ ਹੈ।

ਖਬਰ ਵਿਚ ਬੈਂਸ ਪਰਿਵਾਰ ਬਾਰੇ ਸਵਾਲ ਕੀਤਾ ਗਿਆ ਹੈ ਕਿ ਗੁਰਦੁਆਰਾ ਟਾਇਰਾ ਬਿਊਨਾ 1970-71 ਵਿਚ ਮੁਕੰਮਲ ਹੋ ਗਿਆ ਸੀ। ਅਗਲੇ 38 ਸਾਲ ਬੈਂਸ ਪਰਿਵਾਰ ਨੇ ਆਪਣਾ ਕਬਜ਼ਾ ਰੱਖਿਆ ਤੇ ਪੈਸੇ (ਗੋਲਕ) ਦੀ ਸਹੀ ਵਰਤੋਂ ਨਹੀਂ ਕੀਤੀ।

ਇਹ ਗੱਲ ਮੂਲੋਂ ਹੀ ਗਲਤ ਹੈ। ਜੇ 1971 ਤੋਂ 2008 ਦੀ ਮਿਨਟ ਬੁਕ (ਜਿਸ ਦੀ ਫੋਟੋ ਕਾਪੀ ਤੇਜਿੰਦਰ ਸਿੰਘ ਦੁਸਾਂਝ ਨੂੰ 2009 ਵਿਚ ਦਾਸ ਨੇ ਦਿੱਤੀ ਸੀ) ਨੂੰ ਦੇਖੀਏ ਤਾਂ ਪਤਾ ਲੱਗਦਾ ਹੈ, ਉਹ ਸੇਵਾ ਉਸ ਸਮੇਂ ਦੇ ਸਾਰੇ ਪਰਿਵਾਰ ਕਰਦੇ ਸਨ ਜਿਵੇਂ ਸ. ਪ੍ਰੀਤਮ ਸਿੰਘ ਪੂਨੀਆ, ਸ. ਭਗਤ ਸਿੰਘ ਥਿਆੜਾ, ਮਾਸਟਰ ਗੁਲਜ਼ਾਰਾ ਸਿੰਘ ਬੈਂਸ, ਸ. ਬਖਤਾਵਰ ਸਿੰਘ ਪੁਰੇਵਾਲ, ਸ. ਰਾਜਿੰਦਰ ਸਿੰਘ ਧਾਮੀ, ਸ. ਮਿਹਰ ਸਿੰਘ ਤੰਬੜ, ਸ. ਮਹਿੰਗਾ ਸਿੰਘ ਭੱਟੀ, ਸ. ਗੰਡਾ ਸਿੰਘ ਹੀਰ, ਸ. ਹਰੀ ਸਿੰਘ ਐਵਰੈਸਟ, ਸ. ਗੁਰਨਾਮ ਸਿੰਘ ਪੰਮਾ, ਸ. ਨਛੱਤਰ ਸਿੰਘ ਚੌਹਾਨ, ਸ. ਹਰਭਜਨ ਸਿੰਘ ਜੌਹਲ, ਸ. ਹਰਭਜਨ ਸਿੰਘ ਸੰਧੂ, ਸ. ਹਰਪਾਲ ਸਿੰਘ ਚਾਹਲ, ਸ. ਕਰਨੈਲ ਸਿੰਘ ਚੀਮਾ, ਸ. ਕੁਲਦੀਪ ਸਿੰਘ ਅਟਵਾਲ। ਯਾਨਿ ਜੋ ਵੀ ਪੁਰਾਣੇ ਪਰਿਵਾਰ ਯੂਬਾ ਸਿਟੀ, ਲਿੰਡੇ ਜਾਂ ਲਾਈਵ ਓਕ ਵਿਚ ਸਨ, ਉਨ੍ਹਾਂ ਸਾਰਿਆਂ ਨੇ ਬਤੌਰ ਸੇਵਾਦਾਰ ਸੇਵਾ ਕੀਤੀ। ਅੱਜ ਵੀ ਉਨ੍ਹਾਂ ਪਰਿਵਾਰਾਂ ਦਾ ਗੁਰੂ ਘਰ ਵਿਚ ਉਨਾ ਹੀ ਯੋਗਦਾਨ ਹੈ। ਮਿਸਾਲ ਵਜੋਂ ਸ. ਸਰਬਜੀਤ ਸਿੰਘ ਥਿਆੜਾ, ਜੋ ਸ. ਭਗਤ ਸਿੰਘ ਥਿਆੜਾ ਦੇ ਪੋਤੇ ਹਨ, ਨੇ ਕੁਝ ਸਾਲ ਪਹਿਲਾਂ ਨਿਸ਼ਾਨ ਸਾਹਿਬ ਦੀ ਸੇਵਾ ਕਰਵਾਈ। ਉਪਰੋਕਤ ਸਾਰੇ ਪਰਿਵਾਰ ਅੱਜ ਵੀ ਗੁਰੂ ਘਰ ਨਾਲ ਜੁੜੇ ਹੋਏ ਹਨ। ਇਥੇ ਹੀ ਬਸ ਨਹੀਂ, ਸ. ਦੁਸਾਂਝ ਨੇ ਵੀ ਉਸੇ ਬੋਰਡ ਵਿਚ ਬਤੌਰ ਖਜ਼ਾਨਚੀ ਸੇਵਾ ਕੀਤੀ। ਸੋ, ਇਸ ਦੌਰ ਨੂੰ ਬੈਂਸ ਪਰਿਵਾਰ ਦਾ ਕਬਜ਼ਾ ਕਹਿਣਾ ਸਰਾਸਰ ਇਲਜ਼ਾਮ ਹੈ। ਭਾਵੇਂ ਸ. ਦੀਦਾਰ ਸਿੰਘ ਬੈਂਸ ਦਾ ਗੁਰੂ ਘਰ ਟਾਇਰਾ ਬਿਊਨਾ ਰੋਡ, ਯੂਬਾ ਸਿਟੀ ਵਿਚ ਯੋਗਦਾਨ ਸਲਾਹੁਣਯੋਗ ਹੈ ਪਰ ਇਹ ਕਬਜ਼ੇ ਦੀ ਕਿਸੇ ਭਾਵਨਾ ਕਰਕੇ ਨਹੀਂ, ਸ਼ਰਧਾ ਕਰਕੇ ਸੀ। ਸ. ਦੋਸਾਂਝ ਨੇ ਇਹ ਵੀ ਕਿਹਾ ਹੈ ਕਿ ਗੁਰੂ ਘਰ 1970-71 ਵਿਚ ਮੁਕੰਮਲ ਹੋ ਗਿਆ ਸੀ ਪਰ ਉਹ ਭੁੱਲ ਗਏ ਹਨ ਕਿ ਗੁਰੂ ਘਰ ਉਸ ਸਮੇਂ ਤਿੰਨ ਏਕੜ ਵਿਚ ਸੀ ਅਤੇ ਉਸ ਦੀ ਮਾਰਟਗੇਜ (ਕਰਜ਼ਾ) ਵੀ ਸੀ। 1972 ਦੀਆਂ ਗਰਮੀਆਂ ਵਿਚ ਗੁਰੂ ਘਰ ਸਨਿਚਰਵਾਰ ਦੇ ਦੀਵਾਨ ਵਿਚ ਉਸ ਸਮੇਂ ਦੇ ਸੈਕਟਰੀ ਮਾਸਟਰ ਗੁਲਜ਼ਾਰਾ ਸਿੰਘ ਨੇ ਅਨਾਊਂਸਮੈਂਟ ਕੀਤੀ ਕਿ ਜੇ ਸੋਮਵਾਰ ਨੂੰ 20,000 ਡਾਲਰ ਦੀ ਕਿਸ਼ਤ ਨਾ ਦਿੱਤੀ ਗਈ ਤਾਂ ਗੁਰੂ ਘਰ ਫੋਰਕਲੋਜ਼ ਹੋ ਜਾਵੇਗਾ। ਸ. ਦੀਦਾਰ ਸਿੰਘ ਬੈਂਸ ਉਸ ਸਮੇਂ ਦੀਵਾਨ ਵਿਚ ਸਨ। ਉਨ੍ਹਾਂ ਨੇ ਉਸੇ ਵੇਲੇ 20,000 ਡਾਲਰ ਦਾ ਚੈਕ ਦੇ ਦਿੱਤਾ ਤੇ ਕਿਹਾ ਕਿ ਮਾਸਟਰ ਜੀ, ਗੁਰੂ ਦਾ ਘਰ ਫੋਰਕਲੋਜ਼ ਨਹੀਂ ਹੋਵੇਗਾ, ਸਿੱਖ ਦਾ ਘਰ ਬੇਸ਼ੱਕ ਫੋਰਕਲੋਜ਼ ਹੋ ਜਾਵੇ। ਉਸ ਸਮੇਂ ਘੱਟੋ ਘੱਟ ਉਜਰਤ ਕਰੀਬ ਦੋ ਡਾਲਰ 35 ਸੈਂਟ ਪ੍ਰਤੀ ਘੰਟਾ ਸੀ। ਸ. ਬੈਂਸ ਦੀ ਇਸ ਸੇਵਾ ਨੇ ਉਨ੍ਹਾਂ ਦਾ ਯੂਬਾ ਸਿਟੀ ਦੀ ਸੰਗਤ ਅਤੇ ਸਿੱਖ ਜਗਤ ਵਿਚ ਸਤਿਕਾਰ ਬਣਾਇਆ।

ਸੰਗਤ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਤੋਂ ਬਾਅਦ ਸ. ਬੈਂਸ ਨੇ 10 ਏਕੜ ਜ਼ਮੀਨ ਆਪ ਖਰੀਦ ਕੇ ਗੁਰੂ ਘਰ ਨੂੰ ਦਿੱਤੀ। ਉਪਰੰਤ ਉਪਰੋਕਤ ਸਾਰੇ ਗਰੁਪ ਨੇ ਸਾਢੇ 17 ਏਕੜ ਜ਼ਮੀਨ ਡਾ. ਧੰਨਾ ਸਿੰਘ ਮੱਲ੍ਹੀ ਤੋਂ ਖਰੀਦੀ। ਬਾਹਰਲਾ ਘਰ ਅਤੇ ਡੇਢ ਏਕੜ ਜ਼ਮੀਨ ਇਸੇ ਗਰੁਪ ਨੇ ਖਰੀਦੀ ਸੀ। ਇਨ੍ਹਾਂ 38 ਸਾਲਾਂ ਵਿਚ ਉਪਰੋਕਤ ਪਰਿਵਾਰਾਂ ਨੇ 35 ਏਕੜ ਦੇ ਕਰੀਬ ਜ਼ਮੀਨ ਅਤੇ 70 ਹਜ਼ਾਰ ਸਕੁਏਅਰ ਫੁੱਟ ਦੀ ਬਿਲਡਿੰਗ ਫਰੀ ਕਰਕੇ ਯੂਬਾ ਸਟਰ ਇਲਾਕੇ ਦੀ ਸੰਗਤ ਦੀ ਝੋਲੀ ਪਾਈ। ਇਹ ਸਾਰਾ ਕੁਝ ਏਨੀ ਦੂਰ-ਅੰਦੇਸ਼ੀ ਨਾਲ ਕੀਤਾ ਗਿਆ ਕਿ 45 ਸਾਲ ਬੀਤਣ ਤੋਂ ਬਾਅਦ ਵੀ ਗੁਰੂ ਘਰ ਸੰਗਤ ਦੀਆਂ ਲੋੜਾਂ ਪੂਰੀਆਂ ਕਰ ਰਿਹਾ ਹੈ।

ਉਨ੍ਹਾਂ ਪਰਿਵਾਰਾਂ ਦੀ ਸੋਚ ਦਾ ਨਤੀਜਾ 'ਨਗਰ ਕੀਰਤਨ' ਵੀ ਹੈ ਜਿਸ ਦੀ ਸ਼ੁਰੂਆਤ 1980 ਵਿਚ ਹੋਈ ਸੀ। ਪਹਿਲੇ ਦਹਾਕੇ ਵਿਚ ਇਸ ਦਾ ਮੁੱਖ ਫਲੋਟ ਬਣਾਉਣ ਵਾਲੇ ਕਾਰੀਗਰ ਕੈਨੇਡਾ ਤੋਂ ਆਉਂਦੇ ਸਨ। ਇਹ ਫਲੋਟ ਸ. ਬੈਂਸ ਦੀ ਸ਼ਾਪ ਵਿਚ ਬਣਦਾ ਸੀ। ਇਸ ਦੀ ਸੇਵਾ ਸ. ਬੈਂਸ ਅਤੇ ਸਮੂਹ ਸੰਗਤ ਵਲੋਂ ਹੁੰਦੀ ਸੀ। ਗੁਰਦੁਆਰਾ ਟਾਇਰਾ ਬਿਊਨਾ ਤੇ ਨਗਰ ਕੀਰਤਨ ਅੱਜ ਸੰਗਤ ਲਈ ਤੀਰਥ ਬਣ ਗਿਆ ਹੈ ਅਤੇ ਕਾਬਜ਼ ਧੜੇ ਲਈ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ। ਨਗਰ ਕੀਰਤਨ 'ਚੋਂ ਹਰ ਸਾਲ ਕਰੀਬ 150,000 ਡਾਲਰ ਦੀ ਬੱਚਤ ਹੁੰਦੀ ਹੈ ਤੇ ਨਾਲੇ ਤੇਜਿੰਦਰ ਸਿੰਘ ਦੁਸਾਂਝ ਤੇ ਉਨ੍ਹਾਂ ਦੇ ਸਾਥੀਆਂ ਦੀ ਹਉਮੈ ਨੂੰ ਪੱਠੇ ਪੈ ਜਾਂਦੇ ਹਨ। ਨਗਰ ਕੀਰਤਨ ਤੇ ਹੁਣ ਤੱਕ ਇਨ੍ਹਾਂ ਸਾਲਾਂ ਵਿਚ ਗੁਰੂ ਘਰ ਨੇ ਜੋ ਤਰੱਕੀ ਕੀਤੀ ਹੈ, ਉਸ ਦਾ ਕਰੈਡਿਟ ਸਾਰੇ ਪੁਰਾਣੇ ਪਰਿਵਾਰਾਂ ਨੂੰ ਜਾਂਦਾ ਹੈ। ਬੈਂਸ ਪਰਿਵਾਰ ਉਨ੍ਹਾਂ 'ਚੋਂ ਇਕ ਹੈ।

ਸ. ਤੇਜਿੰਦਰ ਸਿੰਘ ਦੋਸਾਂਝ ਨੇ ਬਿਆਨ ਵਿਚ ਲਿਖਿਆ ਹੈ ਕਿ 38 ਸਾਲਾਂ ਦੇ ਕਬਜ਼ੇ ਕਰਕੇ 'ਗੁਰੂ ਨਾਨਕ ਸਿੱਖ ਟੈਂਪਲ' ਬਣਿਆ, ਜੋ ਬਿਲਕੁਲ ਬੇਤੁਕੀ ਗੱਲ ਹੈ। ਜਾਂ ਇਹ ਕਹਿਣਾ ਪਵੇਗਾ ਕਿ ਹੁਣ ਗੁਰੂ ਨਾਨਕ ਸਿੱਖ ਟੈਂਪਲ ਵਾਲੇ ਇਕ ਹੋਰ ਹਾਲ ਬਣਾ ਰਹੇ ਹਨ, ਉਹ ਉਨ੍ਹਾਂ ਦੇ ਧੜੇ ਦੇ ਕਬਜ਼ੇ ਕਰਕੇ ਬਣਾ ਰਹੇ ਹਨ। ਇਹ ਗੱਲਾਂ ਬੇ-ਬੁਨਿਆਦ ਹੁੰਦੀਆਂ ਹਨ ਕਿਉਂਕਿ ਯੂਬਾ ਸਿਟੀ ਵਿਚ ਤਾਂ ਗੁਰੂ ਘਰ 'ਗੁਰੂ ਨਾਨਕ ਸਿੱਖ ਸੁਸਾਇਟੀ' ਜਾਰਜ ਵਾਸ਼ਿੰਗਟਨ ਰੋਡ, ਰਵੀਦਾਸ ਟੈਂਪਲ ਤੇ ਬਾਲਮੀਕੀ ਟੈਂਪਲ- ਇਹ ਸਭ ਕਮਿਉਨਿਟੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਬਣੇ ਹਨ। ਈਰਖਾ ਵੱਸ ਕਹੀ ਗੱਲ ਆਪਣਾ ਮਜ਼ਾਕ ਬਣਾ ਦਿੰਦੀ ਹੈ। ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਸ. ਦੋਸਾਂਝ ਨੇ ਇਹ ਵੀ ਕਿਹਾ ਹੈ ਕਿ 2009 ਤੋਂ ਬੈਂਸ ਪਰਿਵਾਰ ਨੇ ਗੁਰੂ ਘਰ ਦਾ 'ਬਾਈਕਾਟ' ਕੀਤਾ ਹੈ। ਇਹ ਕਾਫੀ ਹੱਦ ਤੱਕ ਠੀਕ ਹੈ ਪਰ ਇਸ ਦੇ ਜ਼ਿੰਮੇਵਾਰ ਕੌਣ ਹਨ? ਖੁਦ ਉਹ ਤੇ ਉਨ੍ਹਾਂ ਦੇ ਸਾਥੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸੱਚ ਨਹੀਂ ਕਿ ਸੰਨ 2005 ਵਿਚ ਸ. ਦੀਦਾਰ ਸਿੰਘ ਬੈਂਸ ਨੇ ਬਿਨਾਂ ਕਿਸੇ ਚੋਣ ਦੇ ਤੁਹਾਨੂੰ ਗੁਰੂ ਘਰ ਦੀਆਂ ਚਾਬੀਆਂ ਦੇ ਦਿੱਤੀਆਂ। ਤੁਹਾਡੀ ਕ੍ਰਿਮੀਨਲ ਕੇਸ ਵਿਚ ਮਦਦ ਕੀਤੀ। ਪੂਰੀ ਇਮਾਨਦਾਰੀ ਨਾਲ ਤੁਹਾਨੂੰ ਮੌਕਾ ਦਿੱਤਾ। ਉਸੇ ਸਾਲ ਨਗਰ ਕੀਰਤਨ ਤੋਂ ਤੁਸੀਂ ਇਕ ਨੁਕਾਤੀ ਪ੍ਰੋਗਰਾਮ ਦਿੱਤਾ ਕਿ ਸ. ਦੀਦਾਰ ਸਿੰਘ ਬੈਂਸ ਸਟੇਜ ਤੋਂ ਸੰਗਤ ਨੂੰ ਸੰਬੋਧਨ ਨਹੀਂ ਕਰਨਗੇ। ਫਿਰ ਉਨ੍ਹਾਂ ਨੇ 2008 ਵਿਚ ਚੋਣ ਨਹੀਂ ਲੜੀ। ਫਿਰ ਵੀ ਜਿੰਨੇ ਬੰਦੇ ਸੰਗਤ ਨੇ ਖੜ੍ਹੇ ਕਰ ਦਿੱਤੇ, ਉਹ ਜਿੱਤ ਗਏ। ਉਹ ਚੋਣ ਨਹੀਂ ਹਾਰੇ, ਅਤੇ ਨਾ ਹੀ ਹਾਰਨਗੇ, ਕਿਉਂਕਿ ਸੇਵਾ ਭਾਵਨਾ ਵਾਲੇ ਲੋਕਾਂ ਦੀ ਸੰਗਤ ਇੱਜ਼ਤ ਜ਼ਰੂਰ ਕਰਦੀ ਹੈ। ਉਪਰੰਤ ਤੁਸੀਂ ਉਨ੍ਹਾਂ ਦੇ ਸਾਰੇ ਸਹਿਯੋਗੀਆਂ 'ਤੇ ਪਾਬੰਦੀਆਂ ਲਾ ਦਿੱਤੀਆਂ ਕਿ ਉਹ ਮਰਗ ਉਤੇ ਸ਼ਰਧਾਂਜਲੀ ਨਹੀਂ ਦੇ ਸਕਦੇ, ਵਿਆਹਾਂ 'ਚ ਆਪਣੇ ਬੱਚਿਆਂ ਨੂੰ ਆਸ਼ੀਰਵਾਦ ਨਹੀਂ ਦੇ ਸਕਦੇ, ਅਖੰਡ ਪਾਠਾਂ 'ਚ ਸੰਗਤ ਦਾ ਧੰਨਵਾਦ ਨਹੀਂ ਕਰ ਸਕਦੇ। ਭਾਈ ਸਾਹਿਬ, ਤੁਸੀਂ ਤਾਂ ਉਨ੍ਹਾਂ ਦੀ 'ਪੋਤੀ' ਦੇ ਵਿਆਹ ਵਿਚ ਉਨ੍ਹਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਬੇਇੱਜ਼ਤ ਕਰਨ ਦੀ ਕੋਸ਼ਿਸ਼ ਕੀਤੀ, ਤੇ ਉਹ ਬਾਈਕਾਟ ਨਾ ਕਰਨ ਤਾਂ ਹੋਰ ਕੀ ਕਰਨ? ਇਸ ਸਭ ਕੁਝ ਲਈ ਜ਼ਿੰਮੇਵਾਰ ਸ. ਦੋਸਾਂਝ ਜੀ ਤੁਸੀਂ ਤੇ ਤੁਹਾਡਾ ਗਰੁਪ ਹੈ।

ਸਾਧ ਸੰਗਤ ਜੀ, ਹੁਣ ਆਪਾਂ ਆਮਦਨ ਦੀ ਗੱਲ ਕਰੀਏ। ਸ. ਦੋਸਾਂਝ ਨੇ ਕਿਹਾ ਹੈ ਕਿ ਸ. ਦੀਦਾਰ ਸਿੰਘ ਬੈਂਸ ਦੇ ਜ਼ਮਾਨੇ ਵਿਚ ਸਾਢੇ ਪੰਜ ਲੱਖ ਤੋਂ ਆਮਦਨ ਨਹੀਂ ਵਧੀ ਤੇ ਉਨ੍ਹਾਂ ਦੇ ਜ਼ਮਾਨੇ 'ਚ ਮਿਲੀਅਨ ਡਾਲਰ ਹੋ ਗਈ ਹੈ। ਸ਼ਾਇਦ ਉਹ ਭੁਲ ਗਏ ਹਨ ਕਿ ਉਨ੍ਹਾਂ ਨੇ 550,000 ਡਾਲਰ ਦੀ ਆਮਦਨ ਵਿਚ ਉਪਰੋਕਤ ਲਿਖੇ ਸਾਰੇ ਕੰਮ ਕੀਤੇ ਤੇ 2009 ਵਿਚ 416,000 ਡਾਲਰ ਤੁਹਾਨੂੰ ਵੀ ਦੇ ਗਏ। ਦੋਸਾਂਝ ਜੀ, 150,000 ਡਾਲਰ ਤੁਹਾਨੂੰ 'ਟੈਨੀ ਐਂਡ ਕੰਪਨੀ' ਨੇ ਦੇ ਦਿੱਤਾ। ਤੇ ਤੁਹਾਡੀ ਆਮਦਨ ਇਕ ਮਿਲੀਅਨ ਦੀ ਵੀ ਹੋ ਗਈ। ਤੁਹਾਡਾ ਹਿਸਾਬ ਇਸ ਤਰ੍ਹਾਂ ਹੈ:

**2009 ਦੀ ਸਾਲਾਨਾ ਰਿਪੋਰਟ:**
ਓਪਨਿੰਗ ਬੈਲੈਂਸ = 416,491.17 ਡਾਲਰ
ਕਲੋਜ਼ਿੰਗ ਬੈਲੈਂਸ = 451,882.87 ਡਾਲਰ

**2010 ਦੀ ਸਾਲਾਨਾ ਰਿਪੋਰਟ:**
ਓਪਨਿੰਗ ਬੈਲੈਂਸ = 451,882.87 ਡਾਲਰ
ਕਲੋਜ਼ਿੰਗ ਬੈਲੈਂਸ = 480,720.27 ਡਾਲਰ

ਸਾਰੇ ਮੁੱਖ ਖਰਚੇ 2009 ਅਤੇ 2010 ਵਿਚ ਹੋ ਗਏ ਸਨ। ਜਿਵੇਂ ਲੀਚ ਲਾਈਨ, ਪਾਰਕਾਂ, ਪਿਛਲੀ ਕੰਧ, ਦਰਵਾਜ਼ੇ-ਬਾਰੀਆਂ, ਛੱਤ, ਪੇਂਟ ਆਦਿ। ਉਸ ਤੋਂ ਪਿਛੋਂ ਕੋਈ ਵੱਡਾ ਕੰਮ ਨਹੀਂ ਹੋਇਆ। ਰਗ ਦਾ ਪੁਰਾਣੀ ਕਮੇਟੀ ਨੇ 50,000 ਡਾਲਰ ਦੇ ਦਿੱਤਾ। ਉਹ ਵੀ ਸਾਲ 2010 ਤੱਕ ਹੋ ਗਿਆ ਸੀ। ਪਰ ਤੁਸੀਂ 2011 ਅਤੇ 2012 ਦੀ ਸਾਲਾਨਾ ਰਿਪੋਰਟ ਵਿਚ ਓਪਨਿੰਗ ਅਤੇ ਕਲੋਜ਼ਿੰਗ ਬੈਲੈਂਸ ਨਹੀਂ ਲਿਖਿਆ। ਉਸ ਤੋਂ ਅਗਲਾ ਹਿਸਾਬ ਤੁਸੀਂ ਸੰਗਤ ਗੋਚਰੇ ਨਹੀਂ ਕੀਤਾ ਪਰ ਹੁਣ ਤਹਾਡੀ 5 ਦਸੰਬਰ 2015 ਦੀ ਮੀਟਿੰਗ ਦੇ ਮਿਨਟ ਦੱਸਦੇ ਹਨ ਕਿ 30 ਨਵੰਬਰ 2015 ਨੂੰ ਹਿਸਾਬ ਇਸ ਤਰ੍ਹਾਂ ਸੀ:

ਚੈਕਿੰਗ ਅਕਾਊਂਟ 224,712.17 ਡਾਲਰ
ਸੇਵਿੰਗ ਅਕਾਊਂਟ 162,786.46 ਡਾਲਰ
ਪੈਂਡਿੰਗ ਬੈਲੇਂਸ 90,000 ਡਾਲਰ

ਯਾਨਿ ਗੁਰੂ ਘਰ ਦੇ ਅਕਾਊਂਟਸ ਵਿਚ 30 ਨਵੰਬਰ 2015 ਨੂੰ 296,498.63 ਡਾਲਰ ਸਨ। ਹੁਣ ਦੋਸਾਂਝ ਜੀ, ਤੁਸੀਂ ਦੱਸੋ, ਇਕ ਮਿਲੀਅਨ ਦੀ ਆਮਦਨ ਤੁਸੀਂ ਆਪ ਮੰਨਦੇ ਹੋ, ਉਸ ਦਾ ਹਿਸਾਬ ਕੀ ਹੈ? ਕੀ ਗੋਲਕ ਚੋਰੀ ਹੁੰਦੀ ਹੈ? ਜਾਂ...?

ਇਹ ਗੱਲ ਮੈਂ ਸੰਗਤ 'ਤੇ ਛੱਡਦਾ ਹਾਂ ਕਿ 31 ਦਸੰਬਰ 2010 ਨੂੰ 480,270.27 ਡਾਲਰ ਸੀ, ਪੰਜ ਸਾਲਾਂ ਦੀ ਆਮਦਨ ਪੰਜ ਮਿਲੀਅਨ, ਉਹ ਸਾਰੇ ਪੈਸੇ ਦਾ ਹਿਸਾਬ ਕੀ ਹੈ? ਕਾਬਜ਼ ਧੜੇ ਤੋਂ ਪੁਛਿਆ ਜਾਵੇ।

ਹੁਣ ਆਪਾਂ ਗੁਰੂ ਘਰ ਦੀ ਲੀਜ਼ ਦੀ ਗੱਲ ਕਰੀਏ। 1997-98 ਵਿਚ ਸ. ਦੀਦਾਰ ਸਿੰਘ ਬੈਂਸ ਦੇ ਸਹਿਯੋਗ ਨਾਲ ਇਕ ਗਰੁਪ ਨੇ 'ਗੁਰੂ ਰਾਮਦਾਸ ਖਾਲਸਾ ਪ੍ਰੀ ਸਕੂਲ' ਜੋ ਅਮਰੀਕਨ ਸਿਸਟਮ ਦਾ ਸਕੂਲ ਸੀ ਅਤੇ ਜਿਸ ਵਿਚ ਪੰਜਾਬੀ ਤੇ ਗੁਰਮਤਿ ਦੀ ਸਿੱਖਿਆ ਵੀ ਦਿੱਤੀ ਜਾਣੀ ਸੀ, ਖੋਲ੍ਹਣ ਦਾ ਵਿਚਾਰ ਬਣਾਇਆ। ਇਸ ਸਕੂਲ ਦਾ ਪਰਮਿਟ ਕਿਸੇ ਵਿਅਕਤੀ ਦੇ ਨਾਂ ਹੋਣਾ ਸੀ। ਸਾਰੇ ਗਰੁਪ ਨੇ ਸੋਚਿਆ ਕਿ ਸ. ਦੀਦਾਰ ਸਿੰਘ ਬੈਂਸ ਬਾਰਸੂਖ ਇਨਸਾਨ ਹਨ, ਜੇ ਪਰਮਿਟ ਉਨ੍ਹਾਂ ਦੇ ਨਾਂ ਲੈ ਲਈਏ ਤਾਂ ਸੌਖਾ ਮਿਲ ਜਾਵੇਗਾ। ਉਸੇ ਪਰਮਿਟ ਦੀ ਜਰੂਰਤ 'ਲੀਜ਼' ਵੀ ਸੀ, ਜਿਸ ਵਿਚ 2 ਕਮਰੇ, ਆਫਿਸ ਅਤੇ ਬਾਥਰੂਮ ਸੀ। ਮੁਸ਼ਕਲ ਨਾਲ 1800 ਸਕੁਏਅਰ ਫੁੱਟ ਜਗ੍ਹਾ ਹੋਵੇਗੀ। ਅੱਜ ਕੱਲ੍ਹ ਉਥੇ ਮੈਟਰੈਸ ਰੱਖੇ ਹਨ ਜੋ ਨਗਰ ਕੀਰਤਨ 'ਚ ਵਰਤੇ ਜਾਣਗੇ। ਭਾਵੇਂ ਦੁਸਾਂਝ ਸਾਹਿਬ ਨੇ ਇਸ ਨੂੰ ਬਹੁਤ ਵੱਡਾ ਹਿੱਸਾ ਕਰਾਰ ਦਿੱਤਾ ਹੈ ਤੇ ਨਾਲ ਹੀ ਪੁਛਿਆ ਹੈ ਕਿ 'ਗੁਰੂ ਰਾਮਦਾਸ ਸਕੂਲ' ਕਿਥੇ ਗਿਆ? ਜਵਾਬ ਹੈ, ਉਹ ਸਕੂਲ ਫੇਲ੍ਹ ਹੋ ਗਿਆ, ਜਿਵੇਂ ਹੋਰ ਵਿਦਿਅਕ ਸੰਸਥਾਵਾਂ ਫੇਲ੍ਹ ਹੋ ਜਾਂਦੀਆਂ ਹਨ। Heald Collage ਫੇਲ੍ਹ ਹੋ ਗਿਆ ਤੇ ਸਾਡਾ ਪੰਜਾਬੀ ਸਕੂਲ ਵੀ ਫੇਲ੍ਹ ਹੋ ਗਿਆ ਜਿਸ ਵਿਚ 325 ਤੋਂ ਵੱਧ ਬੱਚੇ ਪੜ੍ਹਦੇ ਸਨ ਤੇ ਜਿਸ ਦਾ ਹਵਾਲਾ 2009 ਦੀ ਸਾਲਾਨਾ ਰਿਪੋਰਟ ਵਿਚ ਬੜੇ ਮਾਣ ਨਾਲ ਦਿੱਤਾ ਗਿਆ ਸੀ।

ਸਿਆਣੇ ਕਹਿੰਦੇ ਹਨ ਕਿ ਜਦੋਂ ਪ੍ਰਛਾਵਾਂ ਕੱਦ ਨਾਲੋਂ ਤੇ ਗੱਲਾਂ ਔਕਾਤ ਨਾਲੋਂ ਵੱਡੀਆਂ ਹੋਣ ਲੱਗ ਜਾਣ ਤਾਂ ਸਮਝ ਲਓ ਕਿ ਸੂਰਜ ਡੁੱਬਣ ਵਾਲਾ ਹੈ। ਬਾਕੀ ਜਾਣਕਾਰੀ ਜਾਂ ਕਾਬਜ਼ ਧੜੇ ਦੀਆਂ ਟਿੱਪਣੀਆਂ ਦਾ ਢੁਕਵਾਂ ਜੁਆਬ ਸਮੇਂ ਸਮੇਂ ਸੰਗਤ ਨਾਲ ਸਾਂਝਾ ਕਰਦੇ ਰਹਾਂਗੇ।

***ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਤੱਥਾਂ ਲਈ ਕੋਈ ਸਬੂਤ ਦੀ ਜ਼ਰੂਰਤ ਹੋਵੇ ਤਾਂ ਹੇਠ ਲਿਖੇ ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।***

## ਪਰਮਿੰਦਰ ਸਿੰਘ ਗਰੇਵਾਲ (ਫੋਨ: 530-682-5860)

*Paid Advt.*

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਸ਼ਾ ਤੇ ਕਿਰਤ ਨੇ ਮਨੁੱਖ ਨੂੰ ਉਂਗਲ ਫੜ ਕੇ ਨਾਲ ਤੋਰਿਆ: ਭੁੱਲਰ

**ਨਵੀਂ ਦਿੱਲੀ:** ਭਾਸ਼ਾ ਵਿਭਾਗ ਪੰਜਾਬ ਅਤੇ ਨਵੀਂ ਦਿੱਲੀ ਸਾਹਿਤ ਕੇਂਦਰ ਵਲੋਂ ਇਥੇ ਪੰਜਾਬ ਭਵਨ ਵਿਖੇ ਉਘੇ ਸਾਹਿਤਕਾਰ ਗੁਰਬਚਨ ਸਿੰਘ ਭੁੱਲਰ ਨਾਲ ਰੂ-ਬ-ਰੂ ਸਮਾਗਮ ਰਚਾਇਆ ਗਿਆ। ਉਨ੍ਹਾਂ ਸਰੋਤਿਆਂ ਨਾਲ ਰੂ-ਬ-ਰੂ ਹੁੰਦਿਆਂ ਆਪਣੇ ਬਚਪਨ ਵਿਚ ਸੁਣੀਆਂ ਲੋਰੀਆਂ ਅਤੇ ਬਾਤਾਂ ਨੂੰ ਸਾਹਿਤ ਨਾਲ ਪਹਿਲਾ ਸੰਪਰਕ ਕਿਹਾ। ਆਪਣੇ ਇਲਾਕੇ ਦੇ ਲਿਖਣਸਰ ਵਿਖੇ ਦਮਦਮੀ ਬੀੜ ਦੀ ਸੰਪੂਰਨਤਾ ਮਗਰੋਂ ਦਸਮੇਸ਼ ਪਿਤਾ ਵਲੋਂ ਬਚੀਆਂ ਕਲਮਾਂ ਸਰੋਵਰ ਵਿਚ ਪਾ ਕੇ ਕੀਤੇ ਭਵਿੱਖ ਵਿਚ ਉਥੋਂ ਲੇਖਕ ਤੇ ਵਿਦਵਾਨ ਪੈਦਾ ਹੋਣ ਦੇ ਵਚਨ ਨੂੰ ਚੇਤੇ ਕਰਦਿਆਂ ਉਨ੍ਹਾਂ ਕਿਹਾ- "ਮੈਨੂੰ ਲਗਦਾ ਸੀ ਕਿ ਉਨ੍ਹਾਂ ਵਿਚੋਂ ਇਕ ਕਲਮ ਜ਼ਰੂਰ ਮੇਰੀ ਹੈ।"

ਵਿਦਿਆਰਥੀ ਜੀਵਨ ਦੌਰਾਨ ਆਪਣੇ ਘਰ ਵਿਚ ਪਿਤਾ ਦੀ ਪਾਠਕੀ ਰੁਚੀ ਦਾ ਜ਼ਿਕਰ ਕਰਦਿਆਂ ਸ੍ਰੀ ਭੁੱਲਰ ਨੇ ਕਿਹਾ ਕਿ ਇਸ ਸਦਕਾ ਸਾਹਿਤ, ਖਾਸ ਕਰ ਕੇ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਦੀਆਂ ਰਚਨਾਵਾਂ ਅਤੇ ਆਪਣੇ ਪਿੰਡ ਦੇ ਵਿਦਵਾਨ ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਦੀ ਮੌਜੂਦਗੀ ਸਾਹਿਤ ਨਾਲ ਜੋੜਨ ਦਾ ਵੱਡਾ ਵਸੀਲਾ ਸਿੱਧ ਹੋਈ। ਜੀਵਨ ਦੇ ਤੀਹ ਸਾਲ ਪਿੰਡਾਂ ਵਿਚ ਗੁਜ਼ਾਰਨ ਮਗਰੋਂ ਦਿੱਲੀ ਪਹੁੰਚਣ ਨੂੰ ਉਨ੍ਹਾਂ ਨੇ ਆਪਣੀ ਸਾਹਿਤਕਾਰੀ ਵਿਚ ਵੱਡਾ ਮੋੜ ਦੱਸਿਆ। 1950ਵਿਆਂ ਵਿਚ ਕਵਿਤਾ ਤੋਂ ਸ਼ੁਰੂ ਕਰ ਕੇ ਕਹਾਣੀ, ਕਲਮੀ ਚਿੱਤਰਾਂ, ਲੇਖਕਾਂ ਨਾਲ ਮੁਲਾਕਾਤਾਂ, ਆਲੋਚਨਾ, ਅਨੁਵਾਦ ਤੇ ਸੰਪਾਦਨ ਵਿਚੋਂ ਹੁੰਦੀ ਹੋਈ ਕਲਮ ਪਿਛੇ ਜਿਹੇ ਛਪੇ ਨਾਵਲ 'ਏਹੁ ਜਨਮੁ ਤੁਮਹਾਰੇ ਲੇਖੇ' ਤੱਕ ਆ ਪੁੱਜੀ। ਭਾਸ਼ਾ ਦੇ ਮਹੱਤਵ ਬਾਰੇ ਉਨ੍ਹਾਂ ਕਿਹਾ, "ਮਨੁੱਖ ਭਾਸ਼ਾ ਅਤੇ ਕਿਰਤ ਦੇ ਦੋ ਪੈਰਾਂ ਉਤੇ ਤੁਰ ਕੇ ਹੀ ਜੰਗਲੀ ਜੀਵਨ ਤੋਂ ਵਰਤਮਾਨ ਵਿਕਸਿਤ ਦੌਰ ਤੱਕ ਪੁੱਜਿਆ ਹੈ।" ਪੰਜਾਬੀ ਦੀ ਵਰਤਮਾਨ ਹਾਲਤ ਨੂੰ ਚਿੰਤਾਜਨਕ ਦੱਸਦਿਆਂ ਉਨ੍ਹਾਂ ਕਿਹਾ, "ਸਾਡੀ ਬਦਕਿਸਮਤੀ ਹੈ ਕਿ ਭਾਸ਼ਾਈ ਤੇ ਅਕਾਦਮਿਕ ਨੀਤੀਆਂ ਵਿਦਵਾਨਾਂ ਵਲੋਂ ਤਿਆਰ ਕੀਤੇ ਜਾਣ ਦੀ ਥਾਂ ਅਜਿਹੇ ਕਾਰਜ ਤੋਂ ਅਸਮਰੱਥ ਸਿਆਸੀ ਆਗੂਆਂ ਵਲੋਂ ਤੈਅ ਕੀਤੀਆਂ ਜਾਂਦੀਆਂ ਹਨ। ਸਾਹਿਤ ਵਾਸਤੇ ਹਾਨੀਕਾਰਕ ਗੱਲ ਇਹ ਹੈ ਕਿ ਵਿਦਿਅਕ ਪ੍ਰਬੰਧ ਸਾਹਿਤ ਨੂੰ ਨਿਰੋਲ ਇਮਤਿਹਾਨ ਨਾਲ ਜੋੜ ਕੇ ਪਾਠਕ ਪੈਦਾ ਹੋਣ ਦੀ ਸੰਭਾਵਨਾ ਖ਼ਤਮ ਕਰ ਦਿੰਦਾ ਹੈ।" ਉਨ੍ਹਾਂ ਅੱਜ ਦੇ ਇੰਟਰਨੈੱਟੀ ਯੁੱਗ ਵਿਚ ਸਾਰੀਆਂ ਭਾਸ਼ਾਵਾਂ ਲਈ ਪੈਦਾ ਹੋ ਰਹੀਆਂ ਸਾਂਝੀਆਂ ਸਮੱਸਿਆਵਾਂ ਤੋਂ ਇਲਾਵਾ ਪੰਜਾਬੀ ਨੂੰ ਆ ਰਹੀਆਂ ਮੁਸ਼ਕਿਲਾਂ ਦੀ ਵਿਆਖਿਆ ਵੀ ਕੀਤੀ। ਉਨ੍ਹਾਂ ਸਾਵਧਾਨ ਕੀਤਾ ਕਿ ਪੰਜਾਬੀ ਨੂੰ ਗੁਰੂਆਂ, ਭਗਤਾਂ, ਸੂਫ਼ੀਆਂ ਤੇ ਸੰਤਾਂ ਦੀ ਅਮਰ ਬੋਲੀ ਸਮਝ ਕੇ ਅਵੇਸਲੇ ਹੋਣਾ ਵੱਡੀ ਭੁੱਲ ਹੋਵੇਗੀ। ਵਿਦੇਸ਼ਾਂ ਵਿਚ ਪੰਜਾਬੀ ਦੇ ਬੋਲਬਾਲੇ ਬਾਰੇ ਖ਼ੁਸ਼ ਹੋਣ ਨੂੰ ਵੀ ਉਨ੍ਹਾਂ ਨੇ ਇੰਨਾ ਹੀ ਨਿਰਾਰਥਕ ਦੱਸਿਆ। ਉਨ੍ਹਾਂ ਕਿਹਾ ਕਿ ਪਰਵਾਸੀਆਂ ਦੀ ਤੀਜੀ ਪੀੜ੍ਹੀ ਤੋਂ ਪੰਜਾਬੀ ਨਾਲ ਜੁੜੇ ਰਹਿਣ ਦੀ ਆਸ ਦਾ ਕੋਈ ਆਧਾਰ ਨਹੀਂ। ਇਸ ਲਈ ਪੰਜਾਬੀ ਨੂੰ ਵਿਕਾਸ ਦੇ ਮਾਰਗ ਉਤੇ ਪਾਉਣ ਲਈ ਇਹਦਾ ਪਰਚਮ ਪੰਜਾਬ ਵਿਚ ਝੁਲਦਾ ਰੱਖਣਾ ਲਾਜ਼ਮੀ ਹੈ। ਬਾਬਾ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਉਨ੍ਹਾਂ ਨੇ ਮਨੁੱਖੀ ਸਮਾਜ ਨੂੰ ਪੰਜਾਬ ਦੀਆਂ ਦੋ ਮਹਾਨ ਦੇਣਾਂ ਕਿਹਾ।



*ਸਾਹਿਤਕਾਰ ਗੁਰਬਚਨ ਸਿੰਘ ਭੁੱਲਰ ਸਰੋਤਿਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ।*

# ਲੋਕ ਰੋਹ ਤੇ ਰੋਸ ਨੇ ਅਕਾਲੀ ਆਗੂਆਂ ਦੇ ਸਾਹ ਸੂਤੇ

*(ਸਫਾ ਇਕ ਦੀ ਬਾਕੀ)*

ਉਮੀਦਵਾਰਾਂ ਵੱਲੋਂ ਸਖਤ ਟੱਕਰ ਦਿੱਤੀ ਜਾ ਰਹੀ ਹੈ ਜਿਸ ਨੂੰ ਦੇਖਦਿਆਂ ਸਾਰੇ ਕੈਬਨਿਟ ਮੰਤਰੀ, ਮੁੱਖ ਸੰਸਦੀ ਸਕੱਤਰ ਤੇ ਵਿਧਾਇਕਾਂ ਨੇ ਆਪੋ-ਆਪਣੇ ਜ਼ੋਨ ਸੰਭਾਲ ਕੇ ਤੇਜ਼ੀ ਨਾਲ ਚੋਣ ਮੀਟਿੰਗਾਂ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੋਣ ਲੜਨ ਤੋਂ ਇਨਕਾਰ ਕਰਨ ਤੋਂ ਬਾਅਦ ਬਾਗੀ ਹੋਏ ਕਾਂਗਰਸ ਦੇ ਸੂਬਾ ਸਕੱਤਰ ਭੁਪਿੰਦਰ ਸਿੰਘ ਬਿੱਟੂ ਚੋਣ ਮੈਦਾਨ ਵਿਚ ਹਨ, ਜਿਸ ਦੇ ਨਾਲ-ਨਾਲ 'ਆਪ' ਤੋਂ ਬਾਗੀ ਭਾਈ ਬਲਦੀਪ ਸਿੰਘ ਅਤੇ ਪੰਜਾਬ ਸਾਂਝੀਵਾਲਤਾ ਮੋਰਚਾ ਵੱਲੋਂ ਸੁਮੇਲ ਸਿੰਘ ਸਿੱਧੂ ਤੇ ਪੰਜ ਹੋਰ ਆਜ਼ਾਦ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਗਏ ਸਨ। ਇਨ੍ਹਾਂ ਵਿਚੋਂ ਭਾਈ ਬਲਦੀਪ ਸਿੰਘ ਦੇ ਕਾਗਜ਼ ਰੱਦ ਹੋਣ ਕਾਰਨ ਅਕਾਲੀ ਦਲ ਦੇ ਉਮੀਦਵਾਰ ਰਵਿੰਦਰ ਸਿੰਘ ਬ੍ਰਹਮਪੁਰਾ ਦੇ ਮੁਕਾਬਲੇ ਛੇ ਆਜ਼ਾਦ ਉਮੀਦਵਾਰ ਮੈਦਾਨ ਹਨ। ਆਜ਼ਾਦ ਉਮੀਦਵਾਰ ਸੁਮੇਲ ਸਿੰਘ ਸਿੱਧੂ ਵੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਥੇ ਆਜ਼ਾਦ ਉਮੀਦਵਾਰ ਭੁਪਿੰਦਰ ਬਿੱਟੂ ਤੇ ਉਨ੍ਹਾਂ ਦੇ ਨੌਜਵਾਨ ਪੁੱਤਰ ਯੂਥ ਕਾਂਗਰਸੀ ਆਗੂ ਕੰਵਰਦੀਪ ਸੰਧੂ ਵੱਲੋਂ ਵੀ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਤੇਜ਼ੀ ਨਾਲ ਚੋਣ ਮੀਟਿੰਗਾਂ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਬਿੱਟੂ ਦੇ ਹੱਕ ਵਿਚ ਜੁੜਦੇ ਵੋਟਰਾਂ ਨੂੰ ਦੇਖਦਿਆਂ ਅਵੇਸਲੇ ਹੋਏ ਸਮੂਹ ਮੰਤਰੀ, ਵਿਧਾਇਕਾਂ ਤੇ ਹੋਰ ਆਗੂਆਂ ਵੱਲੋਂ ਫਿਰ ਤੋਂ ਆਪੋ-ਆਪਣੇ ਜ਼ੋਨਾਂ ਵਿਚ ਚੋਣ ਮੀਟਿੰਗਾਂ ਕਰ ਕੇ ਲੋਕਾਂ ਨੂੰ ਅਕਾਲੀ ਉਮੀਦਵਾਰ ਦੇ ਹੱਕ ਵਿਚ ਵੱਧ ਤੋਂ ਵੱਧ ਵੋਟਾਂ ਭੁਗਤਾਉਣ ਦੀ ਅਪੀਲ ਕੀਤੀ ਜਾਣ ਲੱਗੀ। ਪੰਜਾਬ ਸਰਕਾਰ ਤੋਂ ਨਾਰਾਜ਼ ਲੋਕ ਤੇ ਕਾਂਗਰਸ ਦੇ ਇਕ ਧੜੇ ਵੱਲੋਂ ਅੰਦਰਖਾਤੇ ਆਜ਼ਾਦ ਉਮੀਦਵਾਰ ਭੁਪਿੰਦਰ ਸਿੰਘ ਬਿੱਟੂ ਦੀ ਮਦਦ ਕੀਤੇ ਜਾਣ ਦੀਆਂ ਕਨਸੋਆਂ ਮਿਲ ਰਹੀਆਂ ਹਨ। ਸੂਬੇ ਦੀਆਂ ਖੁਫ਼ੀਆਂ ਏਜੰਸੀਆਂ ਨੇ ਵੀ ਸਰਕਾਰ ਨੂੰ ਅਗਾਹ ਕੀਤਾ ਹੈ ਕਿ ਸੱਤਾਧਾਰੀ ਧਿਰ ਪ੍ਰਤੀ ਲੋਕਾਂ ਦਾ ਜੋ ਗੁੱਸਾ ਬਣਿਆ ਹੋਇਆ ਹੈ, ਉਸ ਦਾ ਫਾਇਦਾ ਕਿਧਰੇ ਕਾਂਗਰਸ ਦਾ ਬਾਗੀ ਉਮੀਦਵਾਰ ਭੁਪਿੰਦਰ ਬਿੱਟੂ ਨਾ ਲੈ ਜਾਵੇ। ਲੋਕ ਕਾਂਗਰਸ ਦੇ ਬਾਈਕਾਟ ਬਾਰੇ ਦੱਬੀ ਜ਼ੁਬਾਨ ਨਾਲ ਹੁੰਗਾਰਾ ਭਰਦੇ ਹਨ। ਜੇ 2012 ਦੀਆਂ ਚੋਣਾਂ ਦੀ ਗੱਲ ਕਰੀਏ ਤਾਂ ਖਡੂਰ ਸਾਹਿਬ ਹਲਕੇ ਅੰਦਰ 80 ਫੀਸਦੀ ਪੋਲਿੰਗ ਹੋਈ ਸੀ ਜਿਸ ਵਿਚ 48 ਫੀਸਦੀ ਦੇ ਕਰੀਬ ਵੋਟਾਂ ਲੈ ਕੇ ਰਮਨਜੀਤ ਸਿੰਘ ਸਿੱਕੀ ਵਿਧਾਇਕ ਬਣੇ ਸਨ ਤੇ ਅਕਾਲੀ ਦਲ ਵੱਲੋਂ ਮੈਦਾਨ ਵਿਚ ਉਤਾਰੇ ਗਏ ਉਮੀਦਵਾਰ ਰਣਜੀਤ ਬ੍ਰਹਮਪੁਰਾ ਨੂੰ 46 ਫੀਸਦੀ ਵੋਟਾਂ ਮਿਲੀਆਂ ਸਨ।

## ਪਰਵਾਸੀਆਂ ਨੂੰ ਭਾਰਤ 'ਚ ਘਰ ਖਰੀਦਣ ਦਾ ਹੱਕ

**ਨਵੀਂ ਦਿੱਲੀ:** ਭਾਰਤ ਦਾ ਵਾਰ-ਵਾਰ ਦੌਰਾ ਕਰਨ ਵਾਲੇ ਪਰਵਾਸੀ ਭਾਰਤੀਆਂ ਨੂੰ ਮੁਲਕ ਅੰਦਰ ਘਰ ਖ਼ਰੀਦਣ ਦਾ ਪੂਰਾ ਅਧਿਕਾਰ ਹੈ। ਕੌਮੀ ਖਪਤਕਾਰ ਵਿਵਾਦ ਨਿਵਾਰਨ ਕਮਿਸ਼ਨ ਨੇ ਇਹ ਫ਼ੈਸਲਾ ਸੁਣਾਉਂਦਿਆਂ ਸੁਪਰਟੈੱਕ ਲਿਮਟਿਡ ਨੂੰ ਕਿਹਾ ਹੈ ਕਿ ਉਹ ਗਰੇਟਰ ਨੋਇਡਾ 'ਚ ਐਨ.ਆਰ.ਆਈ. ਨੂੰ ਫਲੈਟ ਦਾ ਕਬਜ਼ਾ ਨਾ ਦੇਣ ਲਈ ਕਰੀਬ 64 ਲੱਖ ਰੁਪਏ ਅਦਾ ਕਰੇ। ਦੱਖਣੀ ਦਿੱਲੀ ਦੀ ਵਸਨੀਕ ਰੇਸ਼ਮਾ ਭਗਤ ਅਤੇ ਉਸ ਦੇ ਪੁੱਤਰ ਤਰੁਣ ਭਗਤ ਨੇ 2008 ਵਿਚ ਫਲੈਟ ਬੁੱਕ ਕਰਾਇਆ ਸੀ, ਪਰ ਜਦੋਂ ਅਗਲੇ ਸਾਲ ਫਲੈਟ ਨਾ ਬਣਿਆ ਤਾਂ ਉਨ੍ਹਾਂ ਕਮਿਸ਼ਨ ਕੋਲ ਪਹੁੰਚ ਕੀਤੀ ਸੀ। ਕੰਪਨੀ ਨੇ ਦਲੀਲ ਦਿੱਤੀ ਸੀ ਕਿ ਸਿਰਫ਼ ਮੁਨਾਫ਼ੇ ਲਈ ਫਲੈਟ ਖ਼ਰੀਦਿਆ ਜਾ ਰਿਹਾ ਸੀ ਅਤੇ ਪਰਵਾਸੀ ਹੋਣ ਕਰ ਕੇ ਉਹ ਤਾਂ ਮੁਲਕ ਵਿਚ ਹੀ ਨਹੀਂ ਰਹਿੰਦੇ। ਕਮਿਸ਼ਨ ਨੇ ਕੰਪਨੀ ਦੀ ਦਲੀਲ ਨੂੰ ਨਕਾਰਦਿਆਂ ਕਿਹਾ ਕਿ ਇਹ ਕੋਈ ਪੱਕਾ ਨਿਯਮ ਨਹੀਂ ਹੈ ਕਿ ਹਰ ਪਰਵਾਸੀ ਭਾਰਤੀ ਨੂੰ ਮੁਲਕ ਵਿਚ ਜਾਇਦਾਦ ਖ਼ਰੀਦਣ ਦਾ ਹੱਕ ਨਹੀਂ ਹੈ। ਉਹ ਭਾਰਤ ਆਉਂਦੇ-ਰਹਿੰਦੇ ਹਨ ਅਤੇ ਆਪਣੇ ਜੱਦੀ ਇਲਾਕੇ ਦੀ ਫੇਰੀ ਪਾਉਂਦੇ ਹਨ। ਇਸ ਕਰ ਕੇ ਤਰੁਣ ਭਾਰਤ ਵਿਚ ਕਿਤੇ ਵੀ ਘਰ ਖ਼ਰੀਦਣ ਦਾ ਹੱਕਦਾਰ ਹੈ।

## ਸ੍ਰੀ ਦਰਬਾਰ ਸਾਹਿਬ ਨੇੜੇ ਲੱਗਣਗੇ ਫਰਾਂਸੀਸੀ ਯੰਤਰ

**ਅੰਮ੍ਰਿਤਸਰ:** ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ ਸ੍ਰੀ ਦਰਬਾਰ ਸਾਹਿਬ ਨੇੜੇ ਪ੍ਰਦੂਸ਼ਣ ਦੀ ਮਾਤਰਾ ਦੀ ਜਾਂਚ ਲਈ ਫਰਾਂਸ ਦੇ ਬਣੇ ਯੰਤਰ ਲਾ ਰਿਹਾ ਹੈ ਜਿਸ ਨਾਲ ਸਮੇਂ-ਸਮੇਂ ਸਿਰ ਜਾਂਚ ਕਰ ਕੇ ਪ੍ਰਦੂਸ਼ਣ ਰੋਕਿਆ ਜਾ ਸਕੇਗਾ। ਦਿੱਲੀ ਤੋਂ ਆਈ ਟੀਮ ਨੇ ਸ੍ਰੀ ਦਰਬਾਰ ਸਾਹਿਬ ਨੇੜੇ ਆਟਾ ਮੰਡੀ ਵਾਲੇ ਪਾਸੇ ਯੰਤਰ ਲਗਾਉਣ ਲਈ ਜਗਾ ਤੈਅ ਕਰ ਲਈ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਉਦਮ ਨਾਲ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਅਤੇ ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ 'ਚ ਇਹ ਯੰਤਰ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

# ਅਣਸਰਦੀ ਦਾ ਸੌਦਾ ਬਣੀ ਅਕਾਲੀ-ਭਾਜਪਾ ਦੀ ਸਾਂਝ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝ ਅਣਸਰਦੀ ਦਾ ਸੌਦਾ ਬਣ ਗਈ ਹੈ। ਵੱਡੇ ਮਤਭੇਦਾਂ ਦੇ ਬਾਵਜੂਦ ਦੋਵਾਂ ਧਿਰਾਂ ਨੇ ਗਠਜੋੜ ਧਰਮ ਨਿਭਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਭਾਜਪਾ ਆਗੂ ਅਕਾਲੀ ਦਲ ਨਾਲੋਂ ਤਲਾਕ ਲਈ ਕਾਹਲੇ ਹਨ, ਪਰ ਪਾਰਟੀ ਹਾਈਕਮਾਨ ਅਜੇ ਨਫ਼ੇ-ਨੁਕਸਾਨ ਦਾ ਅੰਦਾਜਾ ਲਾਉਣ ਵਿਚ ਰੁੱਝੀ ਹੋਈ ਹੈ।

ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਦਿੱਲੀ ਵਿਚ ਹੋਈ ਮੀਟਿੰਗ ਦੌਰਾਨ ਭਾਜਪਾ ਆਗੂਆਂ ਵੱਲੋਂ ਭਾਈਵਾਲ ਪਾਰਟੀ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ ਗਈ ਸੀ, ਪਰ ਗਠਜੋੜ ਤੋੜਨ ਦਾ ਕੋਈ ਢੁਕਵਾਂ ਕਾਰਨ ਦੱਸਣ ਵਿਚ ਨਾਕਾਮ ਰਹੇ। ਹਾਲਾਂਕਿ ਭਾਜਪਾ ਆਗੂਆਂ ਨੇ ਇਸ ਵਾਰ ਅਕਾਲੀ ਦਲ ਵੱਲੋਂ ਪੁੱਛਗਿਛ ਨਾ ਕਰਨ ਦੇ ਪੁਰਾਣੇ ਉਲਾਂਭੇ ਦੀ ਥਾਂ ਸੂਬੇ ਵਿਚ ਇਸ ਪੰਥਕ ਪਾਰਟੀ ਦੇ ਮਾੜੇ ਹਾਲਾਤ ਦਾ ਤਰਕ ਦਿੱਤਾ ਸੀ ਤੇ ਕੇਂਦਰੀ ਆਗੂਆਂ ਨੂੰ ਇਹ ਜਚ ਵੀ ਗਿਆ, ਪਰ ਭਾਜਪਾ ਗਠਜੋੜ ਤੋੜਨ ਦਾ ਸਾਰਾ ਦੋਸ਼ ਆਪਣੇ ਸਿਰ ਲੈਣ ਤੋਂ ਝਿਜਕ ਰਹੀ ਹੈ। ਭਾਜਪਾ ਪ੍ਰਧਾਨ ਅਮਿਤ ਸ਼ਾਹ ਤੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਅਕਾਲੀ ਆਗੂਆਂ ਨਾਲ ਮੁਲਾਕਾਤ ਦੌਰਾਨ ਤਾਲਮੇਲ ਲਈ ਕੋਆਡੀਨੇਸ਼ਨ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਦੱਸਿਆ ਜਾਂਦਾ ਹੈ ਕਿ ਪੰਜਾਬ ਭਾਜਪਾ ਦੇ ਆਗੂ ਅਕਾਲੀ ਦਲ ਤੋਂ ਵੱਖ ਹੋਣ ਦਾ ਪੂਰਾ ਮਨ ਬਣਾ ਕੇ ਗਏ ਸਨ ਤੇ ਸੂਬੇ ਦੇ ਸਿਆਸੀ ਹਾਲਾਤ ਦਾ ਸਾਰਾ ਖੁਲਾਸਾ ਕੇਂਦਰੀ ਲੀਡਰਸ਼ਿਪ ਅੱਗੇ ਕੀਤਾ ਸੀ, ਪਰ ਸੀਨੀਅਰ ਆਗੂਆਂ ਨੇ ਇਨ੍ਹਾਂ ਭਾਜਪਾ ਆਗੂਆਂ ਦੀ ਕਾਰਗੁਜਾਰੀ 'ਤੇ ਹੀ ਸਵਾਲ ਖੜ੍ਹੇ ਕਰ ਦਿੱਤੇ। ਉਧਰ, ਸ਼੍ਰੋਮਣੀ ਅਕਾਲੀ ਦਲ ਵੀ ਭਾਜਪਾ ਦੀਆਂ 'ਹਰਕਤਾਂ' ਤੋਂ ਔਖਾ ਸੀ ਤੇ ਵੱਖ ਹੋਣ ਲਈ ਤਿਆਰ-ਬਰ-ਤਿਆਰ ਸੀ। ਹਾਲਾਤ ਨੂੰ ਸਮਝਦੇ ਹੋਏ ਭਾਜਪਾ ਨੇ ਪਿੱਛੇ ਹਟਣ ਵਿਚ ਹੀ ਭਲਾਈ ਸਮਝੀ। ਦੱਸਣਯੋਗ ਹੈ ਕਿ ਕੇਂਦਰੀ ਰਾਜ ਗ੍ਰਹਿ ਮੰਤਰੀ ਕਿਰਨ ਰਿਜਿਜੂ ਵੱਲੋਂ ਪੰਜਾਬ



ਨੂੰ ਗੜਬੜ ਵਾਲਾ ਸੂਬਾ ਕਹਿਣ, ਖਡੂਰ ਸਾਹਿਬ ਚੋਣ ਵਿਚ ਅਕਾਲੀ ਦਲ ਖਿਲਾਫ ਭਾਜਪਾ ਦਾ ਪ੍ਰਚਾਰ, ਗਣਤੰਤਰ ਦਿਵਸ 'ਤੇ ਸਿੱਖ ਰੈਜੀਮੈਂਟ ਨੂੰ ਸ਼ਾਮਲ ਨਾ ਕਰਨ ਤੇ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਧਾਨ ਬਣਾਉਣ ਦੀ ਚਰਚਾ ਜਿਹੇ ਮੁੱਦੇ ਅਕਾਲੀ ਦਲ ਨੂੰ ਰੜਕ ਰਹੇ ਹਨ। ਇਹ ਪੰਜੇ ਨੁਕਤੇ ਪੰਜਾਬ ਦੀ ਗਠਜੋੜ ਸਿਆਸਤ ਬਦਲਣ ਦਾ ਸੰਕੇਤ ਦੇ ਰਹੇ ਸਨ, ਪਰ ਭਾਜਪਾ ਨੇ ਝੁਕ ਕੇ ਫਿਲਹਾਲ ਗਠਜੋੜ ਦਾ ਸੰਕਟ ਟਾਲ ਦਿੱਤਾ ਹੈ।

ਭਾਜਪਾ ਦੀ ਲੋਕ ਸਭਾ ਚੋਣ ਵਿਚ ਦੇਸ਼ ਭਰ ਵਿਚ ਵੱਡੀ ਜਿੱਤ ਨੇ ਦੋਵਾਂ ਪਾਰਟੀਆਂ ਵਿਚਕਾਰ ਰਿਸ਼ਤੇ ਬੇਹੱਦ ਤਣਾਅ ਵਾਲੇ ਬਣਾ ਦਿੱਤੇ ਸਨ ਤੇ ਦੋਵਾਂ ਪਾਰਟੀਆਂ ਨੇ ਜਨਤਕ ਤੌਰ ਉਤੇ ਇਕ-ਦੂਜੇ ਵਿਰੁੱਧ ਤਲਵਾਰਾਂ ਵੀ ਧੂਹ ਲਈਆਂ ਸਨ, ਪਰ ਦੇਸ਼ ਪੱਧਰੀ ਜਿੱਤ ਦਾ ਦਿੱਲੀ ਦੀ ਚੋਣ ਵਿਚ ਗੁਬਾਰ ਉਤਾਰ ਦਿੱਤੇ ਜਾਣ ਕਾਰਨ ਪੰਜਾਬ ਵਿਚ ਭਾਜਪਾ ਕਾਫੀ ਨਰਮ ਪੈ ਗਈ। ਦੋਵਾਂ ਪਾਰਟੀਆਂ ਦੇ ਸਬੰਧਾਂ ਵਿਚ ਮੁੜ ਪਹਿਲਾਂ ਵਾਲੀ ਰਸਾਈ ਨਹੀਂ ਬਣ ਸਕੀ। ਸੂਬੇ ਅੰਦਰ ਗਠਜੋੜ ਦੀ ਸਰਕਾਰ ਚੱਲ ਰਹੀ ਹੈ, ਪਰ ਦੋਵਾਂ ਪਾਰਟੀਆਂ ਵਿਚਕਾਰ ਤਾਲਮੇਲ ਇੰਨਾ ਪੇਤਲਾ ਪੈ ਗਿਆ ਹੈ ਕਿ ਪਿਛਲੇ ਤਕਰੀਬਨ ਇਕ ਸਾਲ ਤੋਂ ਦੋਵਾਂ ਪਾਰਟੀਆਂ ਦੇ ਆਗੂਆਂ ਦੀ ਸਾਂਝੀ ਮੀਟਿੰਗ ਵੀ ਬਕਾਇਦਾ ਕਦੇ ਨਹੀਂ ਹੋਈ। ਪੰਜਾਬ ਭਾਜਪਾ ਦੀ ਕਮਾਨ ਅਕਾਲੀ ਦਲ ਦੇ ਕੱਟੜ ਵਿਰੋਧੀ ਨਵਜੋਤ ਸਿੰਘ ਸਿੱਧੂ ਹੱਥ ਦੇਣ ਬਾਰੇ ਆ ਰਹੀਆਂ ਖ਼ਬਰਾਂ ਤੋਂ ਇਹ ਵੀ ਕਿਆਸੇ ਲੱਗ ਰਹੇ ਸਨ ਕਿ ਪਾਰਟੀ ਹਰਿਆਣਾ ਵਰਗਾ ਤਜਰਬਾ ਦੁਹਰਾਉਣ ਲਈ ਇਕੱਲਿਆਂ ਲੜਨ ਦਾ ਵੀ ਰਾਹ ਅਖਤਿਆਰ ਕਰ ਸਕਦੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਪਾਕਿਸਤਾਨ ’ਚ ਲਾਗੂ ਹੋਵੇਗਾ ਹਿੰਦੂ ਵਿਆਹ ਕਾਨੂੰਨ

**ਇਸਲਾਮਾਬਾਦ:** ਪਾਕਿਸਤਾਨ ਨੇ ਦਹਾਕਿਆਂ ਬਾਅਦ ਹਿੰਦੂ ਵਿਆਹ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਨੈਸ਼ਨਲ ਅਸੈਂਬਲੀ ਦੀ ਕਾਨੂੰਨ ਤੇ ਨਿਆਂ ਬਾਰੇ ਸਥਾਈ ਕਮੇਟੀ ਨੇ ਵਿਆਹ ਬਿੱਲ-2015 ਦੇ ਆਖਰੀ ਖਰੜੇ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ। ਇਸ ਬਿੱਲ ‘ਤੇ ਵਿਚਾਰ ਕਰਨ ਲਈ ਪੰਜ ਹਿੰਦੂ ਸੰਸਦ ਮੈਂਬਰਾਂ ਨੂੰ ਵੀ ਇਸ ਪੈਨਲ ਵਿਚ ਸ਼ਾਮਲ ਕੀਤਾ ਗਿਆ ਸੀ।

‘ਡਾਅਨ’ ਅਖ਼ਬਾਰ ਦੀ ਰਿਪੋਰਟ ਮੁਤਾਬਕ, ਕਮੇਟੀ ਨੇ ਪੁਰਸ਼ਾਂ ਤੇ ਔਰਤਾਂ ਦੇ ਵਿਆਹ ਦੀ ਘੱਟੋ-ਘੱਟ ਉਮਰ 18 ਸਾਲ ਤੈਅ ਕਰਨ ਲਈ ਦੋ ਸੋਧਾਂ ਕਰਨ ਦੇ ਨਾਲ ਇਸ ਬਿੱਲ ਨੂੰ ਪਾਸ ਕੀਤਾ। ਇਸ ਦੇ ਕਾਨੂੰਨ ਬਣਨ ਨਾਲ ਇਹ ਸਾਰੇ ਦੇਸ਼ ਵਿਚ ਲਾਗੂ ਹੋਵੇਗਾ।

ਇਹ ਬਿੱਲ ਹੁਣ ਨੈਸ਼ਨਲ ਅਸੈਂਬਲੀ ਵਿਚ ਪੇਸ਼ ਕੀਤਾ ਜਾਵੇਗਾ, ਜਿਥੇ ਸੱਤਾਧਾਰੀ ਮੁਸਲਿਮ ਲੀਗ (ਨਵਾਜ਼) ਦੇ ਸਮਰਥਨ ਨਾਲ ਇਸ ਦੇ ਪਾਸ ਹੋਣ ਦੀ ਪੂਰੀ ਸੰਭਾਵਨਾ ਹੈ।

## ਅਮਰੀਕੀ ਅਖਬਾਰ ਨੇ ਖੋਲ੍ਹੀ ਪਾਕਿਸਤਾਨ ਦੀ ਪੋਲ

**ਨਿਊ ਯਾਰਕ:** ਪਾਕਿਸਤਾਨ ਦੀ ਤਾਕਤਵਰ ਖ਼ੁਫ਼ੀਆ ਏਜੰਸੀ ਲੰਬੇ ਸਮੇਂ ਤੋਂ ਕੌਮਾਂਤਰੀ ਜਹਾਦੀ ਤਾਕਤਾਂ ਨੂੰ ਸ਼ਹਿ ਦੇ ਰਹੀ ਹੈ ਤੇ ਇਸ ਦਾ ਆਈ.ਐਸ.ਆਈ.ਐਸ. ਦੇ ਸਿਰ ਚੁੱਕਣ ਪਿੱਛੇ ਵੀ ਹੱਥ ਹੋ ਸਕਦਾ ਹੈ।

ਇਕ ਅਮਰੀਕੀ ਅਖ਼ਬਾਰ ਨੇ ਵਿਦੇਸ਼ਾਂ ਵਿਚਲੇ ਟਕਰਾ ਵਿਚ ਪਾਕਿਸਤਾਨ ਦੀ ‘ਭੂਮਿਕਾ’ ਬਾਰੇ ਇਕ ਵੱਡਾ ਲੇਖ ਪ੍ਰਕਾਸ਼ਿਤ ਕੀਤਾ ਹੈ। ‘ਨਿਊ ਯਾਰਕ ਟਾਈਮਜ਼’ ਦੇ ਲੇਖ ਮੁਤਾਬਕ ਮਾਹਰਾਂ ਨੇ ਅਜਿਹੇ ਬਹੁਤ ਸਾਰੇ ਸਬੂਤ ਸਾਹਮਣੇ ਲਿਆਂਦੇ ਹਨ, ਜੋ ਇਹ ਦੱਸਦੇ ਹਨ ਕਿ ਪਾਕਿਸਤਾਨ ਨੇ ਤਾਲਿਬਾਨ ਦੀ ਮੁਹਿੰਮ ਵਿਚ ਯੋਗਦਾਨ ਦਿੱਤਾ ਹੈ। ਅਖ਼ਬਾਰ ਨੇ ਇਸ ਗੱਲ ਦਾ ਜ਼ਿਕਰ ਕਰਦਿਆਂ ਲਿਖਿਆ ਹੈ, ‘ਇਹ ਵਿਹਾਰ ਕੇਵਲ ਅਫ਼ਗਾਨਿਸਤਾਨ ਲਈ ਇਕ ਮਸਲਾ ਨਹੀਂ ਹੈ।

ਬਲਕਿ ਪਾਕਿਸਤਾਨ ਕਈ ਵਿਦੇਸ਼ੀ ਸੰਘਰਸ਼ਾਂ ਵਿਚ ਦਖਲ ਦੇ ਰਿਹਾ ਹੈ। ਇਸ ਮੁਲਕ ਦੀ ਸੂਹੀਆ ਏਜੰਸੀ ਨੇ ਕੌਮਾਂਤਰੀ ਮੁਜ਼ਾਹਦੀਨ ਬਲਾਂ ਦੇ ਪ੍ਰਬੰਧਕ ਵਜੋਂ ਭੂਮਿਕਾ ਨਿਭਾਈ ਹੈ, ਜਿਨ੍ਹਾਂ ਵਿਚ ਬਹੁਤ ਸਾਰੇ ਸੁੰਨੀ ਕੱਟੜਪੰਥੀ ਸਨ। ਇਥੋਂ ਤਕ ਕਿਆਸ ਲਗਾਏ ਗਏ ਹਨ ਕਿ ਉਸ ਦਾ ਇਸਲਾਮਿਕ ਸਟੇਟ ਦੇ ਸਿਰ ਚੁੱਕਣ ਪਿੱਛੇ ਵੀ ਹੱਥ ਰਿਹਾ ਹੈ।’ ਅਖਬਾਰ ਨੇ ਲਿਖਿਆ ਕਿ ਭਾਵੇਂ ਪਾਕਿਸਤਾਨ ਵੱਲੋਂ ਤਾਲਿਬਾਨ ਤੇ ਅਲ-ਕਾਇਦਾ ਨੂੰ ਸ਼ਹਿ ਦੇਣ ਦੀ ਗੱਲ ਤੋਂ ਇਨਕਾਰ ਕਰਦਿਆਂ ਕਿਹਾ ਜਾਂਦਾ ਹੈ ਕਿ ਉਹ ਖ਼ੁਦ ਅਤਿਵਾਦ ਤੋਂ ਪੀੜਤ ਹੈ, ਪਰ ਕਈ ਮਾਹਿਰਾਂ ਕੋਲ ਵਿਸਥਾਰ ਵਿਚ ਜਾਣਕਾਰੀ ਹੈ ਕਿ ਕਿਸ ਤਰ੍ਹਾਂ ਫ਼ੌਜ ਨੇ ਘਰੇਲੂ ਪੱਧਰ ਉਤੇ ਕੌਮੀ ਅੰਦੋਲਨਾਂ ਖਾਸ ਤੌਰ ਉਤੇ ਪਸ਼ਤੂਨ ਭਾਈਚਾਰੇ ਦੇ ਅੰਦੋਲਨ ਨੂੰ ਦਬਾਉਣ ਲਈ ਅਤਿਵਾਦੀ ਜਥੇਬੰਦੀਆਂ ਦੀ ਹਥਿਆਰ ਵਜੋਂ ਵਰਤੋਂ ਕੀਤੀ ਹੈ।

## ਗਾਇਕ ਬਲਕਾਰ ਸਿੱਧੂ ਕਾਂਗਰਸ ਵਿਚ ਸ਼ਾਮਲ

**ਚੰਡੀਗੜ੍ਹ:** ਗਾਇਕ ਬਲਕਾਰ ਸਿੱਧੂ ਆਮ ਆਦਮੀ ਪਾਰਟੀ (ਆਪ) ਨੂੰ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਇਸ ਮੌਕੇ ਉਨ੍ਹਾਂ ‘ਆਪ’ ਉਤੇ ਹਮਲਾ ਕਰਦਿਆਂ ਕਿਹਾ ਕਿ ਇਹ ਪਾਰਟੀ ਹੁਣ ਆਮ ਨਾ ਹੋ ਕੇ ਖਾਸ ਬਣ ਗਈ ਹੈ। ‘ਆਪ’ ਦੇ ਆਗੂ ਕੰਨਾਂ ਦੇ ਕੱਚੇ ਹਨ। ਕੈਪਟਨ ਅਮਰਿੰਦਰ ਸਿੰਘ ਹੀ ਸੂਬੇ ਨੂੰ ਸਹੀ ਅਗਵਾਈ ਦੇਣ ਲਈ ਸਮਰੱਥ ਆਗੂ ਹਨ। ਉਨ੍ਹਾਂ ਕਿਹਾ ਕਿ ‘ਆਪ’ ਦੇ ਕੁਝ ਆਗੂਆਂ ਨੇ ਉਨ੍ਹਾਂ ਵਿਰੁਧ ਦੋਸ਼ ਲਾਏ ਸਨ ਪਰ ਅਜੇ ਤੱਕ ਦੋਸ਼ਾਂ ਦਾ ਕੋਈ ਜੁਆਬ ਨਹੀਂ ਦਿੱਤਾ। ਇਸ ਲਈ ਉਹ ਅਦਾਲਤ ਵਿਚ ਜਾਣਗੇ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਦੇ ਹੱਕ ਵਿਚ ਗੀਤ ਵੀ ਲਿਖਣਗੇ ਤੇ ਪ੍ਰਚਾਰ ਵੀ ਕਰਨਗੇ।

ਇਸੇ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੂਬੇ ਵਿਚ ਜਿਹੋ ਜਿਹੀ ਰਾਜਨੀਤੀ ਆਮ ਆਦਮੀ ਪਾਰਟੀ ਕਰ ਰਹੀ ਹੈ, ਉਸ ਦੇ ਨਤੀਜੇ ਪੰਜਾਬ ਦੇ ਲੋਕ ਪਹਿਲਾਂ ਹੀ ਭੁਗਤ ਚੁੱਕੇ ਹਨ। ਹੁਣ ਸੂਬੇ ਦੇ ਲੋਕ ਅਜਿਹੀ ਰਾਜਨੀਤੀ ਨੂੰ ਅਪਣਾਉਣ ਲਈ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਜੇ ‘ਆਪ’ ਦੀ ਰਾਜਨੀਤੀ ਸੂਬੇ ਵਿਚ ਸਫ਼ਲ ਹੋ ਗਈ ਤਾਂ ਸੂਬੇ ਵਿਚ ਬਚੀਆਂ ਸਨਅਤਾਂ ਵੀ ਭੱਜ ਜਾਣਗੀਆਂ। ‘ਆਪ’ ਵੱਲੋਂ ਲਾਏ ਜਾ ਰਹੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਬਾਰੇ ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਇਹ ਨਾਅਰਾ ਸ਼ਹੀਦ ਭਗਤ ਸਿੰਘ ਨੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਲਈ ਲਾਇਆ ਸੀ ਅਤੇ ਅੱਜ ਦੇਸ਼ ਵਿਚ ਅੰਗਰੇਜ਼ ਨਹੀਂ, ਤਾਂ ਇਹ ਨਾਅਰਾ ਕਾਹਦੇ ਲਈ ਹੈ? ਸੂਬੇ ਵਿਚ ਮਹਾਗੱਠਜੋੜ ਬਣਾਉਣ ਬਾਰੇ ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਦਾ ਕਾਂਗਰਸ ਵਿਚ ਰਲੇਵਾਂ ਹੋ ਚੁੱਕਾ ਹੈ ਤੇ ਖੱਬੀਆਂ ਪਾਰਟੀਆਂ ਤੇ ਬਸਪਾ ਨਾਲ ਅਜੇ ਗੱਲ ਕਰਨੀ ਹੈ। ਅਮਰੀਕਾ ਵਿਚ ਸਿੱਖਾਂ ‘ਤੇ ਹੋ ਰਹੇ ਹਮਲਿਆਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕਾਫੀ ਫੰਡ ਹਨ ਤੇ ਇਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਪ੍ਰਚਾਰਕ ਅਮਰੀਕਾ ਭੇਜੇ।

## ਗਲੋਬਲ ਸਿੱਖ ਕੌਂਸਲ ਦੀ ਪੈਰਿਸ ‘ਚ ਇਕੱਤਰਤਾ 18 ਮਾਰਚ ਤੋਂ

**ਪੈਰਿਸ, ਫਰਾਂਸ (ਬਿਊਰੋ):** ਗਲੋਬਲ ਸਿੱਖ ਕੌਂਸਲ ਦੀ ਇਕ ਇਕੱਤਰਤਾ 18, 19 ਅਤੇ 20 ਮਾਰਚ ਨੂੰ ਪੈਰਿਸ ਵਿਚ ਰੱਖੀ ਗਈ ਹੈ ਜਿਸ ਵਿਚ ਪਹਿਲੇ ਦੋ ਦਿਨ ਕੌਂਸਲ ਦੇ ਭਵਿੱਖੀ ਕਾਰਜਾਂ ਬਾਰੇ ਸੁਝਾਵਾਂ ਉਤੇ ਵਿਸਥਾਰ ਵਿਚ ਚਰਚਾ ਕੀਤੀ ਜਾਵੇਗੀ ਜਦੋਂ ਕਿ 20 ਮਾਰਚ ਨੂੰ ਨਵੇਂ ਸੇਵਾਦਾਰਾਂ ਦੀ ਚੋਣ ਕੀਤੀ ਜਾਵੇਗੀ।

ਕੌਂਸਲ ਵਲੋਂ ਜਾਰੀ ਇਕ ਬਿਆਨ ਅਨੁਸਾਰ ਸਾਰੇ ਮੈਂਬਰਾਂ ਨੂੰ ਆਪਣੇ ਸੁਝਾਓ ਕਾਰਜਕਾਰੀ ਕਮੇਟੀ ਨੂੰ ਭੇਜਣ ਦੀ ਬੇਨਤੀ ਕੀਤੀ ਗਈ ਹੈ। ਕਾਰਜਕਾਰੀ ਕਮੇਟੀ ਇਸ ਤਰ੍ਹਾਂ ਆਏ ਸਾਰੇ ਸੁਝਾਵਾਂ ਵਿਚੋਂ 4-5 ਸੁਝਾਓ ਚੁਣ ਕੇ ਸਾਰੇ ਮੈਂਬਰਾਂ ਨਾਲ ਸਾਂਝੇ ਕਰੇਗੀ।

18 ਮਾਰਚ ਨੂੰ ਸਵੇਰ 9 ਵਜੇ ਸ. ਗੁਰਦਿਆਲ ਸਿੰਘ ‘ਜੀ ਆਇਆਂ’ ਆਖਣਗੇ। ਅਰਦਾਸ ਉਪਰੰਤ ਸ. ਗੁਲਬਰਗ ਸਿੰਘ ਮੀਟਿੰਗ ਅਰੰਭ ਕਰਨਗੇ। 19 ਮਾਰਚ, ਸ਼ੁਕਰਵਾਰ ਨੂੰ ਦੱਸੇ ਗਏ ਕਾਰਜਾਂ ਵਿਚੋਂ ਉਹ ਕਾਰਜ ਜਿਨ੍ਹਾਂ ਨੂੰ ਕਰਨ ਲਈ ਤਨ, ਮਨ ਤੇ ਧਨ ਦੀ ਸਮਗਰੀ ਪੈਦਾ ਕੀਤੀ ਜਾ ਸਕੇਗੀ, ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਕਰਨ ਦੀ ਚੋਣ ਕਰ ਲਈ ਜਾਵੇਗੀ।

ਐਤਵਾਰ, 20 ਮਾਰਚ ਨੂੰ ਸਮੇਂ ਦੇ ਪੰਥਕ ਮਸਲਿਆਂ ਅਤੇ ਸੰਵਿਧਾਨ ਵਿਚ ਸੋਧ ਸਬੰਧੀ ਵਿਚਾਰ ਕੀਤੀ ਜਾਵੇਗੀ। ਉਪਰੰਤ ਨਵੇਂ ਸੇਵਾਦਾਰਾਂ ਦੀ ਨਿਯੁਕਤੀ ਕੀਤੀ ਜਾਵੇਗੀ।

## ਹਾਰਦਿਕ ਪਟੇਲ ਵਿਰੁੱਧ ਚੱਲੇਗਾ ਦੇਸ਼ ਧਰੋਹੀ ਦਾ ਮੁਕੱਦਮਾ

**ਅਹਿਮਦਾਬਾਦ:** ਪਟੇਲ ਰਾਖਵਾਂਕਰਨ ਅੰਦੋਲਨ ਦੇ ਆਗੂ ਹਾਰਦਿਕ ਪਟੇਲ ਤੇ ਉਸ ਦੇ 3 ਸਾਥੀਆਂ ਵਿਰੁੱਧ ਦੇਸ਼ ਧਰੋਹੀ ਦੇ ਮਾਮਲੇ ਦੀ ਸੁਣਵਾਈ ਸੈਸ਼ਨ ਅਦਾਲਤ ਵਿਚ ਹੋਵੇਗੀ। ਮੈਟਰੋਪਾਲਿਟਿਨ ਮੈਜਿਸਟਰੇਟ ਐਸ.ਐਮ. ਕਾਨਾਬਰ ਨੇ ਇਹ ਮਾਮਲਾ ਸੁਣਵਾਈ ਲਈ ਸੈਸ਼ਨ ਅਦਾਲਤ ਦੇ ਸਪੁਰਦ ਕਰ ਦਿੱਤਾ। ਸੈਸ਼ਨ ਅਦਾਲਤ ਹੁਣ ਹਾਰਦਿਕ ਤੇ ਉਸ ਦੇ 3 ਸਾਥੀਆਂ ਚਿਰਾਗ ਪਟੇਲ, ਦਿਨੇਸ਼ ਬੰਭਾਨਿਆ ਤੇ ਕੇਤਨ ਪਟੇਲ ਵਿਰੁੱਧ ਦੋਸ਼ ਆਇਦ ਕਰਨ ਦਾ ਅਮਲ ਸ਼ੁਰੂ ਕਰੇਗੀ।


## Matrimonial

### ਲੜਕੀ ਦੀ ਲੋੜ ਹੈ

ਅਰੋੜਾ ਖਤਰੀ ਸਿੱਖ (ਕਲੀਨ ਸ਼ੇਵਨ) ਅਮਰੀਕੀ ਸਿਟੀਜ਼ਨ, ਨਿਊ ਯਾਰਕ ਵਿਚ ਰੇਲਵੇ ਅਫਸਰ ਲਗੇ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲੜਕੇ ਉਮਰ 38 ਸਾਲ, ਕੱਦ 5’ 5’’ ਲਈ ਪੜੀ ਲਿਖੀ ਲੜਕੀ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਜ਼ਟਰ ਵੀਜ਼ੇ ‘ਤੇ ਆਈ ਲੜਕੀ ‘ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 646-932-1646 7-

Well settled Jat Sikh parents seek a suitable match for their US born, clean shaven, educated, non drinker, non smoker, only son. 33, 6'-1", well versed in both cultures, running own business. The girl should be tall, slim, beautiful, from a family with good family values. Call at (559) 269-6084 & send bio data & a recent photo: indy.dosanjh@yahoo.com 6-8

### ਵਰ ਦੀ ਲੋੜ ਹੈ

ਜੱਟ ਸਿੱਖ ਉਮਰ 28 ਸਾਲ, ਕੱਦ 5’-5", ਜੀ ਐਨ ਐਮ/ਬੀ ਐਸ ਸੀ ਨਰਸਿੰਗ, ਸਰਕਾਰੀ ਨੌਕਰੀ ਕਰਦੀ ਇੰਡੀਆ ਰਹਿੰਦੀ ਲੜਕੀ ਲਈ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ:267-275-1414, ਇੰਡੀਆ ਫੋਨ: 91-95018-00294 4-5

Punjab Time
*Punjabtimes1@gmail.com*

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ

ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ




Upgrade your Security Cameras to High Definition at very reasonable prices

*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available

Golden State Realty
9912 Kapalua Ln., Elk Grove, CA 95624

*Please Contact For*
Commercial or Residential Needs



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet ‘Sam’ Chahal*
Ph: 916-612-5773
**email:** samchahal@hotmail.com

**Serving all over California**

# ਓਬਾਮਾ ਦੇ ਮੁਸਲਿਮ ਪਿਆਰ ਦੇ ਕੀ ਹਨ ਸਿਆਸੀ ਮਾਅਨੇ!

**ਬਾਲਟੀਮੋਰ:** ਅਹੁਦੇ ਦਾ ਸਮਾਂ ਖਤਮ ਹੋਣ ਤੋਂ ਇਕ ਸਾਲ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਹਿਲੀ ਵਾਰ ਦੇਸ਼ ਵਿਚ ਮੈਰੀਲੈਂਡ ਦੀ ਬਾਲਟੀਮੋਰ ਮਸਜਿਦ ਦਾ ਦੌਰਾ ਕੀਤਾ। ਇਸ ਦੌਰਾਨ ਓਬਾਮਾ ਨੇ ਮੁਸਲਿਮ ਮਹਿਲਾਵਾਂ ਨਾਲ ਗੱਲਬਾਤ ਵੀ ਕੀਤੀ ਤੇ ਭਾਸ਼ਨ ਵੀ ਦਿੱਤਾ। ਅਮਰੀਕੀ ਰਾਸ਼ਟਰਪਤੀ ਨੇ ਆਖਿਆ ਕਿ ਮੁਸਲਮਾਨ ਅਮਰੀਕੀ ਪਰਿਵਾਰ ਦਾ ਹਿੱਸਾ ਹਨ। ਮਸਜਿਦ ਅੰਦਰ ਜਾਣ ਤੋਂ ਪਹਿਲਾਂ ਓਬਾਮਾ ਨੇ ਆਪਣੇ ਜੁੱਤੇ ਆਪ ਉਤਾਰੇ।

ਇਸ ਤੋਂ ਬਾਅਦ ਉਨ੍ਹਾਂ ਮਸਜਿਦ ਵਿਚ ਹਰ ਚੀਜ਼ ਨੂੰ ਬਹੁਤ ਹੀ ਧਿਆਨ ਨਾਲ ਦੇਖਿਆ। ਅਹੁਦੇ ਉਤੇ ਅੱਠ ਸਾਲ ਬਣੇ ਰਹਿਣ ਤੋਂ ਬਾਅਦ ਓਬਾਮਾ ਪਹਿਲੀ ਵਾਰ ਦੇਸ਼ ਵਿਚ ਮਸਜਿਦ ਵਿਚ ਗਏ ਸਨ। ਇਸ ਕਰਕੇ ਇਸ ਦੌਰੇ ਨੂੰ ਸਿਆਸੀ ਨਜ਼ਰ ਨਾਲ ਵੀ ਦੇਖਿਆ ਜਾ ਰਿਹਾ ਹੈ। ਇਸ ਦੌਰਾਨ ਓਬਾਮਾ ਨੇ ਆਖਿਆ ਕਿ ਅਮਰੀਕਾ ਵਿਚ ਰਾਜਨੀਤਕ ਆਜ਼ਾਦੀ ਹੈ, ਪਰ ਫਿਰ ਵੀ ਦੇਸ਼ ਵਿਚ ਮੁਸਲਿਮ ਭਾਈਚਾਰੇ ਨੂੰ ਲੈ ਕੇ ਚਿੰਤਾ ਤੇ ਡਰ ਦਾ ਮਾਹੌਲ ਹੈ। ਇਸ ਦੇ ਬਾਵਜੂਦ ਅਮਰੀਕਾ ਵਿਚ ਸਾਰੇ ਧਰਮਾਂ ਨੂੰ ਆਜ਼ਾਦੀ ਹੈ।

ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਲਈ ਮੁਸਲਿਮ ਮੁੱਦਾ ਕਾਫੀ ਅਹਿਮ ਬਣਾਇਆ ਹੋਇਆ ਹੈ। ਰਾਸ਼ਟਰਪਤੀ ਅਹੁਦੇ ਦੀ ਦਾਅਵੇਦਾਰੀ ਵਿਚ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਲਡ ਟ੍ਰੰਪ ਨੇ ਅਮਰੀਕਾ ਵਿਚ ਮੁਸਲਿਮ ਭਾਈਚਾਰੇ ਦੇ ਆਉਣ ਉਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਸੀ ਜਿਸ ਦੀ ਵਾਈਟ ਹਾਊਸ ਵੱਲੋਂ ਨਿੰਦਾ ਵੀ ਕੀਤੀ ਗਈ ਸੀ। ਅਮਰੀਕਾ ਵਿਚ ਮੁਸਲਿਮ ਵਿਰੋਧੀ ਬਿਆਨਾਂ ਕਾਰਨ ਦੇਸ਼ ਵਿਚ ਰਹਿਣ ਵਾਲੀ ਮੁਸਲਿਮ ਆਬਾਦੀ ਵਿਚ ਸਹਿਮ ਦਾ ਮਾਹੌਲ ਹੈ। ਅਮਰੀਕਾ ਦੀ ਰਾਜਨੀਤੀ ਉਤੇ ਨਜ਼ਰ ਰੱਖਣ ਵਾਲੇ ਸਿਆਸੀ ਮਾਹਿਰ ਇਸ ਦੌਰੇ ਨੂੰ ਮੁਸਲਿਮ ਵੋਟ ਬੈਂਕ ਨਾਲ ਜੋੜ ਕੇ ਦੇਖ ਰਹੇ ਹਨ।



## ਮੁਸਲਮਾਨਾਂ ਦੇ ਭੁਲੇਖੇ ਹੁੰਦੇ ਨੇ ਸਿੱਖਾਂ 'ਤੇ ਹਮਲੇ: ਓਬਾਮਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੰਨਿਆ ਹੈ ਕਿ ਅਮਰੀਕੀ ਸਿੱਖਾਂ ਨੂੰ ਵੀ ਅਕਸਰ ਧਮਕੀਆਂ ਤੇ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਭੁਲੇਖੇ ਨਾਲ ਮੁਸਲਮਾਨ ਸਮਝ ਲਿਆ ਜਾਂਦਾ ਹੈ। ਮੈਰੀਲੈਂਡ ਵਿਚ ਬਾਲਟੀਮੋਰ ਦੀ ਮਸਜਿਦ 'ਚ ਪਹਿਲੀ ਵਾਰ ਪੁੱਜੇ ਸ੍ਰੀ ਓਬਾਮਾ ਨੇ ਮੰਨਿਆ ਕਿ ਅਮਰੀਕੀ ਸਿੱਖਾਂ ਦੇ ਪਹਿਰਾਵੇ ਤੇ ਦਿਖ ਦਾ ਭੁਲੇਖਾ ਖਾ ਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਸ੍ਰੀ ਓਬਾਮਾ ਵੱਲੋਂ ਸਿੱਖਾਂ ਖਿਲਾਫ ਹੁੰਦੀ ਹਿੰਸਾ ਦਾ ਮਾਮਲਾ ਅਜਿਹੇ ਵੇਲੇ ਚੁੱਕਿਆ ਗਿਆ ਹੈ ਜਦੋਂ ਉਨ੍ਹਾਂ 'ਤੇ ਹਮਲਿਆਂ ਦੀਆਂ ਵਾਰਦਾਤਾਂ ਵਿਚ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ ਪਹਿਲੀ ਜਨਵਰੀ ਨੂੰ ਕੈਲੇਫੋਰਨੀਆ ਦੇ ਫਰੈਜ਼ਨੋ ਸ਼ਹਿਰ ਵਿਚ 68 ਵਰ੍ਹਿਆਂ ਦੇ ਸਿੱਖ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਦਕਿ ਪਿਛਲੇ ਸਾਲ ਦਸੰਬਰ 'ਚ ਇਕ ਹੋਰ ਬਜ਼ੁਰਗ ਸਿੱਖ ਨੂੰ ਦੋ ਵਿਅਕਤੀਆਂ ਨੇ ਫਰੈਜ਼ਨੋ 'ਚ ਬੁਰੀ ਤਰ੍ਹਾਂ ਕੁੱਟਿਆ ਸੀ।

## ਟ੍ਰੰਪ ਦੇ ਹੱਕ ਵਿਚ ਡਟੇ ਪਰਵਾਸੀ ਭਾਰਤੀ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਨੇ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਬਣਨ ਦੀ ਦੌੜ ਵਿਚ ਸ਼ਾਮਲ ਡੋਨਲਡ ਟ੍ਰੰਪ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਟ੍ਰੰਪ ਦਾ ਸਮਰਥਨ ਕਰਨ ਵਾਲੇ ਜ਼ਿਆਦਾਤਰ ਭਾਰਤੀ ਨਿਊ ਯਾਰਕ ਤੇ ਨਿਊਜਰਸੀ ਦੇ ਰਹਿਣ ਵਾਲੇ ਹਨ। ਇਨ੍ਹਾਂ ਭਾਰਤੀਆਂ ਨੇ ਇਸ ਲਈ ਇਕ ਸੰਗਠਨ ਵੀ ਬਣਾਇਆ ਹੈ। ਇਸ ਦਾ ਨਾਂ 'ਇੰਡੀਅਨ ਅਮਰੀਕਨ ਫਾਰ ਟ੍ਰੰਪ 2016' ਹੈ। ਭਾਰਤੀ ਭਾਈਚਾਰੇ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿਚ ਟ੍ਰੰਪ ਸਭ ਤੋਂ ਯੋਗ ਉਮੀਦਵਾਰ ਹੈ।

ਇਸ ਸੰਗਠਨ ਨੇ ਬਿਆਨ ਜਾਰੀ ਕਰਕੇ ਆਖਿਆ ਹੈ ਕਿ ਅਮਰੀਕਾ ਵਿਚ ਰਹਿਣ ਵਾਲੇ ਭਾਈਚਾਰੇ ਨੂੰ ਟ੍ਰੰਪ ਦੀ ਮਦਦ ਕਰਨੀ ਚਾਹੀਦੀ ਹੈ। ਇੰਡੀਅਨ ਅਮਰੀਕਨ ਫਾਰ ਟ੍ਰੰਪ 2016 ਦਾ ਮੁਖੀ ਅਨੰਦ ਅਹੂਜਾ ਬਣਾਇਆ ਗਿਆ ਹੈ। ਅਨੰਦ ਅਹੂਜਾ ਨੇ ਬਿਆਨ ਵਿਚ ਆਖਿਆ ਹੈ ਕਿ ਦਹਿਸ਼ਤਵਾਦ ਹੋਵੇ ਜਾਂ ਫਿਰ ਅਰਥ ਵਿਵਸਥਾ ਨੂੰ ਚੰਗਾ ਬਣਾਉਣਾ ਹੋਵੇ, ਇਸ ਲਈ ਜ਼ਰੂਰੀ ਹੈ ਕਿ ਡੋਨਲਡ ਟ੍ਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ। ਇਸ ਸੰਗਠਨ ਵਿਚ ਸ਼ਾਮਲ ਜ਼ਿਆਦਾਤਰ ਭਾਰਤੀ ਮੂਲ ਦੇ ਅਮਰੀਕੀ ਆਈ.ਟੀ. ਮਾਹਰ ਹਨ। ਟ੍ਰੰਪ ਦਾ ਸਮਰਥਨ ਕਾਰਨ ਵਾਲੇ ਭਾਰਤੀਆਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਗੈਰ ਕਾਨੂੰਨੀ ਤੌਰ ਉਤੇ ਰਹਿਣ ਵਾਲੇ ਲੋਕਾਂ ਨੂੰ ਦੇਸ਼ ਤੋਂ ਬਾਹਰ ਕਰ ਦੇਣਾ ਚਾਹੀਦਾ ਹੈ। ਇਸ ਨਾਲ ਦੇਸ਼ ਉਤੇ ਆਰਥਿਕ ਬੋਝ ਘਟ ਹੋਵੇਗਾ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਡਾਇਲਸਿਸ ਮਸ਼ੀਨ ਭੇਟ




*ਨਵੀਂ ਡਾਇਲਸਿਸ ਮਸ਼ੀਨ ਦਾ ਉਦਘਾਟਨ ਕਰਦੇ ਹੋਏ ਸ. ਇਕਬਾਲ ਸਿੰਘ, ਡਾ. ਓਬਰਾਏ, ਸ. ਬਾਹੜੋਵਾਲ ਅਤੇ ਹੋਰ ਪਤਵੰਤੇ*

**ਬੰਗਾ (ਬਿਊਰੋ):** ਸਰਬੱਤ ਦਾ ਭਲਾ ਚੈਰੀਟੇਬਲ ਟਰਸੱਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਨੇ ਗੁਰਦੇ ਰੋਗ ਤੋਂ ਪੀੜ੍ਹਤ ਮਰੀਜ਼ਾਂ ਦੇ ਇਲਾਜ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ 8 ਫਰਵਰੀ ਨੂੰ ਡਾਇਲਸਿਸ ਮਸ਼ੀਨ ਭੇਟ ਕੀਤੀ

ਉਦਘਾਟਨ ਸਮਾਗਮ ਮੌਕੇ ਬੋਲਦਿਆਂ ਪਾਂਡੀਚਿਰੀ ਦੇ ਸਾਬਕਾ ਰਾਜਪਾਲ ਸ. ਇਕਬਾਲ ਸਿੰਘ ਨੇ ਕਿਹਾ ਕਿ ਡਾ. ਐਸ.ਪੀ. ਸਿੰਘ ਓਬਰਾਏ ਨਿਸ਼ਕਾਮ ਸੇਵਾ ਕਾਰਜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਡਾ. ਓਬਰਾਏ ਜਿੱਥੇ ਸਮਾਜ ਸੇਵਾ ਦੀ ਨਿਵੇਕਲੀ ਮਿਸਾਲ ਬਣੇ ਹਨ, ਉਥੇ ਅਨੇਕਾਂ ਬੇਸਹਾਰਾ ਅਤੇ ਲੋੜਵੰਦਾਂ ਦੇ ਜੀਵਨ ਦਾ ਚਾਣਨ ਮੁਨਾਰਾ ਵੀ ਬਣ ਰਹੇ ਹਨ।

ਇਸ ਮੌਕੇ ਡਾ. ਓਬਰਾਏ ਨੇ ਇੱਕ ਹਫਤੇ ਵਿਚ ਹੀ ਇੱਕ ਹੋਰ ਦੂਜੀ ਡਾਇਲਸਿਸ ਮਸ਼ੀਨ ਵੀ ਦੇਣ ਦਾ ਐਲਾਨ ਕੀਤਾ ਅਤੇ ਗੁਰੂ ਨਾਨਕ ਮਿਸ਼ਨ ਟਰੱਸਟ ਢਾਹਾਂ ਕਲੇਰਾਂ ਵਿਖੇ ਨਵੇਂ ਅਤੇ ਪਹਿਲਾਂ ਤੋਂ ਚੱਲ ਰਹੇ ਵੱਖ ਵੱਖ ਸੇਵਾ ਪ੍ਰਾਜੈਕਟਾਂ ਵਿਚ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਢਾਹਾਂ ਕਲੇਰਾਂ ਟਰੱਸਟ ਦੇ ਪ੍ਰਧਾਨ ਸ. ਮਲਕੀਅਤ ਸਿੰਘ ਬਾਹੜੋਵਾਲ ਨੇ ਸਰਬੱਤ ਦਾ ਭਲਾ ਟਰੱਸਟ ਦਾ ਮਸ਼ੀਨਾਂ ਭੇਟ ਕਰਨ ਲਈ ਧੰਨਵਾਦ ਕੀਤਾ। ਡਾ. ਓਬਰਾਏ ਅਤੇ ਸ. ਇਕਬਾਲ ਸਿੰਘ ਦਾ ਯਾਦ ਚਿੰਨ੍ਹ ਭੇਟ ਕਰਕੇ ਸਨਮਾਨ ਕੀਤਾ ਗਿਆ।

## ਮੁੱਖਾ ਕੇਸ ਮੁੜ ਭਖਿਆ

**ਅੰਮ੍ਰਿਤਸਰ:** ਅਕਾਲੀ ਆਗੂ ਮੁੱਖਜੀਤ ਸਿੰਘ ਮੁੱਖਾ ਦੀ ਪਤਨੀ ਹਰਜੀਤ ਕੌਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਪਟੀਸ਼ਨ ਰਾਹੀਂ ਮੰਗ ਕੀਤੀ ਹੈ ਕਿ ਉਸ ਦੇ ਪਤੀ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਵਾਲੇ ਮੁਲਾਜ਼ਮਾਂ ਖਿਲਾਫ ਕੇਸ ਦਰਜ ਕੀਤਾ ਜਾਵੇ। ਸਰਕਾਰ ਵੱਲੋਂ ਐਲਾਨੇ ਗਏ ਮੁਆਵਜ਼ੇ ਦੀ ਅਦਾਇਗੀ ਕੀਤੀ ਜਾਵੇ।

ਅਦਾਲਤ ਵੱਲੋਂ ਸਰਕਾਰ ਤੇ ਹੋਰਨਾਂ ਨੂੰ ਨੋਟਿਸ ਜਾਰੀ ਕਰਕੇ ਜਵਾਬਤਲਬੀ ਕੀਤੀ ਗਈ ਹੈ। ਅਕਾਲੀ ਆਗੂ ਮੁੱਖਾ ਨੂੰ 16 ਜੂਨ ਨੂੰ ਪੁਲਿਸ ਨੇ ਇਕ ਨਾਮੀ ਅਪਰਾਧੀ ਦੀ ਭਾਲ ਕਰਦਿਆਂ ਸ਼ਨਾਖ਼ਤ ਦੇ ਭੁਲੇਖੇ ਵਿਚ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਪਰਿਵਾਰ ਵਾਲਿਆਂ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਸਮਝੌਤਾ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਪੁਲਿਸ ਨੇ ਜਾਣ-ਬੁਝ ਕੇ ਮਾਰਿਆ ਹੈ। ਉਸ ਦੀ ਪਤਨੀ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਦੋਸ਼ੀ ਵਿਅਕਤੀਆਂ ਵੱਲੋਂ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਹੋਰਨਾਂ ਨਾਲ ਰਲ ਕੇ ਸਿੱਧੇ ਅਸਿੱਧੇ ਢੰਗ ਨਾਲ ਦਬਾਅ ਪਾਇਆ ਜਾ ਰਿਹਾ ਹੈ। ਉਸ ਨੂੰ ਪੈਸੇ ਦੇਣ ਦਾ ਲਾਲਚ ਦਿੱਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਧਮਕੀ ਵੀ ਦਿੱਤੀ ਜਾ ਰਹੀ ਹੈ ਪਰ ਉਸ ਨੇ ਇਸ ਮਾਮਲੇ ਵਿਚ ਝੁਕਣ ਤੋਂ ਨਾਂਹ ਕਰ ਦਿੱਤੀ ਹੈ। ਉਸ ਨੇ ਆਖਿਆ ਕਿ ਉਹ ਨਿਆਂ ਪ੍ਰਾਪਤੀ ਲਈ ਜੱਦੋ ਜਹਿਦ ਕਰੇਗੀ। ਅਦਾਲਤ ਵੱਲੋਂ ਇਸ ਮਾਮਲੇ ਵਿਚ ਸੁਣਵਾਈ ਦੀ ਅਗਲੀ ਤਰੀਕ 14 ਮਾਰਚ ਨਿਰਧਾਰਤ ਕੀਤੀ ਗਈ ਹੈ।

# ਉਡਣੇ ਸਿੱਖ ਨੇ ਲਾਈ ਗੋਰੀ ਪ੍ਰੀਮੀਅਰ ਨਾਲ ਰੇਸ



**ਚੰਡੀਗੜ੍ਹ:** ਫਲਾਇੰਗ ਸਿੱਖ ਮਿਲਖਾ ਸਿੰਘ ਨੇ ਕੈਨੇਡਾ ਦੇ ਓਂਟਾਰੀਓ ਦੀ ਪ੍ਰੀਮੀਅਰ ਕੈਥਲਿਨ ਵਿਨ ਨਾਲ ਦੌੜ ਲਗਾਈ। ਹਾਲਾਂਕਿ ਇਹ ਕਿਸੇ ਜਿੱਤ ਹਾਰ ਲਈ ਨਹੀਂ ਸਗੋਂ ਦੋ ਦੇਸ਼ਾਂ ਦੀ ਦੋਸਤੀ ਦੀ ਦੌੜ ਸੀ। ਮਿਲਖਾ ਸਿੰਘ ਤੇ ਕੈਥਲਿਨ ਦੀ ਇਸ ਦੌੜ ਦੀ ਗਵਾਹ ਬਣੀ ਚੰਡੀਗੜ੍ਹ ਦੀ ਸੁਖਨਾ ਝੀਲ।

ਦਰਅਸਲ, ਕੈਨੇਡਾ ਦੇ ਓਂਟਾਰੀਓ ਦੀ ਪ੍ਰੀਮੀਅਰ ਕੈਥਲਿਨ ਵਿਨ ਖੁਦ ਅਥਲੀਟ ਰਹਿ ਚੁੱਕੀ ਹੈ ਤੇ ਉਹ ਫਲਾਇੰਗ ਸਿੱਖ ਵਜੋਂ ਜਾਣੇ ਜਾਂਦੇ ਭਾਰਤੀ ਸਟਾਰ ਮਿਲਖਾ ਸਿੰਘ ਦੀ ਫੈਨ ਹਨ। ਕੈਥਲਿਨ ਨੇ ਮਿਲਖਾ ਸਿੰਘ ਦੀ ਮੁਲਾਕਾਤ ਪਿਛਲੇ ਸਾਲ ਕੈਨੇਡਾ 'ਚ ਹੋਈ ਸੀ।

ਇਸ ਦੌਰਾਨ ਉਨ੍ਹਾਂ ਨੇ ਮਿਲਖਾ ਸਿੰਘ ਨਾਲ ਦੌੜ ਲਗਾਉਣ ਦੀ ਇੱਛਾ ਜ਼ਾਹਿਰ ਕੀਤੀ ਸੀ ਜਿਸ ਤੇ ਮਿਲਖਾ ਦੀ ਸਹਿਮਤੀ ਮਗਰੋਂ ਇਹ ਦੌੜ ਲਗਾਈ ਗਈ। ਹਾਲਾਂਕਿ ਮਿਲਖਾ ਸਿੰਘ ਦੀ ਉਮਰ 80 ਸਾਲ ਦੇ ਕਰੀਬ ਹੋ ਚੁੱਕੀ ਹੈ ਪਰ ਉਹ ਅੱਜ ਵੀ ਪੂਰੀ ਤਰ੍ਹਾਂ ਫਿੱਟ ਹਨ।

## ਧੋਖਾਧੜੀ ਕੇਸ 'ਚ ਕਸੂਤੀ ਫਸੀ ਹੇਮਾ ਮਾਲਿਨੀ

**ਮੁੰਬਈ:** ਮੁੰਬਈ ਹਾਈਕੋਰਟ ਵਿਚ ਇਕ ਜਨਹਿੱਤ ਪਟੀਸ਼ਨ ਦਾਖਲ ਕਰਕੇ ਮੰਗ ਕੀਤੀ ਗਈ ਹੈ ਕਿ ਅਦਾਕਾਰਾ ਹੇਮਾ ਮਾਲਿਨੀ ਤੇ ਮਹਾਰਾਸ਼ਟਰ ਦੇ ਮਾਲ ਮੰਤਰੀ ਏਕਨਾਥ ਖੜਸੇ ਖਿਲਾਫ ਧੋਖਾਧੜੀ ਤੇ ਜਾਅਲਸਾਜ਼ੀ ਦਾ ਮੁਕੱਦਮਾ ਦਰਜ ਕਰਨ ਲਈ ਮੁੰਬਈ ਪੁਲਿਸ ਮੁਖੀ ਨੂੰ ਨਿਰਦੇਸ਼ ਦਿੱਤੇ ਜਾਣ।



ਇਹ ਪਟੀਸ਼ਨ ਸਾਬਕਾ ਪੱਤਰਕਾਰ ਕੇਤਨ ਤਿਰੋੜਕਰ ਨੇ ਦਾਖਲ ਕੀਤੀ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਨਾਚ ਅਕੈਡਮੀ ਲਈ ਬੇਹੱਦ ਥੋੜ੍ਹੀ ਕੀਮਤ 'ਤੇ ਨਾਜਾਇਜ਼ ਜ਼ਮੀਨ ਲਈ ਗਈ ਸੀ। ਇਸ ਕਰਕੇ ਹੀ ਇਨ੍ਹਾਂ ਦੋਵਾਂ 'ਤੇ ਮਾਮਲਾ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮ ਹਨ ਕਿ ਅਖ਼ਬਾਰ 'ਚ ਇਸ਼ਤਿਹਾਰ ਜਾਰੀ ਕੀਤੇ ਬਿਨਾਂ ਕਿਸੇ ਨੂੰ ਜ਼ਮੀਨ ਨਹੀਂ ਦਿੱਤੀ ਜਾ ਸਕਦੀ। ਜ਼ਮੀਨ ਜ਼ਰੂਰਤਮੰਦਾਂ ਨੂੰ ਦੇਣੀ ਹੁੰਦੀ ਹੈ। ਉਨ੍ਹਾਂ ਇਲਜ਼ਾਮ ਲਾਇਆ ਹੈ ਕਿ ਇਸ ਮਾਮਲੇ 'ਚ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਇਨ੍ਹਾਂ ਉਤੇ ਜਲਦ ਕਾਰਵਾਈ ਹੋਣੀ ਚਾਹੀਦੀ ਹੈ।

# ਆਡਿਟ ਵਿਭਾਗ ਬਾਦਲਾਂ ਦੇ ਹੈਲੀਕਾਪਟਰ ਝੂਟਿਆਂ ਤੋਂ ਔਖਾ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਹੁਣ ਵੀ.ਵੀ.ਆਈ.ਪੀਜ਼ ਲਈ ਹੈਲੀਕਾਪਟਰ ਭਾੜੇ ਉਤੇ ਲਿਆ ਜਾਣ ਲੱਗਿਆ ਹੈ, ਜਿਸ ਨਾਲ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਰਗੜਾ ਲੱਗ ਰਿਹਾ ਹੈ। ਇਸ ਹੈਲੀਕਾਪਟਰ ਨੂੰ ਰਾਤੋਂ ਰਾਤ ਹਾਇਰ ਕੀਤਾ ਜਾਂਦਾ ਹੈ ਅਤੇ ਬਦਲੇ ਵਿਚ ਸਰਕਾਰ ਭਾੜਾ ਤਾਰਦੀ ਹੈ। ਨਾ ਕੋਈ ਟੈਂਡਰ ਹੁੰਦਾ ਹੈ ਅਤੇ ਨਾ ਹੀ ਕੋਈ ਕੁਟੇਸ਼ਨ ਲਈ ਜਾਂਦੀ ਹੈ। ਕਰੋੜਾਂ ਰੁਪਏ ਦੇ ਭਾੜੇ ਦਾ ਸੌਦਾ ਬਿਨਾਂ ਕਿਸੇ ਸਰਕਾਰੀ ਪ੍ਰਕਿਰਿਆ ਤੋਂ ਹੋ ਜਾਂਦਾ ਹੈ। ਹਾਲਾਂਕਿ ਹੁਣ ਪੰਜਾਬ ਸਰਕਾਰ ਕੋਲ ਆਪਣਾ ਸਰਕਾਰੀ ਹੈਲੀਕਾਪਟਰ ਵੀ ਹੈ, ਪਰ ਖਜ਼ਾਨੇ ਤੋਂ ਭਾੜੇ ਦੇ ਹੈਲੀਕਾਪਟਰ ਦਾ ਬੋਝ ਫਿਰ ਵੀ ਨਹੀਂ ਲੱਥਿਆ ਹੈ। ਆਡਿਟ ਵਿਭਾਗ ਵੱਲੋਂ ਪੰਜਾਬ ਸਰਕਾਰ ਦੀ ਇਸ ਮਨਮਰਜ਼ੀ ਉਤੇ ਉਂਗਲ ਉਠਾਈ ਗਈ ਹੈ।



ਸ਼ਹਿਰੀ ਹਵਾਬਾਜ਼ੀ ਵਿਭਾਗ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਲੰਘੇ ਦੋ ਵਰ੍ਹਿਆਂ ਵਿਚ ਹੈਲੀਕਾਪਟਰ ਦੇ ਭਾੜੇ ਉਤੇ 12.13 ਕਰੋੜ ਰੁਪਏ ਖਰਚ ਕੀਤੇ ਹਨ। ਪੰਜਾਬ ਸਰਕਾਰ ਦੇ ਆਪਣੇ ਸਰਕਾਰੀ ਹੈਲੀਕਾਪਟਰ ਦਾ ਖਰਚਾ ਇਨ੍ਹਾਂ ਦੋ ਵਰ੍ਹਿਆਂ ਵਿਚ 9.50 ਕਰੋੜ ਰੁਪਏ ਆਇਆ ਹੈ। ਸਰਕਾਰੀ ਹੈਲੀਕਾਪਟਰ ਉਤੇ 2013-14 ਵਿਚ ਕੁੱਲ 4.85 ਕਰੋੜ ਰੁਪਏ ਅਤੇ 2014-15 ਵਿਚ 4.64 ਕਰੋੜ ਰੁਪਏ ਖਰਚ ਆਇਆ ਹੈ। ਚਾਲੂ ਮਾਲੀ ਵਰ੍ਹੇ ਦੌਰਾਨ ਹੁਣ ਤੱਕ ਸਰਕਾਰੀ ਹੈਲੀਕਾਪਟਰ ਉਤੇ 3.61 ਕਰੋੜ ਰੁਪਏ ਦਾ ਖਰਚ ਆ ਚੁੱਕਾ ਹੈ। ਇਸ ਹੈਲੀਕਾਪਟਰ ਉਤੇ 23 ਅਧਿਕਾਰੀ ਤੇ ਮੁਲਾਜ਼ਮ ਤਾਇਨਾਤ ਕੀਤੇ ਹੋਏ ਹਨ।

ਦੂਜੇ ਪਾਸੇ ਭਾੜੇ ਦੇ ਹੈਲੀਕਾਪਟਰ 'ਤੇ ਖਜ਼ਾਨੇ ਵਿਚੋਂ ਅਕਤੂਬਰ 2014 ਤੋਂ ਸਤੰਬਰ 2015 ਤੱਕ 5.49 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਤੇ ਇਸੇ ਤਰ੍ਹਾਂ ਨਵੰਬਰ 2013 ਤੋਂ ਸਤੰਬਰ 2014 ਤੱਕ ਭਾੜੇ ਉਤੇ 6.64 ਕਰੋੜ ਰੁਪਏ ਖਰਚ ਕੀਤੇ ਗਏ ਹਨ।

ਪੰਜਾਬ ਵਿੱਤੀ ਰੂਲਜ਼ ਅਨੁਸਾਰ ਭਾੜੇ ਉਤੇ ਹੈਲੀਕਾਪਟਰ ਲੈਣ ਲਈ ਬਕਾਇਦਾ ਟੈਂਡਰ ਕਰਨਾ ਬਣਦਾ ਹੈ ਜਾਂ ਫਿਰ ਕੁਟੇਸ਼ਨਾਂ ਲਈਆਂ ਜਾਣ। ਪੰਜਾਬ ਸਰਕਾਰ ਨੇ ਇਨ੍ਹਾਂ ਵਿਚੋਂ ਕੋਈ ਵੀ ਸ਼ਰਤ ਪੂਰੀ ਨਹੀਂ ਕੀਤੀ ਹੈ। ਆਡਿਟ ਮਹਿਕਮੇ ਨੇ ਇਸ ਨੂੰ ਵਿੱਤੀ ਰੂਲਜ਼ ਦੀ ਉਲੰਘਣਾ ਦੱਸਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਸਪੈਨ ਏਅਰ, ਏਅਰ ਕਿੰਗ ਅਤੇ ਚਲੈਂਜਰਜ਼ ਏਵੀਏਸ਼ਨ ਕੰਪਨੀ ਤੋਂ ਭਾੜੇ ਉਤੇ ਹੈਲੀਕਾਪਟਰ ਲਿਆ ਜਾਂਦਾ ਹੈ। ਇਸੇ ਤਰ੍ਹਾਂ ਸਰਕਾਰੀ ਹੈਲੀਕਾਪਟਰ ਦੇ ਰੱਖ-ਰਖਾਅ ਤੇ ਮੁਰੰਮਤ ਉਤੇ ਵੀ ਦੋ ਵਰ੍ਹਿਆਂ ਵਿਚ 2.62 ਕਰੋੜ ਖਰਚ ਦਿੱਤੇ ਹਨ। ਮੈਸਰਜ਼ ਏਅਰ ਵਰਕਸ ਇੰਡੀਆ ਤੋਂ ਸਰਕਾਰੀ ਹੈਲੀਕਾਪਟਰ ਦੀ ਮੁਰੰਮਤ ਆਦਿ ਕਰਾਈ ਗਈ ਹੈ।

ਇਸ ਵਾਸਤੇ ਵੀ ਕੋਈ ਟੈਂਡਰ ਨਹੀਂ ਕੀਤਾ ਗਿਆ ਤੇ ਨਾ ਹੀ ਕੋਈ ਕੁਟੇਸ਼ਨ ਲਈ ਗਈ। ਲੰਘੇ ਵਰ੍ਹਿਆਂ ਵਿਚ ਪੰਜਾਬ ਸਰਕਾਰ ਵੱਲੋਂ ਇਕੋ ਦਿਨ ਵਿਚ ਦੋ-ਦੋ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਗਈ ਹੈ। ਕਈ ਦਿਨ ਅਜਿਹੇ ਵੀ ਹਨ ਜਦੋਂ ਉਪ ਮੁੱਖ ਮੰਤਰੀ ਨੇ ਇਕੋ ਜ਼ਿਲ੍ਹੇ ਵਿਚ ਵੀ ਕਈ-ਕਈ ਪਿੰਡਾਂ ਵਿਚ ਜਾਣ ਵਾਸਤੇ ਹੈਲੀਕਾਪਟਰ ਹੀ ਵਰਤਿਆ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਦੇ ਸਲਾਹਕਾਰ ਕੈਪਟਨ ਅਭੈ ਦਾ ਕਹਿਣਾ ਹੈ ਕਿ ਐਮਰਜੈਂਸੀ ਵਿਚ ਹੀ ਭਾੜੇ 'ਤੇ ਹੈਲੀਕਾਪਟਰ ਲਿਆ ਜਾਂਦਾ ਹੈ ਅਤੇ ਮੌਕੇ ਉਤੇ ਟੈਂਡਰ ਆਦਿ ਕਰਨੇ ਅਸੰਭਵ ਹੁੰਦੇ ਹਨ।

## ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਯੂਬਾ ਸਿਟੀ

# ਪ੍ਰਬੰਧਕ ਕਮੇਟੀ ਵਲੋਂ ਨਵੇਂ ਸਾਲ ਤੋਂ ਲੈ ਕੇ ਅੱਜ ਤੱਕ ਦੀ ਸਥਿਤੀ ਦੀ ਅਸਲੀਅਤ ਦਾ ਵੇਰਵਾ

ਪਿਛਲੇ ਦੋ ਹਫਤਿਆਂ ਵਿਚ ਪੰਜਾਬੀ ਅਖਬਾਰਾਂ ਵਿਚ ਵਿਰੋਧੀ ਧਿਰ ਦੀ ਤਰਫੋਂ ਇਸ ਤਰ੍ਹਾਂ ਦੀਆਂ ਖਬਰਾਂ ਛਪੀਆਂ ਹਨ ਜਿਹੜੀਆਂ ਸੱਚ ਦੇ ਕੋਲੋਂ ਵੀ ਨਹੀਂ ਲੰਘ ਰਹੀਆਂ। ਜਿਆਦਾ ਬੋਲਣ ਦੀ ਗੱਲ ਕੀਤੀ ਗਈ, ਸੰਗਤ ਨੂੰ ਪਤਾ ਹੈ ਕਿ 2008 ਤੋਂ ਕੌਣ ਸਟੇਜ ‘ਤੇ ਬੋਲਦਾ ਆ ਰਿਹਾ ਹੈ। ਰਹੀ ਗੱਲ ਉਚੀ ਆਵਾਜ਼ ਦੀ, ਇਹ ਤਾਂ ਗੁਰੂ ਦੇ ਪਿਆਰਿਓ ਪਰਮਾਤਮਾ ਦੀ ਦਿੱਤੀ ਦਾਤ ਹੈ। ਇਹ ਮੇਰੇ ਕੋਲੋਂ ਕੋਈ ਵਿਅਕਤੀ ਨਹੀਂ ਖੋਹ ਸਕਦਾ। ਗੁਰੂ ਸਾਹਿਬ ਦੀਆਂ ਦਿੱਤੀਆਂ ਦਾਤਾਂ ਤਾਂ ਪਰਮਾਤਮਾ ਆਪ ਹੀ ਖੋਹ ਸਕਦਾ ਹੈ।

ਸੱਚ ਕੌਣ ਬੋਲਦਾ ਹੈ? ਇਹ ਤਾਂ ਸਾਰਿਆਂ ਦੇ ਸਾਹਮਣੇ ਆ ਚੁੱਕਾ ਹੈ। ਆਖਰ ਵਿਚ ਕਾਨੂੰਨੀ ਅਦਾਲਤ ਵੀ ਸੱਚ ਨਾਲ ਖੜ੍ਹੀ ਹੋਈ ਹੈ। ਵਾਰ ਵਾਰ 25 ਦਸੰਬਰ ਦੀ ਮੀਟਿੰਗ ਦੀ ਗੱਲ ਕੀਤੀ ਜਾ ਰਹੀ ਹੈ-ਉਹ ਮੀਟਿੰਗ ਗੈਰ ਕਾਨੂੰਨੀ ਸੀ, ਉਸ ਦੀ ਕੋਈ ਬੁਨਿਆਦ ਨਹੀਂ ਸੀ। ਉਸ ਦਾ ਅਜੇ ਤੱਕ ਕੋਈ ਪੇਪਰ ਵਰਕ ਨਾ ਤਾਂ ਅਦਾਲਤ ਨੂੰ ਮਿਲਿਆ ਹੈ ਅਤੇ ਨਾ ਹੀ ਸਾਨੂੰ। ਅੱਜ ਵੀ ਇਹ ਖੁੱਲ੍ਹਾ ਸੱਦਾ ਹੈ ਕਿ ਉਸ ਮੀਟਿੰਗ ਵਿਚ ਡਾਇਰੈਕਟਰਾਂ ਦਾ ਬਹੁਮੱਤ ਦਿਖਾ ਦਿਓ ਤਾਂ ਗੁਰੂ ਘਰ ਦੀਆਂ ਚਾਬੀਆਂ ਲੈ ਲਓ। ਗੈਰ ਕਾਨੂੰਨੀ ਮੀਟਿੰਗ ਤੇ ਗਲਤ ਕਮੇਟੀ ਦੀ ਨਿਯੁਕਤੀ, ਜੋਰ ਨਾਲ ਪੈਸੇ ਚੁੱਕਣੇ, ਜਿੰਦੇ ਭੰਨਣੇ, ਹੁੱਲੜਬਾਜ਼ੀ ਕਰਨੀ, ਇਹ ਸਿਰਫ 28 ਘੰਟੇ ਲਈ ਹੀ ਚੱਲੀ। ਪ੍ਰਬੰਧਕ ਪਹਿਲਾਂ ਵਾਂਗ ਹੀ ਗੁਰੂਘਰ ਦਾ ਪ੍ਰਬੰਧ ਚਲਾ ਰਹੇ ਹਨ। ਜੋ ਵੀਡੀਓ ਲੋਕਾਂ ਨੇ ਦੇਖੀ ਹੈ, ਉਸ ਵਿਚ ਕੋਈ ਤੋੜ-ਮਰੋੜ ਨਹੀਂ ਹੈ। ਸਾਰੀ ਰਾਤ ਦੀ ਵੀਡੀਓ ਦੇਖਣੀ ਹੈ ਤਾਂ ਉਹ ਵੀ ਮਿਲ ਸਕਦੀ ਹੈ। ਮੌਜੂਦਾ ਕਮੇਟੀ ਨੇ ਕਦੇ ਵੀ ਰਾਤ ਨੂੰ ਗੋਲਕ ਵਿਚੋਂ ਨਾ ਪੈਸੇ ਕੱਢੇ ਹਨ ਅਤੇ ਨਾ ਹੀ ਗਿਣੇ ਹਨ। ਇਹ ਪਹਿਲਾਂ ਵਾਂਗ ਹੀ ਦਿਨ ਨੂੰ ਕੱਢ ਕੇ ਗਿਣੇ ਜਾਂਦੇ ਹਨ।

ਵਾਲਨੈਟ ਹਾਲ ਦੀ ਮੀਟਿੰਗ ਦੀ ਕੀ ਸੱਚਾਈ ਹੈ, ਉਹ ਵੀ ਵੀਡੀਓ ਮਿਲ ਸਕਦੀ ਹੈ। ਮੁੱਕਦੀ ਗੱਲ, ਮੀਟਿੰਗ ਦੀ ਅਸਲੀਅਤ ਦਿਖਾ ਦਿਓ ਤੇ ਗੁਰੂ ਘਰ ਵਿਚ ਆਉਣਾ ਸ਼ੁਰੂ ਕਰ ਲਓ ਤੇ ਗੁਰੂ ਘਰ ਦਾ ਪ੍ਰਬੰਧ ਚਲਾਉਣਾ ਸ਼ੁਰੂ ਕਰ ਦਿਓ। ਜੱਜ ਸਾਹਿਬ ਦੇ ਕਹਿਣ ‘ਤੇ ਪੈਸੇ ਵਾਪਸ ਕਰਨ ਦਾ ਧੰਨਵਾਦ।

ਕਈ ਵਾਰ ਇਹ ਨਹੀਂ ਪਤਾ ਲੱਗਦਾ ਕਿ ਆਪਾਂ ਸੰਗਤ ਸ਼ਬਦ ਦੀ ਗਲਤ ਵਰਤੋਂ ਕਿਉਂ ਕਰਦੇ ਹਾਂ? ਲੜਾਈ ਚੌਧਰ ਦੀ ਹੈ, ਕੰਟਰੋਲ ਦੀ ਹੈ, ਪਰ ਆਪਾਂ ਸੰਗਤ ਨੂੰ ਬਦਨਾਮ ਕਰਦੇ ਹਾਂ। ਯੂਬਾ ਸਿਟੀ ਸ਼ਹਿਰ ਵਿਚ ਸੰਗਤ ਦੀ ਗਿਣਤੀ 16 ਹਜ਼ਾਰ ਹੈ, 16 ਨਹੀਂ। ਜੋ ਗੁਰਨਾਮ ਸਿੰਘ ਦੀ ਗੱਲ ਕੀਤੀ ਹੈ, ਉਸ ਨਾਲ ਇਹ ਗੱਲ ਹੋਈ ਸੀ ਕਿ ਸੋਮਵਾਰ ਤੱਕ ਜੱਜ ਸਾਹਿਬਾਨ ਦੇ ਫੈਸਲੇ ਦੀ ਉਡੀਕ ਕਰ ਲਓ ਜੇ ਤੁਹਾਡੀ ਮੀਟਿੰਗ ਅਤੇ ਬਣਾਈ ਕਮੇਟੀ ਠੀਕ ਨਿਕਲੀ ਤਾਂ ਜੱਜ ਸਾਹਿਬਾਨ ਤੁਹਾਨੂੰ ਆਪਣੇ ਆਪ ਹੀ ਕੰਟਰੋਲ ਦੇ ਦੇਣਗੇ। ਮੈਂ ਗੱਲ ਯੂਬਾ ਸਿਟੀ ਗੁਰੂਘਰ ਦੀ ਕੀਤੀ ਸੀ ਨਾ ਕਿ ਲਾਈਵ ਓਕ ਗੁਰੂ ਘਰ ਦੀ। ਮਾਈਕਲ ਬੈਰਟ ਪਿਛਲੇ 8 ਸਾਲਾਂ ਤੋਂ ਗੁਰੂ ਘਰ ਦੇ ਪ੍ਰਬੰਧਕੀ ਬੋਰਡ ਦਾ ਵਕੀਲ ਹੈ, ਕਿਸੇ ਇਕ ਵਿਅਕਤੀ ਜਾਂ ਧੜੇ ਦਾ ਵਕੀਲ ਨਹੀਂ। ਜਿਹੜੇ ਤਿੰਨ-ਚਾਰ ਵਕੀਲ ਤੁਹਾਡੇ ਨਾਲ ਕੋਰਟ ਵਿਚ ਆਏ ਸਨ, ਉਹ ਇਕ ਧੜੇ ਦੇ ਵਕੀਲ ਹਨ। ਮਾਈਕਲ ਬੈਰਟ ਦਾ ਫਰਜ਼ ਬਣਦਾ ਹੈ ਕਿ ਗੁਰੂਘਰ ਵਿਚ ਸ਼ਾਂਤੀ ਰੱਖਣ ਲਈ ਸਹੀ ਸਲਾਹ ਦੇਵੇ। ਇਹ ਵੀ ਯੂਬਾ ਸਿਟੀ ਦੇ ਲੋਕਾਂ ਨੂੰ ਪਤਾ ਹੈ ਕਿ ਪਿਛਲੇ ਸਾਲਾਂ ਵਿਚ ਅਤੇ ਹੁਣ ਗੁਰੂ ਘਰ ਦੀ ਸ਼ਾਂਤੀ ਨੂੰ ਕੌਣ ਭੰਗ ਕਰ ਰਿਹਾ ਹੈ।

ਜੇਕਰ ਕਿਸੇ ਵੀ ਮੇਰੇ ਵੀਰ-ਭੈਣ ਨੂੰ ਜੋ ਯੂਬਾ ਸਿਟੀ ਵਿਚ ਵਸ ਰਹੇ ਹਨ, ਚਾਹੇ ਉਹ ਗੁਰੂ ਘਰ ਦੇ ਮੈਂਬਰ ਹਨ ਜਾਂ ਨਹੀਂ, ਉਹ 2009 ਤੋਂ ਲੈ ਕੇ ਅੱਜ ਤੱਕ ਰੁਪਏ ਪੈਸੇ ਦਾ ਹਿਸਾਬ-ਕਿਤਾਬ ਦੇਖ ਸਕਦੇ ਹਨ। ਅਪ੍ਰੈਲ 2015 ਤੱਕ ਦਾ ਹਿਸਾਬ ਵਿਰੋਧੀ ਧਿਰ ਦੇ ਵਕੀਲਾਂ ਨੂੰ ਦਿੱਤਾ ਜਾ ਚੁੱਕਾ ਹੈ। ਝੂਠਾ ਪ੍ਰਚਾਰ ਕਰਨ ਵਾਲੇ ਖੁਦ ਉਸ ਸਮੇਂ ਅਹੁਦੇਦਾਰ ਰਹਿ ਚੁੱਕੇ ਹਨ।

ਰਹੀ ਗੱਲ ਕਿ ਕੌਣ ਗੁਰੂ ਘਰ ਵਿਚ ਸ਼ਰਾਬ ਪੀ ਕੇ ਜਾਂ ਮਾੜੇ ਨਸ਼ੇ ਕਰਕੇ ਆਉਂਦਾ ਹੈ, ਇਸ ਦੀ ਜ਼ਿੰਮੇਵਾਰੀ ਪ੍ਰਬੰਧਕ ਕਮੇਟੀ ਦੀ ਉਦੋਂ ਬਣਦੀ ਹੈ ਜਦੋਂ ਕੋਈ ਸੰਗਤ ਵਿਚ ਸ਼ਰਾਰਤ ਕਰਨ ਦੀ ਕੋਸ਼ਿਸ਼ ਕਰੇ। ਨਵੇਂ ਸਾਲ ਵਾਲੇ ਦਿਨ ਤਾਂ ਸ਼ਰਾਰਤ ਕਰਨ ਵਾਲਿਆਂ ਦੀ ਗਿਣਤੀ ਜਿਆਦਾ ਹੀ ਸੀ ਤੇ ਸ਼ਾਂਤੀ ਰੱਖਣ ਵਾਲਿਆਂ ਦੀ ਗਿਣਤੀ ਘੱਟ ਸੀ। ਪਰ ਕਮੇਟੀ ਕੋਲ ਕੋਈ ਅਥਾਰਟੀ ਨਹੀਂ ਕਿ ਗੁਰੂ ਘਰ ‘ਚ ਆਈ ਸੰਗਤ ਦਾ ਡਰੱਗ ਟੈਸਟ ਕਰਵਾਵੇ। ਟਰਲਕ ਗੁਰੂ ਘਰ ਦੀ ਮਿਸਾਲ ਨੂੰ ਰਿਵਰ ਵੈਲੀ ਹਾਈ ਸਕੂਲ ਵਿਚ ਹੋਏ ਟੂਰਨਾਮੈਂਟ ਦੀ ਘਟਨਾ ਨਾਲ ਜੋੜਨਾ ਬਿਲਕੁਲ ਨਹੀਂ ਢੁੱਕਦਾ।

ਰਿਵਰ ਵੈਲੀ ਸਕੂਲ ਵਿਚ ਟੂਰਨਾਮੈਂਟ ਸਮੇਂ ਕੀ ਹੋਇਆ ਸੀ, ਇਸ ਦੀ ਪੁਲਿਸ ਰਿਪੋਰਟ ਬਣੀ ਹੋਈ ਹੈ। ਕੋਰਟ ਵਿਚ ਕੇਸ ਚੱਲ ਚੁੱਕਾ ਹੈ। ਕੌਣ ਕਿਸ ਨਾਲ ਲੜਿਆ? ਪੁਲਿਸ ਰਿਪੋਰਟ ਮਿਲ ਸਕਦੀ ਹੈ। ਗੋਲ ਗੱਲਾਂ ਕਰਨ ਦੀ ਲੋੜ ਨਹੀਂ। ਜੇਕਰ ਬੋਰਡ ਦੇ ਕਿਸੇ ਵੀ ਅਹੁਦੇਦਾਰ ‘ਤੇ ਕਿਸੇ ਵਿਅਕਤੀ ਨੇ ਕੇਸ ਕਰਨਾ ਹੈ ਤਾਂ ਉਹ ਕੇਸ ਗੁਰਦੁਆਰੇ ਦੇ ਪ੍ਰਬੰਧਕੀ ਬੋਰਡ ਦੇ ਵਕੀਲ ਨੇ ਹੀ ਲੜਨਾ ਹੈ, ਇਹ ਕੋਈ ਨਵੀਂ ਗੱਲ ਨਹੀਂ ਹੈ। ਜੇਕਰ ਫੈਸਲਾ ਸੰਗਤ ਦੇ ਹੱਥ ਵਿਚ ਦਿੱਤਾ ਹੈ ਤਾਂ ਚੰਗੇ-ਮਾੜੇ ਪਰਖਣ ਵਾਲਾ ਥਰਮਾਮੀਟਰ ਸੰਗਤ ਨੂੰ ਦੇ ਦਿਓ, ਸੰਗਤ ਆਪ ਹੀ ਦੱਸ ਦੇਵੇਗੀ ਕਿ ਸੁਥਰਾ ਤੇ ਭਲਾਮਾਣਸ ਕੌਣ ਹੈ? ਪਾਣੀ ਨੂੰ ਝੂਠ ਬੋਲ ਕੇ ਇੰਨਾ ਗੰਦਾ ਨਾ ਕਰੋ ਕਿ ਲੋਕਾਂ ਨੂੰ ਪਹਿਚਾਣ ਭੁੱਲ ਜਾਵੇ।

ਮੰਗਲ ਸਿੰਘ ਸੰਘੇੜਾ ਦੀ ਗੱਲਬਾਤ ਕੀਤੀ ਹੈ। ਸਾਰੇ ਪਹਿਲਾਂ ਵੀ ਇਥੇ ਹੀ ਰਹਿੰਦੇ ਰਹੇ ਹਨ ਅਤੇ ਅੱਗੇ ਤੋਂ ਵੀ ਇਥੇ ਹੀ ਰਹਿਣਾ ਹੈ। ਜਿਸ ਸੋਚ ਨਾਲ ਮੈਂ ਖੜਾ ਹਾਂ, ਇਹ ਯੂਬਾ ਸਿਟੀ ਵਿਚ ਕੁਝ ਇਮਾਨਦਾਰ ਤੇ ਸਿਆਣੇ ਬੰਦਿਆਂ ਨਾਲ ਬੈਠ ਕੇ 1986-87 ਵਿਚ ਬਣਾਈ ਸੀ। ਕੁਝ ਲੋਕ ਉਸ ਸਮੇਂ ਪੰਜਾਬ ਤੋਂ ਵੀ ਨਹੀਂ ਸੀ ਆਏ। ਮੈਂ ਉਸੇ ਹੀ ਸੋਚ ਨਾਲ ਅੱਜ ਤੱਕ ਖੜਾ ਹਾਂ। ਕੁਝ ਲੋਕ ਮੌਕਾ ਦੇਖ ਕੇ ਬੱਤਖ ਦੇ ਬੱਚਿਆਂ ਵਾਂਗ ਆਪਣਾ ਮਤਲਬ ਕੱਢ ਕੇ ਜਿਥੋਂ ਆਏ ਸੀ, ਉਥੇ ਹੀ ਵਾਪਸ ਚਲੇ ਗਏ। ਕਾਫ਼ਲਾ ਇੱਦਾਂ ਚੱਲਦਾ ਰਹੇਗਾ। ਗੁਰੂਘਰ ਵਿਚ ਕਮੇਟੀਆਂ ਆਉਂਦੀਆਂ ਜਾਂਦੀਆਂ ਰਹਿਣਗੀਆਂ। ਇਰਾਦੇ ਮਜ਼ਬੂਤ ਹੋਣੇ ਚਾਹੀਦੇ ਹਨ।

ਸਤਿਕਾਰਯੋਗ ਛੋਟੇ ਵੀਰ ਅਜੈਬ ਸਿੰਘ ਮੱਲ੍ਹੀ ਨੇ ਇਕ ਵੀਡੀਓ 20 ਜਨਵਰੀ 2016 ਨੂੰ ਕੱਢੀ ਸੀ ਕਿ ਗੁਰੂ ਘਰ ਦੀ ਆਮਦਨ ਇਕ ਸਾਲ ‘ਚ ਇਕ ਮਿਲੀਅਨ ਹੈ ਤਾਂ 8 ਸਾਲਾਂ ਵਿਚ 8 ਮਿਲੀਅਨ ਬਣ ਜਾਂਦਾ ਹੈ ਤੇ ਗੁਰੂ ਘਰ ਕੋਲ 8 ਮਿਲੀਅਨ, 1 ਲੱਖ ਡਾਲਰ ਚਾਹੀਦਾ ਸੀ, ਡਾਲਰ ਸਿਰਫ਼ 3 ਲੱਖ ਹੀ ਕਿਉਂ ਹੈ? ਛੋਟੇ ਵੀਰ, 38 ਸਾਲ ਇਕ ਹੀ ਕਮੇਟੀ ਦਾ ਰਾਜ ਰਿਹਾ, ਸਾਢੇ ਪੰਜ ਲੱਖ ਡਾਲਰ ਸਾਲਾਨਾ ਇਨਕਮ ਸੀ ਤਾਂ 2009 ਵਿਚ ਪੁਰਾਣੀ ਕਮੇਟੀ ਨੂੰ ਚਾਹੀਦਾ ਸੀ ਕਿ ਨਵੀਂ ਕਮੇਟੀ ਨੂੰ 20 ਮਿਲੀਅਨ 9 ਲੱਖ ਡਾਲਰ ਦਿੰਦੀ ਪਰ ਅਫਸੋਸ ਉਨ੍ਹਾਂ ਨੇ 4 ਲੱਖ 16 ਹਜ਼ਾਰ ਡਾਲਰ ਹੀ ਦਿੱਤਾ, ਬਾਕੀ 20 ਮਿਲੀਅਨ 4 ਲੱਖ 84 ਹਜ਼ਾਰ ਕਿਥੇ ਗਿਆ?

ਬਹੁਤ ਸਾਰੇ ਕੰਮ 2009 ਤੋਂ ਲੈ ਕੇ ਅੱਜ ਤੱਕ ਗੁਰੂ ਘਰ ਵਿਚ ਮੁਕੰਮਲ ਹੋਏ ਹਨ ਪਰ ਫਿਰ ਵੀ ਜਦੋਂ ਵੀਰ ਜੀ ਇਹ 20 ਮਿਲੀਅਨ ਵਾਲੀ ਰਕਮ ਦਾ ਹਿਸਾਬ-ਕਿਤਾਬ ਆਪ ਵੀ ਪੁਰਾਣੀ ਕਮੇਟੀ ਤੋਂ ਲੈ ਲਵੋਗੇ ਤਾਂ 8 ਸਾਲਾਂ ਦੀ ਪਾਈ ਪਾਈ ਹਿਸਾਬ ਸ਼ੁਰੂ ਕਰ ਲੈਣਾ। ਸਾਲਾਨਾ ਰਿਪੋਰਟ ਤੋਂ ਆਮਦਨ ਖਰਚ ਨੂੰ ਦੇਖਣ ਦੀ ਕੋਸ਼ਿਸ਼ ਜਰੂਰ ਕਰਨੀ।

ਰਹੀ ਗੱਲ ਇਲੈਕਸ਼ਨ ਦੀ, ਜਦੋਂ 2008 ਵਿਚ ਇਲੈਕਸ਼ਨ ਹੋਈ ਤਾਂ 2009 ਵਿਚ ਹਾਰੀ ਹੋਈ ਧਿਰ ਨੇ ਮੁਕੱਦਮਾ ਕਰ ਦਿੱਤਾ ਕਿ ਇਲੈਕਸ਼ਨ ਸਹੀ ਨਹੀਂ ਹੋਈ। ਜਦੋਂ ਮੌਜੂਦਾ ਪ੍ਰਬੰਧਕ ਵਾਰ ਵਾਰ ਮੁਕੱਦਮੇ ਜਿੱਤ ਗਏ, ਫਿਰ ਇਨ੍ਹਾਂ ਨੇ ਨਵਾਂ ਮੁਕੱਦਮਾ ਕੀਤਾ ਕਿ ਇਲੈਕਸ਼ਨ ਨਹੀਂ ਕਰਵਾ ਰਹੇ। ਜੇਕਰ ਆਪਾਂ ਪਹਿਲਾਂ 2008 ਵਾਲੀ ਇਲੈਕਸ਼ਨ ਨੂੰ ਠੀਕ ਮੰਨ ਲੈਂਦੇ ਤਾਂ ਹੁਣ ਤੱਕ 8 ਵਾਰ ਇਲੈਕਸ਼ਨ ਹੋ ਜਾਣੀ ਸੀ। ਹੁਣ 28 ਤਰੀਕ ਨੂੰ ਮੈਂਬਰਾਂ ਦੀ ਮੀਟਿੰਗ ਹੋਣੀ ਹੈ ਜਿਸ ਵਿਚ ਸਿਰਫ਼ ਤੇ ਸਿਰਫ਼ ਇਹ ਮਤਾ ਰੱਖਿਆ ਜਾਵੇਗਾ ਕਿ ਬੋਰਡ ਦੇ ਡਾਇਰੈਕਟਰ 4 ਸਾਲ ਲਈ ਚੁਣੇ ਜਾਣੇ ਚਾਹੀਦੇ ਹਨ ਜਾਂ 8 ਸਾਲ ਲਈ? ਜੋ ਵੀ ਮੈਂਬਰ ਫੈਸਲਾ ਦੇਣਗੇ, ਫਿਰ ਇਲੈਕਸ਼ਨ ਵਾਰੇ ਸੋਚਿਆ ਜਾਵੇਗਾ।

ਅਖੀਰ ਵਿਚ ਅਸੀਂ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਜਦੋਂ ਵੀ ਕੋਈ ਖਬਰ ਕਿਸੇ ਵੀ ਪੇਪਰ ਵਿਚ ਛਪਦੀ ਹੈ, ਉਸ ਦੇ ਸੱਚ ਦੀ ਡੂੰਘਾਈ ਵਿਚ ਜਰੂਰ ਜਾਵੋ। ਆਉਣ ਵਾਲੇ ਸਮੇਂ ਵਿਚ ਯੰਗ ਜਨਰੇਸ਼ਨ (ਨੌਜਵਾਨਾਂ) ਨੂੰ ਚਾਹੀਦਾ ਹੈ ਕਿ ਗੁਰੂਘਰ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈਣ। ਜਦੋਂ ਵੀ ਚੋਣਾਂ ਹੋਣ, ਆਪਣੇ ਉਮੀਦਵਾਰ ਖੜੇ ਕਰਕੇ ਉਨ੍ਹਾਂ ਨੂੰ ਕਾਮਯਾਬ ਕਰਨ ਤਾਂ ਕਿ ਉਨ੍ਹਾਂ ਨੂੰ ਇਹ ਪਛਤਾਵਾ ਵਾਰ ਵਾਰ ਨਾ ਹੋ ਸਕੇ। ਨਵੀਂ ਸੋਚ ਨੂੰ ਲੈ ਕੇ ਗੁਰੂ ਘਰ ਦਾ ਪ੍ਰਬੰਧ ਕਰਨ ਲਈ ਸਾਡੇ ਨੌਜਵਾਨ ਵਚਨਬਧ ਹੋਣ। ਆਪਣੀ ਇਕ ਨਵੀਂ ਸਲੇਟ ਬਣਾ ਕੇ ਆਪਣਾ ਭਵਿੱਖ ਆਪਣੇ ਹੱਥਾਂ ਨਾਲ ਲਿਖੋ। ਇਨ੍ਹਾਂ ਕੋਰਟਾਂ ਦੇ ਝਗੜਿਆਂ ਤੋਂ ਕਮਿਊਨਿਟੀ ਨੂੰ ਬਚਾਓ। ਸੰਗਤਾਂ ਨੂੰ ਇਕ ਨਵਾਂ ਭਵਿੱਖ ਦਿਓ। ਸੱਚ ਦੇ ਸਤਿਕਾਰ ਵਿਚ ਸਾਰਿਆਂ ਦਾ ਰੱਬ ਰਾਖਾ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**
**ਨਵੇਂ ਭਵਿੱਖ ਦੀ ਆਸ ਵਿਚ**



**ਤੇਜਿੰਦਰ ਸਿੰਘ ਦੁਸਾਂਝ**
tejinderdosanjh@hotmail.com
ਫੋਨ: 530-751-6322
ਫੈਕਸ: 530-671-4666

Paid Advt.

# ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਮਧੋਲਿਆ ਪੰਜਾਬ

**ਜਲੰਧਰ:** ਪੰਜਾਬ ਇਸ ਸਮੇਂ ਕੈਂਸਰ ਦੀ ਜਕੜ ਵਿਚ ਆਇਆ ਹੋਇਆ ਹੈ। ਸੂਬਾ ਸਰਕਾਰ ਵੱਲੋਂ ਸਾਲ 2006 ਤੋਂ 2013 ਤੱਕ ਕਰਵਾਏ ਸਰਵੇ ਅਨੁਸਾਰ ਕੈਂਸਰ ਨਾਲ ਮਰਨ ਵਾਲਿਆਂ ਦੀ ਗਿਣਤੀ 33,318 ਦੱਸੀ ਗਈ ਸੀ ਤੇ ਸਾਲ 2013 ਦੇ ਸਰਵੇ ਦੀ ਰਿਪੋਰਟ ਅਨੁਸਾਰ 84,453 ਲੋਕਾਂ ਵਿਚ ਕੈਂਸਰ ਦੇ ਲੱਛਣ ਪਾਏ ਗਏ ਸਨ। ਇਸ ਦਾ ਦੁਖਦਾਇਕ ਪਹਿਲੂ ਇਹ ਵੀ ਹੈ ਕਿ ਸਾਲ 2013 ਤੋਂ ਬਾਅਦ ਪੰਜਾਬ ਸਰਕਾਰ ਨੇ ਕੈਂਸਰ ਬਾਰੇ ਕੋਈ ਸਰਵੇਖਣ ਕਰਵਾਇਆ ਹੀ ਨਹੀਂ। ਇਸ ਲਈ ਕੈਂਸਰ ਦੇ ਮਰੀਜ਼ਾਂ ਤੇ ਮਰਨ ਵਾਲਿਆਂ ਦੀ ਗਿਣਤੀ, ਦੱਸੀ ਗਈ ਗਿਣਤੀ ਤੋਂ ਕਿਤੇ ਵੱਧ ਹੋਣ ਦੀ ਸੰਭਾਵਨਾ ਹੈ।

ਮਾਲਵਾ ਖੇਤਰ ਤੋਂ ਬਾਅਦ ਦੋਆਬਾ ਤੇ ਮਾਝੇ ਦੇ ਖਿੱਤੇ ਵਿਚ ਵੀ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧਣ ਨਾਲ ਸਮੁੱਚਾ ਪੰਜਾਬ ਹੀ ਕੈਂਸਰ ਦੀ ਮਾਰ ਹੇਠ ਆਇਆ ਹੋਇਆ ਹੈ। ਕੈਂਸਰ ਦੇ ਵਧਣ ਦਾ ਸਭ ਤੋਂ ਵੱਡਾ ਕਾਰਨ ਪੰਜਾਬ ਦੇ ਪਾਣੀਆਂ ਵਿਚ ਘੁਲ ਰਹੀਆਂ ਜ਼ਹਿਰਾਂ ਹਨ। ਦੂਜਾ ਵੱਡਾ ਕਾਰਨ ਅੰਨ੍ਹੇਵਾਹ ਵਰਤੀਆਂ ਜਾ ਰਹੀਆਂ ਕੀਟਨਾਸ਼ਕ ਦਵਾਈਆਂ ਤੇ ਖਾਦਾਂ ਹਨ। ਦੂਸ਼ਿਤ ਪਾਣੀਆਂ ਵਿਰੁੱਧ ਪੰਜਾਬ ਵਿਚ ਲੜਾਈ ਲੜ ਰਹੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਵੀ ਚਿੱਟੀ ਵੇਈਂ ਤੇ ਕਾਲਾ ਸੰਘਿਆ ਡਰੇਨ ਦੁਆਲੇ ਵੱਸਦੇ ਪਿੰਡਾਂ ਵਿਚ ਕਰਵਾਏ ਗਏ ਸਰਵੇਖਣ ਦੇ ਅੰਕੜਿਆਂ ਨੇ ਰੌਂਗਟੇ ਖੜ੍ਹੇ ਕਰ ਦਿੱਤੇ ਸਨ।

ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਹੇਠ ਬਣੇ ਕੈਂਸਰ ਰਾਹਤ ਕੋਸ਼ ਫੰਡ ਨੂੰ ਦੇਖਣ ਵਾਲੇ ਇਕ ਅਧਿਕਾਰੀ ਜੀ.ਬੀ. ਸਿੰਘ ਦਾ ਕਹਿਣਾ ਹੈ ਕਿ 28,000 ਦੇ ਕਰੀਬ ਕੈਂਸਰ ਪੀੜਤਾਂ ਨੂੰ ਰਾਹਤ ਕੋਸ਼ ਵਿਚੋਂ ਸਰਕਾਰੀ ਮਦਦ ਦਿੱਤੀ ਜਾ ਚੁੱਕੀ ਹੈ। ਪੰਜਾਬ ਵਿਚ ਸਰਕਾਰੀ ਤੌਰ ਉਤੇ ਕੈਂਸਰ ਦੇ 23,874 ਮਰੀਜ਼ਾਂ ਦੀ ਹੋਰ ਨਿਸ਼ਾਨਦੇਹੀ ਹੋਈ ਹੈ। ਸਰਕਾਰ ਤੋਂ ਇਲਾਵਾ ਗੈਰ ਸਰਕਾਰੀ ਅੰਕੜਿਆਂ ਅਨੁਸਾਰ ਤਾਂ ਕੈਂਸਰ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਪੰਜਾਬ ਦਾ ਸ਼ਾਇਦ ਹੀ ਕੋਈ ਪਿੰਡ ਬਚਿਆ ਹੋਵੇਗਾ, ਜਿਥੇ ਕੈਂਸਰ ਦੇ ਮਰੀਜ਼ ਨਾ ਹੋਣ। ਚਿੱਟੀ ਵੇਈਂ ਦਾ ਦੂਸ਼ਿਤ ਪਾਣੀ 'ਈ' ਗਰੇਡ ਦਾ ਹੋਣ ਕਾਰਨ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਪਿੰਡ ਵੀ ਕੈਂਸਰ ਦੀ ਮਾਰ ਤੋਂ ਨਹੀਂ ਬਚ ਸਕਿਆ। ਹਾਲਾਂਕਿ ਸੀਚੇਵਾਲ ਪਿੰਡ ਤੋਂ ਚਿੱਟੀ ਵੇਈਂ ਪੰਜ ਕਿਲੋਮੀਟਰ ਦੂਰ ਵਗਦੀ ਹੈ ਪਰ ਇਸ ਨੇ ਧਰਤੀ ਹੇਠਲਾ ਪਾਣੀ ਏਨਾ ਜ਼ਿਆਦਾ ਦੂਸ਼ਿਤ ਕਰ ਦਿੱਤਾ ਹੈ ਕਿ ਕਈ ਕਿਲੋਮੀਟਰਾਂ ਤੱਕ ਧਰਤੀ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ। ਸੰਤ ਸੀਚੇਵਾਲ ਵੱਲੋਂ ਕਰਵਾਏ ਗਏ ਸਰਵੇ ਅਨੁਸਾਰ 30 ਪਿੰਡਾਂ ਵਿਚ ਘਰ-ਘਰ ਜਾ ਕੇ ਪੁੱਛਿਆ ਗਿਆ ਤਾਂ 150 ਦੇ ਕਰੀਬ ਕੈਂਸਰ ਦੇ ਮਰੀਜ਼ ਲੱਭੇ ਸਨ।

ਇਸ ਰਿਪੋਰਟ ਅਨੁਸਾਰ ਨਕੋਦਰ ਨੇੜਲੇ ਪਿੰਡ ਜਹਾਂਗੀਰ ਵਿਚ ਕੈਂਸਰ ਨਾਲ 17 ਮੌਤਾਂ ਹੋ ਚੁੱਕੀਆਂ ਹਨ। ਈਸੇਵਾਲ, ਚਮਿਆਰਾ ਤੇ ਰੂਪੇਵਾਲ ਪਿੰਡਾਂ ਵਿਚ ਕੈਂਸਰ ਕਾਰਨ ਮੌਤ ਦੇ ਸੱਥਰ ਵਿਛ ਗਏ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪਰਿਵਾਰ ਕੈਂਸਰ ਦਾ ਸੇਕ ਝੱਲ ਚੁੱਕਿਆ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਦੀ ਮੌਤ ਕੈਂਸਰ ਨਾਲ ਹੀ ਹੋਈ ਸੀ। ਕਾਂਗਰਸ ਦੇ ਵਿਧਾਇਕ ਤੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਪੁੱਤਰ ਕੰਵਰਜੀਤ ਸਿੰਘ 'ਸਨੀ' ਬਰਾੜ ਦੀ ਮੌਤ ਵੀ ਕੈਂਸਰ ਨਾਲ ਹੀ ਹੋਈ ਸੀ। ਮਾਝੇ ਦੇ ਇਕ ਵੱਡੇ ਧਾਰਮਿਕ ਡੇਰੇ ਦੇ ਮੁਖੀ ਵੀ ਕੈਂਸਰ ਤੋਂ ਪੀੜਤ ਦੱਸੇ ਜਾਂਦੇ ਹਨ। ਦੋਆਬੇ ਦੇ ਇਕ ਮੁੱਖ ਸੰਸਦੀ ਸਕੱਤਰ ਵੀ ਕੈਂਸਰ ਦੀ ਬਿਮਾਰੀ ਤੋਂ ਪੀੜਤ ਹਨ, ਜਿਸ ਕਾਰਨ ਉਨ੍ਹਾਂ ਨੇ ਆਪਣੀਆਂ ਸਰਗਰਮੀਆਂ ਘਟਾਈਆਂ ਹੋਈਆਂ ਹਨ।



### ਜਸਟਿਸ ਕਾਟਜੂ ਕੋਲ ਪੁੱਜਾ ਪੀੜਤਾਂ ਦੀ ਲੁੱਟ ਦਾ ਮਸਲਾ

**ਕੋਟਕਪੂਰਾ:** ਭਾਈ ਘਨਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫ਼ਰੀਦਕੋਟ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਦੀ ਅਗਵਾਈ ਹੇਠ ਇਕ ਵਫਦ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਮਾਰਕੰਡੇ ਕਾਟਜੂ ਨੂੰ ਮਿਲਿਆ ਤੇ ਕੈਂਸਰ ਦੀਆਂ ਦਵਾਈਆਂ ਦੇ ਅਸਲ ਅਤੇ ਵੇਚ ਮੁੱਲ ਅਰਥਾਤ ਐਮ.ਆਰ.ਪੀ. ਵਿਚ ਹੋ ਰਹੀ ਲੁੱਟ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਭਾਈ ਘਨਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੁਆਰਾ ਦਾਇਰ ਕੀਤੀ ਗਈ ਜਨਤਕ ਰਿੱਟ ਪਟੀਸ਼ਨ ਦੇ ਫੈਸਲੇ ਸਬੰਧੀ ਚਰਚਾ ਕਰਦਿਆਂ ਹਰ ਪਹਿਲੂ ਤੋਂ ਜਾਣੂ ਕਰਾਇਆ।

ਇਸ ਮੌਕੇ ਜਸਟਿਸ ਕਾਟਜੂ ਨੇ ਵਫਦ ਨੂੰ ਭਰੋਸਾ ਦੁਆਇਆ ਕਿ ਉਹ ਫੈਸਲੇ ਨੂੰ ਗੌਰ ਨਾਲ ਵਾਚਣ ਉਪਰੰਤ ਇਸ ਸਬੰਧੀ ਜੋ ਵੀ ਕਾਨੂੰਨੀ ਪੈਰਵਾਈ ਦੀ ਲੋੜ ਹੋਈ, ਉਹ ਆਪਣੇ ਪੱਧਰ 'ਤੇ ਹਰ ਤਰ੍ਹਾਂ ਦੀ ਮਦਦ ਕਰਨਗੇ।

## ਏਅਰ ਹੋਸਟੈਸ ਨੂੰ ਮਹਿੰਗਾ ਪਿਆ ਸੋਨੂੰ ਨਿਗਮ ਦਾ ਗਾਣਾ

**ਨਵੀਂ ਦਿੱਲੀ:** ਉਡਾਣ ਦੌਰਾਨ ਗਾਇਕ ਸੋਨੂੰ ਨਿਗਮ ਤੋਂ ਗਾਣਾ ਗਵਾਉਣਾ ਜੈੱਟ ਏਅਰਵੇਜ਼ ਦੀਆਂ ਏਅਰ ਹੋਸਟੈਸ ਨੂੰ ਮਹਿੰਗਾ ਪੈ ਗਿਆ। ਏਅਰ ਲਾਈਨਜ਼ ਨੇ ਫਲਾਈਟ ਦੀਆਂ ਪੰਜ ਏਅਰ ਹੋਸਟੈਸ ਨੂੰ ਇਸ ਲਈ ਸਸਪੈਂਡ ਕਰ ਦਿੱਤਾ ਹੈ। ਘਟਨਾ ਚਾਰ ਜਨਵਰੀ ਦੀ ਹੈ। ਜੈੱਟ ਏਅਰ ਲਾਈਨਜ਼ ਦੀ ਮੁੰਬਈ ਤੋਂ



ਜੋਧਪੁਰ ਜਾ ਰਹੀ ਫਲਾਈਟ ਵਿਚ ਜਹਾਜ਼ ਦੇ ਅਮਲੇ ਨੇ ਸੋਨੂੰ ਨਿਗਮ ਨੂੰ ਗਾਣਾ ਗਾਉਣ ਲਈ ਆਖਿਆ।

ਉਡਾਣ 'ਚ ਲੱਗਾ ਅਨਾਊਂਸਮੈਂਟ ਸਿਸਟਮ ਵੀ ਗਾਇਕ ਨੂੰ ਦਿੱਤਾ ਗਿਆ। ਉਡਾਣ ਦੌਰਾਨ ਸੋਨੂੰ ਨਿਗਮ ਨੇ ਦੋ ਗਾਣੇ ਗਾਏ। ਇਸ ਦੌਰਾਨ ਇਕ ਯਾਤਰੀ ਨੇ ਇਸ ਦਾ ਪੂਰਾ ਵੀਡੀਓ ਬਣਾ ਲਿਆ।

ਬਾਅਦ ਵਿਚ ਇਹੀ ਵੀਡੀਓ ਸੋਸ਼ਲ ਸਾਈਟਾਂ ਉਤੇ ਵਾਇਰਲ ਹੋ ਗਿਆ। ਇਸ ਗੱਲ ਦਾ ਗੰਭੀਰ ਨੋਟਿਸ ਲੈਂਦਿਆਂ ਏਅਰ ਲਾਈਨਜ਼ ਨੇ ਜਹਾਜ਼ ਦੇ ਅਮਲੇ ਦੇ ਪੰਜ ਮੈਂਬਰਾਂ ਨੂੰ ਸਸਪੈਂਡ ਕਰ ਦਿੱਤਾ ਹੈ।

## ਫੌਜੀ ਹਵਾਈ ਅੱਡਿਆਂ ਨੇੜੇ ਅਣਪਛਾਤਿਆਂ ਨੂੰ ਗੋਲੀ ਮਾਰਨ ਦੇ ਹੁਕਮ



**ਨਵੀਂ ਦਿੱਲੀ:** ਭਾਰਤੀ ਫੌਜ ਦੇ ਹਵਾਈ ਅੱਡੇ ਦੇ ਨੇੜੇ ਕਿਸੇ ਵੀ ਅਣਪਛਾਤੇ ਨੂੰ ਦੇਖਦਿਆਂ ਹੀ ਗੋਲੀ ਮਾਰ ਦਿੱਤੀ ਜਾਵੇਗੀ। ਪਠਾਨਕੋਟ ਏਅਰ ਬੇਸ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਸੁਰੱਖਿਆ ਯਕੀਨੀ ਬਣਾਉਣ ਤੇ ਕਿਸੇ ਵੀ ਹੋਰ ਹਮਲੇ ਨੂੰ ਰੋਕਣ ਲਈ ਹਵਾਈ ਫੌਜ ਨੇ ਇਹ ਹੁਕਮ ਜਾਰੀ ਕੀਤਾ ਹੈ।

ਏਅਰਫੋਰਸ ਨੇ ਪੱਛਮੀ ਕਮਾਂਡ ਨੂੰ ਇਹ ਹਾਈ ਅਲਰਟ ਜਾਰੀ ਕੀਤਾ ਹੈ। ਭਾਰਤੀ ਹਵਾਈ ਫੌਜ ਮੁਤਾਬਕ ਪੱਛਮੀ ਕਮਾਂਡ ਅਧੀਨ ਸਾਰੇ ਹਵਾਈ ਸੈਨਾ ਅੱਡਿਆਂ ਲਈ ਹਾਈ ਅਲਰਟ ਜਾਰੀ ਕੀਤਾ ਗਿਆ ਹੈ ਇਸ ਅਲਰਟ ਮੁਤਾਬਕ ਏਅਰ ਬੇਸ 'ਚ ਬਿਨਾਂ ਇਜਾਜ਼ਤ ਦਾਖਲ ਹੋਣ ਜਾਂ ਫਿਰ ਕੋਈ ਵੀ ਸ਼ੱਕੀ ਗਤੀਵਿਧੀ ਨੂੰ ਅੰਜਾਮ ਦਿੰਦੇ ਨਜ਼ਰ ਆਉਣ ਵਾਲੇ ਵਿਅਕਤੀ ਨੂੰ ਦੇਖਦਿਆਂ ਹੀ ਗੋਲੀ ਮਾਰ ਦਿੱਤੀ ਜਾਵੇਗੀ।

ਏਅਰਫੋਰਸ ਨੇ ਹਵਾਈ ਅੱਡਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਰਕਾਰ ਨੂੰ ਕਿਹਾ ਹੈ ਕਿ ਹਵਾਈ ਅੱਡਿਆਂ ਦੇ 100 ਮੀਟਰ ਦੇ ਘੇਰੇ ਦੇ ਅੰਦਰ ਤੇ ਹਵਾਈ ਫੌਜ ਦੇ ਅਸਲਾ ਡਿਪੂ ਦੇ 900 ਮੀਟਰ ਦੇ ਦਾਇਰੇ ਅੰਦਰ ਕਿਸੇ ਕਿਸਮ ਦੀ ਉਸਾਰੀ 'ਤੇ ਮੁਕੰਮਲ ਰੋਕ ਲਗਾਈ ਜਾਵੇ। ਜਾਣਕਾਰੀ ਮੁਤਾਬਕ ਦੇਸ਼ 'ਚ ਮੁੜ ਪਠਾਨਕੋਟ ਵਰਗੇ ਹਮਲੇ ਨੂੰ ਰੋਕਣ ਲਈ ਹਵਾਈ ਫੌਜ ਦੀ ਪੱਛਮੀ ਕਮਾਂਡ ਅਧੀਨ 54 ਹਵਾਈ ਅੱਡਿਆਂ ਦੀ ਸੁਰੱਖਿਆ ਪ੍ਰਬੰਧਾਂ ਲਈ 8000 ਕਰੋੜ ਰੁਪਏ ਖਰਚ ਕੀਤੇ ਜਾਣਗੇ।

### ਪਠਾਨਕੋਟ ਵਿਚ ਆਈ.ਐਸ.ਆਈ. ਦਾ ਜਾਲ

**ਪਠਾਨਕੋਟ:** ਪਠਾਨਕੋਟ ਵਿਚੋਂ ਗ੍ਰਿਫਤਾਰ ਕੀਤੇ ਗਏ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਜਾਸੂਸ ਨੂੰ ਅਦਾਲਤ ਨੇ ਸੱਤ ਦਿਨ ਦੇ ਪੁਲਿਸ ਰਿਮਾਂਡ ਉਤੇ ਭੇਜ ਦਿੱਤਾ ਹੈ। ਗ੍ਰਿਫਤਾਰ ਕੀਤੇ ਗਏ ਨੌਜਵਾਨ ਦੀ ਪਛਾਣ ਇਰਸ਼ਾਦ ਅਹਿਮਦ ਵਾਸੀ, ਪਿੰਡ ਹਾਰੀ ਜ਼ਿਲ੍ਹਾ ਪੁਣਛ (ਜੰਮੂ-ਕਸ਼ਮੀਰ) ਵਜੋਂ ਹੋਈ ਤੇ ਉਹ ਕਸ਼ਮੀਰ ਦਾ ਰਹਿਣ ਵਾਲਾ ਹੈ। ਪੁਲਿਸ ਅਨੁਸਾਰ ਨੌਜਵਾਨ ਪਠਾਨਕੋਟ ਵਿਚ ਮਮੂਨ ਦੀ ਫੌਜੀ ਛਾਉਣੀ ਵਿਚ ਟੈਲੀਫੋਨ ਦੀਆਂ ਤਾਰਾਂ ਪਾਉਣ ਵਾਲੀ ਲੇਬਰ ਵਜੋਂ ਕੰਮ ਕਰਦਾ ਸੀ। ਪੁਲਿਸ ਨੇ ਉਸ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਸੀ ਜਦੋਂ ਉਹ ਫੌਜੀ ਛਾਉਣੀ ਦੀਆਂ ਤਸਵੀਰਾਂ ਖਿੱਚ ਰਿਹਾ ਸੀ। ਪੁਲਿਸ ਅਨੁਸਾਰ ਗ੍ਰਿਫਤਾਰ ਕੀਤੇ ਗਏ ਨੌਜਵਾਨ ਦੀ ਮਾਸੀ ਦਾ ਲੜਕਾ ਵੀ ਆਈ.ਐਸ.ਆਈ. ਦਾ ਏਜੰਟ ਹੈ। ਉਸ ਨੂੰ ਪੁਲਿਸ ਗ੍ਰਿਫਤਾਰ ਕਰ ਚੁੱਕੀ ਹੈ। ਸੁਰੱਖਿਆ ਏਜੰਸੀਆਂ ਇਰਸ਼ਾਦ ਤੋਂ ਪੁੱਛਗਿਛ ਕਰ ਰਹੀਆਂ ਹਨ। ਇਰਸ਼ਾਦ ਦੂਜੀ ਵਾਰ ਪਠਾਨਕੋਟ ਆਇਆ ਸੀ, ਇਸ ਤੋਂ ਪਹਿਲਾਂ ਉਹ ਆਪਣੇ ਮਾਸੀ ਦੇ ਲੜਕੇ ਨਾਲ ਪਿਛਲੇ ਸਾਲ ਸਾਲ ਜੂਨ-ਜੁਲਾਈ ਵਿਚ ਇਸ ਇਲਾਕੇ ਵਿਚ ਆ ਕੇ ਗਿਆ ਸੀ।

## ਆਈ.ਐਸ. ਵੱਲੋਂ ਬਿੱਟਾ ਨੂੰ ਧਮਕੀ

**ਨਵੀਂ ਦਿੱਲੀ:** ਅਤਿਵਾਦ ਵਿਰੋਧੀ ਫਰੰਟ ਦੇ ਚੇਅਰਮੈਨ ਐਮ.ਐਸ. ਬਿੱਟਾ ਨੂੰ ਆਈ.ਐਸ. ਵੱਲੋਂ ਇਕ ਧਮਕੀ ਭਰੀ ਚਿੱਠੀ ਮਿਲਣ 'ਤੇ ਦਿੱਲੀ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਚਿੱਠੀ ਆਈ.ਐਸ. ਦੀ ਜੰਮੂ-ਕਸ਼ਮੀਰ ਦੀ ਯੂਨਿਟ ਵੱਲੋਂ ਤਲਕਟੋਰਾ ਸਥਿਤ ਬਿੱਟਾ ਦੇ ਘਰ ਭੇਜੀ ਗਈ ਜਿਸ 'ਤੇ ਉਨ੍ਹਾਂ ਨੇ ਉਤਰੀ ਐਵੇਨਿਊ ਪੁਲਿਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਈ ਹੈ।



ਬਿੱਟਾ ਦੇ ਨਿੱਜੀ ਸਕੱਤਰ ਅਨੁਸਾਰ ਇਸ ਚਿੱਠੀ ਰਾਹੀਂ ਬਿੱਟਾ ਤੋਂ ਬਿਨਾ ਵਿਨੋਦ ਭਾਰਦਵਾਜ, ਫਰੰਟ ਦੇ ਰਾਸ਼ਟਰੀ ਜਨਰਲ ਸਕੱਤਰ ਤੇ ਹੋਰ ਮੈਂਬਰਾਂ ਨੂੰ ਵੀ ਧਮਕੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਭਾਜਪਾ ਨੇਤਾ ਮੁਖਤਾਰ ਅੱਬਾਸ ਨਕਵੀ ਤੇ ਸ਼ਾਹਨਵਾਜ਼ ਨੂੰ ਵੀ ਆਈ.ਐਸ. ਵੱਲੋਂ ਧਮਕੀ ਭਰੀਆਂ ਚਿੱਠੀਆਂ ਮਿਲੀਆਂ ਸਨ।

## ਆਸਟਰੇਲੀਆ ਵਿਚ ਦੌੜਨਗੀਆਂ ਭਾਰਤ ਵਿਚ ਬਣੀਆਂ ਰੇਲਾਂ

**ਸਿਡਨੀ:** ਭਾਰਤ ਵਿਚ ਬਣੀਆਂ ਰੇਲ ਗੱਡੀਆਂ ਹੁਣ ਆਸਟਰੇਲੀਆ ਵਿਚ ਦੌੜਨਗੀਆਂ। ਭਾਰਤੀ ਕਾਮਿਆਂ ਨੇ ਆਸਟਰੇਲੀਆ ਲਈ ਛੇ ਨਵੇਂ ਮੈਟਰੋ ਰੇਲ ਕੋਚ ਬਣਾਏ ਹਨ। ਇਨ੍ਹਾਂ ਡੱਬਿਆਂ ਦੀ ਪਹਿਲੀ ਖੇਪ ਆਸਟਰੇਲੀਆ ਨੂੰ ਸ਼ਿਪਿੰਗ ਰਾਹੀਂ ਜਲਦੀ ਰਵਾਨਾ ਹੋਣ ਜਾ ਰਹੀ ਹੈ। ਭਾਰਤ ਵਿਚ ਬਣੇ ਇਨ੍ਹਾਂ ਮੈਟਰੋ ਕੋਚਾਂ ਵਿਚ ਬੈਠਣ ਲਈ ਇਥੇ ਵਸਦਾ ਭਾਰਤੀ ਭਾਈਚਾਰਾ ਉਤਾਵਲਾ ਹੈ। ਦੱਸਣਯੋਗ ਹੈ ਕਿ ਆਸਟਰੇਲੀਆ ਵੱਲੋਂ ਰੇਲ ਨਿਰਮਾਣ ਦਾ ਕੰਮ ਪਹਿਲਾਂ ਚੀਨ ਨੂੰ ਦਿੱਤਾ ਜਾਂਦਾ ਸੀ। ਆਸਟਰੇਲੀਆ ਦੇ ਦੋ ਪ੍ਰਮੁੱਖ ਸੂਬਿਆਂ ਨਿਊ ਸਾਊਥ ਵੇਲਜ਼ ਤੇ ਕੁਈਨਜ਼ਲੈਂਡ ਨੇ ਮੈਟਰੋ ਰੇਲ ਕੋਚਾਂ ਦਾ ਨਿਰਮਾਣ ਕਾਰਜ ਭਾਰਤ ਨੂੰ ਦਿੱਤਾ ਹੈ।

ਸੂਬਾ ਨਿਊ ਸਾਊਥ ਵੇਲਜ਼ ਨੇ ਭਾਰਤ ਨਾਲ 3.7 ਅਰਬ ਡਾਲਰ ਦਾ ਸਾਲ 2019 ਤੱਕ ਆਧੁਨਿਕ ਸਹੂਲਤਾਂ ਵਾਲੇ ਰੇਲ ਮੈਟਰੋ ਕੋਚ ਖਰੀਦਣ ਲਈ ਸਮਝੌਤਾ ਕੀਤਾ ਹੈ ਜਦੋਂ ਕਿ ਕੁਈਨਜ਼ਲੈਂਡ ਰਾਜ ਨੇ 4.1 ਅਰਬ ਦਾ ਰੇਲ ਨਵਨਿਰਮਾਣ ਸਮਝੌਤਾ ਕੀਤਾ ਹੈ। ਇਸ ਅਨੁਸਾਰ ਆਧੁਨਿਕ ਤਕਨੀਕ ਨਾਲ ਮੁਢਲੇ ਤੌਰ 'ਤੇ 75 ਨਵੀਆਂ ਰੇਲ ਗੱਡੀਆਂ ਭਾਰਤ ਤੋਂ ਬਣ ਕੇ ਆਉਣੀਆਂ ਹਨ। ਇਨ੍ਹਾਂ ਦੇ ਪ੍ਰਤੀ ਰੇਲ 6 ਮੈਟਰੋ ਕੋਚ ਹੋਣਗੇ।

ਭਾਰਤ ਨੇ ਅਜਿਹੇ 450 ਮੈਟਰੋ ਕੋਚਾਂ ਦੀ ਸਪਲਾਈ ਆਸਟਰੇਲੀਆ ਨੂੰ ਦੇਣੀ ਹੈ। ਜਾਣਕਾਰੀ ਅਨੁਸਾਰ ਆਸਟਰੇਲੀਆ ਨੂੰ ਪ੍ਰਤੀ ਰੇਲ ਗੱਡੀ 13.7 ਮਿਲੀਅਨ ਡਾਲਰ ਦੀ ਪਵੇਗੀ ਜਦੋਂ ਕਿ ਇਸੇ ਰੇਲ ਦਾ ਨਿਰਮਾਣ ਆਸਟਰੇਲੀਆ ਵਿਚ ਹੋਣ ਉੱਤੇ ਤਕਰੀਬਨ 25 ਮਿਲੀਅਨ ਦੀ ਲਾਗਤ ਆਉਣ ਦਾ ਅਨੁਮਾਨ ਸੀ।

ਆਸਟਰੇਲੀਆ ਨੂੰ ਭਾਰਤ ਤੋਂ ਸਪਲਾਈ ਹੋਣ ਵਾਲੀਆਂ ਰੇਲ ਗੱਡੀਆਂ ਦਾ ਨਿਰਮਾਣ ਕਾਰਜ ਚੇਨੱਈ ਤੇ ਬੜੌਦਾ ਵਿਚ ਹੋ ਰਿਹਾ ਹੈ। ਭਾਰਤ-ਆਸਟਰੇਲੀਆ ਰਣਨੀਤਕ ਭਾਈਵਾਲੀ ਦੇ ਚੇਅਰਮੈਨ ਡਾ. ਜਗਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਦੋਵਾਂ ਦੇਸ਼ਾਂ 'ਚ ਆਪਸੀ ਵਪਾਰ ਤੇ ਭਾਈਚਾਰਕ ਮਿਲਵਰਤਣ ਦੇ ਸੰਦਰਭ ਵਿਚ ਹੀ ਮੌਜੂਦਾ ਰੇਲ ਵਪਾਰਕ ਸਮਝੌਤਾ ਹੈ।

## ਨਵੰਬਰ 1984: ਫੂਲਕਾ ਵਲੋਂ ਅਕਾਲੀਆਂ ਨੂੰ ਘੇਰਾ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਅਦਾਲਤੀ ਗੇੜਾਂ ਵਿਚ ਫਸੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਸੀ.ਬੀ.ਆਈ. ਵੱਲੋਂ ਕਲੀਨ ਚਿੱਟ ਦਿੱਤੇ ਜਾਣ ਤੇ ਹੁਣ ਸੀ.ਬੀ.ਆਈ .ਵੱਲੋਂ ਹੀ ਅਦਾਲਤ ਵਿਚ ਜਾਂਚ ਨਾਲ ਸਬੰਧਤ ਰਿਪੋਰਟ ਪੇਸ਼ ਕਰਨ ਵਿਚ ਕੀਤੀ ਜਾ ਰਹੀ ਦੇਰੀ ਉਤੇ ਸਿੱਖ ਸਿਆਸਤ ਗਰਮਾ ਗਈ ਹੈ। ਆਮ ਆਦਮੀ ਪਾਰਟੀ ਦੇ ਆਗੂ ਤੇ ਸੀਨੀਅਰ ਵਕੀਲ ਐਚ. ਐਸ. ਫੂਲਕਾ ਵੱਲੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਖਿਲਾਫ਼ ਨਵੰਬਰ '84 ਦੇ ਸਿੱਖ ਕਤਲੇਆਮ ਦੇ ਹਵਾਲੇ ਨਾਲ ਸਿਆਸੀ ਹੱਲੇ ਕੀਤੇ ਜਾ ਰਹੇ ਹਨ ਜਿਸ ਤੋਂ ਦਿੱਲੀ ਦੇ ਅਕਾਲੀ ਆਗੂ ਖਫ਼ਾ ਹਨ।

ਸ. ਫੂਲਕਾ ਵੱਲੋਂ ਆਪਣੇ ਬਿਆਨ ਵਿਚ ਕਿਹਾ ਗਿਆ ਸੀ ਕਿ ਕੜਕੜਡੂਮਾ ਅਦਾਲਤ ਦੇ ਜੱਜ ਦੀ ਬਦਲੀ ਕੀਤੀ ਜਾ ਰਹੀ ਹੈ ਜਿਸ ਕਰਕੇ ਸੀ.ਬੀ.ਆਈ. ਉਸ ਜੱਜ ਅੱਗੇ ਸਥਿਤੀ ਰਿਪੋਰਟ ਨਹੀਂ ਪੇਸ਼ ਕਰਨਾ ਚਾਹੁੰਦੀ ਕਿਉਂਕਿ ਜੱਜ ਨੇ ਸੀ.ਬੀ.ਆਈ. ਦੀ ਢਿੱਲ-ਮੱਠ ਨੂੰ ਦੇਖਦੇ ਹੋਏ ਜਾਂਚ ਏਜੰਸੀ ਦੇ ਉਚ ਅਧਿਕਾਰੀ ਨੂੰ ਅਗਲੀ



ਸੁਣਵਾਈ ਉਤੇ ਤਲਬ ਕਰ ਲਿਆ ਹੈ। ਸ. ਫੂਲਕਾ ਮੁਤਾਬਕ ਸੀ.ਬੀ.ਆਈ. ਵੱਲੋਂ ਵਾਰ-ਵਾਰ ਟਾਈਟਲਰ ਨੂੰ ਕਲੀਨ ਚਿੱਟ ਦਿੱਤੇ ਜਾਣ ਦੇ ਆਧਾਰ ਉਤੇ ਸਾਬਤ ਹੁੰਦਾ ਹੈ ਕਿ ਸੀ.ਬੀ.ਆਈ. ਕਾਂਗਰਸੀ ਆਗੂ ਨੂੰ ਬਚਾਉਣਾ ਚਾਹੁੰਦੀ ਹੈ ਅਤੇ ਹੁਣ ਕੇਂਦਰ ਵਿਚ ਅਕਾਲੀਆਂ ਦੀ ਭਾਈਵਾਲ ਪਾਰਟੀ ਦਾ ਰਾਜ ਹੈ, ਅਜਿਹੇ ਵਿਚ ਵੀ ਕਲੀਨ ਚਿੱਟ ਦੇਣੀ ਸਵਾਲੀਆ ਨਿਸ਼ਾਨ ਲਾਉਂਦੀ ਹੈ। ਸ. ਫੂਲਕਾ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਦਾਲਤ ਵੱਲੋਂ ਆਪਣੇ ਆਦੇਸ਼ਾਂ ਵਿਚ ਉਨ੍ਹਾਂ (ਫੂਲਕਾ) ਦਾ ਦੋ ਵਾਰ ਜ਼ਿਕਰ ਕੀਤਾ ਗਿਆ ਕਿ ਸ੍ਰੀ ਫੂਲਕਾ ਪੀੜਤਾਂ ਵੱਲੋਂ ਪੇਸ਼ ਹੋਏ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਬਾਰੇ ਸ. ਫੂਲਕਾ ਦੇ ਤਿੱਖੇ ਬਿਆਨਾਂ ਤੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਖਾਸੇ ਖਫ਼ਾ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਸ. ਫੂਲਕਾ ਬੀਬੀ ਹਰਸਿਮਰਤ ਕੌਰ ਬਾਦਲ ਦਾ ਅਸਤੀਫ਼ਾ ਤਾਂ ਮੰਗਦੇ ਹਨ ਪਰ ਉਹ ਬਰਗਾੜੀ ਵਿਚ ਭਗਵੰਤ ਮਾਨ ਦੇ ਦਾਰੂ ਪੀ ਕੇ ਭੋਗ ਸਮਾਗਮ ਉਤੇ ਜਾਣ ਬਾਰੇ ਕੁਝ ਨਹੀਂ ਬੋਲ ਰਹੇ।

ਜੱਜ ਦੀ ਬਦਲੀ ਕੀਤੇ ਜਾਣ ਬਾਰੇ ਫੂਲਕਾ ਦੇ ਬਿਆਨ ਬਾਰੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸ. ਫੂਲਕਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦਿੱਲੀ ਦੀਆਂ ਜ਼ਿਲ੍ਹਾ ਅਦਾਲਤਾਂ ਦਿੱਲੀ ਸਰਕਾਰ ਦੇ ਅਧੀਨ ਹਨ ਤੇ ਅਦਾਲਤਾਂ ਵਿਚ ਕਾਰਜਸ਼ੀਲ 137 ਜੱਜਾਂ ਦਾ ਤਬਾਦਲਾ ਦਿੱਲੀ ਹਾਈਕੋਰਟ ਦੇ ਸੀਨੀਅਰ ਜੱਜਾਂ ਦਾ ਪੈਨਲ 'ਰੁਟੀਨ' ਦੇ ਆਧਾਰ 'ਤੇ ਕਰਦਾ ਹੈ।

# ਇਰਾਦਾ ਕਤਲ ਦੇ ਕੇਸ 'ਚ ਲੜਕੀ ਨੂੰ ਸੱਤ ਸਾਲ ਦੀ ਕੈਦ

## *ਇੱਜ਼ਤ ਲੁੱਟਣ ਦੀ ਕੋਸ਼ਿਸ਼ ਕਰਨ ਵਾਲੇ ਲੜਕੇ 'ਤੇ ਕੀਤਾ ਸੀ ਚਾਕੂ ਨਾਲ ਹਮਲਾ*


*ਮਨਪ੍ਰੀਤ ਕੌਰ*

**ਫਤਿਹਗੜ੍ਹ ਸਾਹਿਬ (ਬਿਊਰੋ):** ਪਿੰਡ ਬਦੀਨਪੁਰ ਦੀ ਵਸਨੀਕ ਇਕ ਲੜਕੀ ਮਨਪ੍ਰੀਤ ਕੌਰ ਪੁੱਤਰੀ ਜਗਮੋਹਨ ਸਿੰਘ ਨੂੰ ਇੱਥੋਂ ਦੀ ਇਕ ਅਦਾਲਤ ਨੇ ਇਰਾਦਾ ਕਤਲ ਦੇ ਮੁਕੱਦਮੇ ਦੀ ਸੁਣਵਾਈ ਕਰਦਿਆਂ ਸੱਤ ਸਾਲ ਦੀ ਕੈਦ ਦੀ ਸਜਾ ਸੁਣਾਈ ਹੈ। ਸਜਾ ਸੁਣਾਉਣ ਤੋਂ ਬਾਅਦ ਪੁਲਿਸ ਉਸ ਨੂੰ ਨਾਭਾ ਜੇਲ੍ਹ ਵਿਖੇ ਲੈ ਗਈ। ਮਨਪ੍ਰੀਤ ਕੌਰ ਬੀਏ ਭਾਗ ਪਹਿਲਾ ਦੀ ਵਿਦਿਆਰਥਣ ਹੈ ਅਤੇ ਜਿਸ ਦਿਨ ਉਸ ਨੂੰ ਸਜਾ ਹੋਈ, ਉਸ ਦਿਨ ਉਸ ਦਾ ਪੰਜਾਬੀ ਦਾ ਪਹਿਲਾ ਪੇਪਰ ਸੀ। ਲੜਕੀ ਉਪਰ ਲਗਭਗ ਇਕ ਸਾਲ ਤੋਂ ਇਰਾਦਾ ਕਤਲ ਦਾ ਮੁਕੱਦਮਾ ਚੱਲ ਰਿਹਾ ਸੀ। ਉਸ ਉਪਰ ਉਸ ਦੀ ਇੱਜ਼ਤ ਨੂੰ ਹੱਥ ਪਾਉਣ ਵਾਲੇ ਇਕ ਲੜਕੇ ਉਪਰ ਕਰਦ (ਚਾਕੂ) ਨਾਲ ਹਮਲਾ ਕਰ ਕੇ ਉਸ ਨੂੰ ਜ਼ਖਮੀ ਕਰਨ ਦਾ ਦੋਸ਼ ਲੱਗਾ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਲੜਕੀ ਨਾਭਾ ਜੇਲ੍ਹ ਵਿਚ ਛੇ ਮਹੀਨੇ ਬਿਤਾਉਣ ਉਪਰੰਤ ਬੀਤੀ 23 ਮਈ 2014 ਨੂੰ ਜ਼ਮਾਨਤ ਉਪਰ ਰਿਹਾ ਹੋ ਕੇ ਆਈ ਸੀ। ਉਸ ਨੇ ਆਪਣੀ ਬਾਰ੍ਹਵੀਂ ਦੀ ਪੜ੍ਹਾਈ ਜੇਲ੍ਹ ਵਿਚ ਹੀ ਪੂਰੀ ਕੀਤੀ। ਮਨਪ੍ਰੀਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਪ੍ਰੀਖਿਆ ਦੌਰਾਨ ਜੇਲ੍ਹ ਵਿਚੋਂ ਇਮਤਿਹਾਨ ਦੇ ਕੇ 55% ਅੰਕਾਂ ਨਾਲ ਬਾਰ੍ਹਵੀਂ ਜਮਾਤ ਪਾਸ ਕੀਤੀ ਹੈ।


ਮਨਪ੍ਰੀਤ ਦੇ ਭਰਾ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਅਨੁਸੂਚਿਤ ਜਾਤੀ ਨਾਲ ਸਬੰਧਤ ਰੱਖਦਾ ਹੈ। ਇਸ ਪਰਿਵਾਰ ਵਿਚ ਸੱਤ ਧੀਆਂ ਅਤੇ ਇਕ ਪੁੱਤਰ ਹੈ। ਮਨਪ੍ਰੀਤ ਕੌਰ ਸਭ ਤੋਂ ਛੋਟੀ ਬੇਟੀ ਹੈ। ਪਰਿਵਾਰਕ ਮੈਂਬਰ ਲਾਡ ਨਾਲ ਉਸ ਨੂੰ ਕਾਕਾ ਕਹਿ ਕੇ ਬੁਲਾਉਂਦੇ ਹਨ। 2 ਦਸੰਬਰ 2013 ਦੀ ਮੰਦਭਾਗੀ ਸ਼ਾਮ ਨੂੰ ਜਦੋਂ ਮਨਪ੍ਰੀਤ ਘਰ ਵਿਚ ਇਕੱਲੀ ਸੀ ਤਾਂ ਗੁਰਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਤਲਵਾੜਾ ਥਾਣਾ ਫਤਿਹਗੜ੍ਹ ਸਾਹਿਬ ਹਾਲ ਆਬਾਦ ਬਦੀਨਪੁਰ (ਗੋਬਿੰਦਗੜ੍ਹ) ਨੇ ਉਨ੍ਹਾਂ ਦੇ ਘਰ ਆ ਕੇ ਛੇੜਛਾੜ ਮਗਰੋਂ ਉਸ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਆਪਣੀ ਇੱਜ਼ਤ ਬਚਾਉਣ ਲਈ ਸਬਜ਼ੀ ਕੱਟਣ ਵਾਲੀ ਕਰਦ (ਚਾਕੂ) ਲੜਕੇ ਦੀ ਬਾਂਹ ਉਪਰ ਮਾਰਨੀ ਚਾਹੀ ਪਰ ਕਰਦ ਉਸ ਦੇ ਢਿੱਡ ਵਿਚ ਜਾ ਲੱਗੀ। ਉਨ੍ਹਾਂ ਪੁਲਿਸ ਨੂੰ ਸੂਚਿਤ ਕਰ ਦਿੱਤਾ ਕੀਤਾ ਪਰ ਪੁਲਿਸ ਨੇ ਉਨ੍ਹਾਂ ਦੀ ਮਦਦ ਕਰਨ ਦੀ ਬਜਾਏ ਉਲਟਾ ਉਸ ਦੀ ਭੈਣ ਉਪਰ ਹੀ ਧਾਰਾ 307 ਆਈ.ਪੀ.ਸੀ. ਅਧੀਨ ਮੁਕੱਦਮਾ ਦਰਜ ਕਰ ਦਿੱਤਾ। ਮੁਲਜ਼ਿਮ ਪਿੰਡ ਦੇ ਅਮੀਰ ਘਰਾਣੇ ਤੋਂ ਹੈ ਇਸ ਲਈ ਪੁਲਿਸ ਦੇ ਕੁਝ ਅਫ਼ਸਰ ਉਸ ਨੂੰ ਬਚਾਉਣ ਦੀ ਜੀਅ ਤੋੜ ਕੋਸ਼ਿਸ਼ ਕੀਤੀ ਹੈ। ਅਦਾਲਤ ਨੇ ਲੜਕੇ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ।

# ਚੰਡੀਗੜ੍ਹ 'ਚ ਲਾਗੂ ਹੋਏਗਾ ਕੇਜਰੀਵਾਲ ਦਾ ਫਾਰਮੂਲਾ?

**ਚੰਡੀਗੜ੍ਹ:** ਚੰਡੀਗੜ੍ਹ ਵਿਚ ਵੀ ਦਿੱਲੀ ਦੀ ਤਰਜ਼ 'ਤੇ ਔਡ-ਈਵਨ ਕਾਰ ਫਾਰਮੂਲਾ ਲਾਗੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਵਿਜੇ ਕੁਮਾਰ ਦੇਵ ਨੇ ਇਸ ਲਈ ਟਰਾਂਸਪੋਰਟ ਵਿਭਾਗ ਨੂੰ ਟਰੈਫਿਕ ਪੁਲਿਸ ਨਾਲ ਮਿਲ ਕੇ ਕੰਮ ਕਰਨ ਦੇ ਆਦੇਸ਼ ਦਿੱਤੇ ਹਨ।

ਪ੍ਰਸ਼ਾਸਕ ਨੇ ਇਸ ਮੁੱਦੇ ਉਤੇ ਆਮ ਲੋਕਾਂ ਤੋਂ ਵੀ ਸੁਝਾਅ ਮੰਗੇ ਹਨ। ਹਾਲਾਂਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਹ ਤੈਅ ਨਹੀਂ ਕੀਤਾ ਗਿਆ ਕਿ ਇਸ ਫਾਰਮੂਲੇ ਨੂੰ ਕਦੋਂ ਤੱਕ ਲਾਗੂ ਕੀਤਾ ਜਾਵੇਗਾ। ਫਿਲਹਾਲ ਤਜਵੀਜ਼ ਟਰਾਂਸਪੋਰਟ ਵਿਭਾਗ ਤੇ ਟਰੈਫਿਕ ਪੁਲਿਸ ਨੂੰ ਭੇਜੀ ਗਈ ਹੈ। ਦਿੱਲੀ ਵਿਚ ਵਧਦੇ ਪ੍ਰਦੂਸ਼ਣ ਕਾਰਨ ਔਡ-ਈਵਨ ਕਾਰ ਫਾਰਮੂਲਾ 15 ਦਿਨਾਂ ਲਈ ਲਾਗੂ ਕੀਤਾ ਗਿਆ ਸੀ। ਇਸ ਦੀ ਉਲੰਘਣਾ ਕਰਨ ਵਾਲੇ ਨੂੰ 2000 ਰੁਪਏ ਦਾ ਜੁਰਮਾਨਾ ਵੀ ਰੱਖਿਆ ਗਿਆ ਸੀ।

# ਕਾਂਗਰਸ ਆਗੂ ਬਲਰਾਮ ਜਾਖੜ ਦਾ ਦੇਹਾਂਤ



**ਨਵੀਂ ਦਿੱਲੀ:** ਕਾਂਗਰਸ ਦੇ ਬਜ਼ੁਰਗ ਨੇਤਾ ਤੇ ਲੋਕ ਸਭਾ ਦੇ ਸਾਬਕਾ ਸਪੀਕਰ ਬਲਰਾਮ ਜਾਖੜ ਦਾ ਦੇਹਾਂਤ ਹੋ ਗਿਆ। ਉਹ 92 ਸਾਲਾਂ ਦੇ ਸਨ। ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਸੁਨੀਲ ਜਾਖੜ ਦੇ ਪਿਤਾ ਬਲਰਾਮ ਜਾਖੜ 1980 ਤੋਂ 1989 ਤੱਕ ਲੋਕ ਸਭਾ ਦੇ ਸਪੀਕਰ ਰਹੇ ਤੇ ਉਨ੍ਹਾਂ ਨੇ ਸੰਸਦ ਦੇ ਅਜਾਇਬਘਰ ਦੀ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਹ ਸਾਬਕਾ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਦੇ ਮੰਤਰੀ ਮੰਡਲ ਵਿਚ ਖੇਤੀਬਾੜੀ ਮੰਤਰੀ ਤੇ 30 ਜੂਨ 2004 ਤੋਂ 2009 ਤੱਕ ਮੱਧ ਪ੍ਰਦੇਸ਼ ਦੇ ਰਾਜਪਾਲ ਰਹੇ। ਉਹ 1973 ਤੋਂ 1977 ਤੱਕ ਪੰਜਾਬ ਦੇ ਨਿਗਮ, ਸਿੰਜਾਈ ਤੇ ਊਰਜਾ ਮੰਤਰੀ ਰਹੇ ਤੇ ਇਸ ਤੋਂ ਬਾਅਦ 1977 ਤੋਂ 1979 ਤੱਕ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਵਜੋਂ ਸਰਗਰਮ ਰਹੇ।

ਸ੍ਰੀ ਜਾਖੜ 1980 ਵਿਚ ਪਹਿਲੀ ਵਾਰ ਸਤਵੀਂ ਲੋਕ ਸਭਾ ਲਈ ਚੁਣੇ ਗਏ। ਇਸ ਤੋਂ ਬਾਅਦ 1984, 1991 ਅਤੇ 1998 ਵਿਚ ਵੀ ਸੰਸਦ ਦੇ ਮੈਂਬਰ ਬਣੇ। 1980-89 ਤੱਕ ਉਹ ਲੋਕ ਸਭਾ ਦੇ ਸਪੀਕਰ ਰਹੇ। ਇਸ ਦੌਰਾਨ ਉਨ੍ਹਾਂ ਨੇ ਸੰਸਦ ਦੇ ਕੰਮਾਂ ਦੇ ਕੰਪਿਊਟਰਕਰਨ ਵਿਚ ਅਹਿਮ ਯੋਗਦਾਨ ਦਿੱਤਾ। ਉਹ ਸੰਸਦ ਦੀਆਂ ਕਈ ਕਮੇਟੀਆਂ ਦੇ ਮੈਂਬਰ ਵੀ ਰਹੇ। 1990 ਵਿਚ ਸ੍ਰੀ ਜਾਖੜ ਕੁਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਬਣੇ ਤੇ 1992 ਵਿਚ ਕਾਂਗਰਸ ਕਾਰਜਕਾਰਨੀ ਦੇ ਮੈਂਬਰ ਬਣੇ।


**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**


*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200
Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



**Desi Insurance Services**

*We serve all over California*

**Auto, Home, Life, Business, Workers Comp.**

**See how much you can save Get a free Auto or Home insurance quote online or call (408) 771-2438 to speak with an agent today.**

***Choose an option and fill out the form for a chance to win a 40'' TV!***
***Compare Auto Insurance & Home Insurance Quotes Online***

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

**ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ**


Satwant Singh, CLCS, MBA
*(CA Lic # 0H11256)*

**Now we have 3 locations:**

**San Jose**
2774 Aborn Road
San Jose, CA 95121

**Sunnyvale**
830 Stewart Dr Ste #126
Sunnyvale, CA 94085

**Fremont**
44790 S Grimmer Blvd,
Fremont, CA 94538

**Call today for your FREE, no-obligation quote:**
**1-408-771-2438**
satwant@satwantins.com
www.satwantins.com



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**

ਪੰਜਾਬ ਟਾਈਮਜ਼

*ਸਨਿਚਰਵਾਰ, 13 ਫਰਵਰੀ 2016*

## ਦਹਿਸ਼ਤ, ਸਿਆਸਤ ਅਤੇ ਆਵਾਮ

ਮੁੰਬਈ ਦੇ ਹਮਲਿਆਂ ਬਾਰੇ ਡੇਵਿਡ ਹੈਡਲੀ ਦੇ ਖੁਲਾਸਿਆਂ ਨਾਲ ਭਾਰਤ ਸਰਕਾਰ ਬਾਗੋ-ਬਾਗ ਹੈ। ਇਨ੍ਹਾਂ ਖੁਲਾਸਿਆਂ ਵਿਚ ਹਾਲਾਂਕਿ ਕੁਝ ਵੀ ਨਵਾਂ ਨਹੀਂ ਹੈ, ਇਹ ਤੱਥ ਪਹਿਲਾਂ ਵੀ ਬਹਿਸਾਂ ਦੌਰਾਨ ਵਿਚਾਰੇ ਜਾਂਦੇ ਰਹੇ ਹਨ ਅਤੇ ਮੀਡੀਆ ਰਿਪੋਰਟਾਂ ਦਾ ਅਕਸਰ ਹਿੱਸਾ ਬਣਦੇ ਰਹੇ ਹਨ, ਪਰ ਹੁਣ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਕੋਲ ਪੇਸ਼ ਕੀਤੇ ਜਾਣ ਵਾਲਾ ਡੋਜ਼ੀਅਰ ਰਤਾ ਕੁ ਭਾਰਾ ਹੋ ਜਾਵੇਗਾ। ਇਸ ਡੋਜ਼ੀਅਰ ਵਿਚ ਪਾਕਿਸਤਾਨ ਵੱਲੋਂ ਦਹਿਸ਼ਤੀ ਜਥੇਬੰਦੀਆਂ ਨੂੰ ਦਿੱਤੀ ਜਾਂਦੀ ਮਦਦ ਦੇ ਵੇਰਵੇ ਸ਼ਾਮਲ ਕੀਤੇ ਜਾਂਦੇ ਹਨ ਅਤੇ ਇਹ ਡੋਜ਼ੀਅਰ ਵਾਰ-ਵਾਰ ਸਿਆਸਤ ਖੇਡੇ ਜਾਣ ਵਾਲਾ ਪੁਰਜਾ ਵੀ ਬਣਦਾ ਰਿਹਾ ਹੈ। ਉਂਜ, ਇਨ੍ਹਾਂ ਖੁਲਾਸਿਆਂ ਨਾਲ ਇਕ ਤੱਥ ਇਕ ਵਾਰ ਫਿਰ ਸਪਸ਼ਟ ਹੋ ਗਿਆ ਹੈ ਕਿ ਰਾਜਕੀ ਅਤੇ ਗੈਰ-ਰਾਜਕੀ ਤਾਕਤਾਂ ਆਪੋ-ਆਪਣੀ ਸਿਆਸਤ ਦੇ ਹਿਸਾਬ, ਕਿਸ ਤਰ੍ਹਾਂ ਦਹਿਸ਼ਤ ਤੇ ਹਿੰਸਾ ਨੂੰ ਪੱਠੇ ਪਾਉਂਦੀਆਂ ਹਨ ਅਤੇ ਫਿਰ ਕਿਸ ਤਰ੍ਹਾਂ ਬੇਕਸੂਰ ਆਵਾਮ ਇਸ ਦਲ-ਦਲ ਵਿਚ ਧਸਦਾ ਚਲਿਆ ਜਾਂਦਾ ਹੈ ਤੇ ਸਭ ਤੋਂ ਵੱਧ ਖਮਿਆਜਾ ਭੁਗਤਦਾ ਹੈ। ਹੈਡਲੀ ਦੇ ਖੁਲਾਸਿਆਂ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਅਮਰੀਕਾ ਨੇ ਇਸ ਮਾਮਲੇ 'ਤੇ ਭਾਰਤ ਨੂੰ ਹਰ ਸੰਭਵ ਮਦਦ ਦੇਣ ਦਾ ਵਾਅਦਾ ਕੀਤਾ ਹੈ ਅਤੇ ਕਿਹਾ ਹੈ ਕਿ ਅਤਿਵਾਦ ਖਿਲਾਫ ਲੜਾਈ ਲਈ ਕੋਈ ਮੋਰਚਾ ਖਾਲੀ ਨਹੀਂ ਛੱਡਿਆ ਜਾਣਾ ਚਾਹੀਦਾ। ਇਹ ਗੱਲ ਹੈ ਵੀ ਠੀਕ, ਕਿਉਂਕਿ ਕਈ ਕਾਰਨਾਂ ਕਰ ਕੇ ਅਤਿਵਾਦ ਉਜਾੜੇ ਦੇ ਦੂਜੇ ਰੂਪ ਵਜੋਂ ਸਾਹਮਣੇ ਆਇਆ ਹੈ ਅਤੇ ਕਈ ਥਾਂਈਂ ਤਾਂ ਇਸ ਨੇ ਬਹੁਤ ਕੁਝ ਤਹਿਸ-ਨਹਿਸ ਕਰ ਕੇ ਰੱਖ ਦਿੱਤਾ ਹੈ, ਪਰ ਅੱਜ ਦਾ ਅਹਿਮ ਸਵਾਲ ਅਜਿਹੀ ਕਿਸੇ ਮਦਦ ਜਾਂ ਬਹੁੜੀ ਦਾ ਨਹੀਂ ਹੈ, ਸਗੋਂ ਅਤਿਵਾਦ ਪ੍ਰਤੀ ਪਹੁੰਚ ਦਾ ਹੈ ਕਿ ਇਸ ਨਾਲ ਦੋ ਕਦਮ ਅੱਗੇ ਵਧ ਕੇ ਨਜਿੱਠਣਾ ਕਿਵੇਂ ਹੈ? ਬੱਸ ਇਹੀ ਨੁਕਤਾ ਸਮੁੱਚੀ ਬਹਿਸ ਜਾਂ ਵਿਚਾਰ-ਚਰਚਾ ਵਿਚੋਂ ਨਦਾਰਦ ਰਹਿੰਦਾ ਹੈ। ਇਹ ਹੁਣ ਕੋਈ ਪਰਦੇ ਵਾਲੀ ਗੱਲ ਨਹੀਂ ਕਿ ਅਮਰੀਕਾ ਸੰਸਾਰ ਸਿਆਸਤ 'ਚ ਪੈਂਠ ਖਾਤਰ ਕੁਝ ਮੁਲਕਾਂ ਵਿਚ ਦਹਿਸ਼ਤ ਨੂੰ ਰਾਹ ਦਿੰਦਾ ਰਿਹਾ ਹੈ। ਇਕੱਲਾ ਅਮਰੀਕਾ ਹੀ ਕਿਉਂ, ਹਰ ਮੁਲਕ ਦੀ ਹਕੂਮਤ ਇਸ ਤਰ੍ਹਾਂ ਦੀਆਂ ਮੁਹਿੰਮਾਂ ਖੁਦ ਵਿੱਢਦੀ ਰਹੀ ਹੈ। ਅਜੇ ਇਹ ਬਹਿਸ ਚੱਲ ਹੀ ਰਹੀ ਹੈ ਕਿ ਜੇ ਅਮਰੀਕਾ ਇਰਾਕ ਉਤੇ ਚੜ੍ਹਾਈ ਨਾ ਕਰਦਾ, ਤਾਂ ਇਸਲਾਮਿਕ ਸਟੇਟ ਵਾਲਾ ਭੂਤ ਇਉਂ ਲਹੂ ਦੇ ਖੱਪਰ ਨਾ ਭਰ ਸਕਦਾ। ਇਸੇ ਤਰ੍ਹਾਂ ਜੇ ਅਫਗਾਨਿਸਤਾਨ ਵਿਚ ਰੂਸ ਨੂੰ ਖਦੇੜਨ ਦੀ ਨੀਤੀ ਤਹਿਤ ਉਥੇ ਮੁਜਾਹਿਦੀਨ ਦੀ ਇਮਦਾਦ ਨਾ ਕੀਤੀ ਜਾਂਦੀ ਤਾਂ ਅਲ-ਕਾਇਦਾ ਦੀ ਕਾਇਮੀ ਸੰਭਵ ਨਹੀਂ ਸੀ ਹੋਣੀ। ਤੱਥ ਇਹੀ ਹਨ ਕਿ ਹਕੂਮਤਾਂ ਅਕਸਰ ਹੀ ਆਪਣੀ ਸਿਆਸਤ ਖਾਤਰ ਦਹਿਸ਼ਤ ਦੇ ਜ਼ੋਰ, ਆਵਾਮ ਨੂੰ ਇਉਂ ਬਲਦੀ ਦੇ ਬੁੱਥੇ ਪਾਉਂਦੀਆਂ ਰਹੀਆਂ ਹਨ। ਡੇਵਿਡ ਹੈਡਲੀ ਦੇ ਖੁਲਾਸਿਆਂ ਨੇ ਵੀ ਇਸੇ ਤੱਥ ਦੀ ਪੁਸ਼ਟੀ ਕੀਤੀ ਹੈ। ਇਸ ਮੁੱਦੇ 'ਤੇ ਚਰਚਾ ਕਦੀ ਕਿਤੇ ਚੱਲਦੀ ਹੀ ਨਹੀਂ, ਕਿਉਂਕਿ ਇਸ ਚਰਚਾ ਦੀ ਵਾਗਡੋਰ ਵੀ ਬਹੁਤਾ ਕਰ ਕੇ ਹਕੂਮਤਾਂ ਦੇ ਹੱਥ ਹੀ ਹੁੰਦੀ ਹੈ ਅਤੇ ਹਕੂਮਤਾਂ ਇਸ ਚਰਚਾ ਨੂੰ ਆਪਣੀ ਸਿਆਸਤ ਮੁਤਾਬਕ ਮੋੜਾ ਦੇਣ 'ਚ ਸਦਾ ਕਾਮਯਾਬ ਰਹਿੰਦੀਆਂ ਹਨ।

ਦਹਿਸ਼ਤ ਅਤੇ ਸਿਆਸਤ ਦੀ ਇਸ 'ਜੁਗਲਬੰਦੀ' ਦਾ ਖਮਿਆਜਾ ਸੰਸਾਰ ਦੇ ਹੋਰ ਬਹੁਤ ਸਾਰੇ ਬਾਸ਼ਿੰਦਿਆਂ ਦੇ ਨਾਲ-ਨਾਲ ਪੰਜਾਬੀ ਵੀ ਭੁਗਤ ਚੁੱਕੇ ਹਨ। ਢਾਈ-ਤਿੰਨ ਦਹਾਕੇ ਪਹਿਲਾਂ ਭਾਰਤ ਸਰਕਾਰ ਦੀਆਂ ਗਿਣਤੀਆਂ-ਮਿਣਤੀਆਂ ਅਤੇ ਸੌੜੀ ਸਿਆਸਤ ਨੇ ਪੰਜਾਬ ਨੂੰ ਵੀ ਬਲਦੀ ਦੇ ਬੁੱਥੇ ਪਾਇਆ ਸੀ। ਇਸ ਬਾਰੇ ਇਕ ਵਾਰ ਫਿਰ ਤੋਂ ਚਰਚਾ ਪ੍ਰਸਿੱਧ ਚਿੰਤਕ ਪ੍ਰੋਫੈਸਰ ਰਣਧੀਰ ਸਿੰਘ ਦੇ ਦੇਹਾਂਤ ਨਾਲ ਚੱਲੀ ਹੈ। ਪ੍ਰੋਫੈਸਰ ਰਣਧੀਰ ਸਿੰਘ ਦਾ ਸ਼ੁਮਾਰ ਉਨ੍ਹਾਂ ਚਿੰਤਕਾਂ ਵਿਚ ਹੁੰਦਾ ਹੈ ਜਿਹੜੇ ਆਪਣੀ ਗੱਲ ਕਹਿਣ ਤੋਂ ਕਦੀ ਵੀ ਨਹੀਂ ਝਿਜਕਦੇ, ਭਾਵੇਂ ਕੋਈ ਧਿਰ ਕਿੰਨੀ ਵੀ ਨਾਰਾਜ਼ ਕਿਉਂ ਨਾ ਹੋ ਜਾਵੇ। ਪੰਜਾਬ ਵਿਚ ਦਹਿਸ਼ਤਪਸੰਦੀ ਬਾਰੇ ਉਨ੍ਹਾਂ ਜਿਹੜਾ ਲੇਖ ਤਿੰਨ ਦਹਾਕੇ ਪਹਿਲਾਂ ਲਿਖਿਆ ਸੀ, ਉਸ ਤੋਂ ਉਨ੍ਹਾਂ ਦੀ ਦਿਆਨਤਦਾਰੀ ਉਜਾਗਰ ਹੁੰਦੀ ਹੈ। ਇਸ ਲੇਖ ਵਿਚ ਉਨ੍ਹਾਂ ਦਹਿਸ਼ਤਵਾਦ ਦਾ ਮੁੱਦਾ ਤਾਂ ਉਭਾਰਿਆ ਹੀ, ਨਾਲ ਹੀ ਹਕੂਮਤੀ ਚਾਲਾਂ ਦਾ ਵੀ ਪਰਦਾ ਫਾਸ਼ ਕਰਨ ਦਾ ਯਤਨ ਕੀਤਾ ਸੀ। ਇਹੀ ਨਹੀਂ, ਜੂਝਣ ਵਾਲੀਆਂ ਧਿਰਾਂ ਦੀ ਪਹੁੰਚ ਕੀ ਹੋਵੇ, ਇਸ ਬਾਰੇ ਵੀ ਰਾਹ-ਦਸੇਰਾ ਬਣਨ ਦੀ ਚਾਰਾਜੋਈ ਕੀਤੀ ਸੀ। ਇਸ ਪ੍ਰਸੰਗ ਵਿਚ ਉਨ੍ਹਾਂ ਵੱਲੋਂ ਸਾਹਮਣੇ ਲਿਆਂਦਾ ਇਹ ਨੁਕਤਾ ਬਹੁਤ ਅਹਿਮ ਹੈ ਕਿ ਦਹਿਸ਼ਤਪਸੰਦੀ ਖਿਲਾਫ ਲੜਾਈ, ਹਕੂਮਤ ਵਾਲੇ ਦਾਈਏ ਤੋਂ ਕਿਉਂ ਲੜੀ ਜਾਵੇ? ਇਹੀ ਉਹ ਨੁਕਤਾ ਹੈ ਜਿਸ ਨੂੰ ਹਕੂਮਤਾਂ ਆਮ ਕਰ ਕੇ ਲੁਕੋ ਕੇ ਰੱਖਦੀਆਂ ਹਨ ਅਤੇ ਪਿੜ ਵਿਚ ਜੂਝਣ ਦਾ ਦਾਅਵਾ ਕਰ ਰਹੀਆਂ ਧਿਰਾਂ ਧਿਆਨ ਹੀ ਨਹੀਂ ਦਿੰਦੀਆਂ। ਭਾਰਤੀ ਹਕੂਮਤਾਂ ਨੇ ਏਕਤਾ ਅਤੇ ਅਖੰਡਤਾ ਦੇ ਨਾਂ ਉਤੇ ਹੁਣ ਤੱਕ ਬੜੀ ਸਿਆਸਤ ਕੀਤੀ ਹੈ ਅਤੇ ਪ੍ਰੋਫੈਸਰ ਰਣਧੀਰ ਸਿੰਘ ਇਸ ਪ੍ਰਤੀ ਖਬਰਦਾਰ ਕਰਦਿਆਂ ਕਹਿੰਦੇ ਹਨ ਕਿ ਇਸ ਬਾਰੇ ਅਪਣਾਈ ਜਾਣ ਵਾਲੀ ਪਹੁੰਚ ਅੰਨ੍ਹੀ ਦੇਸ਼ ਭਗਤੀ ਦੇ ਵਹਿਣ ਵਾਲੀ ਨਹੀਂ ਹੋਣੀ ਚਾਹੀਦੀ, ਸਗੋਂ ਇਨਕਲਾਬੀ ਪੈਂਤੜੇ ਵਾਲੀ ਹੋਣੀ ਚਾਹੀਦੀ ਹੈ। ਅਤਿਵਾਦ ਨੂੰ ਹਕੂਮਤੀ ਨੀਤੀਆਂ ਦੀ ਪੈਦਾਇਸ਼ ਕਰਾਰ ਦਿੰਦਿਆਂ ਉਹ ਸਪਸ਼ਟ ਕਰਦੇ ਹਨ ਕਿ ਇਨ੍ਹਾਂ ਨੀਤੀਆਂ ਖਿਲਾਫ ਲੜਾਈ ਹੀ ਨਵੀਂ ਸਿਆਸਤ ਅਤੇ ਸਮਾਜ-ਸਿਰਜਣਾ ਦੇ ਬੂਹੇ ਖੋਲ੍ਹੇਗੀ। ਪ੍ਰੋਫੈਸਰ ਰਣਧੀਰ ਸਿੰਘ ਦੇ ਇਨ੍ਹਾਂ ਵਿਚਾਰਾਂ ਨੂੰ ਜੇ ਸੰਸਾਰ ਸਿਆਸਤ ਦੇ ਪ੍ਰਸੰਗ ਵਿਚ ਵਿਚਾਰਿਆ ਜਾਵੇ ਤਾਂ ਇਹੀ ਸਿੱਟਾ ਨਿਕਲਦਾ ਹੈ ਕਿ ਅਤਿਵਾਦ ਬਾਰੇ ਹਕੂਮਤੀ ਵਿਆਖਿਆ ਤੱਜ ਕੇ ਵੱਖਰਾ ਰਾਹ ਅਖਤਿਆਰ ਕਰਨਾ ਪਵੇਗਾ। ਇਸੇ ਕਰ ਕੇ ਹੀ ਉਹ ਹਰ ਸੰਘਰਸ਼ ਨੂੰ ਉਸ ਸੰਘਰਸ਼ ਦਾ ਹਿੱਸਾ ਬਣਾਉਣਾ ਲੋਚਦੇ ਹਨ ਜੋ ਹਾਕਮ ਜਮਾਤਾਂ ਦੀਆਂ ਨੀਤੀਆਂ ਨੂੰ ਸਿੱਧਿਆਂ ਟੱਕਰਨ ਵੱਲ ਵਧ ਰਿਹਾ ਹੋਵੇ। ਇਸ ਲਈ ਅਤਿਵਾਦ ਵਿਰੁਧ ਲੜਾਈ ਹਰ ਹੀਲੇ ਤੇ ਹਰ ਹਾਲ ਲੜਨੀ ਤਾਂ ਬਣਦੀ ਹੈ, ਪਰ ਇਸ ਪ੍ਰਸੰਗ ਵਿਚ ਇਹ ਖਿਆਲ ਰੱਖਣਾ ਜ਼ਰੂਰੀ ਹੈ ਕਿ ਲੜਾਈ ਹਾਕਮਾਂ ਦੇ ਪੈਂਤੜੇ ਤੋਂ ਨਹੀਂ, ਆਵਾਮ ਦੇ ਪੈਂਤੜੇ ਤੋਂ ਲੜੀ ਜਾਵੇ। ਸਿਰਫ ਇਹੀ ਪੈਂਤੜਾ ਹੀ ਸੰਸਾਰ ਦੇ ਹਰ ਖਿੱਤੇ ਨੂੰ ਜਿਉਣ ਜੋਗੀ ਥਾਂ ਬਣਾਉਣ ਵੱਲ ਪਹਿਲਾ ਕਦਮ ਹੋ ਸਕਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਠੂੰਗੇ ਦਾ ਜਲਵਾ!*

ਮਿਹਨਤ ਅਤੇ ਮੁਸ਼ੱਕਤਾਂ ਭੁੱਲ ਗਈਆਂ, ਨਿਰਭਰ ਹੋਏ ਹਾਂ ਅਸੀਂ ਮਸ਼ੀਨ ਉਤੇ।
ਘਟੇ ਲੱਡੂ-ਜਲੇਬੀਆਂ ਖਾਣ ਵਾਲੇ, ਹੁਣ ਤਾਂ ਡੁੱਲ੍ਹਦੇ ਲੋਕ ਨਮਕੀਨ ਉਤੇ।
ਘਟੀਆ ਸਮਝਦੇ ਦੇਸੀ ਪਹਿਰਾਵਿਆਂ ਨੂੰ, ਮੁੰਡੇ-ਕੁੜੀਆਂ ਦੀ ਨਿਗਾਹ ਏ ਜੀਨ ਉਤੇ।
'ਵੰਨ-ਟੂ-ਥਰੀ' ਦੇ ਫੈਨ ਹੋ ਗਏ, ਕੋਈ ਨਾ ਭੱਜਦਾ 'ਏਕ-ਦੋ-ਤੀਨ' ਉਤੇ।
ਵਧੀ ਜਾਏ ਵਿਗਿਆਨ ਦਾ ਬੋਲ ਬਾਲਾ, ਉਠਦੇ ਪ੍ਰਸ਼ਨ ਹੁਣ ਮਜ਼ਹਬ ਤੇ ਦੀਨ ਉਤੇ।
ਪਲਾਂ ਵਿਚ ਹੀ ਦੂਰੀਆਂ ਮਿਟਦੀਆਂ ਨੇ, 'ਠੂੰਗੇ ਵੱਜਦੇ' ਜਦੋਂ ਸਕਰੀਨ ਉਤੇ!

# ਯੁੱਗ ਪਲਟਾਉਣ ਵਿਚ ਮਸਰੂਫ਼ ਲੋਕ ਕਿਵੇਂ ਮਰਦੇ ਹਨ?

*ਲਾਮਬੰਦੀ ਬੰਦੇ ਨੂੰ ਸੰਵੇਦਨਾ ਤੋਂ ਸੁਹਜ ਦੇ ਰਾਹ ਤੋਰਦੀ ਹੈ। ਇਹ ਬੰਦੇ ਨੂੰ ਅਹਿਸਾਸ ਕਰਵਾਉਂਦੀ ਹੈ ਕਿ ਉਸ ਦੀ ਦੁਸ਼ਵਾਰੀਆਂ ਦਾ ਕਾਰਨ ਵਿਅਕਤੀਗਤ ਨਾਕਾਮੀਆਂ ਜਾਂ ਮੱਥੇ ਉਤੇ ਲਿਖੀਆਂ ਤਕਦੀਰਾਂ ਨਹੀਂ, ਸਗੋਂ ਨਿਜ਼ਾਮ ਹੈ। ਇਹ ਸੋਚ ਮਨੁੱਖ ਦੀ ਮਨੁੱਖ ਨਾਲ ਸਾਂਝ ਪਾਉਂਦੀ ਹੈ। ਮਨੁੱਖ ਨੂੰ ਦਰਦਮੰਦ ਬਣਾਉਂਦੀ ਹੈ ਅਤੇ ਸਾਂਝੇ ਉਦਮ ਦੇ ਉਪਰਾਲਿਆਂ ਨੂੰ ਅਹਿਮੀਅਤ ਦਿੰਦੀ ਹੈ। ਇਹ ਮਨੁੱਖ ਨੂੰ ਨਿੱਜੀ ਦੁਸ਼ਵਾਰੀਆਂ ਨੂੰ ਸ਼ਰਮ, ਸਲੀਕੇ ਜਾਂ ਪਰਦੇ ਵਿਚ ਕੱਜ ਕੇ ਰੱਖਣ ਦੀ ਥਾਂ ਸਮਾਜਿਕ ਜੀਅ ਵਜੋਂ ਵਿਚਾਰਨ ਦੀ ਸੂਝ ਦਿੰਦੀ ਹੈ। ਇਹ ਸੁਆਲ ਆਪਣੀ ਥਾਂ ਅਹਿਮ ਹੈ ਕਿ ਇਨ੍ਹਾਂ ਵਾਅਦਿਆਂ/ਦਾਅਵਿਆਂ ਅਤੇ ਕਾਰਗੁਜ਼ਾਰੀ ਵਿਚ ਕਿੰਨਾ ਫ਼ਾਸਲਾ ਹੁੰਦਾ ਹੈ?*

ਰੋਹਿਤ ਵੇਮੂਲਾ ਤੋਂ ਬਾਅਦ ਨਵਕਰਨ ਦੀ ਖ਼ੁਦਕੁਸ਼ੀ ਸੋਗ਼ਵਾਰ ਹੈ। ਨਵਕਰਨ ਦੀ ਖ਼ੁਦਕੁਸ਼ੀ ਇੱਕ ਪਾਸੇ ਤਾਂ ਖ਼ੁਦਕੁਸ਼ੀਆਂ ਦੇ ਰੁਝਾਨ ਦੀ ਕੜੀ ਹੈ, ਪਰ ਦੂਜੇ ਪਾਸੇ ਉਸ ਦੀ ਪਛਾਣ ਨਾਲ ਜੁੜ ਕੇ ਇਸੇ ਰੁਝਾਨ ਦਾ ਗੁੰਝਲਦਾਰ ਪੱਖ ਉਜਾਗਰ ਕਰਦੀ ਹੈ। ਨਵਕਰਨ ਇੱਕ ਕਮਿਊਨਿਸਟ ਧੜੇ (ਰੈਵੋਲਿਊਸ਼ਨਰੀ ਕਮਿਊਨਿਸਟ ਲੀਗ ਆਫ਼ ਇੰਡੀਆ- ਆਰ.ਸੀ.ਐੱਲ.ਆਈ.) ਦਾ ਕੁੱਲਵਕਤੀ ਕਾਮਾ ਸੀ। ਉਸ ਦੀ ਉਮਰ 22 ਸਾਲਾਂ ਦੀ ਸੀ। ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਵਿਚ ਹੋਏ ਰੋਸ ਮੁਜ਼ਾਹਰੇ ਦੀਆਂ ਤਸਵੀਰਾਂ ਫੇਸਬੁੱਕ ਉੱਤੇ ਨਵਕਰਨ ਦੀ ਆਖ਼ਰੀ ਪੋਸਟ ਹੈ। ਜਦੋਂ



**ਦਲਜੀਤ ਅਮੀ**
ਫੋਨ: +91-97811-21873

ਰੋਹਿਤ ਵੇਮੂਲਾ ਦੇ ਆਖ਼ਰੀ ਖ਼ਤ ਦੀ ਨਿਰੰਤਰਤਾ ਚੱਲ ਰਹੀ ਹੈ ਤਾਂ ਇਸੇ ਦੌਰਾਨ ਨਵਕਰਨ ਨੇ ਆਪਣੀ ਜ਼ਿੰਦਗੀ ਦੀ ਆਖ਼ਰੀ ਚਿੱਠੀ ਲਿਖੀ ਹੈ। ਰੋਹਿਤ ਵੇਮੂਲਾ ਵਾਂਗ ਨਵਕਰਨ ਵੀ ਆਪਣੀ ਚਿੱਠੀ ਵਿਚ ਕਿਸੇ ਨੂੰ ਮੁਖ਼ਾਤਬ ਨਹੀਂ ਅਤੇ ਅੰਤ ਵਿਚ ਉਸ ਨੇ ਆਪਣਾ ਨਾਮ ਨਹੀਂ ਲਿਖਿਆ। ਇਹ ਚਿੱਠੀ ਪੜ੍ਹਨਾ ਦਰਦਨਾਕ ਹੈ, ਪਰ ਇਹ ਸਾਡੇ ਦੌਰ ਦੇ ਯੁੱਗ ਪਲਟਾਉਣ ਤੁਰੇ ਨੌਜਵਾਨ ਨੇ ਲਿਖੀ ਹੈ। ਟੁਕੜਿਆਂ ਵਿਚ ਲਿਖੀ ਇਸ ਚਿੱਠੀ ਦਾ ਉਤਾਰਾ ਇੰਜ ਹੈ:

"...ਸ਼ਾਇਦ ਮੈਂ ਅਜਿਹਾ ਕਰਨ ਦਾ ਫ਼ੈਸਲਾ ਬਹੁਤ ਪਹਿਲਾਂ ਲੈ ਚੁੱਕਾ ਹੁੰਦਾ, ਪਰ ਜੋ ਚੀਜ਼ ਮੈਨੂੰ ਇਹ ਕਰਨ ਤੋਂ ਰੋਕਦੀ ਸੀ, ਉਹ ਮੇਰੀ ਕਾਇਰਤਾ ਸੀ।

...

...ਅਤੇ ਉਹ ਪਲ ਆ ਗਿਆ, ਜਿਸ ਪਲ ਦੀ ਅਟੱਲਤਾ ਦਾ ਮੈਨੂੰ ਸ਼ੁਰੂ ਤੋਂ ਹੀ ਭਰੋਸਾ ਸੀ, ਪੱਕਾ ਤੇ ਦ੍ਰਿੜ ਭਰੋਸਾ, ਪਰ ਆਪਣੇ ਅੰਦਰ ਦੋ ਚੀਜ਼ਾਂ ਨੂੰ ਸੰਭਾਲਦੇ ਹੁਣ ਮੈਂ ਹੰਭ ਗਿਆ ਚੁੱਕਾ ਹਾਂ। ਜਿਨ੍ਹਾਂ ਲੋਕਾਂ ਨਾਲ ਮੈਂ ਤੁਰਿਆ ਸਾਂ, ਮੇਰੇ ਵਿਚ ਉਨ੍ਹਾਂ ਵਰਗੀ ਚੰਗਿਆਈ ਨਹੀਂ। ਸ਼ਾਇਦ ਇਸੇ ਕਰ ਕੇ ਮੈਂ ਉਨ੍ਹਾਂ ਦਾ ਸਾਥ ਨਹੀਂ ਨਿਭਾ ਸਕਿਆ। ਦੋਸਤੋ ਮੈਨੂੰ ਮਾਫ਼ ਕਰ ਦੇਣਾ।

...ਅਤੇ ਇੱਕ ਨਿੱਕੀ ਜਿਹੀ ਪਿਆਰੀ ਜਿਹੀ ਰੂਹ ਤੋਂ ਵੀ ਮੈਂ ਮਾਫ਼ੀ ਮੰਗਦਾ... ਮੈਨੂੰ ਮਾਫ਼ ਕਰ ਦੇਣਾ...ਮੈਂ ਭਗੌੜਾ ਹਾਂ ਪਰ ਗੱਦਾਰ ਨਹੀਂ

...

ਅਲਵਿਦਾ, ਮੈਂ ਇਹ ਫ਼ੈਸਲਾ ਆਪਣੀ ਖ਼ੁਦ ਦੀ ਕਮਜ਼ੋਰੀ ਕਰ ਕੇ ਲੈ ਰਿਹਾ ਹਾਂ। ਮੇਰੇ ਲਈ ਹੁਣ ਕਰਨ ਨੂੰ ਇਸ ਤੋਂ ਬਿਹਤਰ ਕੰਮ ਨਹੀਂ ਹੈ। ਹੋ ਸਕੇ ਤਾਂ ਮੇਰੇ ਬਾਰੇ ਸੋਚਣਾ ਤਾਂ ਜ਼ਰਾ ਰਿਆਇਤ ਨਾਲ ...।"

ਇਸ ਚਿੱਠੀ ਦੇ ਸ਼ਬਦਾਂ ਵਿਚ ਬਹੁਤ ਵਿੱਥ ਹੈ ਜੋ ਪਾਠਕ ਨੂੰ ਪ੍ਰੇਸ਼ਾਨ ਕਰਦੀ ਹੈ। ਕੁਝ ਸ਼ਬਦਾਂ ਦੇ ਅਰਥ ਤਾਂ ਉਸ ਨਾਲ ਰੋਜ਼ਾਨਾ ਰਾਬਤੇ ਵਾਲਿਆਂ ਦੇ ਸਮਝ ਵਿਚ ਵਧੇਰੇ ਆ ਸਕਦੇ ਹਨ। ਚਿੱਠੀ ਦੱਸਦੀ ਹੈ ਕਿ ਉਹ ਆਪਣੇ ਸਾਥੀਆਂ ਵਰਗੀ 'ਚੰਗਿਆਈ' ਨਾ ਹੋਣ ਕਾਰਨ ਉਨ੍ਹਾਂ ਨਾਲ 'ਨਿਭ ਨਹੀਂ ਸਕਿਆ' ਅਤੇ 'ਹੰਭ' ਜਾਣ ਕਾਰਨ ਇਸ ਫ਼ੈਸਲੇ ਨੂੰ ਟਾਲਦਾ ਰਿਹਾ ਪਰ ਆਖ਼ਰ ਉਹ 'ਅਟੱਲ' ਪਲ ਆ ਗਿਆ ਜਦੋਂ ਉਸ ਨੇ ਆਪਣੀ 'ਕਾਇਰਤਾ ਅਤੇ ਕਮਜ਼ੋਰੀ' ਦੀ ਥਾਂ ਮੌਤ ਨੂੰ ਤਰਜੀਹ ਦਿੱਤੀ। ਚਿੱਠੀ ਦੇ ਸ਼ਬਦਾਂ ਵਿਚਲੀ ਵਿੱਥ ਤੋਂ ਬਿਨਾਂ ਇਸ ਵਿਚ ਨਵਕਰਨ ਦੇ ਕਿਰਦਾਰ ਦਾ ਇੱਕ ਪੱਖ ਬਹੁਤ ਸਾਫ਼ ਝਲਕਦਾ ਹੈ। ਉਹ ਬਹੁਤ ਬੋਚ ਕੇ ਲਿਖ ਰਿਹਾ ਹੈ। ਇੱਕ ਸੁਆਲ ਤਾਂ ਸਹਿਜ ਹੀ ਉਘੜ ਆਉਂਦਾ ਹੈ ਕਿ ਉਹ ਜਿਸ ਮਾਹੌਲ ਵਿਚ ਰਹਿ ਰਿਹਾ ਸੀ, ਉਸ ਵਿਚ 'ਭਗੌੜਾ' ਅਤੇ 'ਗੱਦਾਰ' ਸ਼ਬਦਾਂ ਦੀ ਵਰਤੋਂ ਕਿੰਜ ਹੁੰਦੀ ਹੈ?

ਰੋਹਿਤ ਵੇਮੂਲਾ ਦੀ ਚਿੱਠੀ ਉਤੇ ਬਹੁਤ ਚਰਚਾ ਹੋ ਰਹੀ ਹੈ। ਨਵਕਰਨ ਦੀ ਚਿੱਠੀ ਰੋਹਿਤ ਵੇਮੂਲਾ ਦੀ ਚਿੱਠੀ ਦੀ ਇੱਕ ਹੋਰ ਪੜ੍ਹਤ ਉਘਾੜਦੀ ਹੈ। ਦਰਅਸਲ ਇਨ੍ਹਾਂ ਚਿੱਠੀਆਂ ਦੀ ਸਾਂਝੀ ਤੰਦ ਇਨ੍ਹਾਂ ਦੋਵਾਂ ਦਾ ਸਰਗਰਮ ਕਾਰਕੁਨ ਹੋਣਾ ਹੈ। ਰੋਹਿਤ 'ਆਪਣੇ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਦੇ ਪਰਿਵਾਰ ਨੂੰ ਨਿਰਾਸ਼ ਕਰਨ ਲਈ ਮੁਆਫੀ ਮੰਗਦਾ' ਹੈ ਅਤੇ ਨਵਕਰਨ ਆਪਣੇ ਸਾਥੀਆਂ ਤੋਂ ਮੌਤ ਤੋਂ ਬਾਅਦ 'ਜ਼ਰਾ ਰਿਆਇਤ ਨਾਲ' ਸੋਚਣ ਦੀ ਮੰਗ ਕਰਦਾ ਹੈ।

ਰੋਹਿਤ ਲਿਖਦਾ ਹੈ, "ਲੋਕ ਮੈਨੂੰ ਡਰਪੋਕ ਕਰਾਰ ਦੇ ਸਕਦੇ ਹਨ। ਮੇਰੇ ਜਾਣ ਤੋਂ ਬਾਅਦ ਮੈਨੂੰ ਖ਼ੁਦਗਰਜ਼ ਜਾਂ ਮੂਰਖ ਕਰਾਰ ਦਿੱਤਾ ਜਾ ਸਕਦਾ ਹੈ। ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਕੋਈ ਮੈਨੂੰ ਬਾਅਦ ਵਿਚ ਕੀ ਕਹਿੰਦਾ ਹੈ।" ਨਵਕਰਨ ਲਿਖਦਾ ਹੈ, "ਮੈਂ ਭਗੌੜਾ ਹਾਂ, ਪਰ ਗੱਦਾਰ ਨਹੀਂ।" ਰੋਹਿਤ ਆਪਣੀ ਹਾਲਤ ਬਿਆਨ ਕਰਦਾ ਹੈ, "ਮੈਂ ਇਸ ਵੇਲੇ ਸੋਗ਼ਵਾਰ ਨਹੀਂ ਹਾਂ। ਮੈਂ ਉਦਾਸ ਨਹੀਂ ਹਾਂ। ਮੈਂ ਸੱਖਣਾ ਹਾਂ। ਬਿਲਕੁਲ ਖ਼ਾਲੀ, ਆਪਣੇ-ਆਪ ਤੋਂ ਬੇਖ਼ਬਰ। ਇਹੋ ਦੁੱਖ ਹੈ। ਇਸੇ ਕਾਰਨ ਮੈਂ ਵਿਦਾ ਹੁੰਦਾ ਹਾਂ।" ਨਵਕਰਨ ਇਸੇ ਲਿਖਤ ਦਾ ਅਗਲਾ ਫਿਕਰਾ ਲਿਖਦਾ ਜਾਪਦਾ ਹੈ, "ਮੈਂ ਅਜਿਹਾ ਕਰਨ ਦਾ ਫ਼ੈਸਲਾ ਬਹੁਤ ਪਹਿਲਾਂ ਲੈ ਚੁੱਕਾ ਹੁੰਦਾ, ਪਰ ਜੋ ਚੀਜ਼ ਮੈਨੂੰ ਇਹ ਕਰਨ ਤੋਂ ਰੋਕਦੀ ਸੀ, ਉਹ ਮੇਰੀ ਕਾਇਰਤਾ ਸੀ। ...ਅਤੇ ਉਹ ਪਲ ਆ ਗਿਆ, ਜਿਸ ਪਲ ਦੀ ਅਟੱਲਤਾ ਦਾ ਮੈਨੂੰ ਸ਼ੁਰੂ ਤੋਂ ਹੀ ਭਰੋਸਾ ਸੀ, ਪੱਕਾ ਤੇ ਦ੍ਰਿੜ ਭਰੋਸਾ।"

ਇਹ ਦੋਵੇਂ ਚਿੱਠੀਆਂ ਇੱਕੋ ਦੌਰ ਦੇ ਸਰਗਰਮ ਕਾਰਕੁਨਾਂ ਨੇ ਲਿਖੀਆਂ ਹਨ। ਇਹ ਦੋਵੇਂ ਆਖ਼ਰੀ ਵੇਲੇ ਤੱਕ ਆਪਣੀਆਂ ਜਥੇਬੰਦੀਆਂ ਦੇ ਸਰਗਰਮ ਕਾਰਕੁਨ ਸਨ। ਦੋਵੇਂ 'ਯੁੱਗ ਪਲਟਾਉਣ ਵਿਚ ਮਸਰੂਫ਼' ਸਨ। ਯੁੱਗ ਪਲਟਾਉਣ ਤੋਂ ਬਿਹਤਰ ਸੁਫਨਾ ਜਾਂ ਜਿਉਣ ਦਾ ਕਾਰਨ ਕੀ ਹੋ ਸਕਦਾ ਹੈ? ਯੁੱਗ ਪਲਟਾਉਣ ਦਾ ਸੁਫਨਾ ਦਰਦਮੰਦੀ ਨਾਲ ਲਬਰੇਜ਼ ਜੀਆਂ ਨੂੰ ਹੀ ਆਉਂਦਾ ਹੈ। ਉਨ੍ਹਾਂ ਵਿਚੋਂ ਵਧੇਰੇ ਹਿੰਮਤ ਵਾਲੇ ਕੁੱਲਵਕਤੀ ਕਾਰਕੁਨ ਬਣਦੇ ਹਨ। ਇਹ ਗੱਲ ਤਾਂ ਨਿਜ਼ਾਮ ਵਿਰੁਧ ਚੱਲਦੀਆਂ ਯੁੱਗ ਪਲਟਾਉਣ ਦੇ ਸੁਫਨਿਆਂ ਵਾਲੀਆਂ ਤਮਾਮ ਲਹਿਰਾਂ ਬਾਬਤ ਮੰਨੀ ਜਾਂਦੀ ਹੈ ਕਿ ਕੁੱਲਵਕਤੀ ਕਾਰਕੁਨ ਸਮਾਜ ਦੀ ਮਲਾਈ ਹੁੰਦੇ ਹਨ। ਇਹ ਸੁਆਲ ਆਪਣੀ ਥਾਂ ਹੈ ਕਿ ਇਹ ਧਾਰਨਾਵਾਂ ਨੂੰ ਪੇਸ਼ ਕਰਨ ਦੀ ਸਿਆਸਤ ਕੀ ਹੈ?

ਜਦੋਂ ਕੋਈ ਜਥੇਬੰਦੀ ਜਾਂ ਲਹਿਰ ਯੁੱਗ ਪਲਟਾਉਣ ਜਾਂ ਨਿਜ਼ਾਮ ਬਦਲਣ ਦਾ ਦਾਅਵਾ ਕਰਦੀ ਹੈ ਤਾਂ ਉਸ ਦੀ ਹਕੂਮਤ ਦਾ ਘੇਰਾ ਹੁੰਦਾ ਹੈ। ਉਸ ਜਥੇਬੰਦੀ ਜਾਂ ਲਹਿਰ ਨੂੰ ਭਾਵੇਂ ਸਮੁੱਚੇ ਨਿਜ਼ਾਮ ਨੂੰ ਬਦਲਣ ਵਿਚ ਕਾਮਯਾਬੀ ਨਾ ਮਿਲੇ, ਪਰ ਉਸ ਦਾ ਸਿੱਕਾ ਕਿਤੇ ਤਾਂ ਚੱਲਦਾ ਹੈ। ਕੁੱਲਵਕਤੀ ਕਾਰਕੁਨਾਂ ਵਿਚ ਤਾਂ ਇਹ ਸਿੱਕਾ ਚੱਲਦਾ ਹੈ। ਜੇ ਕੁੱਲਵਕਤੀਆਂ ਉਤੇ ਗ਼ਾਲਬ ਨਿਜ਼ਾਮ ਦਾ ਅਸਰ ਮਾਅਨੇ ਰੱਖਦਾ ਹੈ, ਤਾਂ ਜਥੇਬੰਦੀਆਂ ਦੀ ਹਕੂਮਤ ਵੀ ਮਾਅਨੇ ਰੱਖਦੀ ਹੈ। ਨਵਾਂ ਮਨੁੱਖ ਸਿਰਜਣ ਦਾ ਸੁਫਨਾ ਇੱਕ ਸੋਚ ਦੇ ਜੀਆਂ ਦੇ ਆਪਸੀ ਵਿਹਾਰ ਵਿਚੋਂ ਨਕਸ਼ ਨਿਖਾਰਦਾ ਹੈ। ਇਹ ਸੁਆਲ ਮਾਅਨੇ ਰੱਖਦਾ ਹੈ ਕਿ ਯੁੱਗ ਪਲਟਾਉਣ ਦਾ ਸੁਫਨਾ ਮੌਜੂਦਾ ਨਿਜ਼ਾਮ ਦੇ ਨਿਘਾਰ ਦਾ ਸ਼ਿਕਾਰ ਹੋਏ ਮਨੁੱਖ ਦਾ ਇਲਾਜ ਕਿਵੇਂ ਕਰਦਾ ਹੈ? ਯੁੱਗ ਪਲਟਾਉਣ ਦੀ ਹਾਮੀ ਭਰਨ ਵਾਲੀਆਂ ਜਥੇਬੰਦੀਆਂ ਅਤੇ ਲਹਿਰਾਂ ਦੀ ਇਹ ਟਕਸਾਲੀ ਦਲੀਲ ਹੈ ਕਿ ਮਨੁੱਖ ਨੂੰ ਜ਼ਲਾਲਤ ਦੀ ਜ਼ਿੰਦਗੀ ਜਿਉਣ ਦੀ ਥਾਂ ਬਗ਼ਾਵਤ ਦੇ ਰਾਹ ਤੁਰਨਾ ਚਾਹੀਦਾ ਹੈ। ਪਿਛਲੇ ਸਾਲਾਂ ਵਿਚ ਇਹ ਦਲੀਲ ਲਗਾਤਾਰ ਦਿੱਤੀ ਗਈ ਹੈ ਕਿ ਬਦਹਾਲੀ ਕਾਰਨ ਖ਼ੁਦਕੁਸ਼ੀਆਂ ਕਰਨ ਦੀ ਥਾਂ ਲੋਕਾਂ ਨੂੰ ਲਾਮਬੰਦ ਹੋਣਾ ਚਾਹੀਦਾ ਹੈ, ਜਥੇਬੰਦ ਹੋਣਾ ਚਾਹੀਦਾ ਹੈ ਅਤੇ ਸੰਘਰਸ਼ ਕਰਨਾ ਚਾਹੀਦਾ ਹੈ।

ਲਾਮਬੰਦੀ ਬੰਦੇ ਨੂੰ ਸੰਵੇਦਨਾ ਤੋਂ ਸੁਹਜ ਦੇ ਰਾਹ ਤੋਰਦੀ ਹੈ। ਇਹ ਬੰਦੇ ਨੂੰ ਅਹਿਸਾਸ ਕਰਵਾਉਂਦੀ ਹੈ ਕਿ ਉਸ ਦੀ ਦੁਸ਼ਵਾਰੀਆਂ ਦਾ ਕਾਰਨ ਵਿਅਕਤੀਗਤ ਨਾਕਾਮੀਆਂ ਜਾਂ ਮੱਥੇ ਉਤੇ ਲਿਖੀਆਂ ਤਕਦੀਰਾਂ ਨਹੀਂ, ਸਗੋਂ ਨਿਜ਼ਾਮ ਹੈ। ਇਹ ਸੋਚ ਮਨੁੱਖ ਦੀ ਮਨੁੱਖ ਨਾਲ ਸਾਂਝ ਪਾਉਂਦੀ ਹੈ। ਮਨੁੱਖ ਨੂੰ ਦਰਦਮੰਦ ਬਣਾਉਂਦੀ ਹੈ ਅਤੇ ਸਾਂਝੇ ਉਦਮ ਦੇ ਉਪਰਾਲਿਆਂ ਨੂੰ ਅਹਿਮੀਅਤ ਦਿੰਦੀ ਹੈ। ਇਹ ਮਨੁੱਖ ਨੂੰ ਨਿਜੀ ਦੁਸ਼ਵਾਰੀਆਂ ਨੂੰ ਸ਼ਰਮ, ਸਲੀਕੇ ਜਾਂ ਪਰਦੇ ਵਿਚ ਕੱਜ ਕੇ ਰੱਖਣ ਦੀ ਥਾਂ ਸਮਾਜਿਕ ਜੀਅ ਵਜੋਂ ਵਿਚਾਰਨ ਦੀ ਸੂਝ ਦਿੰਦੀ ਹੈ। ਇਹ ਸੁਆਲ ਆਪਣੀ ਥਾਂ ਅਹਿਮ ਹੈ ਕਿ ਇਨ੍ਹਾਂ ਵਾਅਦਿਆਂ/ਦਾਅਵਿਆਂ ਅਤੇ ਕਾਰਗੁਜ਼ਾਰੀ ਵਿਚ ਕਿੰਨਾ ਫਾਸਲਾ ਹੁੰਦਾ ਹੈ?

ਰੋਹਿਤ ਅਤੇ ਨਵਕਰਨ ਦੀਆਂ ਖ਼ੁਦਕੁਸ਼ੀਆਂ ਇਨ੍ਹਾਂ ਦਾਅਵਿਆਂ ਦੀ ਪੜਚੋਲ ਦੀ ਮੰਗ ਕਰਦੀਆਂ ਹਨ। ਜੇ ਰੋਹਿਤ ਧਰਨੇ ਤੋਂ ਜਾ ਕੇ ਖ਼ੁਦਕੁਸ਼ੀ ਕਰਦਾ ਹੈ ਤਾਂ ਇਹ ਸੁਆਲ ਤਾਂ ਉਸ ਦੇ ਸਾਥੀਆਂ ਦੇ ਦਿਲ-ਦਿਮਾਗ਼ ਵਿਚ ਆਉਣਾ ਚਾਹੀਦਾ ਹੈ ਕਿ ਨਿਜ਼ਾਮ ਦੇ ਸੱਖਣੇ ਕੀਤੇ ਮਨੁੱਖ ਵਿਚ 'ਯੁੱਗ ਪਲਟਾਉਣ ਦਾ ਸੁਫ਼ਨਾ' ਲੋੜੀਂਦਾ ਨਿੱਘ ਭਰਨ ਵਿਚ ਨਾਕਾਮ ਕਿਉਂ ਰਿਹਾ ਹੈ? ਯੁੱਗ ਪਲਟਾਉਣ ਵਿਚ ਮਸਰੂਫ਼ ਜਥੇਬੰਦੀਆਂ 'ਸੱਖਣਾ ਹੋ ਕੇ ਤੁਰ ਗਏ ਸਾਥੀ' ਦੇ ਸੋਗ਼ ਵਿਚ ਆਪਣੀ ਨਾਕਾਮੀ ਨੂੰ ਕਿਉਂ ਨਹੀਂ ਪਛਾਣਦੀਆਂ? ਜੇ ਨਿਜ਼ਾਮ 'ਯੁੱਗ ਪਲਟਾਉਣ ਦੇ ਸੁਫਨੇ ਲੈਣ ਵਾਲੇ ਜੀਆਂ' ਦਾ ਸਾਹ ਘੁੱਟਣ ਉਤੇ ਉਤਾਰੂ ਹੈ ਤਾਂ 'ਯੁੱਗ ਪਲਟਾਉਣ ਵਿਚ ਮਸਰੂਫ਼ ਲੋਕ' ਆਪਣੇ ਸਾਥੀਆਂ ਦੇ ਦਿਲਾਂ ਦੀ ਧੜਕਣ ਸੁਣਨ ਵੇਲੇ ਮਸ਼ੀਨਾਂ ਕਿਉਂ ਬਣ ਜਾਂਦੇ ਹਨ?

ਮੌਜੂਦਾ ਨਿਜ਼ਾਮ ਦੀ ਦਲੀਲ ਰਹਿੰਦੀ ਹੈ ਕਿ ਇਨ੍ਹਾਂ ਖ਼ੁਦਕੁਸ਼ੀਆਂ ਦੇ ਕਾਰਨ ਨਿਜੀ ਹਨ। ਨਿਜ਼ਾਮ ਆਪਣੇ ਆਪ ਨੂੰ ਕਾਤਲ ਦੇ ਘੇਰੇ ਵਿਚ ਕੱਢਣ ਦਾ ਉਪਰਾਲਾ ਇਸੇ ਦਲੀਲ ਦੇ ਸਹਾਰੇ ਨਾਲ ਕਰਦਾ ਹੈ। ਦੂਜੇ ਪਾਸੇ 'ਯੁੱਗ ਪਲਟਾਉਣ ਦਾ ਦਾਅਵਾ/ਵਾਅਦਾ ਕਰਨ ਵਾਲੀਆਂ ਜਥੇਬੰਦੀਆਂ ਅਤੇ ਲੋਕ' ਹਰ ਸੁਆਲ ਨੂੰ ਗੱਦਾਰੀ ਜਾਂ ਭੰਡੀ ਪ੍ਰਚਾਰ ਜਾਂ ਉਲਟ-ਇਨਕਲਾਬੀ ਕਰਾਰ ਦਿੰਦੇ ਹਨ। ਇਸੇ ਦੇ ਨਤੀਜੇ ਵਜੋਂ ਜਦੋਂ 'ਯੁੱਗ ਪਲਟਾਉਣ ਵਿਚ ਮਸਰੂਫ਼ ਲੋਕਾਂ' ਦਾ ਮੋਹ ਭੰਗ ਹੁੰਦਾ ਹੈ ਤਾਂ ਉਹ 'ਯੁੱਗ ਪਲਟਾਉਣ ਦੇ ਹਰ ਉਪਰਾਲੇ' ਤੋਂ ਮੂੰਹ ਫੇਰ ਲੈਂਦੇ ਹਨ। ਉਹ ਆਪਣੇ ਤਜਰਬਿਆਂ ਦੇ ਹਵਾਲਿਆਂ ਨਾਲ ਇਨ੍ਹਾਂ ਉਪਰਾਲਿਆਂ ਦੇ ਬੇਮਾਅਨੇ ਹੋਣ ਦੇ ਪ੍ਰਚਾਰਕ ਤੱਕ ਬਣ ਜਾਂਦੇ ਹਨ।

ਜੇ ਰੋਹਿਤ ਬਾਬਤ ਸੁਆਲਾਂ ਨੂੰ ਪੁੱਛਣ ਉਤੇ ਮੌਜੂਦਾ ਨਿਜ਼ਾਮ ਦੇਸ਼ ਧਰੋਹੀ ਜਾਂ ਨਕਸਲਵਾਦੀ ਜਾਂ ਹਿੰਦੂ ਵਿਰੋਧੀ ਕਰਾਰ ਦਿੰਦਾ ਹੈ ਤਾਂ ਸੁਆਲ ਢੁਕਵਾਂ ਹੈ। ਜੇ ਰੋਹਿਤ ਅਤੇ ਨਵਕਰਨ ਬਾਬਤ ਪੁੱਛੇ ਸੁਆਲਾਂ ਨੂੰ 'ਯੁੱਗ ਪਲਟਾਉਣ ਵਿਚ ਮਸਰੂਫ਼ ਲੋਕ' ਭੰਡੀ ਪ੍ਰਚਾਰ ਜਾਂ ਗੱਦਾਰੀ ਕਰਾਰ ਦਿੰਦੇ ਹਨ ਤਾਂ ਇਹ ਸੁਆਲ ਵਾਰ-ਵਾਰ ਪੁੱਛਣੇ ਬਣਦੇ ਹਨ। ਜੇ 'ਯੁੱਗ ਪਲਟਾਉਣ ਵਿਚ ਮਸਰੂਫ਼ ਲੋਕ ਬੁਖ਼ਾਰ ਨਾਲ ਨਹੀਂ ਮਰਦੇ' ਤਾਂ ਪੜਚੋਲ ਨਾਲ ਵੀ ਨਹੀਂ ਮਰਨ ਲੱਗੇ। ਸੰਘਰਸ਼ਸ਼ੀਲ ਰੋਹਿਤ ਵੇਮੂਲਾ ਨੂੰ ਆਪਣੇ ਸਾਥੀਆਂ ਦੇ ਸੰਗ ਵਿਚ ਜ਼ਿੰਦਗੀ ਸੱਖਣੀ ਕਿਉਂ ਲੱਗਦੀ ਸੀ/ਹੈ? ਨਵਕਰਨ ਨੂੰ ਖ਼ੁਦਕੁਸ਼ੀ ਦੇ ਮਾਮਲੇ ਵਿਚ ਅਟੱਲਤਾ ਵਰਗਾ ਪੱਕਾ ਅਤੇ ਦ੍ਰਿੜ ਭਰੋਸਾ ਕਿਉਂ ਸੀ/ਹੈ?

## ਪੰਜਾਬ ਦੇ ਮਸਲੇ ਬਾਰੇ ਪ੍ਰੋਫੈਸਰ ਰਣਧੀਰ ਸਿੰਘ ਦੀ ਚਿੱਠੀ

# ਕਮਿਊਨਿਸਟ ਅਤੇ ਪੰਜਾਬ ਦਾ ਸੰਤਾਪ

***ਪ੍ਰੋਫੈਸਰ ਰਣਧੀਰ ਸਿੰਘ ਰੈਡੀਕਲ ਬੁੱਧੀਜੀਵੀ ਸਨ ਜੋ ਹਾਲ ਹੀ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ, ਉਹ ਹਰ ਵਰਤਾਰੇ ਨੂੰ ਇਨਕਲਾਬੀ ਨੁਕਤਾ-ਨਜ਼ਰ ਨਾਲ ਅੰਗਦੇ ਸਨ। ਜਦੋਂ ਅਖੌਤੀ ਮੁੱਖਧਾਰਾ ਸਿਆਸਤ ਦੀਆਂ ਗ਼ਲਤ ਨੀਤੀਆਂ ਕਾਰਨ ਪੰਜਾਬ ਘੋਰ ਸੰਤਾਪ ਵਿਚੋਂ ਗੁਜ਼ਰ ਰਿਹਾ ਸੀ ਅਤੇ ਰਵਾਇਤੀ ਕਮਿਊਨਿਸਟ ਪਾਰਟੀਆਂ ਇਨ੍ਹਾਂ ਹਾਲਾਤ ਵਿਚ ਅਵਾਮ ਨੂੰ ਕੋਈ ਇਨਕਲਾਬੀ ਬਦਲ ਮੁਹੱਈਆ ਕਰਨ ਦੀ ਥਾਂ 'ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰਾ' ਦਾ ਰਾਗ ਹਾਕਮ ਜਮਾਤੀ ਕੈਂਪ ਤੋਂ ਵੀ ਵੱਧ ਜ਼ੋਰ ਨਾਲ ਅਲਾਪਣ ਵਿਚ ਮਸਰੂਫ਼ ਸਨ, ਉਦੋਂ ਰਣਧੀਰ ਸਿੰਘ ਨੇ ਮੁਤਬਾਦਲ ਸਿਆਸਤ ਦੇ ਨਜ਼ਰੀਏ ਤੋਂ ਪੰਜਾਬ ਮਸਲੇ ਬਾਰੇ ਜੋ ਵਿਸ਼ਲੇਸ਼ਣ ਪੇਸ਼ ਕੀਤਾ ਅਤੇ ਕਮਿਊਨਿਸਟ ਪਾਰਟੀਆਂ ਦੇ ਸਿਆਸੀ ਦਿਵਾਲੀਆਪਣ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਦਾ ਇਹ ਵਿਸ਼ਲੇਸ਼ਣ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' (ਈ.ਪੀ.ਡਬਲਿਊ.) ਦੇ 22 ਅਗਸਤ 1987 ਵਾਲੇ ਅੰਕ ਵਿਚ ਛਪਿਆ ਸੀ। ਇਸ ਦਾ ਸੰਖੇਪ ਤਰਜਮਾ ਭਾਅ ਜੀ ਗੁਰਸ਼ਰਨ ਸਿੰਘ ਵੱਲੋਂ ਆਪਣੇ ਪਰਚੇ 'ਸਮਤਾ' ਦੇ ਅਗਸਤ 1987 ਵਾਲੇ ਅੰਕ ਵਿਚ ਛਾਪਿਆ ਗਿਆ ਸੀ। ਅੱਜ ਵੀ ਇਸ ਵਿਸ਼ਲੇਸ਼ਣ ਦੀ ਇਤਿਹਾਸਕ ਅਹਿਮੀਅਤ ਹੋਣ ਕਰ ਕੇ ਇਹ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। -ਸੰਪਾਦਕ***



ਪ੍ਰੋ. ਰਣਧੀਰ ਸਿੰਘ

ਪਿਆਰੇ ਗੁਰਸ਼ਰਨ, 'ਸਮਤਾ' ਦੇ ਪਾਠਕ-ਲੇਖਕ ਫੋਰਮ ਵਿਚ ਕਿਸੇ ਮਸਲੇ ਬਾਰੇ ਗੰਭੀਰ ਰੂਪ ਵਿਚ ਆਪਸੀ ਵਿਚਾਰ-ਵਟਾਂਦਰਾ, ਹਮੇਸ਼ਾ ਦਿਲਚਸਪ ਹੁੰਦਾ ਹੈ। ਜੁਲਾਈ ਅੰਕ ਵਿਚ ਇਸ ਕਾਲਮ ਦੇ ਹੇਠ ਜੋ ਸਮੱਗਰੀ ਆਈ ਹੈ, ਉਸ ਨੇ ਪੰਜਾਬ ਦੇ ਮਸਲੇ ਬਾਰੇ ਕੁਝ ਜ਼ਰੂਰੀ ਨੁਕਤੇ ਉਭਾਰੇ ਹਨ। ਮੈਂ ਜਦੋਂ ਬਠਿੰਡਾ ਅਤੇ ਮੋਗੇ ਆਉਣਾ ਸੀ ਤਾਂ ਇਨ੍ਹਾਂ ਬਾਰੇ ਆਪਣੇ ਵਿਚਾਰ ਦੱਸਣੇ ਸਨ, ਪਰ ਬੱਸ ਕਾਂਡ ਵਾਪਰਨ ਕਰ ਕੇ ਪ੍ਰਬੰਧਕਾਂ ਵੱਲੋਂ ਇਹ ਪ੍ਰੋਗਰਾਮ ਮੁਲਤਵੀ ਕਰਨੇ ਪਏ ਹਨ, ਇਸ ਲਈ ਮੈਂ ਚਾਹੁੰਦਾ ਹਾਂ ਕਿ ਕੁਝ ਗੱਲਾਂ ਮੈਂ ਸਮਤਾ ਦੇ ਸੂਝਵਾਨ ਪਾਠਕਾਂ ਨਾਲ ਜ਼ਰੂਰ ਸਾਂਝੀਆਂ ਕਰਾਂ। ਮੈਂ ਜਾਣਦਾ ਹਾਂ ਕਿ ਜਿਹੜੇ ਨੁਕਤੇ ਮੈਂ ਉਠਾ ਰਿਹਾ ਹਾਂ, ਉਹ ਕਾਫ਼ੀ ਵਿਆਖਿਆ ਦੀ ਮੰਗ ਕਰਦੇ ਹਨ, ਪਰ ਇਸ ਚਿੱਠੀ ਵਿਚ ਮੈਂ ਇਨ੍ਹਾਂ ਨੂੰ ਬੜੇ ਸੰਖੇਪ ਤਰੀਕੇ ਨਾਲ ਹੀ ਪੇਸ਼ ਕਰ ਰਿਹਾ ਹਾਂ ਤਾਂ ਜੋ ਇਸ ਵਿਸ਼ੇ 'ਤੇ ਹੋ ਰਹੀ ਬਹਿਸ ਵਿਚ ਕੁਝ ਸਿਧਾਂਤਕ ਅੰਸ਼ ਸ਼ਾਮਲ ਕੀਤੇ ਜਾ ਸਕਣ।

ਆਪਣੀ ਗੱਲ ਕਹਿਣ ਤੋਂ ਪਹਿਲਾਂ ਮੈਂ ਪੰਜਾਬ ਦੀ ਸਥਿਤੀ ਬਾਰੇ ਆਪਣਾ ਜਾਇਜ਼ਾ ਵੀ ਦੱਸ ਦੇਣਾ ਠੀਕ ਸਮਝਦਾ ਹਾਂ ਤਾਂ ਜੋ ਜਿਹੜੀ ਦਲੀਲ ਮੈਂ ਅੱਗੇ ਪੇਸ਼ ਕਰਾਂ, ਉਹਦਾ ਅਧਾਰ ਕੁਝ ਹੱਦ ਤੱਕ ਜ਼ਰੂਰ ਸਪਸ਼ਟ ਹੋ ਜਾਵੇ।



***ਪੰਜਾਬ ਵਿਚ ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਦੀ ਇਕ ਝਲਕ।***

ਮੈਂ ਸਮਝਦਾ ਹਾਂ ਕਿ ਪੰਜਾਬ ਦਾ ਮਸਲਾ ਜਿਸ ਨੂੰ ਪੰਜਾਬ ਦਾ ਸੰਤਾਪ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ, ਅਸਲ ਵਿਚ ਉਨ੍ਹਾਂ ਆਰਥਿਕ ਅਤੇ ਸਿਆਸੀ ਨੀਤੀਆਂ ਦੀ ਹੀ ਦੇਣ ਹੈ ਜਿਨ੍ਹਾਂ ਉਤੇ ਪਿਛਲੇ ਸਾਲਾਂ ਤੋਂ ਹਾਕਮ ਜਮਾਤਾਂ ਚੱਲ ਰਹੀਆਂ ਹਨ ਅਤੇ ਜਿਨ੍ਹਾਂ ਬਾਰੇ ਮੁੱਖ ਜ਼ਿੰਮੇਵਾਰੀ ਕਾਂਗਰਸ ਪਾਰਟੀ ਅਤੇ ਉਸ ਪਾਰਟੀ ਵਲੋਂ ਚਲਾਈ ਜਾ ਰਹੀ ਕੇਂਦਰੀ ਸਰਕਾਰ ਉਤੇ ਆਉਂਦੀ ਹੈ। ਇਨ੍ਹਾਂ ਨੀਤੀਆਂ ਕਾਰਨ ਜੋ ਗੱਲਾਂ ਸਾਹਮਣੇ ਆਈਆਂ ਹਨ, ਉਹ ਸਭ ਨੂੰ ਸਪਸ਼ਟ ਹਨ। ਪਹਿਲੀ ਗੱਲ ਇਹ ਹੈ ਕਿ ਪੂਰੀ ਸਿੱਖ ਕਮਿਊਨਿਟੀ ਅਤੇ ਮੁੱਖ ਤੌਰ 'ਤੇ ਉਹਦਾ ਨੌਜਵਾਨ ਵਰਗ ਪੂਰੀ ਤਰ੍ਹਾਂ ਭਾਰਤ ਸਰਕਾਰ ਤੋਂ ਬੇਗਾਨਗੀ ਮਹਿਸੂਸ ਕਰਦਾ ਹੈ। ਦੂਜੀ ਗੱਲ ਹੈ ਕਿ ਸਿੱਖ ਅਤੇ ਹਿੰਦੂ ਰਾਏ-ਆਮ ਵਿਚ ਵੱਡੀ ਤਰੇੜ ਆ ਚੁੱਕੀ ਹੈ। ਜਿਸ ਸਰਕਾਰ ਤੋਂ ਸਿੱਖ ਕਮਿਊਨਿਟੀ ਬੇਗਾਨਗੀ ਮਹਿਸੂਸ ਕਰਦੀ ਹੈ, ਹਿੰਦੂ ਕਮਿਊਨਿਟੀ ਉਸੇ ਨੂੰ ਆਪਣੀ ਰੱਖਿਅਕ ਸਮਝਦੀ ਹੈ ਤੇ ਉਸ 'ਤੇ ਟੇਕ ਰੱਖਦੀ ਹੈ।

ਤੀਸਰੀ ਗੱਲ ਜੋ ਸਾਹਮਣੇ ਆਈ ਹੈ, ਉਹ ਇਹ ਹੈ ਕਿ ਸਥਾਪਤ ਬੁਰਜੂਆ ਪਾਰਟੀਆਂ ਆਪਣੀ ਸਾਖ਼ ਪੂਰੀ ਤਰ੍ਹਾਂ ਗਵਾ ਚੁੱਕੀਆਂ ਹਨ ਤੇ ਉਹ ਇਸ ਯੋਗ ਨਹੀਂ ਰਹੀਆਂ ਹਨ ਕਿ ਇਸ ਮਸਲੇ ਨੂੰ ਹੱਲ ਕਰ ਲਈ ਕੋਈ ਵੀ ਲਾਹੇਵੰਦ ਭੂਮਿਕਾ ਨਿਭਾ ਸਕਣ। ਇਨ੍ਹਾਂ ਸਪਸ਼ਟ ਸਚਾਈਆਂ ਦੇ ਪ੍ਰਸੰਗ ਵਿਚ ਹੀ ਪੰਜਾਬ ਵਿਚ ਦਹਿਸ਼ਤਗਰਦੀ (ਦੇ) ਵਰਤਾਰੇ ਨੂੰ ਸਮਝਣ ਦੀ ਲੋੜ ਹੈ, ਜਿਸ ਦਾ ਆਪਣਾ ਹੀ ਇਕ ਤਰਕ ਬਣ ਚੁੱਕਿਆ ਹੈ। ਇਹ ਭਾਵੇਂ ਠੀਕ ਹੈ ਕਿ ਜਿਹੜੇ ਮਸਲੇ ਕਿਸੇ ਸਿਸਟਮ ਦੀ ਦੇਣ ਹੋਣ, ਉਹ ਸਿਸਟਮ ਨੂੰ ਬਦਲੇ ਬਗੈਰ ਪੂਰੀ ਤਰ੍ਹਾਂ ਹੱਲ ਨਹੀਂ ਹੋ ਸਕਦੇ, ਪਰ ਇਹ ਸਭ ਕੁਝ ਚੁੱਪ-ਚੁਪੀਤੇ ਵੀ ਨਹੀਂ ਦੇਖਿਆ ਜਾ ਸਕਦਾ ਅਤੇ ਸਿਸਟਮ ਦੀਆਂ ਸੀਮਾਵਾਂ ਦੇ ਅੰਦਰ-ਅੰਦਰ ਸਾਡੀ ਇਸ ਮਸਲੇ ਵਿਚ ਦਖਲਅੰਦਾਜ਼ੀ ਜ਼ਰੂਰੀ ਹੈ। ਇਹ ਦਖਲਅੰਦਾਜ਼ੀ ਕਿਸ ਆਧਾਰ 'ਤੇ ਹੋਵੇ, ਇਸ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ।

ਮੈਂ ਆਪਣੀ ਗੱਲ ਪਹਿਲਾਂ ਹੀ ਇਹ ਕਹਿ ਕੇ ਸ਼ੁਰੂ ਕਰਦਾ ਹਾਂ ਕਿ ਮੈਂ 'ਸਮਤਾ' ਵੱਲੋਂ ਅਪਣਾਈ ਇਸ ਪੁਜੀਸ਼ਨ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਸਿੱਖ ਜਥੇਬੰਦੀਆਂ ਵਲੋਂ ਚਲਾਇਆ ਜਾ ਰਿਹਾ ਸੰਘਰਸ਼ ਤੱਤ ਰੂਪ ਵਿਚ ਪਿਛਾਂਹਖਿੱਚੂ, ਫਿਰਕੂ ਦੁਫੇੜ ਵਾਲਾ, ਕਮਿਊਨਿਸਟ ਵਿਰੋਧੀ ਤੇ ਫਾਸ਼ੀਵਾਦ ਦੇ ਅੰਸ਼ਾਂ ਵਾਲਾ ਹੈ ਅਤੇ ਇਸ ਦਾ ਵਿਰੋਧ ਕਰਨਾ ਸਾਡਾ ਫਰਜ਼ ਹੈ ਅਤੇ ਅਸੀਂ ਇਸ ਦੇ ਬਾਰੇ ਕੋਈ ਵੀ ਸਮਝੌਤੇ ਵਾਲੀ ਪੁਜੀਸ਼ਨ ਨਹੀਂ ਲੈ ਸਕਦੇ। ਵੱਡਾ ਸਵਾਲ ਸਾਡੇ ਅੱਗੇ ਇਹ ਹੈ ਕਿ ਇਹ ਵਿਰੋਧ ਕਿਸ ਪੈਂਤੜੇ ਤੋਂ ਕੀਤਾ ਜਾਵੇ, ਤੇ ਇਹ ਵੀ ਨਾ ਭੁੱਲਿਆ ਨਾ ਜਾਵੇ ਕਿ ਸਿੱਖ ਦਹਿਸ਼ਤਗਰਦੀ ਦਾ ਇਹ ਮਸਲਾ ਐਵੇਂ ਹਵਾ ਵਿਚੋਂ ਨਹੀਂ ਖੜ੍ਹਾ ਹੋਇਆ, ਇਹ ਮੁਲਕ ਵਿਚ ਵਾਪਰ ਰਹੇ ਸਿਆਸੀ ਵਰਤਾਰੇ ਅਤੇ ਨਾਲ ਹੀ ਇਤਿਹਾਸਕ ਤੇ ਸਭਿਆਚਾਰਕ ਕਾਰਨ ਹਨ, ਜਿਨ੍ਹਾਂ ਕਰ ਕੇ ਇਹ ਹੋਂਦ ਵਿਚ ਆਇਆ ਹੈ। ਸਿੱਖ ਸੰਗਠਨਾਂ ਵਲੋਂ ਚਲਾਏ ਜਾ ਰਹੇ ਅੰਦੋਲਨਾਂ ਤੋਂ ਉਪਜੀ ਦਹਿਸ਼ਤਗਰਦੀ ਨਾਲ ਨਜਿੱਠਣ ਲਈ ਜੋ ਵੱਖੋ-ਵੱਖਰੇ ਰਾਹ ਅਪਣਾਏ ਜਾ ਰਹੇ ਹਨ, ਉਹ ਵੱਖ-ਵੱਖ ਸੋਚਾਂ ਦੀ ਹੀ ਉਪਜ ਹਨ ਜਿਨ੍ਹਾਂ ਨੂੰ ਸਮੁੱਚੇ ਭਾਰਤ ਦੇ ਪ੍ਰਸੰਗ ਵਿਚ ਵਾਚਿਆ ਜਾਣਾ ਚਾਹੀਦਾ ਹੈ।

ਪਹਿਲੀ ਲਾਈਨ ਉਹ ਲਾਈਨ ਹੈ ਜੋ ਰਿਬੇਰੋ, ਗਿਰੀ ਲਾਲ ਜੈਨ ਜਾਂ ਬਿਪਨ ਚੰਦਰ ਲਾਈਨ ਕਹੀ ਜਾ ਸਕਦੀ ਹੈ ਜੋ ਸਿੱਖ ਅਤਿਵਾਦ ਵਿਰੁੱਧ ਕਾਰਵਾਈ ਨੂੰ ਐਸੀ ਜੰਗ ਦੀ ਸ਼ਕਲ ਵਿਚ ਵੇਖ ਰਹੇ ਹਨ ਜੋ ਦੁਸ਼ਮਣ ਨੂੰ ਪੂਰੀ ਤਰ੍ਹਾਂ ਨੇਸਤੋਨਾਬੂਦ ਕਰ ਕੇ ਹੀ ਜਿੱਤੀ ਜਾ ਸਕਦੀ ਹੈ। ਇਹੋ ਜਹੀ ਜੰਗ ਦੀ ਵਕਾਲਤ ਕਰਨ ਵਾਲੀ ਸੂਚੀ ਵਿਚ ਸੱਜੇ ਅਤੇ ਖੱਬੀ ਵਿਚਾਰਧਾਰਾ ਦੇ ਹੋਰ ਬੁੱਧੀਜੀਵੀ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਬੁੱਧੀਜੀਵੀਆਂ ਦੀ ਸੋਚ ਦੀ ਦਲੀਲ ਭਾਵੇਂ ਵੱਖ-ਵੱਖ ਦ੍ਰਿਸ਼ਟੀ ਤੋਂ ਹੈ- ਰਾਸ਼ਟਰਵਾਦ, ਧਰਮਨਿਰਪੇਖਤਾ ਮਾਰਕਸਵਾਦ; ਫਿਰ ਵੀ ਇਹ ਰੋਗ ਲਈ ਇਕੋ ਨੁਸਖੇ 'ਤੇ ਕਿਉਂ ਪਹੁੰਚੇ ਹਨ, ਇਹ ਉਪਰੋਂ ਦੇਖਿਆਂ ਅਜੀਬ ਲੱਗ ਸਕਦਾ ਹੈ, ਪਰ ਥੋੜ੍ਹਾ ਡੂੰਘਾਈ ਵਿਚ ਸੋਚਿਆਂ ਇਹ ਅਜੀਬ ਨਹੀਂ ਲੱਗੇਗਾ। 'ਸਮਤਾ' ਵਿਚ ਲਿਖਣ ਵਾਲੇ ਮੇਰੇ ਇਕ ਦੋਸਤ ਨੇ ਬਿਪਨ ਚੰਦਰ ਨੂੰ ਮਾਰਕਸਵਾਦੀ ਚਿੰਤਕ ਦੇ ਤੌਰ 'ਤੇ ਲਿਆ ਹੈ, ਪਰ ਮੈਂ ਅਰਜ਼ ਕਰ ਦਿਆਂ ਕਿ ਬਿਪਨ ਚੰਦਰ ਦਾ ਸਟੈਂਡ ਖੱਬੀ ਸੋਚ ਵਾਲੇ ਰਾਸ਼ਟਰਵਾਦੀ ਦੇ ਤੌਰ 'ਤੇ ਲਿਆ ਜਾਏ, ਨਾ ਕਿ ਮਾਰਕਸਵਾਦੀ ਦੇ ਤੌਰ 'ਤੇ, ਜਾਂ ਇਹ ਕਹਿ ਲਵੋ ਕਿ ਐਸਾ ਰਾਸ਼ਟਰਵਾਦੀ ਜੋ ਮਾਰਕਸਵਾਦੀ ਤਰਕ ਵਿਧੀ ਨਾਲ ਮੋਹ ਦਾ ਵਿਖਾਵਾ ਕਰਦਾ ਹੈ, ਪਰ ਉਸ ਨੂੰ ਅਪਣਾਉਂਦਾ ਨਹੀਂ। ਕਿਸੇ ਮਸਲੇ ਦੀ ਆਰਥਿਕ ਪੱਖ ਤੋਂ ਵਿਆਖਿਆ ਕਰ ਦੇਈਏ ਜਾਂ ਸਾਮਰਾਜਵਾਦ ਦੇ ਵਿਰੋਧ ਦੀ ਪੁਜੀਸ਼ਨ ਤੋਂ ਵਿਸ਼ਲੇਸ਼ਣ ਕਰ ਦੇਈਏ ਜਾਂ ਮਾਰਕਸ ਜਾਂ ਏਂਗਲਜ਼ ਦੀ ਕਿਸੇ ਲਿਖਤ ਦਾ ਹਵਾਲਾ ਦੇ ਦੇਈਏ ਤਾਂ ਉਹ ਦਲੀਲ ਮਾਰਕਸਵਾਦੀ ਨਹੀਂ ਬਣ ਜਾਂਦੀ। ਇਸ ਗੱਲ ਦਾ ਖ਼ਤਰਾ ਮੁੱਲ ਲੈਂਦੇ ਹੋਏ ਕਿ ਮੈਨੂੰ 'ਜਮਾਤਵਾਦ' ਦਾ ਅੰਨ੍ਹਾ ਸ਼ਰਧਾਲੂ ਵੀ ਕਿਹਾ ਜਾਏ, ਤਾਂ ਵੀ ਮੈਂ ਇਹੀ ਆਖਾਂਗਾ ਕਿ 'ਜਮਾਤ' ਹੀ ਮਾਰਕਸਵਾਦ ਦਾ ਆਧਾਰ ਹੋ ਸਕਦਾ ਹੈ। 'ਕੌਮ' ਜਾਂ 'ਮੁਲਕ' ਦੀ ਇਕਾਈ ਜਾਂ ਦੇਸ਼ ਭਗਤੀ ਮਾਰਕਸਵਾਦ ਦਾ ਆਧਾਰ ਨਹੀਂ ਹੋ ਸਕਦਾ। ਅਤਿਵਾਦ ਨੂੰ ਖ਼ਤਮ ਕਰਨ ਦੀ ਇਹ ਉਪਰੋਕਤ ਕਥਿਤ ਰਾਸ਼ਟਰਵਾਦੀ ਪਹੁੰਚ (ਭਾਵੇਂ) ਵਕਤੀ ਤੌਰ 'ਤੇ ਕਾਮਯਾਬ ਹੋਵੇ, ਉਹ ਸਮੁੱਚੇ ਹਿੰਦੁਸਤਾਨ ਦੇ ਲੋਕਾਂ ਲਈ ਖ਼ਤਰਨਾਕ ਸਿੱਟੇ ਕੱਢ ਸਕਦੀ ਹੈ, ਇਸ ਬਾਰੇ ਕਿਸੇ ਨੂੰ ਵੀ, ਤੇ ਖ਼ਾਸ ਕਰ ਕੇ ਇਕ ਮਾਰਕਸਵਾਦੀ ਨੂੰ ਕੋਈ ਸ਼ੱਕ ਨਹੀਂ ਹੋ ਸਕਦਾ।

ਦੂਜੀ ਲਾਈਨ ਉਹ ਕਹੀ ਜਾ ਸਕਦੀ ਹੈ ਕਿ ਜੋ ਸੀ.ਪੀ.ਆਈ. ਅਤੇ ਸੀ.ਪੀ.ਐੱਮ. ਨੇ ਅਪਣਾਈ ਹੋਈ ਹੈ ਜਿਸ ਵਿਚ ਰਾਸ਼ਟਰਵਾਦ ਤੋਂ ਲੈ ਕੇ ਸਾਮਰਾਜੀ ਚਾਲਾਂ ਤੱਕ ਦੀਆਂ ਕਈ ਦਲੀਲਾਂ ਦਾ ਆਧਾਰ ਲਿਆ ਗਿਆ ਹੈ ਤੇ ਜਿਸ ਦੀ ਸਫਲਤਾ ਦੀ ਇਕ ਕਸੌਟੀ ਰਿਬੇਰੋ ਵਲੋਂ ਦਿੱਤਾ ਸਰਟੀਫਿਕੇਟ, ਕਿ ਕਮਿਊਨਿਸਟ ਹੀ ਐਸੀ ਧਿਰ ਹਨ ਜੋ ਸਹੀ ਸ਼ਬਦਾਂ ਵਿਚ ਅਤਿਵਾਦ ਵਿਰੁੱਧ ਜੰਗ ਲੜਨ ਦੇ ਯੋਗ ਹਨ, ਵੀ ਸ਼ਾਮਲ ਹੈ। ਉਹ ਸਿੱਖ ਅਤਿਵਾਦ ਵਿਰੁੱਧ ਸੰਘਰਸ਼ ਨੂੰ ਬੁਨਿਆਦੀ ਤੌਰ 'ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨ ਦੇ ਰੂਪ 'ਚ ਲੈਂਦੇ ਹਨ, ਐਸੀ ਏਕਤਾ ਅਤੇ ਅਖੰਡਤਾ ਜਿਸ ਨੂੰ ਅਮਰੀਕੀ ਸਾਮਰਾਜੀ ਤਬਾਹ ਕਰ ਕੇ ਦੇਸ਼ ਨੂੰ ਅਸਥਿਰ ਕਰਨਾ ਚਾਹੁੰਦੇ ਹਨ। ਸਾਡਾ ਸਿਰ ਝੁਕਦਾ ਹੈ ਕਮਿਊਨਿਸਟ ਕੈਡਰ ਦੇ ਹੌਸਲੇ ਅਤੇ ਦ੍ਰਿੜਤਾ ਅੱਗੇ ਕਿ ਉਹ ਇਸ ਲਾਈਨ ਉਤੇ ਜ਼ਿੰਦਗੀਆਂ ਦੀਆਂ ਅਹੂਤੀਆਂ ਦੇ ਕੇ ਵੀ ਤੁਰ ਰਹੇ ਹਨ। ਐਸੀ ਲਾਈਨ ਜੋ ਹਾਕਮ ਜਮਾਤ ਦੀ ਸਿਆਸਤ ਨੂੰ ਰਾਸ ਆਉਂਦੀ ਹੈ ਅਤੇ ਕਮਿਊਨਿਸਟਾਂ ਦੀ ਵੱਖਰੀ ਪਛਾਣ ਨੂੰ ਧੁੰਦਲਾ ਕਰਦੀ ਹੈ। ਇਹ ਹੈਰਾਨੀ ਦੀ ਗੱਲ ਨਹੀਂ ਕਿ ਇਸ ਸਿਧਾਂਤਕ ਪੁਜੀਸ਼ਨ ਤੋਂ ਇਹ ਅਮਲ ਨਿਕਲ ਆਉਂਦਾ ਹੈ ਕਿ ਕਮਿਊਨਿਸਟ ਪਾਰਟੀਆਂ ਨੂੰ ਫਿਰਕਾਪ੍ਰਸਤੀ ਵਿਰੁੱਧ ਸੰਘਰਸ਼ ਕਰਨ ਲਈ ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਾਂਝੇ ਮੰਚ ਉਪਰ ਜਾਣ ਤੋਂ ਵੀ ਕੋਈ ਸੰਕੋਚ ਨਹੀਂ ਹੁੰਦਾ, ਉਹ ਪਾਰਟੀਆਂ ਜੋ ਆਪਣੇ ਆਪ ਵਿਚ ਫਿਰਕਪ੍ਰਸਤੀ ਨੂੰ ਜਨਮ ਦੇਣ ਲਈ ਜ਼ਿੰਮੇਵਾਰ ਹਨ। ਇਹ ਅੱਜ ਦੇ ਦੌਰ ਦਾ ਸਭ ਤੋਂ ਵੱਡਾ ਲਤੀਫ਼ਾ ਹੈ ਕਿ ਕਮਿਊਨਿਸਟ ਪਾਰਟੀਆਂ ਇਨ੍ਹਾਂ ਪਾਰਟੀਆਂ ਨਾਲ ਰਲ ਕੇ ਪੰਜਾਬ ਦੇ ਲੋਕਾਂ ਨੂੰ ਧਰਮਨਿਰਪੇਖਤਾ ਦਾ ਸੁਨੇਹਾ ਦੇ ਰਹੀਆਂ ਹਨ! ਕਮਿਊਨਿਸਟ ਪਾਰਟੀਆਂ ਨੇ ਵੀ ਜੇ ਉਸੇ ਰਾਸ਼ਟਰਵਾਦ ਦਾ ਸੁਨੇਹਾ ਦੇਣਾ ਹੈ ਜੋ ਹਾਕਮ ਜਮਾਤਾਂ ਦੀਆਂ ਪਾਰਟੀਆਂ ਨੇ ਦੇਣਾ ਹੈ ਤੇ ਰਾਸ਼ਟਰਵਾਦ ਵੀ ਉਹ ਜੋ ਕਾਫ਼ੀ ਹੱਦ ਤਕ ਹਿੰਦੂ ਸ਼ਾਵਨਵਾਦ ਦਾ ਰੂਪ ਅਖ਼ਤਿਆਰ ਕਰ ਰਿਹਾ ਹੈ, ਤਾਂ ਫਿਰ ਉਨ੍ਹਾਂ ਦੀ ਅਤੇ ਹਾਕਮ ਜਮਾਤ ਦੀਆਂ ਪਾਰਟੀਆਂ ਦੀ ਸਿਆਸਤ ਦਾ ਕੀ ਫਰਕ ਰਹਿ ਗਿਆ? ਕਮਿਊਨਿਸਟਾਂ ਨੂੰ ਇਹਦੇ ਬਾਰੇ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। ਉਹ ਨੀਤੀਆਂ ਕਿਉਂ ਅਖ਼ਤਿਆਰ ਕੀਤੀਆਂ ਜਾਣ ਜਾਂ ਉਨ੍ਹਾਂ ਲਈ ਕੁਰਬਾਨੀਆਂ ਕਿਉਂ ਦਿੱਤੀਆਂ ਜਾਣ ਜਿਨ੍ਹਾਂ ਨੇ ਅੰਤ ਵਿਚ ਫਾਇਦਾ ਜਾ ਕੇ ਹਾਕਮ ਜਮਾਤਾਂ ਦੀ ਸਿਆਸਤ ਦਾ ਹੀ ਕਰਨਾ ਹੈ। ਬਗੈਰ ਸ਼ਰਤ, ਦੇਸ਼ ਦੀ ਏਕਤਾ ਜਾਂ ਅਖੰਡਤਾ ਨੂੰ ਆਧਾਰ ਬਣਾ ਕੇ (ਜੇ) ਕੋਈ (ਅਜਿਹਾ) ਅਮਲ ਕੀਤਾ ਜਾਵੇਗਾ, ਤਾਂ ਇਸ ਤੋਂ ਸਿਵਾਏ ਨਤੀਜਾ ਕੋਈ ਹੋਰ ਨਿਕਲ ਵੀ ਨਹੀਂ ਸਕਦਾ।

ਅਤਿਵਾਦ ਵਿਰੁੱਧ ਅਖ਼ਤਿਆਰ ਕੀਤਾ ਜਾਣ ਵਾਲਾ ਤੀਜਾ ਰਾਹ ਜੋ ਸਹੀ ਰਾਹ ਹੋਵੇਗਾ, ਉਹ ਉਹੀ ਰਾਹ ਹੋਵੇਗਾ ਜਦੋਂ ਇਸ ਸੰਘਰਸ਼ ਨੂੰ ਸਮੁੱਚੇ ਭਾਰਤ ਵਿਚ ਚਲਾਏ ਜਾਣ ਵਾਲੇ ਉਸ ਸੰਘਰਸ਼ ਦਾ ਹਿੱਸਾ ਬਣਾਇਆ ਜਾਵੇ ਜੋ ਹਾਕਮ ਜਮਾਤ ਦੀਆਂ ਕੁਲ ਨੀਤੀਆਂ ਵਿਰੁੱਧ ਚਲਾਉਣਾ ਬਣਦਾ ਹੈ। ਸਾਮਰਾਜ ਵਿਰੋਧੀ ਸੰਘਰਸ਼ ਨੂੰ ਵੀ ਇਸੇ ਸੰਘਰਸ਼ ਦਾ ਅੰਗ ਬਣਾਇਆ ਜਾਏ, ਨਾ ਕਿ ਇਸ ਸੰਘਰਸ਼ ਨੂੰ ਸਾਮਰਾਜ ਵਿਰੋਧੀ ਸੰਘਰਸ਼ ਦੇ ਅਧੀਨ ਕੀਤਾ ਜਾਏ। ਅਸੀਂ ਇਹ ਕਿਉਂ ਭੁੱਲੀਏ ਕਿ ਸਾਮਰਾਜੀ ਤਾਕਤਾਂ ਕਿਸੇ ਦੇਸ਼ ਵਿਚ ਦਖ਼ਲਅੰਦਾਜ਼ੀ ਕਰਨ ਦੇ ਸਮਰੱਥ ਤਾਂ ਹੀ ਹੁੰਦੀਆਂ ਹਨ ਜੇ ਹਾਕਮ ਜਮਾਤਾਂ ਦੀਆਂ ਨੀਤੀਆਂ ਉਨ੍ਹਾਂ ਨੂੰ ਇਸ ਯੋਗ ਬਣਾਉਂਦੀਆਂ ਹਨ। ਉਹ ਉਨ੍ਹਾਂ ਨੂੰ ਇਸ ਅਮਲ ਲਈ ਮੌਕਾ ਮੁਹੱਈਆ ਕਰਦੀਆਂ ਹਨ। ਜੇ ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਗੱਲ ਵੀ ਕਰੀਏ ਤਾਂ ਉਹ ਕਥਿਤ ਦੇਸ਼ ਭਗਤ ਪੈਂਤੜੇ ਤੋਂ ਨਾ ਕਰੀਏ, ਸਗੋਂ ਇਨਕਲਾਬੀ ਸਿਆਸਤ ਦੇ ਪੈਂਤੜੇ ਤੋਂ ਕਰੀਏ ਜਿਸ ਨੂੰ ਇਸ ਏਕਤਾ ਦੀ ਉਸ ਸੰਘਰਸ਼ ਨੂੰ ਮਜ਼ਬੂਤ ਬਣਾਉਣ ਵਿਚ ਲੋੜ ਹੈ ਜੋ ਅਸੀਂ ਹਾਕਮ ਜਮਾਤਾਂ ਦੀਆਂ ਨੀਤੀਆਂ ਦੇ ਵਿਰੁੱਧ ਚਲਾਉਂਦੇ ਹਾਂ। ਹਾਕਮ ਜਮਾਤਾਂ ਕਹਿੰਦੀਆਂ ਹਨ ਕਿ ਉਨ੍ਹਾਂ ਦੀਆਂ ਨੀਤੀਆਂ ਮਜ਼ਬੂਤ ਕੌਮ ਬਣਾਉਣ ਲਈ ਗਤੀਸ਼ੀਲ ਹਨ, ਅਸਲੀਅਤ ਇਹ ਹੈ ਕਿ ਇਨ੍ਹਾਂ ਨੀਤੀਆਂ ਕਰ ਕੇ ਕੌਮ ਦੇ ਖੇਰੂੰ-ਖੇਰੂੰ ਹੋਣ ਦਾ ਅਮਲ ਸ਼ੁਰੂ ਹੋਇਆ ਹੈ। ਕੌਮ ਨੂੰ ਖੇਰੂੰ-ਖੇਰੂੰ ਕਰਨ ਦੀ ਪੂਰੀ ਜ਼ਿੰਮੇਵਾਰੀ ਉਨ੍ਹਾਂ ਉਪਰ ਹੈ ਜੋ ਇਸ ਦੀ ਏਕਤਾ ਦਾ ਸਭ ਤੋਂ ਵੱਧ ਢੰਡੋਰਾ ਪਿੱਟਦੇ ਹਨ।


ਉਪਰ ਬਿਆਨਿਆ ਤੀਜਾ ਰਾਹ ਹੀ ਹੈ ਜੋ ਸਾਨੂੰ ਇਨਕਲਾਬੀ ਸਿਆਸਤ ਨੂੰ ਅੱਗੇ ਲਿਜਾਣ ਲਈ ਅਪਣਾਉਣਾ ਚਾਹੀਦਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿਸ ਸਿੱਖ ਅਤਿਵਾਦ ਦੇ ਖ਼ਤਰੇ ਦਾ ਢੰਡੋਰਾ ਹਾਕਮ ਜਮਾਤੀ ਪਾਰਟੀਆਂ ਕੋਠੇ ਚੜ੍ਹ ਕੇ ਪਿੱਟਦੀਆਂ ਹਨ, ਉਹ ਉਨ੍ਹਾਂ ਲਈ ਕੋਈ ਅਸਲੀ ਖ਼ਤਰਾ ਨਹੀਂ ਹੈ। ਉਹ ਇਨ੍ਹਾਂ ਦੀਆਂ ਨੀਤੀਆਂ ਦੀ ਹੀ ਪੈਦਾਇਸ਼ ਹੈ, ਇਸ ਲਈ ਉਹ ਇਸ ਨੂੰ ਖ਼ਤਮ ਕਰਨ ਦਾ ਰੌਲਾ ਜ਼ਰੂਰ ਪਾਉਂਦੇ ਹਨ, ਪਰ ਇਸ ਨੂੰ ਸਹੀ ਅਰਥਾਂ ਵਿਚ ਖ਼ਤਮ ਕਰਨ ਲਈ ਕੋਈ ਫ਼ਿਕਰਮੰਦ ਨਹੀਂ। ਉਨ੍ਹਾਂ ਨੂੰ ਪਤਾ ਹੈ ਕਿ ਅਤਿਵਾਦ ਦੀ ਹੋਂਦ ਲੋਕਾਂ ਦੀ ਮੁਕਤੀ ਦੇ ਸੰਘਰਸ਼ਾਂ ਨੂੰ ਗਧੀ-ਗੇੜ ਵਿਚ ਪਾਉਣ ਅਤੇ ਉਨ੍ਹਾਂ ਨੂੰ ਧੁੰਦਲਾਉਣ ਲਈ ਸਹਾਈ ਸਾਬਤ ਹੋ ਰਹੀ ਹੈ। 'ਸਮਤਾ' ਵਿਚ ਇਹਦਾ ਜ਼ਿਕਰ ਵੀ ਬਹੁਤ ਵਾਰ ਆ ਚੁੱਕਿਆ ਹੈ।

***ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿਸ ਸਿੱਖ ਅਤਿਵਾਦ ਦੇ ਖ਼ਤਰੇ ਦਾ ਢੰਡੋਰਾ ਹਾਕਮ ਜਮਾਤੀ ਪਾਰਟੀਆਂ ਕੋਠੇ ਚੜ੍ਹ ਕੇ ਪਿੱਟਦੀਆਂ ਹਨ, ਉਹ ਉਨ੍ਹਾਂ ਲਈ ਕੋਈ ਅਸਲੀ ਖ਼ਤਰਾ ਨਹੀਂ ਹੈ। ਉਹ ਇਨ੍ਹਾਂ ਦੀਆਂ ਨੀਤੀਆਂ ਦੀ ਹੀ ਪੈਦਾਇਸ਼ ਹੈ, ਇਸ ਲਈ ਉਹ ਇਸ ਨੂੰ ਖ਼ਤਮ ਕਰਨ ਦਾ ਰੌਲਾ ਜ਼ਰੂਰ ਪਾਉਂਦੇ ਹਨ, ਪਰ ਇਸ ਨੂੰ ਸਹੀ ਅਰਥਾਂ ਵਿਚ ਖ਼ਤਮ ਕਰਨ ਲਈ ਕੋਈ ਫ਼ਿਕਰਮੰਦ ਨਹੀਂ। ਉਨ੍ਹਾਂ ਨੂੰ ਪਤਾ ਹੈ ਕਿ ਅਤਿਵਾਦ ਦੀ ਹੋਂਦ ਲੋਕਾਂ ਦੀ ਮੁਕਤੀ ਦੇ ਸੰਘਰਸ਼ਾਂ ਨੂੰ ਗਧੀ-ਗੇੜ ਵਿਚ ਪਾਉਣ ਅਤੇ ਉਨ੍ਹਾਂ ਨੂੰ ਧੁੰਦਲਾਉਣ ਲਈ ਸਹਾਈ ਸਾਬਤ ਹੋ ਰਹੀ ਹੈ।***

ਆਪਣੇ ਜਮਾਤੀ ਹਿਤ ਵਿਚ ਅਤਿਵਾਦ ਦੇ ਸੰਘਰਸ਼ ਨੂੰ ਸਹੀ ਲੀਹਾਂ 'ਤੇ ਲਿਆਉਣਾ ਸਾਡੀ ਲੋੜ ਹੈ। ਇਹ ਔਖਾ ਕੰਮ ਹੈ ਕਿਉਂਕਿ ਬਹੁਕੌਮੀ ਭਾਰਤੀ ਸਮਾਜ ਜੋ ਅਗਾਂਹ ਵੱਖ-ਵੱਖ ਧਰਮਾਂ ਤੇ ਜਾਤਾਂ ਵਿਚ ਵੰਡਿਆ ਹੋਇਆ ਕਾਫ਼ੀ ਗੁੰਝਲਦਾਰ ਸਮਾਜ ਹੈ ਅਤੇ ਆਪਣੇ ਵਿਚ ਕਈ ਵਿਰੋਧਤਾਈਆਂ ਸਮੇਟੀ ਬੈਠਾ ਹੈ, ਪਰ ਸਾਨੂੰ ਇਹ ਕਾਰਜ ਹੱਥ ਵਿਚ ਲੈਣਾ ਪੈਣਾ ਹੈ। ਅਸੀਂ ਅਤਿਵਾਦ ਦਾ ਹਰ ਹਾਲਤ ਵਿਚ ਮੁਕਾਬਲਾ ਕਰਨਾ ਹੈ, ਪਰ ਆਪਣੀ ਦ੍ਰਿਸ਼ਟੀ ਨਾਲ ਕਰਨਾ ਹੈ, ਹਾਕਮ ਜਮਾਤਾਂ ਦੀ ਦ੍ਰਿਸ਼ਟੀ ਨਾਲ ਨਹੀਂ ਕਰਨਾ। ਇਸ ਕਾਰਜ ਦੇ ਲਈ ਦਾਅਪੇਚ ਇਸ ਤਰ੍ਹਾਂ ਮਿਥੇ ਜਾਣ ਕਿ ਸਾਨੂੰ ਵੱਧ ਤੋਂ ਵੱਧ ਲੋਕਾਂ ਦਾ ਸਹਿਯੋਗ ਮਿਲੇ ਅਤੇ ਇਨਕਲਾਬੀ ਸਿਆਸਤ ਅੱਗੇ ਵਧੇ, ਬਹਿਸ ਇਸ ਦਿਸ਼ਾ ਵਿਚ ਅੱਗੇ ਚੱਲਣੀ ਚਾਹੀਦੀ ਹੈ।

***ਵੱਡਾ ਸਵਾਲ ਸਾਡੇ ਅੱਗੇ ਇਹ ਹੈ ਕਿ ਇਹ ਵਿਰੋਧ ਕਿਸ ਪੈਂਤੜੇ ਤੋਂ ਕੀਤਾ ਜਾਵੇ, ਤੇ ਇਹ ਵੀ ਨਾ ਭੁੱਲਿਆ ਨਾ ਜਾਵੇ ਕਿ ਸਿੱਖ ਦਹਿਸ਼ਤਗਰਦੀ ਦਾ ਇਹ ਮਸਲਾ ਐਵੇਂ ਹਵਾ ਵਿਚੋਂ ਨਹੀਂ ਖੜ੍ਹਾ ਹੋਇਆ, ਇਹ ਮੁਲਕ ਵਿਚ ਵਾਪਰ ਰਹੇ ਸਿਆਸੀ ਵਰਤਾਰੇ ਅਤੇ ਨਾਲ ਹੀ ਇਤਿਹਾਸਕ ਤੇ ਸਭਿਆਚਾਰਕ ਕਾਰਨ ਹਨ, ਜਿਨ੍ਹਾਂ ਕਰ ਕੇ ਇਹ ਹੋਂਦ ਵਿਚ ਆਇਆ ਹੈ। ਸਿੱਖ ਸੰਗਠਨਾਂ ਵਲੋਂ ਚਲਾਏ ਜਾ ਰਹੇ ਅੰਦੋਲਨਾਂ ਤੋਂ ਉਪਜੀ ਦਹਿਸ਼ਤਗਰਦੀ ਨਾਲ ਨਜਿੱਠਣ ਲਈ ਜੋ ਵੱਖੋ-ਵੱਖਰੇ ਰਾਹ ਅਪਣਾਏ ਜਾ ਰਹੇ ਹਨ, ਉਹ ਵੱਖ-ਵੱਖ ਸੋਚਾਂ ਦੀ ਹੀ ਉਪਜ ਹਨ ਜਿਨ੍ਹਾਂ ਨੂੰ ਸਮੁੱਚੇ ਭਾਰਤ ਦੇ ਪ੍ਰਸੰਗ ਵਿਚ ਵਾਚਿਆ ਜਾਣਾ ਚਾਹੀਦਾ ਹੈ।***

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਲਕੀਰ-ਕੁੱਟ ਲੀਡਰਾਂ ਦੇ ਵੱਸ ਪਏ ਸਿੱਖ

ਦਿਨਾਂ ਦੀ ਗਿਣਤੀ ਕਰੀਏ ਤਾਂ ਸੱਪ ਲੰਘੇ ਨੂੰ ਤਿੰਨ ਹਫਤੇ ਹੋ ਚੱਲੇ ਹਨ। ਹੁਣ ਲਕੀਰ ਨੂੰ ਹੀ ਕੁੱਟਣਾ ਹੈ, ਜਦੋਂ ਮਰਜ਼ੀ ਤੇ ਜਿੰਨਾ ਮਰਜ਼ੀ ਕੁੱਟੀ ਜਾਈਏ। ਲੰਘੇ ਸੱਪ ਦੀ ਲਕੀਰ ਨੂੰ ਕੁੱਟਣਾ ਸਾਡੇ ਭਾਈਚਾਰੇ ਲਈ ਕੋਈ ਨਵੀਂ ਗੱਲ ਥੋੜ੍ਹੀ ਹੈ? ਸੰਨ ਸੰਤਾਲੀ ਤੋਂ ਬਾਅਦ ਅਸੀਂ ਸੱਪਾਂ ਦੀਆਂ ਲਕੀਰਾਂ ਨੂੰ ਹੀ ਕੁੱਟ ਰਹੇ ਹਾਂ। ਸੱਪ ਕਦੇ ਅੜਿੱਕੇ ਨਹੀਂ ਆਇਆ। ਹਾਂ! ਉਹ ਸਾਡਾ ਸੁਨਹਿਰੀ ਸਮਾਂ ਸੀ, ਜਦ ਸਾਡੇ ਵਡਿੱਕੇ ਬੁੱਢਾ ਜੌਹੜ ਤੋਂ ਮੰਜ਼ਲਾਂ ਮਾਰਦੇ ਸ੍ਰੀ ਅੰਮ੍ਰਿਤਸਰ ਪਹੁੰਚਦੇ ਸਨ ਅਤੇ ਫਨੀਅਰ ਸੱਪ ਦੀ ਸਿਰੀ ਵੱਢ ਕੇ ਬਰਛੇ 'ਤੇ ਟੰਗ ਕੇ ਮੁੜ ਜੈਕਾਰੇ ਗਜਾਉਂਦੇ ਬੀਕਾਨੇਰ ਦੇ ਮਾਰੂਥਲ ਵਿਚ ਜਾ ਪਹੁੰਚਦੇ ਸਨ। ਉਦੋਂ ਸਾਡੇ ਆਗੂ ਤਰਲੇ ਕਰਦੀ ਦਰ ਆਈ ਨਵਾਬੀ, ਆਪਣੇ ਪੁੱਤ-ਭਤੀਜਿਆਂ ਨੂੰ ਨਹੀਂ, ਸਗੋਂ ਪੰਥ ਦੇ ਘੋੜਿਆਂ ਦੀ ਲਿੱਦ ਚੁੱਕਣ ਵਾਲੇ ਕਿਸੇ ਸੇਵਾਦਾਰ ਨੂੰ ਸੌਂਪਦੇ ਹੁੰਦੇ ਸਨ। ਨਾ ਉਹੋ ਜਿਹੇ ਆਗੂ ਰਹੇ ਤੇ ਨਾ ਹੀ ਅਸੀਂ। ਸੋ, ਲਕੀਰਾਂ ਕੁੱਟਣ ਦਾ ਕੰਮ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ।

ਗੱਲ ਕਰ ਰਿਹਾਂ ਪਿਛਲੇ ਮਹੀਨੇ 26 ਜਨਵਰੀ ਵਾਲੇ ਦਿਨ ਦਿੱਲੀ ਵਿਚ ਹੋਏ ਗਣਤੰਤਰ ਦਿਵਸ ਸਮਾਰੋਹ ਦੀ, ਜਿਥੇ ਪਹੁੰਚੇ ਮੁੱਖ ਮਹਿਮਾਨ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਦੀ ਹਾਜ਼ਰੀ ਵਿਚ ਦਸਤਾਰਾਂ ਵਾਲੀ ਸਿੱਖ ਰੈਜਮੈਂਟ ਨੂੰ ਪਰੇਡ ਦੇ ਨੇੜੇ ਨਹੀਂ ਫਟਕਣ ਦਿੱਤਾ ਗਿਆ। ਸਿੱਖ ਬੁੱਧੀਜੀਵੀ ਅਤੇ ਕਈ ਸਿਆਸੀ ਆਗੂ ਖੁੱਲ੍ਹਮ-ਖੁੱਲ੍ਹਾ ਕਹਿ ਰਹੇ ਨੇ ਕਿ ਅਜਿਹਾ ਇਸ ਕਾਰਨ ਕੀਤਾ ਗਿਆ ਤਾਂ ਕਿ ਫਰਾਂਸ ਦੇ ਰਾਸ਼ਟਰਪਤੀ ਦੀ ਨਜ਼ਰ ਕਿਤੇ ਦਸਤਾਰ ਦੀ ਮਹਾਨਤਾ 'ਤੇ ਨਾ ਪੈ ਜਾਏ। ਮਤਾਂ ਕਿਤੇ ਉਹ ਭਾਰਤੀ ਫੌਜ ਵਿਚ ਦਸਤਾਰਾਂ ਦੀ ਸ਼ਾਨ ਤੋਂ ਪ੍ਰਭਾਵਿਤ ਹੋ ਕੇ ਫਰਾਂਸ ਵੱਸਦੇ ਸਿੱਖਾਂ ਦੀ ਦਸਤਾਰ 'ਤੇ ਪਾਬੰਦੀ ਹਟਾ ਹੀ ਨਾ ਲੈਣ!

ਗਣਤੰਤਰ ਦਿਵਸ ਦੀ ਪਰੇਡ ਵਿਚ ਹਮੇਸ਼ਾ ਸਾਰੇ ਸੂਬਿਆਂ ਦੀਆਂ ਝਾਕੀਆਂ ਦਿਖਾਈਆਂ ਜਾਂਦੀਆਂ ਹਨ। ਰਵਾਇਤ ਮੁਤਾਬਕ ਪੰਜਾਬ ਦੀ ਝਾਕੀ ਇਸ ਵਾਰ ਵੀ ਤਿਆਰ ਸੀ।... ਤੇ ਅਮੂਮਨ ਉਸ ਵਿਚ ਪੱਗਾਂ ਵਾਲੇ ਪਾਤਰ ਹੋਣੇ ਹੀ ਸਨ, ਪਰ ਪੱਗਾਂ ਵਾਲਿਆਂ ਖਿਲਾਫ਼ ਤਾਂ ਪਹਿਲੋਂ ਹੀ ਸਰਕਾਰ ਅੰਦਰੋ-ਅੰਦਰੀ ਫੈਸਲਾ ਕਰੀ ਬੈਠੀ ਸੀ। ਸੋ, ਬੇਤੁਕੇ ਬਹਾਨੇ ਬਣਾ ਕੇ ਪੰਜਾਬ ਪ੍ਰਾਂਤ ਦੇ ਫਲੋਟ ਨੂੰ ਵੀ ਬਰੰਗ ਮੋੜ ਦਿੱਤਾ ਗਿਆ। ਮੋਦੀ ਸਰਕਾਰ ਨੇ ਆਪਣਾ ਤੈਅਸ਼ੁਦਾ 'ਸਿੱਖ ਪਛਾਣ ਵਿਰੋਧੀ ਮਿਸ਼ਨ' ਸਫਲਤਾ ਸਹਿਤ ਨੇਪਰੇ ਚਾੜ੍ਹ ਲਿਆ।

ਦੇਸ-ਵਿਦੇਸ ਦੇ ਸਿੱਖਾਂ ਵੱਲੋਂ ਮੋਦੀ ਸਰਕਾਰ ਦੀ ਇਸ ਗੱਲੋਂ 'ਤੋਏ ਤੋਏ' ਹੋਣੀ ਸ਼ੁਰੂ ਹੋ ਗਈ। ਚੇਤਨ ਸਿੱਖਾਂ ਦੀ ਬੁਲੰਦ ਹੁੰਦੀ ਆਵਾਜ਼ ਸੁਣ ਕੇ ਫਖ਼ਰ-ਏ-ਕੌਮ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਰੋਸਾ ਜਾਗ ਪਿਆ। ਉਹੀ ਵੱਡਾ ਬਾਦਲ ਤੇ ਛੋਟਾ ਬਾਦਲ ਜੋ ਲੋਕ ਸਭਾ ਚੋਣਾਂ ਬਾਅਦ ਮੋਦੀ ਸਰਕਾਰ ਦੀ ਕੈਬਨਿਟ ਵਿਚ ਹਰਸਿਮਰਤ ਕੌਰ ਬਾਦਲ ਨੂੰ ਸ਼ਾਮਲ ਕਰਾਉਣ ਲਈ ਹਫਤਾ ਭਰ ਦਿੱਲੀ ਬੈਠੇ ਰਹੇ ਸਨ, ਹੁਣ ਇਸ ਵਿਤਕਰੇ ਵਿਰੁਧ ਦਿੱਲੀ ਨਾ ਜਾ ਸਕੇ। ਸਿਰਫ ਕੇਂਦਰ ਸਰਕਾਰ ਨੂੰ 'ਰੋਸ ਪੱਤਰ' ਲਿਖ ਕੇ ਬੁੱਤਾ ਸਾਰ ਲਿਆ। ਯਾਦ ਰਹੇ, ਇਹੀ ਬਾਦਲ ਲੋਕ ਸਭਾ ਚੋਣਾਂ ਮੌਕੇ ਪੰਜਾਬ ਵਿਚ ਹੋਈਆਂ ਰੈਲੀਆਂ ਵਿਚ ਲੋਕਾਂ ਨੂੰ ਗੱਜ-ਵੱਜ ਕੇ ਅਪੀਲਾਂ ਕਰਦੇ ਸਨ ਕਿ ਇਕ ਵਾਰ ਮੋਦੀ ਜੀ ਨੂੰ ਪ੍ਰਧਾਨ ਮੰਤਰੀ ਬਣਾ ਦਿਓ, ਅਸੀਂ ਇਨ੍ਹਾਂ ਦੇ ਹੱਥ ਫੜ ਕੇ ਪੰਜਾਬ ਦੇ ਕੰਮ ਕਰਵਾ ਲਿਆ ਕਰਨੇ ਹਨ।

ਆਪਣੇ ਆਕਾ ਨੂੰ ਲੰਘੇ ਸੱਪ ਦੀ ਲਕੀਰ ਕੁੱਟਦਿਆਂ ਦੇਖ ਕੇ ਦਿੱਲੀ ਵਾਲੀਆਂ ਕਠਪੁਤਲੀਆਂ, ਭਾਵ ਬਾਦਲ ਦਲ ਦੀ ਅਧੀਨਗੀ ਕਬੂਲ ਕਰ ਕੇ ਦਿੱਲੀ ਦੀਆਂ ਗੋਲਕਾਂ 'ਤੇ ਕਬਜ਼ਾ ਕਰਨ ਵਾਲੇ 'ਜੀ.ਕੇ. ਐਂਡ ਸਿਰਸਾ ਕੰਪਨੀ' ਨੂੰ ਵੀ ਖਿਆਲ ਆਇਆ ਕਿ ਕਿਉਂ ਨਾ ਅਸੀਂ ਵੀ ਕੱਦੂ ਵਿਚ ਤੀਰ ਮਾਰ ਦੇਈਏ! ਹਾਲਾਂਕਿ ਇਹ ਭੱਦਰਪੁਰਸ਼ 24 ਜਨਵਰੀ ਵਾਲੇ ਦਿਨ ਭੰਗੜਾ ਪਾਉਣ ਵਾਲਿਆਂ ਵਾਂਗ ਨੱਚਦੇ-ਟੱਪਦੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਹੱਥਾਂ ਵਿਚ ਤਿੰਨ ਫੁੱਟੀ ਨੰਗੀ ਕਿਰਪਾਨ ਇਸੇ ਖੁਸ਼ੀ ਵਿਚ ਫੜਾ ਕੇ ਆਏ ਕਿ ਉਹ ਭਾਜਪਾ ਦਾ ਮੁੜ ਪ੍ਰਧਾਨ ਬਣ ਗਿਆ ਹੈ।

ਆਪਣੇ ਮਾਲਕਾਂ ਦੀ ਰੀਸ ਕਰਨ ਤੋਂ ਪਹਿਲਾਂ ਇਨ੍ਹਾਂ ਦਿੱਲੀ ਵਾਲਿਆਂ ਨੇ ਭੋਰਾ ਵੀ ਸੋਚਿਆ ਨਹੀਂ ਕਿ ਹਾਲੇ ਤਾਂ ਭਾਜਪਾ ਪ੍ਰਧਾਨ ਨੂੰ ਦਿੱਤੀਆਂ ਵਧਾਈਆਂ ਦੀ ਖਬਰ ਵੀ ਪੁਰਾਣੀ ਨਹੀਂ ਹੋਈ, ਹੁਣ ਚਹੁੰ ਦਿਨਾਂ ਬਾਅਦ ਹੀ ਉਸੇ ਪਾਰਟੀ ਦੀ ਸਰਕਾਰ ਨੂੰ ਰੋਸ ਪੱਤਰ ਕਿਹੜੇ ਮੂੰਹ ਨਾਲ ਲਿਖਾਈਏ?... ਇਕ ਵਿਦਵਾਨ ਦਾ ਕਥਨ ਹੈ ਕਿ ਜਦੋਂ ਕੋਈ ਕਿਸੇ ਦੀ ਗੁਲਾਮੀ ਕਬੂਲ ਲੈਂਦਾ ਹੈ, ਉਸ ਦੇ ਅੱਧੇ ਗੁਣ ਉਸੇ ਵੇਲੇ ਨਸ਼ਟ ਹੋ ਜਾਂਦੇ ਹਨ। ਕਹਿਣ ਦਾ ਭਾਵ, ਦਿੱਲੀ ਦੇ ਗੁਰਦੁਆਰਿਆਂ ਦੀ ਆਮਦਨ ਸਾਂਭਣ ਦੇ ਨਿਸ਼ਾਨੇ ਨੂੰ 'ਸਰ' ਕਰਨ ਲਈ, ਪੰਜਾਬ ਦੇ ਬਾਦਲ ਦਲ ਦੀ ਅਧੀਨਗੀ ਕਬੂਲਣ ਵਾਲਿਆਂ ਨੇ ਮਿੱਠੇ-ਮਿੱਠੇ ਸ਼ਬਦਾਂ ਵਿਚ ਰੋਸ ਪੱਤਰ ਵੀ ਲਿਖ ਦਿੱਤਾ। ਅਖੇ, ਗਣਤੰਤਰ ਦਿਵਸ ਦੀ ਪਰੇਡ ਵਿਚ ਸਿੱਖ ਰੈਜਮੈਂਟ ਨਦਾਰਦ ਦੇਖ ਕੇ ਸਾਨੂੰ 'ਭਾਰੀ ਠੇਸ' ਲੱਗੀ ਹੈ!




ਸਿਤਮ ਦੀ ਗੱਲ ਹੈ ਕਿ ਹਫਤਾ ਬੀਤ ਜਾਣ ਬਾਅਦ ਵੀ ਕੇਂਦਰ ਸਰਕਾਰ ਨੇ ਦੋਹਾਂ ਦੇ ਰੋਸ ਪੱਤਰਾਂ ਦਾ ਕਿਸੇ ਪੱਧਰ 'ਤੇ ਵੀ ਜਵਾਬ ਨਹੀਂ ਦਿੱਤਾ। ਨਾ ਹੀ ਭਾਜਪਾ ਨਾਲ ਪਤੀ-ਪਤਨੀ ਦੇ ਰਿਸ਼ਤੇ ਦੀ ਰਟ ਲਾਉਣ ਵਾਲੇ ਸ. ਬਾਦਲ ਦੇ ਪੱਤਰ ਦਾ, ਤੇ ਨਾ ਹੀ ਸ੍ਰੀ ਅਰਵਿੰਦ ਕੇਜਰੀਵਾਲ ਦੇ ਘਰ ਮੂਹਰੇ ਧਰਨੇ ਮਾਰ ਕੇ ਮੋਦੀ ਕਿਆਂ ਨੂੰ 'ਖੁਸ਼ ਕਰਨ' ਵਾਲੇ ਜੀ.ਕੇ.-ਸਿਰਸਿਆਂ ਦੇ ਖ਼ਤ ਦਾ ਕੋਈ ਧੂੰਆਂ ਨਿਕਲਿਆ!

ਸਕੂਲ ਵਿਚ ਪੜ੍ਹਨ ਵੇਲੇ ਤੋਂ ਹੀ ਅਖਬਾਰਾਂ-ਰਿਸਾਲਿਆਂ ਨਾਲ ਜੁੜਿਆ ਰਿਹਾ ਹੋਣ ਕਰ ਕੇ ਮੈਨੂੰ ਥੋੜ੍ਹਾ-ਥੋੜ੍ਹਾ ਉਸ ਲੇਖ ਦਾ ਚੇਤਾ ਆਉਂਦਾ ਹੈ ਜੋ 'ਚਾਚਾ ਚੰਡੀਗੜ੍ਹੀਆ' ਗੁਰਨਾਮ ਸਿੰਘ ਤੀਰ ਨੇ ਉਦੋਂ ਲਿਖਿਆ ਸੀ, ਜਦੋਂ ਫੌਜ ਵਿਚ ਸਿੱਖਾਂ ਦੀ ਭਰਤੀ ਦਾ ਕੋਟਾ ਘਟਾਉਣ ਦੀਆਂ ਖਬਰਾਂ ਆਉਣ ਲੱਗੀਆਂ ਸਨ। ਸੰਨ ਸੰਤਾਲੀ ਤੋਂ ਬਾਅਦ ਕੇਂਦਰ ਵਿਚ ਬਣਨ ਵਾਲੀ ਹਰ ਸਰਕਾਰ ਵਿਚ ਸ਼ਾਮਲ ਸਿੱਖ ਵਿਰੋਧੀ ਬਿਪਰਵਾਦੀ ਸ਼ਕਤੀਆਂ 'ਤੇ ਵਿਅੰਗਮਈ ਚੋਟ ਕਰਦਿਆਂ ਸ. ਤੀਰ ਨੇ ਲਿਖਿਆ ਸੀ ਕਿ ਸਿੱਖ ਭਰਾਵੋ, ਪਹਿਲਾਂ ਤੁਸੀਂ ਮੁਗਲ ਹਕੂਮਤਾਂ ਨਾਲ ਟੱਕਰ ਲੈਂਦੇ ਰਹੇ; ਫਿਰ ਅੰਗਰੇਜ਼ਾਂ ਨੂੰ ਕੱਢਣ ਲਈ ਤੁਸੀਂ ਆਪਣੇ ਤਨਾਸਬ ਤੋਂ ਵੀ ਕਿਤੇ ਵੱਧ ਕੁਰਬਾਨੀਆਂ ਕੀਤੀਆਂ; ਚੀਨ ਤੇ ਪਾਕਿਸਤਾਨ ਨਾਲ ਜੰਗਾਂ ਤੇ ਫਿਰ ਬੰਗਲਾ ਦੇਸ਼ ਬਣਾਉਣ ਵੇਲੇ ਵੀ ਤੁਸੀਂ ਜਾਨਾਂ ਹੂਲ ਕੇ ਲੜੇ; ...ਹੁਣ ਹਰ ਭਾਰਤੀ ਹਕੂਮਤ ਨੂੰ ਤੁਹਾਡੇ 'ਤੇ ਤਰਸ ਆਉਣ ਲੱਗ ਪਿਐ। ਉਹ ਲੋਕ ਚਾਹੁੰਦੇ ਨੇ ਕਿ ਤੁਸੀਂ ਹੁਣ ਮਰਨ-ਮਰਾਈ ਦਾ ਚਾਅ ਤਿਆਗ ਕੇ ਕੋਈ ਹੋਰ ਕੰਮ ਧੰਦਾ ਲੱਭ ਲਓ। ਤੁਹਾਡੇ ਵੱਲੋਂ ਸਰਹੱਦਾਂ 'ਤੇ ਛੱਡੇ ਜਾਂਦੇ ਜੈਕਾਰੇ ਸਾਨੂੰ 'ਚੁੱਭਦੇ' ਨੇ। ਹੁਣ ਸਾਨੂੰ 'ਜੈ ਹਿੰਦ' ਕਹਿਣ ਦਿਓ। ਹਾਂ, ਜੇ ਕਿਸੇ ਪਾਸਿਓਂ ਦੁਸ਼ਮਣ ਚੜ੍ਹ ਕੇ ਆ ਵੀ ਜਾਵੇ, ਤਾਂ ਬਲਦੀ ਦੇ ਬੁੱਥੇ ਅਸੀਂ ਤੁਹਾਨੂੰ ਦੇਣਾ ਜਾਣਦੇ ਹਾਂ। ਹਰੀ ਸਿੰਘ ਨਲੂਏ ਅਤੇ ਬੰਦੇ ਬਹਾਦਰ ਦੀ ਸੂਰਮਗਤੀ ਦੀਆਂ ਵਾਰਾਂ ਵਾਲੇ ਰਿਕਾਰਡ ਫਿਰ ਵਜਾਉਣੇ ਸ਼ੁਰੂ ਕਰ ਦਿਆਂਗੇ!

ਇਸੇ ਤਰ੍ਹਾਂ ਮੈਨੂੰ ਉਸ ਸਾਲ ਦੀ ਨੌਂ ਪੋਹ ਵਾਲੀ ਮਾਛੀਵਾੜੇ ਦੀ 'ਸਭਾ' ਦਾ ਜੋੜ-ਮੇਲ ਵੀ ਯਾਦ ਹੈ ਜਦੋਂ ਪੰਜਾਬ ਲੋਕ ਸੰਪਰਕ ਵਿਭਾਗ ਵੱਲੋਂ ਉਹ ਡਾਕੂਮੈਂਟਰੀ ਫਿਲਮ ਦਿਖਾਈ ਗਈ ਸੀ ਜੋ ਬੰਗਲਾ ਦੇਸ਼ ਦੀ ਲੜਾਈ ਵਿਚ ਪਾਕਿਸਤਾਨੀ ਜਰਨੈਲ ਨਿਆਜ਼ੀ ਵੱਲੋਂ ਜਨਰਲ ਜਗਜੀਤ ਸਿੰਘ ਅਰੋੜਾ ਮੂਹਰੇ ਹਥਿਆਰ ਸੁੱਟਣ ਵੇਲੇ ਬਣਾਈ ਗਈ ਸੀ। ਮੈਂ ਤਾਂ ਉਦੋਂ ਤੇਰ੍ਹਾਂ-ਚੌਦਾਂ ਸਾਲਾਂ ਦਾ ਅੰਞਾਣ-ਬੁੱਧ ਹੋਣ ਕਰ ਕੇ ਤੁਅੱਸਬੀ ਵਿਤਕਰੇ ਵਾਲੀ ਗੱਲ ਗੌਲ ਨਾ ਸਕਿਆ, ਪਰ ਮੁੜਦਿਆਂ ਹੋਇਆਂ ਆਪਣੇ ਭਾਈਆ ਜੀ ਦੇ ਮੂੰਹੋਂ ਇੰਦਰਾ ਗਾਂਧੀ ਨੂੰ ਖਿਝ-ਖਿਝ ਕੇ ਕੱਢੀਆਂ ਗਾਲ਼ਾਂ ਅਤੇ ਨਾਲ ਹੀ ਗਾਲ਼ਾਂ ਕੱਢਣ ਦਾ ਕਾਰਨ ਸੁਣ ਕੇ ਮੈਨੂੰ ਪਤਾ ਲੱਗਾ ਕਿ ਫਿਲਮ ਵਿਚ ਗੜਬੜ ਜਾਣ-ਬੁੱਝ ਕੇ ਕੀਤੀ ਹੋਈ ਹੈ। ਸਾਈਕਲਾਂ 'ਤੇ ਤੁਰੇ ਆਉਂਦੇ ਭਾਈਆ ਜੀ ਤੇ ਉਨ੍ਹਾਂ ਦੇ ਸਾਥੀ ਕਹਿ ਰਹੇ ਸਨ ਕਿ ਜਨਰਲ ਜਗਜੀਤ ਸਿੰਘ ਅਰੋੜੇ ਦੇ ਮੂਹਰੇ ਹਥਿਆਰ ਸੁੱਟਣ ਵਾਲੇ ਪਲਾਂ ਦੀ ਫਿਲਮ ਇੰਜ ਬਣਾਈ ਗਈ ਸੀ ਕਿ ਹਥਿਆਰ ਸੁੱਟਣ ਵਾਲੇ ਪਾਕਿਸਤਾਨੀ ਜਰਨੈਲ ਦਾ ਪੂਰਾ ਚਿਹਰਾ-ਮੋਹਰਾ ਦਿਖਾਇਆ ਗਿਆ ਸੀ, ਪਰ ਸਿੱਖੀ ਸਰੂਪ ਵਾਲੇ ਸ. ਅਰੋੜਾ ਦੇ ਸਿਰਫ ਹੱਥ ਜਾਂ ਬਾਂਹਾਂ ਹੀ ਦਿਖਾਈਆਂ ਗਈਆਂ ਸਨ। ਭਾਈਆ ਜੀ ਤੇ ਨਾਲ ਦੇ ਸਾਥੀ ਇੰਦਰਾ ਗਾਂਧੀ ਨੂੰ ਬੁਰੀਆਂ-ਭਲੀਆਂ ਇੰਜ ਸੁਣਾਉਂਦੇ ਆਏ ਜਿਵੇਂ ਇਹ ਡਾਕੂਮੈਂਟਰੀ ਇੰਦਰਾ ਗਾਂਧੀ ਨੇ ਖੁਦ ਬਣਾਈ ਹੋਵੇ।

ਸਿੱਟਾ ਇਹ ਕਿ ਸਿੱਖਾਂ ਨਾਲ ਵਿਤਕਰਾ ਤਾਂ ਸਿੱਖਾਂ ਨੂੰ 'ਜਰਾਇਮ ਪੇਸ਼ਾ ਲੋਕ' ਐਲਾਨਣ ਵਾਲੇ ਸਰਕੂਲਰ ਤੋਂ ਹੀ ਸ਼ੁਰੂ ਹੋ ਗਿਆ ਸੀ, ਪਰ ਸਿੱਖਾਂ ਨੂੰ ਆਗੂ ਅਜਿਹੇ ਮਿਲਦੇ ਰਹੇ ਜੋ ਸੱਪ ਦੀ ਸਿਰੀ ਫੇਹਣ ਦੇ ਸਮਰੱਥ ਤਾਂ ਨਹੀਂ ਸਨ, ਪਰ ਲੰਘੇ ਸੱਪ ਦੀ ਲਕੀਰ ਕੁੱਟ-ਕੁੱਟ ਕੇ ਸਿੱਖਾਂ ਨੂੰ ਭੰਬਲਭੂਸੇ ਵਿਚ ਪਾਉਂਦੇ ਰਹੇ। ਸਿਰ ਵਾਰ ਕੇ ਨਹੀਂ, ਸਿਰ ਵਰਤ ਕੇ ਸੱਪ ਦੀ ਸਿਰੀ ਫੇਹਣ ਵਾਲਾ ਕੋਈ ਆਗੂ ਜਦ ਤੱਕ ਨਹੀਂ ਆਉਂਦਾ, ਲਕੀਰ ਕੁੱਟਣ ਦਾ ਸਿਲਸਿਲਾ ਜਾਰੀ ਰਹੇਗਾ।

---

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਸਿਰੋਪਾਓ ਦੀ ਅਜ਼ਮਤ

ਓਂਟਾਰੀਓ (ਕੈਨੇਡਾ) ਦੀ ਪ੍ਰੀਮੀਅਰ ਕੈਥਨੀਲ ਵੀਅਨ ਨੂੰ ਹਰਿਮੰਦਰ ਸਾਹਿਬ ਨਤਮਸਤਕ ਹੋਣ ਸਮੇਂ ਸਿਰੋਪਾ (ਸਿਰੋਪਾਓ) ਦੇਣ ਜਾਂ ਨਾ ਦੇਣ ਦਾ ਵਿਵਾਦ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ। ਸਿਰੋਪਾ ਦੇਣ ਦੀ ਰੀਤ ਕਿਸ ਨੇ ਕਦੋਂ ਸ਼ੁਰੂ ਕੀਤੀ, ਵਿਚ ਜਾਏ ਬਿਨਾਂ ਇਸ ਦੇ ਮਹੱਤਵ (ਅਜ਼ਮਤ) ਬਾਰੇ ਕਿੰਤੂ ਪ੍ਰੰਤੂ ਉਕਾ ਹੀ ਨਹੀਂ ਕੀਤਾ ਜਾ ਸਕਦਾ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਰਿਆਸਤ ਨਾਭਾ ਦੇ ਰਾਜਮਹੱਲ ਵਿਚ ਇਕ ਗੁਰਦੁਆਰਾ ਹੈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਭਾਈ ਤਿਲੋਕਾ ਤੇ ਰਾਮਾ ਨੂੰ ਬਖਸ਼ੇ ਸਿਰੋਪਿਆਂ (ਖਿੱਲਅਤ) ਤੋਂ ਬਿਨਾਂ ਸਤਿਗੁਰੂ ਜੀ ਦੀਆਂ ਹੋਰ ਚੀਜ਼ਾਂ ਵੀ ਹਨ। ਸਿਰੋਪਾ ਦੀ ਅਜ਼ਮਤ ਇਸ ਦੇ ਮਾਣ ਸਨਮਾਨ ਦਾ ਚਿੰਨ੍ਹ ਹੋਣ ਵਿਚ ਹੈ। ਇਕ ਮਨ ਇਕ ਚਿੱਤ ਹੋ ਕੇ ਨਤਮਸਤਕ ਹੋਣ ਵਾਲਾ ਹਰ ਵਿਅਕਤੀ ਸਿਰੋਪਾ ਨਹੀਂ ਤਾਂ ਪ੍ਰਸਾਦ ਦਾ ਹੱਕਦਾਰ ਤਾਂ ਹੈ ਹੀ।

ਨਿਸਚੇ ਹੀ ਸਿੱਖ ਗੁਰਧਾਮਾਂ ਉਤੇ ਸ਼ਰਧਾ ਨਾਲ ਪਹੁੰਚੇ ਕਿਸੇ ਜਾਣੇ ਪਹਿਚਾਣੇ ਤੇ ਮੰਨੇ-ਪ੍ਰਮੰਨੇ ਵਿਅਕਤੀ ਨੂੰ ਸਿਰੋਪਾ ਪੇਸ਼ ਕਰਨਾ ਸਿੱਖੀ ਮਾਣ ਮਰਯਾਦਾ ਦਾ ਚਿੰਨ੍ਹ ਹੈ ਤੇ ਅਹਿਮ ਵੀ। ਸੱਤ ਸਮੁੰਦਰ ਪਾਰ ਤੋਂ ਆਏ ਵਿਅਕਤੀ ਨੂੰ ਸਿਰੋਪਾ ਦੇਣ ਸਮੇਂ ਉਸ ਦੇ ਨਿਜੀ ਆਚਰਣ ਬਾਰੇ ਮੀਨ ਮੇਖ ਕਰਨਾ ਸਿੱਖੀ ਮਾਣ ਮਰਯਾਦਾ ਵਿਚ ਵਾਧਾ ਨਹੀਂ ਕਰਦਾ। ਅਜਿਹੇ ਵਿਅਕਤੀ ਦੀ ਸ਼ਰਧਾ ਨੂੰ ਪ੍ਰਵਾਨ ਕਰਨ ਸਮੇਂ ਉਸ ਦੀ ਆਮਦ ਨੂੰ ਐਵੇਂ ਕਿਵੇਂ ਦੀ ਆਮਦ ਸਮਝਣਾ ਸਹੀ ਨਹੀਂ, ਖਾਸ ਕਰਕੇ ਔਰਤ ਦੀ। ਜੇ ਅਸੀਂ ਸਿੱਖੀ ਮਾਣ ਮਰਯਾਦਾ ਨੂੰ ਕਿਸੇ ਪ੍ਰਕਾਰ ਦੀ ਠੇਸ ਨਹੀਂ ਲੱਗਣ ਦੇਣਾ ਚਾਹੁੰਦੇ ਤਾਂ ਸਾਨੂੰ ਸਿਰੋਪਾਓ ਦੀ ਮਹੱਤਤਾ ਨੂੰ ਵੀ ਠੇਸ ਨਹੀਂ ਲੱਗਣ ਦੇਣੀ ਚਾਹੀਦੀ।

**12ਵਾਂ ਹਮਦਰਦ ਯਾਦਗਾਰੀ ਮੇਲਾ:** ਜਨਵਰੀ 2016 ਦੇ ਹਮਦਰਦ ਯਾਦਗਾਰੀ ਮੇਲੇ ਵਿਚ ਹੁਮ-ਹੁਮਾ ਕੇ ਪਹੁੰਚੀ ਭੀੜ ਤੋਂ ਜਾਪਦਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਇਹ ਮੇਲਾ ਲੁਧਿਆਣਾ ਵਾਲੇ ਮੋਹਨ ਸਿੰਘ ਯਾਦਗਾਰੀ ਮੇਲੇ ਨੂੰ ਮਾਤ ਪਾ ਸਕਦਾ ਹੈ। ਜਿਥੇ ਲੁਧਿਆਣਾ ਸ਼ੇਰ ਸ਼ਾਹ ਸੂਰੀ ਮਾਰਗ ਉਤੇ ਪੈਂਦਾ ਉਘਾ ਉਦਯੋਗਿਕ ਸ਼ਹਿਰ ਹੈ, ਬਲਾਚੌਰ ਪੰਜਾਬ ਦੇ ਕੰਢੀ ਖੇਤਰ ਦਾ ਗੌਲਣਯੋਗ ਕਸਬਾ ਹੈ। ਨਿਸਚੇ ਹੀ ਲੁਧਿਆਣਾ ਵਾਲੇ ਮੇਲੇ ਦੀ ਚੜ੍ਹਤ ਕਮਾਲ ਦੀ ਸੀ। ਪਰ ਇਸ ਦੇ ਚਾਲਕ ਜਗਦੇਵ ਸਿੰਘ ਜੱਸੋਵਾਲ ਦੇ ਅਕਾਲ ਚਲਾਣੇ ਤੋਂ ਪਿਛੋਂ ਇਸ ਮੇਲੇ ਵਿਚ ਪਹਿਲੇ ਦਿਨਾਂ ਵਾਲਾ ਦਮ-ਖਮ ਰਹਿਣਾ ਸ਼ਾਇਦ ਸੰਭਵ ਨਹੀਂ ਹੈ। ਮੈਂ ਬਲਾਚੌਰ ਵਾਲੇ ਹਮਦਰਦ ਯਾਦਗਾਰੀ ਮੇਲੇ ਨੂੰ ਹਰ ਆਏ ਸਾਲ ਬੁਲੰਦੀਆਂ ਛੂੰਹਦਾ ਦੇਖਿਆ ਹੈ। ਭਾਵੇਂ ਇਸ ਮੇਲੇ ਨੂੰ ਉਥੋਂ ਵਰਗੇ ਉਦਯੋਗਪਤੀ ਅਤੇ ਖੇਤੀ ਯੂਨੀਵਰਸਿਟੀ ਦੇ ਅਮਲੇ ਵਰਗੇ ਸਮਰਥਕ ਨਹੀਂ ਮਿਲੇ ਪਰ ਇਸ ਦੀ ਧੀਮੀ ਗਤੀ ਵਾਲੀ ਚੜ੍ਹਤ ਇਸ ਧੀਮੀ ਗਤੀ ਵਾਲੇ ਖੇਤਰ ਨਾਲ ਮੇਲ ਖਾਂਦੀ ਹੈ। ਕਾਰਨ ਇਹ ਵੀ ਹੈ ਕਿ ਇਹ ਮੇਲਾ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਮੰਨੇ ਜਾਂਦੇ ਸਾਧੂ ਸਿੰਘ ਹਮਦਰਦ ਦੀ ਯਾਦ ਵਿਚ ਲਗਦਾ ਹੈ।



ਕੈਥਨੀਲ ਵੀਅਨ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਰਸੋਈ ਘਰ ਵਿਚ ਪ੍ਰਸ਼ਾਦੇ ਤਿਆਰ ਕਰਦੇ ਹੋਏ

ਇਸ ਮੇਲੇ ਦੇ ਸ਼ੁਰੂ ਹੋਣ ਸਮੇਂ ਕਦੀ ਸੋਚਿਆ ਨਹੀਂ ਸੀ ਕਿ ਬਾਰਾਂ ਵਰ੍ਹਿਆਂ ਵਿਚ ਇਸ ਦੀ ਛਹਿਬਰ ਤੇ ਰੌਣਕ ਸੁੱਤ ਉਨੀਂਦਰੇ ਕੰਢੀ ਖੇਤਰ ਨੂੰ ਏਨੀਆਂ ਸ਼ਲਾਘਾਯੋਗ ਧੁਨੀਆਂ ਪ੍ਰਦਾਨ ਕਰ ਦੇਵੇਗੀ। ਮੇਲੇ ਵਿਚ ਸ਼ਿਰਕਤ ਕਰਨ ਲਈ ਰਣਜੀਤ ਬਾਵਾ, ਗੁਰਕ੍ਰਿਪਾਲ ਸੂਰਾਪੁਰੀ, ਆਰ ਦੀਪ, ਪ੍ਰਭ ਗਿੱਲ, ਜੈਨੀ ਜੌਹਲ, ਜੌਰਡਨ ਸੰਧੂ, ਗੀਤਾਜ ਬਿੰਦਰਖੀਆ ਤੇ ਜਗਜੀਤ ਭਾਰਟਾ ਵਰਗੇ ਗਾਇਕਾਂ ਦਾ ਪਹੁੰਚਣਾ ਮੇਲੇ ਦੀ ਵੱਧ ਰਹੀ ਮਹੱਤਤਾ ਦੀ ਸ਼ਾਹਦੀ ਭਰਦਾ ਹੈ। ਨਿਸਚੇ ਹੀ ਉਨ੍ਹਾਂ ਦੀ ਆਮਦ ਅਜੀਤ ਸਮਾਚਾਰ ਸਮੂਹ ਦੇ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਪਦਮ ਭੂਸ਼ਣ ਦੀ ਚੁੰਬਕੀ ਖਿੱਚ ਦਾ ਨਤੀਜਾ ਹੈ। ਉਹ ਖੁਦ ਵੀ ਸਰੋਦੀ ਆਵਾਜ਼ ਦਾ ਮਾਲਕ ਹੈ ਤੇ ਉਸ ਦੀਆਂ ਅੱਧੀ ਦਰਜਨ ਸੰਗੀਤ ਐਲਬਮਾਂ ਮਾਰਕੀਟ ਵਿਚ ਆ ਚੁੱਕੀਆਂ ਹਨ। ਮੇਰਾ ਆਪਣਾ ਪਿੰਡ ਸੈਲਾ ਖੁਰਦ ਦੇ ਨੇੜੇ ਕੰਢੀ ਵਿਚ ਪੈਂਦਾ ਹੋਣ ਕਾਰਨ ਮੈਂ ਇਸ ਮੇਲੇ ਨੂੰ ਆਪਣੇ ਜੱਦੀ ਖੇਤਰ ਵਿਚ ਜਾਗ੍ਰਿਤੀ ਪੈਦਾ ਕਰਨ ਦੇ ਸਾਧਨ ਵਜੋਂ ਦੇਖਦਾ ਹਾਂ। ਇਸ ਲਈ ਵੀ ਕਿ ਇਹੋ ਜਿਹੇ ਸਭਿਆਚਾਰਕ ਮੇਲਿਆਂ ਵਿਚ ਹੱਲੇ-ਗੁੱਲੇ ਨਾਲੋਂ ਨਿੱਘ ਤੇ ਸੁੱਚਮ ਪ੍ਰਧਾਨ ਹੁੰਦੀ ਹੈ।

**ਪ੍ਰੋ. ਰਣਧੀਰ ਸਿੰਘ (ਜੋਸ਼) ਦੇ ਤੁਰ ਜਾਣ 'ਤੇ:** ਮੇਰੀ ਉਮਰ ਦੇ ਪੰਜਾਬੀਆਂ ਦਾ ਝੁਕਾਅ ਮਾਰਕਸਵਾਦ ਵਲ ਹੋਣ ਕਾਰਨ ਉਹ ਪ੍ਰਗਤੀਵਾਦੀ ਕਵੀਆਂ ਕਲਾਕਾਰਾਂ ਤੇ ਰਾਜਨੀਤੀਵਾਨਾਂ ਦੇ ਮੱਦਾਹ ਹੁੰਦੇ ਸਨ। ਉਹ ਸੋਹਣ ਸਿੰਘ ਜੋਸ਼, ਹਰਕਿਸ਼ਨ ਸਿੰਘ ਸੁਰਜੀਤ ਤੇ ਰਣਧੀਰ ਸਿੰਘ (ਜੋਸ਼) ਨੂੰ ਆਪਣੇ ਪਥ ਪ੍ਰਦਰਸ਼ਕ ਮੰਨਦੇ ਆਏ ਹਨ। ਪ੍ਰੋ. ਰਣਧੀਰ ਸਿੰਘ ਹੁਰਾਂ ਦੇ ਤੁਰ ਜਾਣ 'ਤੇ ਉਹ ਇਸ ਮਾਰਗ ਦੀ ਆਖਰੀ ਨਿਸ਼ਾਨੀ ਦਾ ਮਿਟ ਜਾਣਾ ਮਹਿਸੂਸ ਕਰਦੇ ਹਨ। ਪ੍ਰਗਤੀਵਾਦੀ ਕਵਿਤਾ ਨੂੰ ਪ੍ਰਣਾਏ ਪਾਠਕ ਕੱਲ੍ਹ ਤੱਕ ਜੋਸ਼ ਹੁਰਾਂ ਦੇ ਕਾਵਿ ਸੰਗ੍ਰਿਹ 'ਰਾਹਾਂ ਦੀ ਧੂੜ' ਨੂੰ ਨਤਮਸਤਕ ਹੁੰਦੇ ਆਏ ਹਨ। ਇਸ ਤੋਂ



*ਪ੍ਰੋ. ਰਣਧੀਰ ਸਿੰਘ (ਜੋਸ਼)*


ਬਿਨਾਂ ਉਹ ਗੰਭੀਰ ਚਿੰਤਕ ਤੇ ਹਰਮਨ ਪਿਆਰੇ ਅਧਿਆਪਕ ਵੀ ਸਨ। ਉਨ੍ਹਾਂ ਨੂੰ ਸਾਡੀ ਨਿੱਘੀ ਅਲਵਿਦਾ।

**ਅੰਤਿਕਾ:** ਸੂਫੀ ਤੱਬਸਮ

ਅੱਲ੍ਹਾ ਕਰੇ ਜਹਾਂ ਕੋ ਮਿਰੀ ਯਾਦ ਭੂਲ ਜਾਏ।
ਅੱਲ੍ਹਾ ਕਰੇ ਤੁਮ ਕਭੀ ਐਸਾ ਨ ਕਰ ਸਕੋ।

# ਨਸਲਵਾਦ ਦਾ ਰੋਣਾ ਤੇ ਸਾਡੀ ਨਸਲਵਾਦੀ ਮਾਨਸਿਕਤਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕ ਗੁਜਰਾਤੀ ਬਜ਼ੁਰਗ ਨੂੰ ਅਮਰੀਕਾ ਵਿਚ ਪੁਲਿਸ ਵਾਲਿਆਂ ਨੇ ਜ਼ਰਾ ਜਿੰਨੀ ਗੱਲ ਉਤੇ ਇਨਾ ਕੁੱਟ ਦਿੱਤਾ ਕਿ ਉਹ ਮਰਨਾਊ ਹਾਲਤ ਨੂੰ ਪਹੁੰਚ ਗਿਆ। ਕੁਝ ਥਾਂਵਾਂ ਉਤੇ ਸਿੱਖਾਂ ਉਤੇ ਹਮਲੇ ਹੋਣ ਦੀਆਂ ਘਟਨਾਵਾਂ ਵੀ ਹੋਈਆਂ, ਜਿਨ੍ਹਾਂ ਲਈ ਕੁਝ ਗੋਰੇ ਲੋਕ ਦੋਸ਼ੀ ਸਨ। ਅਜਿਹੀਆਂ ਘਟਨਾਵਾਂ ਦੁਖੀ ਕਰਦੀਆਂ ਹਨ। ਕਿਸੇ ਦੇਸ਼ ਵਿਚ ਜਦੋਂ ਸਾਡੇ ਕਿਸੇ ਪੰਜਾਬੀ ਜਾਂ ਕਿਸੇ ਹੋਰ ਰਾਜ ਵਿਚੋਂ ਗਏ ਭਾਰਤੀ ਨਾਲ ਏਦਾਂ ਦੀ ਘਟਨਾ ਵਾਪਰਦੀ ਹੈ ਤਾਂ ਦੁੱਖ ਮਹਿਸੂਸ ਹੁੰਦਾ ਹੈ ਤੇ ਇਹ ਹੋਣਾ ਵੀ ਚਾਹੀਦਾ ਹੈ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੋ ਵਾਰ ਇਸ ਅਹੁਦੇ ਨੂੰ ਮਾਣ ਕੇ ਹੁਣ ਜਦੋਂ ਇਸ ਸਾਲ ਸੇਵਾ ਮੁਕਤ ਹੋਣ ਵਾਲਾ ਹੈ ਤਾਂ ਮੰਨਦਾ ਹੈ ਕਿ ਉਸ ਦੇ ਰਾਜ ਦੌਰਾਨ ਸਿੱਖਾਂ ਨੂੰ ਮੁਸਲਿਮ ਸਮਝ ਕੇ ਉਨ੍ਹਾਂ ਉਤੇ ਹਮਲੇ ਕੀਤੇ ਜਾਂਦੇ ਰਹੇ ਹਨ। ਮੁਸਲਿਮ ਸਮਝ ਕੇ ਸਿੱਖਾਂ ਉਤੇ ਹਮਲੇ ਹੋਣ ਜਾਂ ਮੁਸਲਿਮ ਨੂੰ ਪਛਾਣ ਕੇ ਮੁਸਲਿਮ ਹੋਣ ਕਾਰਨ ਹਮਲੇ ਕੀਤੇ ਜਾਣ, ਦੋਵੇਂ ਤਰ੍ਹਾਂ ਦੀਆਂ ਘਟਨਾਵਾਂ ਬਰਾਬਰ ਦੀਆਂ ਨਿੰਦਣਯੋਗ ਹਨ। ਜਿਨ੍ਹਾਂ ਉਤੇ ਹਮਲਾ ਹੁੰਦਾ ਹੈ, ਧਰਮ ਕੋਈ ਵੀ ਹੋਵੇ, ਤਕਲੀਫ ਉਨ੍ਹਾਂ ਨੂੰ ਹੁੰਦੀ ਹੈ। ਇੱਕ ਵਾਰੀ ਮੈਂ ਲੰਡਨ ਦੀ ਇੱਕ ਗਲੀ ਵਿਚੋਂ ਲੰਘ ਰਿਹਾ ਸਾਂ ਤਾਂ ਛੋਟੇ-ਛੋਟੇ ਦੋ ਬ੍ਰਿਟਿਸ਼ ਬੱਚੇ ਮੈਨੂੰ 'ਬਲੱਡੀ ਪੈਕੀ' ਕਹਿੰਦੇ ਹੋਏ ਘਰਾਂ ਵੱਲ ਦੌੜ ਗਏ। ਜਦੋਂ ਬਾਅਦ ਵਿਚ ਕਿਸੇ ਨੂੰ 'ਬਲੱਡੀ ਪੈਕੀ' ਦਾ ਅਰਥ ਪੁੱਛਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਨੇ ਪਾਕਿਸਤਾਨੀ ਸਮਝ ਕੇ ਇਹ ਗੰਦੀ ਗਾਲ੍ਹ ਕੱਢੀ ਸੀ। ਗਾਲ੍ਹ ਪਾਕਿਸਤਾਨੀ ਸਮਝ ਕੇ ਕੱਢੀ, ਪਰ ਕਿਉਂਕਿ ਮੈਨੂੰ ਕੱਢੀ ਸੀ, ਇਸ ਕਾਰਨ ਕਈ ਦਿਨ ਮੈਂ ਉਸ ਦੀ ਪੀੜ ਮਹਿਸੂਸ ਕਰਦਾ ਰਿਹਾ। ਉਨ੍ਹਾਂ ਬੱਚਿਆਂ ਦਾ ਕੋਈ ਕਸੂਰ ਮੈਨੂੰ ਨਹੀਂ ਸੀ ਲੱਭਾ, ਉਨ੍ਹਾਂ ਦੇ ਮਾਂ-ਬਾਪ ਦੀ ਨਸਲਵਾਦੀ ਸੋਚ ਦੀ ਬਦਬੂ ਮਹਿਸੂਸ ਹੋ ਰਹੀ ਸੀ। ਇਹੋ ਕਾਰਨ ਹੈ ਕਿ ਜਦੋਂ ਅਮਰੀਕਾ ਜਾਂ ਕਿਸੇ ਹੋਰ ਦੇਸ਼ ਵਿਚ ਸਾਡੇ ਕਿਸੇ ਵਿਅਕਤੀ ਉਤੇ ਹਮਲਾ ਕੀਤੇ ਜਾਣ ਦੀ ਖਬਰ ਆਉਂਦੀ ਹੈ ਤਾਂ ਕਈ ਸਾਲ ਲੰਘ ਜਾਣ ਦੇ ਬਾਵਜੂਦ ਉਨ੍ਹਾਂ ਛੋਟੇ ਬੱਚਿਆਂ ਵੱਲੋਂ ਕੱਢੀ ਗਈ 'ਬਲੱਡੀ ਪੈਕੀ' ਦੀ ਗਾਲ੍ਹ ਵੀ ਮੈਨੂੰ ਯਾਦ ਆਉਂਦੀ ਹੈ।

ਹੁਣ ਅਸੀਂ ਇੱਕ ਇਹੋ ਜਿਹੀ ਘਟਨਾ ਦੀ ਚਰਚਾ ਕਰੀਏ, ਜਿਸ ਵਿਚ ਪੀੜਤ ਵਿਦੇਸ਼ੀ ਹਨ ਤੇ ਉਨ੍ਹਾਂ ਨੂੰ ਪੀੜ ਦੇਣ ਵਾਲੀ ਭੀੜ ਸਾਡੇ ਭਾਰਤ ਦੇਸ਼ ਦੀ ਹੈ, ਜਿਹੜਾ ਹਰ ਹੋਰ ਦੇਸ਼ ਵਿਚ ਹੋਈ ਏਦਾਂ ਦੀ ਘਟਨਾ ਉਤੇ ਜਾਇਜ਼ ਤੌਰ ਉਤੇ ਤਕਲੀਫ ਮਹਿਸੂਸ ਕਰਦਾ ਹੈ। ਬੰਗਲੌਰ ਭਾਰਤ ਦੇ ਆਧੁਨਿਕ ਸ਼ਹਿਰਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ ਤੇ ਧਰਮ-ਨਿਰਪੱਖ ਸ਼ਹਿਰਾਂ ਵਿਚੋਂ ਵੀ। ਇਹ ਸ਼ਰਮਨਾਕ ਘਟਨਾ ਉਥੇ ਹੀ ਹੋਈ ਹੈ। ਪੂਰਬੀ ਅਫਰੀਕਾ ਦੇ ਦੇਸ਼ ਤਨਜ਼ਾਨੀਆ ਤੋਂ ਬੰਗਲੌਰ ਵਿਚ ਪੜ੍ਹਨ ਆਈ ਕੁੜੀ ਨੂੰ ਭੀੜ ਨੇ ਕੁੱਟਿਆ ਅਤੇ ਉਸ ਦੇ ਕੱਪੜੇ ਪਾੜ ਕੇ ਜ਼ਲੀਲ ਕੀਤਾ। ਜਦੋਂ ਉਸ ਦੇ ਪੇਟ ਤੋਂ ਉਪਰ ਦੇ ਕੱਪੜੇ ਪਾਟ ਗਏ ਤੇ ਉਹ ਆਪਣਾ ਤਨ ਹੱਥਾਂ ਨਾਲ ਢੱਕ ਕੇ ਭੀੜ ਤੋਂ ਕੁੱਟ ਖਾ ਰਹੀ ਸੀ ਤਾਂ ਇੱਕ ਭਾਰਤੀ ਨੇ ਤਰਸ ਕਰ ਕੇ ਆਪਣੀ ਕਮੀਜ਼ ਲਾਹੀ ਤੇ ਉਸ ਵੱਲ ਸੁੱਟ ਦਿੱਤੀ, ਤਾਂ ਕਿ ਉਹ ਆਪਣਾ ਸਰੀਰ ਢੱਕ ਸਕੇ। ਏਨੀ ਗੱਲ ਤੋਂ ਭੀੜ ਨੇ ਉਸ ਭਾਰਤੀ ਨੂੰ ਵੀ

> ***ਨਸਲਵਾਦ ਦਾ ਕੀੜਾ ਤਾਂ ਇਥੋਂ ਤੱਕ ਚਲਾ ਜਾਂਦਾ ਹੈ ਕਿ ਪੰਜਾਬ ਦਾ ਕੋਈ ਕਿਸਾਨ ਪੰਜਾਹ ਸਾਲ ਗੁਜਰਾਤ ਦੀ ਜ਼ਮੀਨ ਵਿਚੋਂ ਝਾੜੀਆਂ ਪੁੱਟ ਕੇ ਆਬਾਦ ਕਰੀ ਜਾਂਦਾ ਹੈ ਤੇ ਬਾਅਦ ਵਿਚ ਕਿਸੇ ਦੀ ਭੜਕਾਈ ਭੀੜ ਉਸ ਨੂੰ ਘਰ ਆ ਕੇ ਕੁਟਾਪਾ ਚਾੜ੍ਹ ਕੇ ਪੰਜਾਬ ਭੱਜਣ ਨੂੰ ਮਜਬੂਰ ਕਰ ਦਿੰਦੀ ਹੈ। ਇਹ ਵੀ ਨਸਲਵਾਦ ਦਾ ਇੱਕ ਪੱਖ ਹੈ। ਸਾਡੇ ਲੋਕ ਅੱਜ ਵਾਲੀ ਸਥਿਤੀ ਵਿਚ ਹੋਰ ਦੇਸ਼ਾਂ ਵਿਚ ਜਾਣਗੇ, ਹੋਰ ਥਾਂਵਾਂ ਦੇ ਲੋਕ ਇਥੇ ਆਉਣਗੇ ਤੇ ਮਨੁੱਖੀ ਰਿਸ਼ਤਿਆਂ ਦੀ ਤੰਦ ਨਾਲ ਸੰਸਾਰ ਜੁੜਿਆ ਦਿਖਾਈ ਦੇਵੇਗਾ।***

ਕੁੱਟ-ਕੁੱਟ ਕੇ ਮਰਨਾਊ ਕਰ ਛੱਡਿਆ।

ਸੱਭਿਅਕ ਭਾਰਤ ਦੇ ਬੜੇ ਸੱਭਿਅਕ ਗਿਣੇ ਜਾਂਦੇ ਸ਼ਹਿਰ ਵਿਚ ਵਾਪਰੀ ਇਸ ਘਟਨਾ ਦਾ ਕਾਰਨ ਉਥੇ ਹੋਇਆ ਇੱਕ ਕਾਰ ਹਾਦਸਾ ਸੀ। ਕਾਰ ਵਾਲਾ ਅਫਰੀਕੀ ਮੂਲ ਦਾ ਨੌਜਵਾਨ ਸੀ। ਪਿੱਛੋਂ ਪਤਾ ਲੱਗ ਗਿਆ ਕਿ ਉਹ ਅਫਰੀਕੀ ਦੇਸ਼ ਸੂਡਾਨ ਦਾ ਰਹਿਣ ਵਾਲਾ ਸੀ। ਉਸੇ ਰੰਗ ਤੇ ਉਸੇ ਨਸਲ ਵਾਲੀ ਇਹ ਕੁੜੀ ਕੁਝ ਪਲ ਬਾਅਦ ਆਪਣੇ ਦੋਸਤਾਂ ਨਾਲ ਉਥੋਂ ਲੰਘਣ ਲੱਗੀ ਤਾਂ ਭੀੜ ਵਿਚਾਲੇ ਫਸ ਗਈ। ਦੋਸਤ ਜਾਨ ਬਚਾ ਕੇ ਨਿਕਲ ਗਏ। ਇਸ ਨਾਲ ਜਿਸ ਤਰ੍ਹਾਂ ਦਾ ਜੰਗਲੀ ਵਿਹਾਰ ਕੀਤਾ ਗਿਆ, ਉਸ ਤੋਂ ਭਾਰਤੀਅਤਾ ਸ਼ਰਮਸਾਰ ਹੋਈ ਅਤੇ ਕਈ ਹੋਰ ਗੱਲਾਂ ਯਾਦ ਆ ਗਈਆਂ ਹਨ, ਜੋ ਦੱਸਦੀਆਂ ਹਨ ਕਿ ਨਸਲਵਾਦ ਦਾ ਕੀੜਾ ਸਾਡੇ ਸਿਰਾਂ ਵਿਚ ਵੀ ਹੈ।

ਪੰਜਾਬ ਦੀ ਪਹਿਲੀ ਪ੍ਰਾਈਵੇਟ ਯੂਨੀਵਰਸਿਟੀ ਜਲੰਧਰ ਤੇ ਫਗਵਾੜੇ ਵਿਚਾਲੇ ਹੈ। ਕਰੀਬ ਚਾਰ ਸਾਲ ਪਹਿਲਾਂ ਉਸ ਯੂਨੀਵਰਸਿਟੀ ਵਿਚ ਪੜ੍ਹਦੇ ਅਫਰੀਕੀ ਦੇਸ਼ ਬਰੂੰਦੀ ਦੇ ਵਿਦਿਆਰਥੀ ਯਾਨਿਕ ਨਿਹਾਂਜਾ ਨੂੰ ਜਲੰਧਰ ਦੀ ਡਿਫੈਂਸ ਕਾਲੋਨੀ ਵਿਚ ਪੰਜਾਬੀ ਮੁੰਡਿਆਂ ਨੇ ਇੱਕ ਦਿਨ ਏਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਹ ਕੋਮਾ ਵਿਚ ਚਲਾ ਗਿਆ। ਇਥੇ ਮੁਕੰਮਲ ਇਲਾਜ ਨਹੀਂ ਹੋ ਸਕਿਆ ਤੇ ਉਸ ਦੇ ਵਾਰਸ ਉਸ ਨੂੰ ਆਪਣੇ ਦੇਸ਼ ਲੈ ਗਏ, ਜਿੱਥੇ ਸਵਾ ਦੋ ਸਾਲ ਬੇਹੋਸ਼ੀ ਵਿਚ ਰਹਿ ਕੇ ਉਹ ਪ੍ਰਾਣ ਤਿਆਗ ਗਿਆ। ਸਾਡੇ ਪੰਜਾਬੀਆਂ ਵਿਚੋਂ ਗਿਣਵੇਂ-ਚੁਣਵੇਂ ਲੋਕਾਂ ਤੋਂ ਸਿਵਾ ਕਿਸੇ ਦੀ ਮ੍ਰਿਤਕ ਨੌਜਵਾਨ ਨਾਲ ਹਮਦਰਦੀ ਨਹੀਂ ਸੀ ਜਾਪਦੀ, ਸਗੋਂ ਖਬਰਾਂ ਵਿਚ ਉਸ ਦਾ ਜ਼ਿਕਰ ਕਰਨ ਵੇਲੇ ਅਫਰੀਕੀ ਲੋਕਾਂ ਲਈ ਵਰਤੇ ਜਾਂਦੇ ਉਹ ਸ਼ਬਦ ਉਚੇਚੇ ਲਿਖੇ ਜਾ ਰਹੇ ਸਨ, ਜੋ ਹੁਣ ਦੁਨੀਆਂ ਵਿਚ ਨਸਲਵਾਦੀ ਸ਼ਬਦ ਮੰਨੇ ਜਾ ਚੁੱਕੇ ਹਨ ਅਤੇ ਕਈ ਦੇਸ਼ਾਂ ਵਿਚ ਉਹ ਜੁਰਮ ਸਮਝੇ ਜਾਂਦੇ ਹਨ।

ਭਾਰਤੀ ਮੀਡੀਆ, ਤੇ ਇਸ ਵਿਚ ਸ਼ਾਮਲ ਪੰਜਾਬ ਦਾ ਮੀਡੀਆ ਵੀ, ਇਹੋ ਜਿਹੀ ਹਰ ਗੱਲ ਲਈ ਬਾਹਰ ਤੋਂ ਆਏ ਲੋਕਾਂ ਦਾ ਕਸੂਰ ਕੱਢਣ ਲੱਗ ਜਾਂਦਾ ਹੈ। ਬੰਗਲੌਰ ਦਾ ਮੀਡੀਆ ਇਸ ਵਾਰ ਉਸ ਕੁੜੀ ਨਾਲ ਹੋਈ ਘਟਨਾ ਪਿੱਛੋਂ ਬਹੁਤਾ ਜ਼ੋਰ ਇਸ ਗੱਲ ਉਤੇ ਦਿੰਦਾ ਰਿਹਾ ਕਿ ਕੁੜੀ ਨੂੰ ਭੀੜ ਵਿਚਾਲੇ ਪੂਰੀ ਨਿਰ-ਵਸਤਰ ਕਰਨ ਦਾ ਦੋਸ਼ ਗਲਤ ਹੈ ਤੇ ਉਹ ਲੋਕਾਂ ਵਿਚ ਪੂਰੀ ਨਿਰ-ਵਸਤਰ ਨਹੀਂ ਹੋਈ। ਉਥੋਂ ਦਾ ਪੁਲਿਸ ਮੁਖੀ ਵੀ ਇਹੋ ਕਹਿੰਦਾ ਹੈ। ਇਸ ਤੋਂ ਕੁਝ ਅਜਿਹਾ ਪ੍ਰਭਾਵ ਮਿਲਦਾ ਹੈ, ਜਿਵੇਂ ਉਹ ਕਹਿ ਰਹੇ ਹੋਣ ਕਿ ਇਹ ਕੰਮ ਹੋਣ ਵਾਲਾ ਤਾਂ ਰਹਿ ਹੀ ਗਿਆ ਸੀ। ਉਸ ਰਾਜ ਦੇ ਗ੍ਰਹਿ ਮੰਤਰੀ ਤੋਂ ਅਕਲ ਨਾਲ ਪੁਲਿਸ ਦੀ ਨੱਥ ਖਿੱਚਣ ਤੇ ਇਨਸਾਫ ਯਕੀਨੀ ਕਰਾਉਣ ਦੀ ਆਸ ਰੱਖੀ ਜਾ ਸਕਦੀ ਸੀ, ਪਰ ਉਹ ਵੀ ਇਸੇ ਰੌਂਅ ਵਿਚ ਬੋਲ ਰਿਹਾ ਸੀ। ਅਫਸੋਸ ਹੈ ਕਿ ਇਹ ਘਟਨਾ ਹੋਈ, ਜੋ ਕਿਸੇ ਹਾਲਤ ਵਿਚ ਨਹੀਂ ਸੀ ਹੋਣੀ ਚਾਹੀਦੀ। ਇਸ ਨਾਲ ਭਾਰਤ ਦੀ ਦਿੱਖ ਨੂੰ ਦਾਗ ਲੱਗਾ ਹੈ।

ਹੁਣ ਆਈਏ ਇੱਕ ਹੋਰ ਪੱਖ ਵੱਲ ਕਿ ਕੀ ਇਹ ਸਿਰਫ ਵਿਦੇਸ਼ੀ ਲੋਕਾਂ ਨਾਲ ਵਾਪਰਦਾ ਹੈ? ਕਈ ਵਾਰ ਸਾਡੇ ਦੇਸ਼ ਵਿਚ ਭੜਕੀ ਹੋਈ ਭੀੜ ਆਪਣੇ ਦੇਸ਼ ਦੇ ਕਿਸੇ ਹੋਰ ਰਾਜ ਵਿਚੋਂ ਆਏ ਲੋਕਾਂ ਉਤੇ ਵੀ ਦੁਸ਼ਮਣਾਂ ਵਾਂਗ ਹੀ ਟੁੱਟ ਪੈਂਦੀ ਹੈ। ਇੱਕ ਵਾਰ ਇਸੇ ਬੰਗਲੌਰ ਸ਼ਹਿਰ ਵਿਚ ਇਹ ਅਫਵਾਹ ਫੈਲ ਗਈ ਸੀ ਕਿ ਭਾਰਤ ਦੇ ਉਤਰ-ਪੂਰਬ ਤੋਂ ਆਏ ਲੋਕਾਂ ਉਤੇ ਕੋਈ ਟੋਲਾ ਹਮਲੇ ਕਰ ਸਕਦਾ ਹੈ। ਅਗਲੇ ਦਿਨਾਂ ਵਿਚ ਉਸ ਰਾਜ ਅਤੇ ਨਾਲ ਦੇ ਰਾਜਾਂ ਦੇ ਨੌਕਰੀ ਕਰਦੇ ਉਤਰ-ਪੂਰਬੀ ਲੋਕ ਤੇ ਵਿਦਿਆਰਥੀ ਆਪਣੇ ਘਰਾਂ ਨੂੰ ਇੰਜ ਭੱਜਦੇ ਰਹੇ ਕਿ ਪੂਰਾ ਹਫਤਾ ਰੇਲ ਗੱਡੀਆਂ ਭੀੜ ਨਾਲ ਭਰੀਆਂ ਜਾਂਦੀਆਂ ਵੇਖੀਆਂ ਗਈਆਂ ਸਨ। ਇਸ ਘਬਰਾਹਟ ਦਾ ਕਾਰਨ ਦਿੱਲੀ ਦੀ ਇੱਕ ਘਟਨਾ ਸੀ।

ਰਾਜਧਾਨੀ ਦਿੱਲੀ ਵਿਚ ਡਾ. ਮਨਮੋਹਨ ਸਿੰਘ ਸਰਕਾਰ ਦੇ ਆਖਰੀ ਸਾਲ ਦੀ ਜਨਵਰੀ ਦੇ ਆਖਰੀ ਹਫਤੇ ਇੱਕ ਮਾਰਕੀਟ ਵਿਚ ਅਰੁਣਾਚਲ ਪ੍ਰਦੇਸ਼ ਦੇ ਇੱਕ ਵਿਦਿਆਰਥੀ ਨੀਦੋ ਤਾਨੀਆ ਨੂੰ ਕੁਝ ਲੋਕਾਂ ਨੇ ਕੁੱਟ-ਕੁੱਟ ਮਾਰ ਦਿੱਤਾ ਸੀ। ਉਸ ਦਾ ਕਸੂਰ ਸਿਰਫ ਇਹ ਸੀ ਕਿ ਉਹ ਬਾਕੀ ਭਾਰਤੀ ਲੋਕਾਂ ਤੋਂ ਵੱਖਰੇ ਆਪਣੇ ਮੁਹਾਂਦਰੇ ਬਾਰੇ ਵਾਰ-ਵਾਰ ਕੀਤੀ ਗਈ ਨਸਲੀ ਟਿੱਪਣੀ ਤੋਂ ਭੜਕ ਕੇ ਰੋਸ ਕਰਨ ਲੱਗਾ ਸੀ। ਭਾਰਤ ਦੇ ਉਤਰ-ਪੂਰਬੀ ਰਾਜਾਂ ਦੇ ਲੋਕਾਂ ਦੀ ਦਿੱਖ ਮੱਧ-ਭਾਰਤੀ ਤੇ ਉਤਰ ਭਾਰਤੀ ਲੋਕਾਂ ਤੋਂ ਵੱਖਰੀ ਹੈ ਤਾਂ ਦੱਖਣ-ਭਾਰਤੀ ਲੋਕਾਂ ਦੀ ਵੀ ਵੱਖਰੀ ਹੈ। ਇਹ ਇਸ ਦੇਸ਼ ਦੀ ਸ਼ਾਨਦਾਰ ਵਿਰਾਸਤ ਹੈ ਕਿ ਇਸ ਵਿਚ ਹਰ ਰੰਗ, ਹਰ ਨਸਲ ਅਤੇ ਹਰ ਧਰਮ ਦੇ ਲੋਕ ਹਨ। ਜਦੋਂ ਉਸ ਲੜਕੇ ਬਾਰੇ ਨਸਲੀ ਟਿੱਪਣੀ ਕੀਤੀ ਗਈ ਅਤੇ ਉਸ ਨੇ ਰੋਸ ਕੀਤਾ ਤਾਂ ਕੁੱਟ-ਕੁੱਟ ਕੇ ਮਾਰ ਦਿੱਤਾ। ਲੜਕੇ ਦਾ ਬਾਪ ਆਪਣੇ ਰਾਜ ਅਰੁਣਾਚਲ ਪ੍ਰਦੇਸ਼ ਦਾ ਐਮ ਐਲ ਏ ਅਤੇ ਮੰਤਰੀਆਂ ਵਰਗੇ ਪਾਰਲੀਮੈਂਟਰੀ ਸੈਕਟਰੀ ਦੇ ਦਰਜੇ ਵਾਲਾ ਆਗੂ ਸੀ ਤੇ ਕੇਂਦਰ ਵਿਚ ਰਾਜ ਕਰਦੀ ਕਾਂਗਰਸ ਪਾਰਟੀ ਵਿਚੋਂ ਸੀ। ਆਪਣੇ ਹੀ ਦੇਸ਼ ਵਿਚ ਸਿਰਫ ਵੱਖਰੀ ਦਿੱਖ ਕਾਰਨ ਇੱਕ ਵੀਹ ਸਾਲਾ ਮੁੰਡਾ ਮਾਰ ਦਿੱਤਾ ਜਾਵੇ, ਨਸਲਵਾਦ ਦਾ ਇਹ ਰੰਗ ਵੀ ਦੁੱਖ ਦਿੰਦਾ ਹੈ।

ਆਓ, ਹੁਣ ਇਕ ਹੋਰ ਦ੍ਰਿਸ਼ ਵੇਖ ਲਈਏ, ਜਿਸ ਨੂੰ ਅਸੀਂ ਅੱਖੋਂ-ਪਰੋਖੇ ਕਰ ਜਾਂਦੇ ਹਾਂ। ਕਈ ਸਾਲ ਪਹਿਲਾਂ ਪੰਜਾਬ ਦੇ ਕਸਬਾ ਮਾਹਿਲਪੁਰ ਵਿਚ ਪਰਵਾਸੀ ਮਜ਼ਦੂਰਾਂ ਬਾਰੇ ਇੱਕ ਸੈਮੀਨਾਰ ਵਿਚ ਸਾਨੂੰ ਸੱਦਿਆ ਗਿਆ ਸੀ। ਉਥੇ ਬਹੁਤੇ ਬੁਲਾਰੇ ਕਹਿ ਰਹੇ ਸਨ ਕਿ ਯੂ ਪੀ ਅਤੇ ਬਿਹਾਰ ਤੋਂ ਇਥੇ ਆ ਕੇ ਇਹ ਲੋਕ ਪੰਜਾਬ ਦਾ ਸੱਭਿਆਚਾਰ ਵਿਗਾੜ ਰਹੇ ਹਨ। ਜਦੋਂ ਅਸੀਂ ਦੱਸਿਆ ਕਿ ਪੱਛਮੀ ਦੇਸ਼ਾਂ ਦੇ ਨਸਲਵਾਦੀ ਤੱਤ ਉਥੇ ਸਾਡੇ ਲੋਕਾਂ ਬਾਰੇ ਇਹੋ ਗੱਲ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਵਿਦੇਸ਼ ਬੈਠੇ ਸਾਡੇ ਲੋਕਾਂ ਨਾਲ ਵਾਪਰਦੇ ਨਸਲਵਾਦ ਦੀ ਚਿੰਤਾ ਨਹੀਂ ਸੀ, ਪੂਰਬੀ ਮਜ਼ਦੂਰਾਂ ਬਾਰੇ ਆਪਣੀ ਧਾਰਨਾ ਉਤੇ ਯਕੀਨ ਸੀ। ਜ਼ੋਸ ਵਿਚ ਉਹ ਇਹ ਵੀ ਕਹਿੰਦੇ ਸਨ ਕਿ ਇਹ ਲੋਕ ਇਥੋਂ ਕਮਾਈ ਕਰ ਕੇ ਲੈ ਜਾਂਦੇ ਹਨ। ਅਸੀਂ ਚੇਤੇ ਕਰਾਇਆ ਕਿ ਸਾਡੇ ਦੋਆਬੇ ਦੇ ਪਿੰਡਾਂ ਵਿਚ ਉਚੀਆਂ ਕੋਠੀਆਂ ਸਾਡੇ ਲੋਕਾਂ ਨੇ ਵਿਦੇਸ਼ ਵਿਚੋਂ ਕਮਾਈਆਂ ਕਰ ਕੇ ਹੀ ਬਣਾਈਆਂ ਹਨ। ਉਨ੍ਹਾਂ ਦੀ ਦਲੀਲ ਸੀ ਕਿ ਸਾਡੇ ਲੋਕ ਉਥੇ ਹੱਡ ਭੰਨ ਕੇ ਮਿਹਨਤ ਕਰਦੇ ਹਨ। ਪੰਜਾਬ ਵਿਚ ਆਏ ਯੂ ਪੀ ਅਤੇ ਬਿਹਾਰ ਦੇ ਮਜ਼ਦੂਰ ਵੀ ਹੱਡ ਭੰਨ ਕੇ ਮਿਹਨਤ ਕਰਦੇ ਹਨ ਤੇ ਬਹੁਤਾ ਕਰ ਕੇ ਸਾਡੇ ਪਿੰਡਾਂ ਵਿਚ ਉਨ੍ਹਾਂ ਨੂੰ ਤੂੜੀ ਵਾਲਾ ਕਮਰਾ ਰਹਿਣ ਲਈ ਦਿੱਤਾ ਜਾਂਦਾ ਹੈ। ਕੀ ਇਹ ਨਸਲਵਾਦੀ ਸੋਚ ਨਹੀਂ ਹੈ?

ਨਸਲਵਾਦ ਦਾ ਕੀੜਾ ਤਾਂ ਇਥੋਂ ਤੱਕ ਚਲਾ ਜਾਂਦਾ ਹੈ ਕਿ ਪੰਜਾਬ ਦਾ ਕੋਈ ਕਿਸਾਨ ਪੰਜਾਹ ਸਾਲ ਗੁਜਰਾਤ ਦੀ ਜ਼ਮੀਨ ਵਿਚੋਂ ਝਾੜੀਆਂ ਪੁੱਟ ਕੇ ਆਬਾਦ ਕਰੀ ਜਾਂਦਾ ਹੈ ਤੇ ਬਾਅਦ ਵਿਚ ਕਿਸੇ ਦੀ ਭੜਕਾਈ ਭੀੜ ਉਸ ਨੂੰ ਘਰ ਆ ਕੇ ਕੁਟਾਪਾ ਚਾੜ੍ਹ ਕੇ ਪੰਜਾਬ ਭੱਜਣ ਨੂੰ ਮਜਬੂਰ ਕਰ ਦਿੰਦੀ ਹੈ। ਇਹ ਵੀ ਨਸਲਵਾਦ ਦਾ ਇੱਕ ਪੱਖ ਹੈ। ਸਾਡੇ ਲੋਕ ਅੱਜ ਵਾਲੀ ਸਥਿਤੀ ਵਿਚ ਹੋਰ ਦੇਸ਼ਾਂ ਵਿਚ ਜਾਣਗੇ, ਹੋਰ ਥਾਂਵਾਂ ਦੇ ਲੋਕ ਇਥੇ ਆਉਣਗੇ ਤੇ ਮਨੁੱਖੀ ਰਿਸ਼ਤਿਆਂ ਦੀ ਤੰਦ ਨਾਲ ਸੰਸਾਰ ਜੁੜਿਆ ਦਿਖਾਈ ਦੇਵੇਗਾ। ਇਸ ਤੰਦ ਨੂੰ ਜਦੋਂ ਇੱਕ ਵੀ ਥਾਂ ਤੋਂ ਨਸਲਵਾਦ ਦਾ ਕੋਈ ਕੀੜਾ ਟੁੱਕਣ ਦਾ ਯਤਨ ਕਰੇਗਾ, ਇਸ ਦੀ ਲਾਗ ਸੰਸਾਰ ਵਿਚ ਹੋਰਨੀਂ ਥਾਂਈਂ ਪਹੁੰਚ ਸਕਦੀ ਹੈ। ਪੰਜਾਬ ਦੀ ਇੱਕ ਕਹਾਵਤ ਹੈ ਕਿ ਨਗਰ ਸੁੱਖ ਤਾਂ ਖੇੜੇ ਸੁੱਖ, ਖੇੜੇ ਸੁੱਖ ਤਾਂ ਵਿਹੜੇ ਸੁੱਖ। ਕਹਿਣ ਤੋਂ ਭਾਵ ਹੈ ਕਿ ਸੰਸਾਰ ਵਿਚ ਸੁੱਖ ਹੋਵੇ ਤਾਂ ਪਰਿਵਾਰ ਵਿਚ ਸੁੱਖ ਰਹੇਗੀ। ਨਸਲਵਾਦ ਤੋਂ ਬਚਣਾ ਹੈ ਤਾਂ ਸਭ ਨੂੰ ਆਪਣੇ ਮਨਾਂ ਵਿਚਲਾ ਨਸਲਵਾਦ ਛੱਡਣਾ ਪਵੇਗਾ।

---

# ਬੂੰਦ ਬੂੰਦ ਤਰਸ ਗਏ, ਅਸੀਂ ਪੁੱਤ ਦਰਿਆਵਾਂ ਦੇ...



ਡਾ. ਪਰਮਜੀਤ ਸਿੰਘ ਕੱਟੂ
ਫੋਨ: 91-94631-24131

"ਭਾਅ ਜੀ, ਤੁਸੀਂ ਘਰੇ ਈ ਓਂ?" ਮਕਾਨ ਦੇ ਉਪਰਲੇ ਹਿੱਸੇ 'ਚ ਰਹਿੰਦੀ ਕਿਰਾਏਦਾਰ ਔਰਤ ਨੇ ਫੋਨ 'ਤੇ ਕਾਹਲੀ ਕਾਹਲੀ ਪੁੱਛਿਆ।

"ਹਾਂ ਜੀ, ਕਿਵੇਂ ਖ਼ੈਰ ਸੁੱਖ ਆ?" ਉਦ੍ਹੀ ਕਾਹਲ ਮਹਿਸੂਸ ਕੇ ਮੈਂ ਡਰ ਗਿਆ।

"ਸ਼ੁਕਰ ਆ ਰੱਬ ਦਾ, ਉਹਨੇ ਲੰਮਾਂ ਸਾਹ ਭਰਿਆ, ਭਾਜੀ ਘਰੇ ਈ ਰਹਿਣਾ, ਅੱਜ ਪਾਣੀ ਦੇਣ ਵਾਲਾ ਭਾਈ ਆਊ। ਉਹ ਫਿਲਟਰ ਵਾਟਰ ਦਾ ਕੈਨ ਦੇ ਕੇ ਜਾਊ। ਭਾਜੀ ਪਲੀਜ਼, ਤੁਸੀਂ ਆਪਣੇ ਕੋਲ ਰੱਖ ਲੈਣਾ, ਕੱਲ੍ਹ ਦਾ ਪਾਣੀ ਮੁੱਕਿਆ ਸੀ, ਮਸਾਂ ਟਾਈਮ ਕੱਢਿਆ।" ਉਸ ਨੇ ਸਾਰੀ ਕਹਾਣੀ ਇਕੋ ਵਾਰ ਸੁਣਾ ਜੇਤੂ ਅੰਦਾਜ਼ 'ਚ ਫੋਨ ਕੱਟ'ਤਾ ਜਿਵੇਂ ਮੋਰਚਾ ਫਤਿਹ ਕਰ ਲਿਆ ਹੋਵੇ।

ਕਮਾਲ ਆ, ਪਾਣੀ ਆਪਣੀ ਕੀਮਤ ਕਿਹੜੇ ਕਿਹੜੇ ਢੰਗਾਂ ਨਾਲ ਦੱਸ ਰਿਹੈ। ਮੈਨੂੰ ਦੋ ਕੁ ਸਾਲ ਪੁਰਾਣੀ ਘਟਨਾ ਯਾਦ ਆਈ। ਗਰਮੀਆਂ ਦਾ ਸਿਖਰ ਦੁਪਹਿਰਾ। ਬੱਸ ਅੱਡੇ 'ਤੇ ਇਕ ਜਾਣਕਾਰ ਬਜ਼ੁਰਗ ਨੇ ਆਉਂਦਿਆਂ ਈ ਕਿਹਾ, "ਸ਼ੇਰਾ, ਪਾਣੀ ਦੀ ਘੁੱਟ ਹੈਗੀ?"

ਬਜ਼ਾਰ 'ਚੋਂ ਖਰੀਦੀ ਬੋਤਲ ਕੱਢ ਕੇ ਬਜ਼ੁਰਗ ਨੂੰ ਦਿੱਤੀ ਤਾਂ ਜਿਵੇਂ ਉਹ ਪਿਆਸ ਭੁੱਲ ਕੇ ਕਿੰਨਾ ਚਿਰ ਬੋਤਲ ਨੂੰ ਈ ਦੇਖਦਾ ਰਿਹਾ। ਕਹਿੰਦਾ, "ਸਹੁਰਿਆਂ ਨੇ ਪਾਣੀ ਦਾ ਸਵਾਦ ਈ ਭੁਲਾ'ਤਾ, ਹੁਣ ਦੇ ਜਵਾਕਾਂ ਨੂੰ ਕਹੋ ਬਈ ਕਦੇ ਖੂਹ ਦਾ ਠੰਢਾ ਮਿੱਠਾ ਪਾਣੀ ਪੀਤਾ, ਉਹ ਯਕੀਨ ਈ ਨ੍ਹੀਂ ਕਰਦੇ, ਉਨ੍ਹਾਂ ਨੂੰ ਤਾਂ ਆਹ ਨਵੇਂ ਈ ਸਵਾਦ ਪੈਗੇ। ਨਾਲੇ ਭਾਈ ਤੇਰੇ ਪੁਰਖਿਆਂ ਤਾਂ ਖੂਹ ਦਾ ਟੱਕ ਲਾਇਆ ਸੀ ਤੇ ਹੁਣ ਜਦੋਂ ਤੇਰੇ ਕੋਲ ਵੀ ਆਹ ਮੁੱਲ ਦੇ ਪਾਣੀ ਦੀ ਬੋਤਲ ਦੇਖੀ, ਮੇਰੇ ਤਾਂ ਕਾਲਜੇ ਚੋਂ ਰੁੱਗ ਭਰਿਆ ਗਿਆ ਤੇ ਆਹ ਕੱਲ੍ਹ ਦੀ ਗੱਲ ਆ ਜਦੋਂ ਅਸੀਂ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਤੇ ਅੱਜ...।" ਉਹ ਪਿਆਸ ਹੱਥੋਂ ਮਜ਼ਬੂਰ ਭਰੇ ਮਨ ਨਾਲ ਪਾਣੀ ਪੀ ਗਿਆ।

ਪਹਿਲੀ ਵਾਰ ਮੈਂ ਬਾਜ਼ਾਰ ਵਿਕੇਂਦਾ ਪਾਣੀ ਦਿੱਲੀ ਪੀਤਾ। ਲਗਭਗ ਪੰਦਰਾਂ ਸਾਲ ਪਹਿਲਾਂ ਦਿੱਲੀ ਗਿਆ ਤਾਂ ਬੱਸ 'ਚੋਂ ਉਤਰਦਿਆਂ ਹੀ ਬਾਹਰ ਇਕ ਪਾਣੀ ਵਾਲੀ ਟੈਂਕੀਨੁਮਾ ਰੇਹੜੀ ਖੜੀ ਸੀ, ਉਤੇ ਲਿਖਿਆ ਸੀ 'ਪਾਣੀ ਦਾ ਗਿਲਾਸ 50 ਪੈਸੇ'। ਮੈਂ ਜਦੋਂ ਇਕ ਗਿਲਾਸ ਪਾਣੀ ਮੰਗਿਆ ਤਾਂ ਉਸ ਨੇ ਨਿੰਬੂ ਪਾਣੀ ਦਾ ਗਿਲਾਸ ਦੇ ਦਿੱਤਾ। ਮੈਂ ਹੈਰਾਨ ਸਾਂ ਕਿ 50 ਪੈਸੇ 'ਚ ਨਿੰਬੂ ਪਾਣੀ, ਵਾਹ, ਇਹੀ ਤਾਂ ਹੈ ਦਿੱਲੀ ਦਿਲ ਵਾਲੋਂ ਕੀ, ਮੰਗੋ ਪਾਣੀ ਮਿਲੇ ਸ਼ਿਕੰਜਵੀ। ਜਦੋਂ ਪੈਸਿਆਂ ਦੀ ਵਾਰੀ ਆਈ ਤਾਂ ਭਾਈ ਕਹਿੰਦਾ, "ਸਰਦਾਰ ਜੀ ਤੀਨ ਰੁਪਏ ਹੂਏ।" ਮੈਂ ਕਹਾਣੀ ਜਲਦੀ ਸਮਝ ਗਿਆ। ਫੇਰ ਹਰ ਵਾਰ ਸਿੰਪਲ ਪਾਣੀ ਕਹਿ ਕੇ 50 ਪੈਸਿਆਂ ਦਾ ਗਿਲਾਸ ਖਰੀਦਦਾ ਰਿਹਾ। ਇਹ ਸੀ ਦਿੱਲੀ ਦੀ ਸਿੱਧਾ ਠੱਗੇ ਜਾਣ ਦੀ ਪਹਿਲੀ ਘਟਨਾ।

ਪਾਣੀ ਬਾਰੇ ਹਮੇਸ਼ਾ ਹੀ ਜਾਨਣ ਦੀ ਇੱਛਾ ਰਹੀ। ਵਿਸ਼ਵ ਪ੍ਰਸਿੱਧ ਚਿੱਤਰਕਾਰ ਤੇ ਚਿੰਤਕ ਸਿਧਾਰਥ ਜੀ ਨੇ ਇਕ ਵਾਰ ਪਾਣੀ ਬਾਰੇ ਗੱਲ ਕਰਦਿਆਂ ਜਾਪਾਨੀ ਵਿਗਿਆਨੀ ਇਮੋਟੋ ਮਸੂਰੋ ਦੀ ਖੋਜ ਯੂ ਟਿਊਬ 'ਤੇ ਦਿਖਾਈ ਤੇ ਕਥਾ ਵੀ ਸੁਣਾਈ। ਅਸਲ ਵਿਚ ਪਾਣੀ ਬਾਰੇ ਹੋਈਆਂ ਖੋਜਾਂ ਵਿਚੋਂ ਇਮੋਟੋ ਮਸੂਰੋ ਦੀ ਖੋਜ ਬਹੁਤ ਹੀ ਮਹੱਤਵਪੂਰਨ ਮੰਨੀ ਜਾਂਦੀ ਹੈ। ਇਸ ਖੋਜ ਦੀ ਕਥਾ ਇਹ ਹੈ ਕਿ ਇਮੋਟੋ ਮਸੂਰੋ ਨੇ ਕੈਮਰੇ ਬਣਾਉਣ ਵਾਲੀ ਇਕ ਕੰਪਨੀ ਤੋਂ ਐਸਾ ਲੈਂਜ਼ ਬਣਵਾਇਆ ਜਿਸ ਨਾਲ ਪਾਣੀ ਦੇ ਛੋਟੇ ਤੋਂ ਛੋਟੇ ਅਣੂ ਦੀ ਫੋਟੋ ਖਿੱਚੀ ਜਾ ਸਕੇ। ਉਸ ਨੇ ਦੁਨੀਆਂ ਭਰ 'ਚੋਂ ਪਾਣੀ ਦੇ ਨਮੂਨੇ ਲੈ ਕੇ ਪਾਣੀ ਦੇ ਅਣੂ ਦੀਆਂ ਫੋਟੋਆਂ ਖਿੱਚੀਆਂ। ਇਹ ਫੋਟੋਆਂ ਹੈਰਾਨ ਕਰਨ ਵਾਲੇ ਬਹੁਤ ਹੀ ਖੂਬਸੂਰਤ ਕ੍ਰਿਸਟਲ (ਜਿਵੇਂ ਸ਼ੀਸ਼ੇ ਜਾਂ ਹੀਰੇ ਦੇ ਰੇਸ਼ੇ ਹੁੰਦੇ) ਹਨ। ਉਸ ਨੇ ਇਸ ਤੋਂ ਵੀ ਅੱਗੇ ਇਹ ਖੋਜ ਕੀਤੀ ਕਿ ਪਾਣੀ ਉਪਰ ਆਲੇ-ਦੁਆਲੇ ਦਾ ਕੀ ਅਸਰ ਹੁੰਦਾ ਹੈ। ਇਸ ਲਈ ਉਸ ਨੇ ਇਕੋ ਤਰ੍ਹਾਂ ਦੇ ਪਾਣੀ ਕੋਲ ਪਹਿਲਾਂ ਚੰਗੇ ਵਿਚਾਰ ਤੇ ਸੰਗੀਤ ਦੀਆਂ ਬਿਹਤਰੀਨ ਵੰਨਗੀਆਂ ਦੀਆਂ ਪੇਸ਼ਕਾਰੀਆਂ ਕੀਤੀਆਂ ਤਾਂ ਪਾਣੀ ਦੇ ਅਣੂ ਹੋਰ-ਹੋਰ ਸੋਹਣੇ ਹੁੰਦੇ ਗਏ। ਦੂਜੀ ਵਾਰ ਇਸੇ ਪਾਣੀ ਕੋਲ ਬੁਰੇ ਵਿਚਾਰ ਤੇ ਸੰਗੀਤ ਦੇ ਨਾਂ 'ਤੇ ਹੁੰਦੇ ਸ਼ੋਰ ਦੀਆਂ ਪੇਸ਼ਕਾਰੀਆਂ ਕੀਤੀਆਂ ਤਾਂ ਇਹ ਪਾਣੀ ਦੇ ਅਣੂ ਇਕ ਤਰ੍ਹਾਂ ਨਾਲ ਕਾਲੇ ਰੰਗ ਦੇ ਹੁੰਦੇ ਗਏ ਤੇ ਕਈਆਂ 'ਚ ਵਿਸਫੋਟ ਵੀ ਹੋ ਗਏ। ਬਾਅਦ ਵਿਚ ਚੰਗੇ ਵਿਚਾਰ ਤੇ ਸੰਗੀਤ ਦੀਆਂ ਬਿਹਤਰੀਨ ਵੰਨਗੀਆਂ ਵੀ ਮੁੜ ਉਨ੍ਹਾਂ ਨੂੰ ਪਹਿਲਾਂ ਜਿੰਨੇ ਚੰਗੇ ਨਾ ਬਣਾ ਸਕੀਆਂ।



ਸਾਡੇ ਮਨੁੱਖੀ ਸਰੀਰ ਵਿਚ ਔਸਤਨ 70 ਫੀਸਦੀ ਪਾਣੀ ਹੁੰਦਾ ਹੈ ਤੇ 70 ਫੀਸਦੀ ਦੇ ਲਗਭਗ ਹੀ ਇਸ ਧਰਤੀ ਉਪਰ ਪਾਣੀ ਹੈ। ਇਸ ਲਈ ਅਸੀਂ ਜਿਹੋ ਜਿਹੇ ਵਿਚਾਰਾਂ ਤੇ ਮਾਹੌਲ ਵਿਚ ਰਹਿੰਦੇ ਹਾਂ, ਉਹੋ ਜਿਹੇ ਬਣ ਜਾਂਦੇ ਹਾਂ। ਮੈਨੂੰ ਇਹ ਰਾਜ਼ ਵੀ ਪਤਾ ਲੱਗਿਆ ਕਿ ਪਵਿੱਤਰ ਵਿਚਾਰਾਂ ਤੇ ਸੰਗੀਤ ਕੋਲ ਰੱਖਿਆ ਪਾਣੀ, ਜਲ ਕਿਵੇਂ ਹੋ ਜਾਂਦਾ ਹੈ ਤੇ ਉਹ 'ਸੁਆਦ' ਕਿਉਂ ਹੁੰਦਾ ਹੈ? ਇਸ ਦੇ ਨਾਲ ਹੀ ਵੱਡੀਆਂ ਹਸਤੀਆਂ ਦੇ ਨੂਰਾਨੀ ਚਿਹਰਿਆਂ ਦੀ ਕਹਾਣੀ ਵੀ ਸਮਝ ਆ ਗਈ।

ਕਹਿੰਦੇ ਨੇ ਆਉਣ ਵਾਲੇ ਸਮੇਂ 'ਚ ਜੇ ਤੀਜਾ ਵਿਸ਼ਵ ਯੁੱਧ ਲੱਗਿਆ ਤਾਂ ਉਸ ਦਾ ਕਾਰਨ ਤਿੰਨ ਡਬਲਿਊ (women, water, weather) 'ਚੋਂ ਕੋਈ ਇਕ ਹੋਵੇਗਾ। ਦੁਨੀਆਂ ਦੀ ਗੱਲ ਛੱਡੋ ਪੰਜਾਬ ਇਸ ਵੇਲੇ ਪਾਣੀ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਧਰਤੀ ਹੇਠਲਾ ਪਾਣੀ ਦਿਨੋਂ-ਦਿਨ ਹੇਠਾਂ ਜਾ ਰਿਹੈ, ਇਹ ਪਾਣੀ ਝੋਨੇ ਤੇ ਆਲੂਆਂ ਆਦਿ ਫਸਲਾਂ ਦੇ ਰੂਪ 'ਚ ਸੜਕਾਂ ਜਾਂ ਮੰਡੀਆਂ ਵਿਚ ਰੁਲ ਰਿਹੈ ਜਾਂ ਕੌਡੀਆਂ ਦੇ ਭਾਅ ਵਿਕੀ ਜਾਂਦਾ ਹੈ। ਹੁਣ ਤਾਂ ਪੰਜਾਬ ਦੀ ਮਾਲਵਾ ਪੱਟੀ ਦਾ ਪਾਣੀ ਜ਼ਿੰਦਗੀ ਦੀ ਥਾਂ ਕੈਂਸਰ ਰੂਪੀ ਮੌਤ ਵੰਡ ਰਿਹੈ। ਅੰਤ ਬੜਾ ਖ਼ਤਰਨਾਕ ਹੋ ਸਕਦੈ।

ਅਸੀਂ ਪੁਰਖਿਆਂ ਦੀ ਕਦ ਸੁਣਾਂਗੇ? ਮੈਂ ਤਾਂ ਜਦ ਜਦ ਵੀ ਗੁਰਬਾਣੀ ਦੇ ਇਹ ਸ਼ਬਦ ਸੁਣੇ ਤਾਂ ਸਿਰ ਨਮਨ ਕਰਦਾ ਝੁਕ ਜਾਂਦਾ ਹੈ, ਪਵਣ ਗੁਰੂ ਪਾਣੀ ਪਿਤਾ ਅਤੇ ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ। ਅਸੀਂ ਤਾਂ ਦਿਨੋ-ਦਿਨ ਨਾ-ਸ਼ੁਕਰੇ ਹੁੰਦੇ ਜਾ ਰਹੇ ਹਾਂ। ਸਾਹ ਲੈਂਦੇ ਹਾਂ ਪਰ ਕਦੇ ਹਵਾ ਦਾ ਸ਼ੁਕਰਾਨਾ ਨਹੀਂ ਕਰਦੇ, ਖਾਣਾ ਪਕਾਉਂਦਿਆਂ ਕਦੇ ਅਗਨ ਨੂੰ ਸ਼ੁਕਰੀਆਂ ਨਹੀਂ ਕਹਿੰਦੇ, ਨਹੀਂ ਕਰਦੇ ਧੰਨਵਾਦ ਧਰਤੀ ਦਾ ਕਿ ਸਾਨੂੰ ਗੋਦ ਮਿਲੀ ਹੈ। ਅਕਾਸ਼ ਨੂੰ ਤਾਂ ਦੇਖਣੋ ਜਿਵੇਂ ਹਟ ਹੀ ਗਏ ਹਾਂ। ਨਾ-ਸ਼ੁਕਰਿਆਂ ਨੇ ਪਾਣੀ ਹੁਣ ਮੁਨਾਫੇ ਦਾ ਸੌਦਾ ਬਣਾ ਦਿੱਤਾ ਹੈ। ਮੈਨੂੰ ਪ੍ਰੋ. ਕੁਲਵੰਤ ਗਰੇਵਾਲ ਦੀਆਂ ਸਤਰਾਂ ਚੇਤੇ ਆ ਰਹੀਆਂ ਹਨ:

ਦਿਲ ਟੁੱਟਦੇ ਹਵਾਵਾਂ ਦੇ
ਬੂੰਦ ਬੂੰਦ ਤਰਸ ਗਏ
ਅਸੀਂ ਪੁੱਤ ਦਰਿਆਵਾਂ ਦੇ।

# ਖੇਡਣ-ਮੱਲ੍ਹਣ ਦਾ ਸੁਨੇਹਾ ਦੇ ਗਈਆਂ ਖੇਡਾਂ ਕਿਲਾ ਰਾਏਪੁਰ ਦੀਆਂ

**ਲੁਧਿਆਣਾ:** 80ਵੀਆਂ ਕਿਲਾ ਰਾਏਪੁਰ ਖੇਡਾਂ ਪੰਜਾਬ ਵਾਸੀਆਂ ਨੂੰ ਖੇਡਣ ਤੇ ਖਿਡਾਉਣ ਦਾ ਸੁਨੇਹਾ ਦਿੰਦੀਆਂ ਸਮਾਪਤ ਹੋ ਗਈਆਂ। ਚਾਰ ਫਰਵਰੀ ਨੂੰ ਸ਼ੁਰੂ ਹੋਈ ਪੇਂਡੂ ਓਲੰਪਿਕਸ ਵਿਚ ਜਿਥੇ ਆਧੁਨਿਕ ਖੇਡਾਂ ਦੀ ਚੜ੍ਹਤ ਰਹੀ ਉਥੇ ਪੁਰਾਤਨ ਖੇਡਾਂ ਨੂੰ ਦੇਖਣ ਲਈ ਵੀ ਲੋਕ ਵਹੀਰਾਂ ਘੱਤ ਕੇ ਪੁੱਜੇ। ਗਰੇਵਾਲ ਸਪੋਰਟਸ ਐਸੋਸੀਏਸ਼ਨ ਵੱਲੋਂ ਹਰ ਸਾਲ ਕਰਾਏ ਜਾਂਦੇ ਇਸ ਖੇਡ ਮੇਲੇ ਨੂੰ ਬੈਲ-ਗੱਡੀਆਂ ਦੀਆਂ ਦੌੜਾਂ ਕਰਕੇ ਪੂਰੇ ਵਿਸ਼ਵ ਵਿਚ ਮਕਬੂਲੀਅਤ ਮਿਲੀ ਸੀ।

ਮਿੰਨੀ ਓਲੰਪਿਕਸ ਦੇ ਆਖਰੀ ਦਿਨ ਭਗਵੰਤ ਮੈਮੋਰੀਅਲ ਗੋਲਡ ਹਾਕੀ ਕੱਪ ਹਾਂਸ ਕਲਾਂ ਕਲੱਬ ਨੇ ਐਸ.ਜੀ.ਪੀ.ਸੀ. ਅੰਮ੍ਰਿਤਸਰ ਦੀ ਟੀਮ ਨੂੰ 1-0 ਗੋਲਾਂ ਨਾਲ ਹਰਾ ਕੇ ਜਿੱਤਿਆ। ਬਜ਼ੁਰਗਾਂ (75 ਤੋਂ 80 ਸਾਲ) ਦੀ 100 ਮੀਟਰ ਦੌੜ ਵਿਚ ਚਨੋਲੇ ਦਾ ਛੱਜੂ ਰਾਮ ਪਹਿਲੇ, ਅੰਮ੍ਰਿਤਸਰ ਦਾ ਸੁਵਿੰਦਰ ਸਿੰਘ ਦੂਜੇ ਅਤੇ ਗੁੱਜਰਵਾਲ ਦਾ ਗੁਰਚਰਨ ਸਿੰਘ ਗਿੱਲ ਤੀਜੇ ਸਥਾਨ 'ਤੇ ਰਿਹਾ। 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਵਿਚੋਂ ਫੱਲੇਵਾਲ ਦਾ ਤੇਜਾ ਸਿੰਘ ਜੇਤੂ ਰਿਹਾ ਜਦੋਂ ਕਿ ਖੰਨਾ ਦਾ ਨਛੱਤਰ ਸਿੰਘ ਦੂਜੇ ਸਥਾਨ 'ਤੇ ਰਿਹਾ। ਟਰਾਈਸਾਈਕਲ (100 ਮੀਟਰ) ਰੇਸ ਕਿਲਾ ਰਾਏਪੁਰ ਦੇ ਸੁੱਖੇ ਨੇ ਜਿੱਤੀ। ਮਹਿਲਾਵਾਂ ਦੀ ਉੱਚੀ ਛਾਲ ਵਿਚ ਪਟਿਆਲਾ ਦੀ ਪਰਨੀਤ ਕੌਰ ਪਹਿਲੇ ਅਤੇ ਪੁਰਸ਼ਾਂ ਦੀ ਉਚੀ ਛਾਲ ਵਿਚ ਪਟਿਆਲਾ ਦਾ ਲਵਪ੍ਰੀਤ ਸਿੰਘ ਪਹਿਲੇ ਸਥਾਨ ਉਤੇ ਰਿਹਾ। ਔਰਤਾਂ ਦੀ 200 ਮੀਟਰ ਦੌੜ ਪਟਿਆਲਾ ਦੀ ਨੀਲੂ ਯਾਦਵ ਤੇ ਪੁਰਸ਼ ਵਰਗ ਵਿਚ ਪਟਿਆਲਾ ਦਾ ਨਰਿੰਦਰ ਸਿੰਘ ਜੇਤੂ ਰਿਹਾ।

ਪੁਰਸ਼ਾਂ ਦੀ 800 ਮੀਟਰ ਦੌੜ 'ਚ ਸੰਗਰੂਰ ਦਾ ਪੰਕਜ ਤੇ ਔਰਤਾਂ ਦੇ ਵਰਗ ਵਿਚ ਗੁਰਦਾਸਪੁਰ ਦੀ ਸੀਮਾ ਜੇਤੂ ਰਹੀ। ਤਿੰਨ ਮੀਲ ਸਾਈਕਲ ਰੇਸ ਲੁਧਿਆਣਾ ਦੇ ਸਾਹਿਲ ਨੇ ਜਿੱਤੀ। ਘੋੜਿਆਂ ਦੀ ਦੌੜ ਵਿਚ ਕਕਰਾਲੀ ਦੇ ਬਲਵੀਰ ਸਿੰਘ ਦੇ ਘੋੜੇ ਨੇ ਤਿੰਨ ਵਾਰ ਦੇ ਚੈਂਪੀਅਨ ਜੁਝਾਰ ਸਿੰਘ ਦੇ ਘੋੜੇ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ। ਖੱਚਰ ਦੌੜ ਮੁਕਾਬਲਾ ਹੈਪੀ ਦੇ ਖੱਚਰ ਨੇ ਜਿੱਤਿਆ ਜਦੋਂ ਕਿ ਬੱਬੂ ਤੇ ਧਰਮ ਸਿੰਘ ਦੇ ਖੱਚਰ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ ਉਤੇ ਰਹੇ। ਟਰੈਕਟਰ ਰੇਸ ਵਿਚੋਂ ਹੁਸ਼ਿਆਰਪੁਰ ਦੇ ਸੁੱਖੇ ਦਾ ਟਰੈਕਟਰ ਪਹਿਲੇ, ਪਮਾਲ ਦੇ ਜਸਪਾਲ ਸਿੰਘ ਦਾ ਦੂਜੇ ਅਤੇ ਟੂਸੇ ਦੇ ਰਵਿੰਦਰ ਸਿੰਘ ਦਾ ਟਰੈਕਟਰ ਤੀਜੇ ਸਥਾਨ ਉਤੇ ਰਿਹਾ। ਕਬੱਡੀ ਫਾਈਨਲ ਵਿਚ ਕਲਸੀਆਂ ਟੀਮ-1 ਨੇ ਕਲਸੀਆਂ ਟੀਮ-2 ਨੂੰ ਹਰਾਇਆ। ਇਨ੍ਹਾਂ ਖੇਡਾਂ ਤੋਂ ਇਲਾਵਾ ਦੰਦਾਂ ਨਾਲ ਧੌੜੀ ਚੁੱਕਣ, ਸਾਈਕਲ ਚੁੱਕਣ, ਭਾਰ ਚੁੱਕਣ, ਜਿਮਨਾਸਟਿਕ ਦੇ ਮੁਕਾਬਲੇ ਵੀ ਖਿੱਚ ਦਾ ਕੇਂਦਰ ਰਹੇ। ਖੇਡਾਂ ਵਿਚੋਂ ਜੇਤੂ ਰਹਿਣ ਵਾਲਿਆਂ ਨੂੰ ਮੁੱਖ ਮਹਿਮਾਨ ਵੱਲੋਂ ਇਨਾਮਾਂ ਦੀ ਵੰਡ ਕੀਤੀ ਗਈ।



## ਬੈਲ ਗੱਡੀਆਂ ਦੀ ਥਾਂ ਖੱਚਰਾਂ ਤੇ ਕੁੱਤਿਆਂ ਨੇ ਮੱਲੀ

**ਕਿਲਾ ਰਾਏਪੁਰ:** ਅਦਾਲਤੀ ਪਾਬੰਦੀ ਕਾਰਨ ਭਾਵੇਂ ਇਸ ਵਾਰ ਬੈਲ ਗੱਡੀਆਂ ਦੀਆਂ ਦੌੜਾਂ ਨਹੀਂ ਕਰਾਈਆਂ ਜਾ ਸਕੀਆਂ, ਪਰ ਪ੍ਰਬੰਧਕਾਂ ਨੇ ਖੱਚਰਾਂ, ਘੋੜਿਆਂ, ਕੁੱਤਿਆਂ ਤੇ ਟਰੈਕਟਰਾਂ ਦੀਆਂ ਦੌੜਾਂ ਕਰਵਾ ਕੇ ਇਸ ਖੱਪੇ ਨੂੰ ਪੂਰਨ ਦਾ ਯਤਨ ਕੀਤਾ। ਖੇਡ ਮੇਲੇ ਦੇ ਆਖਰੀ ਦਿਨ 30-40 ਦੇ ਕਰੀਬ ਬੈਲ ਗੱਡੀ ਮਾਲਕਾਂ ਨੇ ਜਾਨਵਰਾਂ ਦੇ ਹੱਕਾਂ ਵਾਲੀ ਸੰਸਥਾ 'ਪੇਟਾ' ਖਿਲਾਫ ਰੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਉਹ ਬਲਦਾਂ ਨੂੰ ਆਪਣੇ ਬੱਚਿਆਂ ਵਾਂਗ ਪਾਲਦੇ ਹਨ।



ਇਸ ਲਈ ਦੁੜਾਉਣ ਸਮੇਂ ਉਨ੍ਹਾਂ 'ਤੇ ਕਿਸੇ ਵੀ ਤਰ੍ਹਾਂ ਦੇ ਜ਼ੁਲਮ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਸ ਸੰਸਥਾ ਜਾਂ ਵਿਅਕਤੀ ਨੂੰ ਬੈਲ ਦੁੜਾਉਣ 'ਤੇ ਇਤਰਾਜ਼ ਹੈ, ਉਹ ਇਕ ਵਾਰ ਇਥੇ ਆ ਕੇ ਜ਼ਰੂਰ ਦੇਖੇ। ਰੋਸ ਵਜੋਂ ਉਨ੍ਹਾਂ ਨੇ ਪੂਰੇ ਮੈਦਾਨ ਦਾ ਚੱਕਰ ਵੀ ਲਾਇਆ।

## ਖੇਡਾਂ-ਖੇਡਾਂ ਵਿਚ ਬਾਬਿਆਂ ਦਾ ਨੌਜਵਾਨਾਂ ਨੂੰ ਸੁਨੇਹਾ...

**ਲੁਧਿਆਣਾ:** ਮੇਲੇ ਦੇ ਤੀਜੇ ਦਿਨ 70 ਸਾਲਾ ਬਜ਼ੁਰਗ ਹਰਦਮ ਸਿੰਘ ਨੇ 100 ਬੈਠਕਾਂ ਕੱਢੀਆਂ। ਬਾਬਿਆਂ ਦੀ ਦੌੜ ਨੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਸੋਚਣ ਲਈ ਮਜਬੂਰ ਕਰ ਦਿੱਤਾ। ਮੁਕੰਦਪੁਰ ਦੇ ਪ੍ਰਗਟ ਸਿੰਘ ਨੇ ਦੰਦਾਂ ਨਾਲ ਹੱਲ ਉਤੇ ਸਾਈਕਲ ਬੰਨ੍ਹ ਕੇ ਚੁੱਕਿਆ, ਮੋਗੇ ਦੇ ਕਰਨੈਲ ਸਿੰਘ ਨੇ ਕੰਨ ਨਾਲ ਤੇ ਸੁਖਵਿੰਦਰ ਸਿੰਘ ਨੇ ਵਾਲਾਂ ਨਾਲ ਚਾਰ ਸਵਾਰੀਆਂ ਵਾਲੀ ਕਾਰ ਖਿੱਚ ਕੇ ਦਿਖਾਈ। ਹੁਸ਼ਿਆਰਪੁਰ ਦੇ ਬਲਬੀਰ ਸਿੰਘ ਨੇ ਆਪਣੇ ਉਪਰੋਂ ਟਰੈਕਟਰ ਲੰਘਾਇਆ, ਲੁਧਿਆਣਾ ਦੀਆਂ ਭਾਮੀਆਂ ਕਲਾਂ ਦੇ ਗੁਰਮੀਤ ਸਿੰਘ ਨੇ ਦੰਦਾਂ ਨਾਲ ਧੌੜੀ ਚੁੱਕ ਕੇ ਦਿਖਾਈ। ਰਾਏ ਸਿੰਘ ਨੇ 230 ਕਿਲੋ ਦੀ ਬੋਰੀ ਤੇ ਉਸ ਉੱਪਰ ਦੋ ਬੱਚੇ ਖੜ੍ਹੇ ਕਰਕੇ ਚੁੱਕ ਕੇ ਦਿਖਾਏ। ਹਿਮਾਚਲ ਪ੍ਰਦੇਸ਼ ਤੋਂ ਆਏ ਲਾਲ ਚੰਦ ਸ਼ਰਮਾ ਨੇ ਛਾਤੀ ਉਤੇ ਇੱਟਾਂ ਰੱਖ ਕੇ ਹਥੌੜੇ ਨਾਲ ਤੋੜਨ ਦਾ ਕਰਤਬ ਦਿਖਾਇਆ। ਰਾਜਪਾਲ ਸਿੰਘ ਨਾਂ ਦੇ ਨੌਜਵਾਨ ਨੇ 120 ਕਿਲੋ ਦੀ ਬੈਂਚ ਪ੍ਰੈਸ ਲਾ ਕੇ ਆਪਣੀ ਤਾਕਤ ਦਾ ਲੋਹਾ ਮਨਵਾਇਆ।



# ਪਠਾਨਕੋਟ ਹਮਲੇ ਮਗਰੋਂ ਵੀ ਨਹੀਂ ਟੁੱਟੀ ਪਾਕਿਸਤਾਨ ਦੀ ਉਮੀਦ

**ਇਸਲਾਮਾਬਾਦ:** ਪਠਾਨਕੋਟ ਹਮਲੇ ਮਗਰੋਂ ਭਾਰਤ-ਪਾਕਿਸਤਾਨ ਵਿਚਾਲੇ ਤਲਖੀ ਵਧਣ ਦੇ ਬਾਵਜੂਦ ਪਾਕਿਸਤਾਨ ਨੂੰ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਦਾ ਸਿਲਸਿਲਾ ਅੱਗੇ ਵਧਣ ਦੀ ਉਮੀਦ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਪਾਕਿਸਤਾਨ ਤੇ ਭਾਰਤ ਵਿਚਾਲੇ ਗੱਲਬਾਤ ਦਾ ਸਿਲਸਿਲਾ ਆਉਣ ਵਾਲੇ ਦਿਨਾਂ ਵਿਚ ਹੋਰ ਅੱਗੇ ਵਧੇਗਾ। ਸ਼ਰੀਫ ਨੇ ਕਿਹਾ ਹੈ ਕਿ ਕਸ਼ਮੀਰ ਸਮੇਤ ਸਾਰੇ ਮੁੱਦਿਆਂ ਦਾ ਹੱਲ ਆਪਸੀ ਗੱਲਬਾਤ ਰਾਹੀਂ ਕੱਢਿਆ ਜਾਏਗਾ। ਕਸ਼ਮੀਰ ਦਿਵਸ ਮੌਕੇ ਮੁਜ਼ਫਰਾਬਾਦ ਵਿਚ ਮਕਬੂਜ਼ਾ ਕਸ਼ਮੀਰ ਦੀ ਵਿਧਾਨ ਸਭਾ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਪਾਕਿਸਤਾਨ ਦਹਿਸ਼ਤਵਾਦ ਸਮੇਤ ਹਰ ਮਾਮਲੇ ਵਿਚ ਭਾਰਤ ਨੂੰ ਸਹਿਯੋਗ ਦੇਣ ਲਈ ਤਿਆਰ ਹੈ।



ਪਾਕਿਸਤਾਨ ਦਹਿਸ਼ਤਵਾਦ ਤੋਂ ਸਭ ਨਾਲੋਂ ਵੱਧ ਪ੍ਰਭਾਵਿਤ ਹੈ।ਇਸ ਕਰਕੇ ਇਸ ਮੁੱਦੇ ਉਤੇ ਪਾਕਿਸਤਾਨ ਉਤੇ ਸ਼ੱਕ ਕਰਨਾ ਠੀਕ ਨਹੀਂ। ਉਨ੍ਹਾਂ ਆਖਿਆ ਕਿ ਦੋਵਾਂ ਦੇਸ਼ਾਂ ਵਿਚਾਲੇ ਮਤਭੇਦਾਂ ਨੂੰ ਪਿਛਲੇ ਕਾਫੀ ਸਮੇਂ ਤੋਂ ਦੂਰ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਆਪਸੀ ਮਤਭੇਦਾਂ ਜਿਸ ਵਿਚ ਕਸ਼ਮੀਰ ਮੁੱਦਾ ਵੀ ਸ਼ਾਮਲ ਹੈ, ਨੂੰ ਗੱਲਬਾਤ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਹੈ।

# ਪੰਜਾਬ ਲਈ ਦਿੱਲੀ ਦਾ ਤਖ਼ਤ ਨਹੀਂ ਛੱਡਣਗੇ ਅਰਵਿੰਦ ਕੇਜਰੀਵਾਲ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਲਈ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਦਾ ਐਲਾਨ ਅਗਲੇ ਕੁਝ ਮਹੀਨਿਆਂ ਵਿਚ ਕਰ ਦਿੱਤਾ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਵਿਚ ਪਾਰਟੀ ਦਾ ਢਾਂਚਾ ਬਣਾਉਣ ਲਈ ਕੰਮ ਕਰ ਰਹੇ ਦੁਰਗੇਸ਼ ਪਾਠਕ ਨੇ ਕੀਤਾ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਪੰਜਾਬ ਵਿਚੋਂ ਹੀ ਹੋਵੇਗਾ। ਪੰਜਾਬ ਵਿਚ ਅਰਵਿੰਦ ਕੇਜਰੀਵਾਲ ਚੋਣ ਨਹੀਂ ਲੜਨਗੇ, ਸਗੋਂ ਪਾਰਟੀ ਲਈ ਚੋਣ ਪ੍ਰਚਾਰ ਕਰਨਗੇ। ਦੂਜੀਆਂ ਪਾਰਟੀਆਂ ਦੇ ਆਗੂਆਂ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੇ ਮੁੱਦੇ ਉਤੇ ਦੁਰਗੇਸ਼ ਪਾਠਕ ਨੇ ਆਖਿਆ ਕਿ ਸਾਫ ਸੁਥਰੇ ਅਕਸ ਵਾਲੇ ਆਗੂਆਂ ਨੂੰ ਹੀ ਪਾਰਟੀ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਦੁਰਗੇਸ਼ ਪਾਠਕ ਨੇ ਸਪਸ਼ਟ ਕੀਤਾ ਕਿ ਆਮ ਆਦਮੀ ਪਾਰਟੀ ਵਿਚ ਦੂਜੀਆਂ ਪਾਰਟੀਆਂ ਤੋਂ ਸ਼ਾਮਲ ਹੋਣ ਵਾਲੇ ਸਾਰੇ ਆਗੂਆਂ ਨੂੰ ਟਿਕਟਾਂ ਨਹੀਂ ਦਿੱਤੀਆਂ ਜਾਣਗੀਆਂ । ਸਿਰਫ ਯੋਗ ਉਮੀਦਵਾਰ ਨੂੰ ਹੀ ਟਿਕਟ ਦਿੱਤੀ ਜਾਵੇਗੀ।



# ਕੇਂਦਰ ਤੋਂ ਵਿਸ਼ੇਸ਼ ਪੈਕਜ ਲਈ ਪੰਜਾਬ ਸਰਕਾਰ ਵੱਲੋਂ ਮੁੜ ਹੰਭਲਾ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਇਕ ਵਾਰ ਫਿਰ ਕੇਂਦਰ ਕੋਲ ਸੂਬੇ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਲਈ 15 ਹਜ਼ਾਰ ਕਰੋੜ ਰੁਪਏ ਦੀ ਵਿਸ਼ੇਸ਼ ਵਿੱਤੀ ਮਦਦ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਮਾਲਵਾ ਖਿੱਤੇ ਵਿਚ ਕੈਂਸਰ ਦੀ ਨਾਮੁਰਾਦ ਬਿਮਾਰੀ ਦੇ ਕਹਿਰ ਨੂੰ ਰੋਕਣ ਲਈ ਵੀ 100 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਦੀ ਮੰਗ ਕੀਤੀ ਹੈ। ਇਹ ਮੰਗ ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਵਧੀਕ ਸਕੱਤਰ (ਵਿੱਤ) ਡੀ.ਪੀ. ਰੈਡੀ ਨਾਲ ਬਜਟ ਤੋਂ ਪਹਿਲਾਂ ਸੂਬਿਆਂ ਦੇ ਵਿੱਤ ਮੰਤਰੀਆਂ ਨਾਲ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਬੈਠਕ ਵਿਚ ਰੱਖੀ ਗਈ। ਇਸ ਗੱਲਬਾਤ ਦੌਰਾਨ ਵਿੱਤੀ ਸਾਲ 2016-17 ਵਿਚ ਸੀ.ਐਸ.ਟੀ. ਮੁਆਵਜ਼ਾ ਦੇਣ ਲਈ ਵੀ ਕੇਂਦਰ ਕੋਲੋਂ ਲੋੜੀਂਦੀ ਵਿੱਤੀ ਮਦਦ ਮੰਗੀ ਗਈ। ਬੈਠਕ ਵਿਚ ਸ. ਢੀਂਡਸਾ ਨੇ ਕਿਹਾ ਕਿ ਪੰਜਾਬ ਨੇ ਭਾਰਤ ਦੀ ਖੁਰਾਕ ਸਮੱਸਿਆ ਨੂੰ ਨਜਿੱਠਣ ਵਿਚ ਕੇਂਦਰੀ ਰੋਲ ਅਦਾ ਕੀਤਾ ਹੈ ਤੇ ਪੰਜਾਬ ਵੱਲੋਂ ਕੀਤੀ ਗਈ ਮਿਹਨਤ ਸਦਕਾ ਹੀ ਭਾਰਤ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾ ਸਕਿਆ ਹੈ।

ਪੰਜਾਬ ਦੇ ਕੁਦਰਤੀ ਸੋਮਿਆਂ ਦੀ ਕਾਫੀ ਘਾਟ ਹੋਈ ਹੈ, ਜਿਸ ਦੇ ਨਾਲ-ਨਾਲ ਕੁਦਰਤੀ ਸੋਮਿਆਂ ਦੇ ਵਾਧੂ ਇਸਤੇਮਾਲ ਕਾਰਨ ਪ੍ਰਦੂਸ਼ਣ ਦੀ ਸਮੱਸਿਆ ਵੀ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਮਿੱਟੀ ਤੇ ਪਾਣੀ ਦਾ ਪ੍ਰਦੂਸ਼ਣ ਖਤਰੇ ਦੇ ਨਿਸ਼ਾਨ ਤੱਕ ਪੁੱਜ ਗਿਆ ਹੈ, ਜਿਸ ਕਾਰਨ ਅੰਨ ਦੀ ਪੈਦਾਵਾਰ ਘਟ ਰਹੀ ਹੈ ਤੇ ਕਿਸਾਨ ਆਤਮ ਹੱਤਿਆਵਾਂ ਪ੍ਰਤੀ ਮਜਬੂਰ ਹੋ ਰਹੇ ਹਨ।

ਸ. ਢੀਂਡਸਾ ਨੇ ਇਹ ਵੀ ਦੱਸਿਆ ਕਿ ਖੇਤੀ ਸੰਕਟ ਦੇ ਨਾਲ ਸਨਅਤੀ ਸੰਕਟ ਵੀ ਪੈਦਾ ਹੋ ਗਿਆ, ਜਿਸ ਕਾਰਨ ਕੇਂਦਰ ਵੱਲੋਂ ਪੰਜਾਬ ਦੇ ਗੁਆਂਢੀ ਸੂਬਿਆਂ ਖਾਸ ਕਰਕੇ ਪਹਾੜੀ ਸੂਬੇ ਨੂੰ



ਸਨਅਤ ਵਿਚ ਟੈਕਸ ਰਿਆਇਤਾਂ ਦਿੱਤੇ ਜਾਣ ਕਰਕੇ ਪੰਜਾਬ ਦਾ ਸਨਅਤੀ ਖੇਤਰ ਦਮ ਤੋੜ ਰਿਹਾ ਹੈ। ਪੰਜਾਬ, ਕੇਰਲ ਤੇ ਪੱਛਮੀ ਬੰਗਾਲ ਦੇ ਨਾਲ ਕਰਜ਼ਾ ਮੁਆਫੀ ਲਈ ਇਕ ਢੁਕਵਾਂ ਕੇਸ ਸੀ ਤੇ ਵਾਅਦਾ ਕੀਤਾ ਗਿਆ ਸੀ ਕਿ ਪੰਜਾਬ ਦਾ ਕਰਜ਼ਾ ਮੁਆਫ਼ੀ ਦਾ ਮਾਮਲਾ 14 ਨੂੰ ਵਿੱਤੀ ਕਮਿਸ਼ਨ ਵੱਲੋਂ ਹਮਦਰਦੀ ਨਾਲ ਵਿਚਾਰਿਆ ਜਾਵੇਗਾ, ਜਦ ਕਿ ਹੋਇਆ ਇਸ ਤੋਂ ਉਲਟ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕਰਜ਼ਾ ਮੁਆਫ਼ੀ ਲਈ ਇਸ ਕਾਰਨ ਮਨ੍ਹਾਂ ਕੀਤਾ ਗਿਆ, ਕਿਉਂਕਿ ਪੰਜਾਬ ਵਿਚ ਖੇਤੀ ਸੈਕਟਰ ਨੂੰ ਮੁਫਤ ਬਿਜਲੀ ਸਪਲਾਈ ਕੀਤੀ ਜਾਂਦੀ ਹੈ। ਹੁਣ ਬੀਤੇ ਦਿਨੀਂ ਪ੍ਰਧਾਨ ਮੰਤਰੀ ਵੱਲੋਂ ਖੇਤੀ ਸੈਕਟਰ ਲਈ ਦਿੱਤੀ ਜਾਂਦੀ ਸਬਸਿਡੀ ਨੂੰ ਜਾਇਜ਼ ਕਰਾਰ ਦਿੱਤੇ ਜਾਣ ਤੋਂ ਬਾਅਦ ਪੰਜਾਬ ਦਾ ਕਰਜ਼ਾ ਮੁਆਫ਼ੀ ਦਾ ਕੇਸ ਹੋਰ ਮਜ਼ਬੂਤ ਹੋਇਆ ਹੈ।

# ਫੇਸਬੁੱਕ ਕਿਲਰ ਨੂੰ ਹੋਈ ਉਮਰ ਕੈਦ

**ਮਿਆਮੀ:** ਅਮਰੀਕਾ ਵਿਚ ਬੇਰਹਿਮੀ ਦੀਆਂ ਹੱਦਾਂ ਪਾਰ ਕਰਦੇ ਹੋਏ ਇਕ ਪਤੀ ਨੇ ਪਹਿਲਾਂ ਤਾਂ ਪਤਨੀ ਦਾ ਕਤਲ ਕੀਤਾ ਤੇ ਫਿਰ ਲਾਸ਼ ਦੀ ਫੋਟੋ ਫੇਸਬੁੱਕ ਉਤੇ ਸ਼ੇਅਰ ਕਰ ਦਿੱਤੀ। ਇਥੇ ਹੀ ਬੱਸ ਨਹੀਂ, ਪਤੀ ਨੇ ਪੋਸਟ ਵਿਚ ਕਤਲ ਦੀ ਗੱਲ ਵੀ ਆਪਣੇ ਦੋਸਤਾਂ ਨਾਲ ਸਾਂਝੀ ਕੀਤੀ।

ਮਾਮਲੇ ਵਿਚ ਅਦਾਲਤ ਨੇ ਪਤੀ ਨੂੰ ਦੋਸ਼ੀ ਐਲਾਨਦਿਆਂ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਹੈ।33 ਸਾਲ ਦਾ ਡੈਰਿਕ ਮੇਡਿਨਾ ਨੇ ਇਹ ਕਾਰਾ 2013 ਵਿਚ ਕੀਤਾ ਸੀ। ਮਾਮੂਲੀ ਝਗੜੇ ਤੋਂ ਬਾਅਦ ਉਸ ਨੇ ਪਤਨੀ ਜੈਨੀਫਰ ਨੂੰ ਅੱਠ ਗੋਲੀਆਂ ਮਾਰ ਦਿੱਤੀਆਂ। ਇਸ ਤੋਂ ਬਾਅਦ ਉਸ ਨੇ ਖੂਨ ਨਾਲ ਲਥਪਥ ਲਾਸ਼ ਦੀ ਫੋਟੋ ਫੇਸਬੁੱਕ ਉਤੇ ਸ਼ੇਅਰ ਕਰ ਦਿੱਤੀ। ਅਮਰੀਕਾ ਦੇ ਮੀਡੀਆ ਵਿਚ ਇਸ ਕਤਲ ਦੀ ਚਰਚਾ ਇਸ ਕਰਕੇ ਸੀ ਕਿਉਂਕਿ ਕਾਤਲ ਨੇ ਕਤਲ ਤੋਂ ਬਾਅਦ ਫੋਟੋ ਨੂੰ ਫੇਸਬੁੱਕ ਉਤੇ ਸ਼ੇਅਰ ਕੀਤਾ ਸੀ। ਆਪਣੇ ਪੋਸਟ ਵਿਚ ਮੇਡਿਨਾ ਨੇ ਲਿਖਿਆ ਕਿ ਸੀ, 'ਮੈਂ ਜੇਲ੍ਹ ਜਾ ਰਿਹਾ ਹਾਂ, ਪਤਨੀ ਦੀ ਹੱਤਿਆ ਦੇ ਦੋਸ਼ ਵਿਚ ਮੈਨੂੰ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ, ਸਾਰਿਆਂ ਨੂੰ ਪਿਆਰ, ਮੈਂ ਸਾਰਿਆਂ ਨੂੰ ਮਿਸ ਕਰਾਂਗਾ, ਫੇਸਬੁੱਕ ਦੇ ਮੇਰੇ ਦੋਸਤੋ ਆਪਣਾ ਧਿਆਨ ਰੱਖਿਓ।'

## ਮਨੀਲਾ ਵਿਚ ਕੁਰਾਲੀ ਦੇ ਨੌਜਵਾਨ ਦਾ ਕਤਲ

**ਜਲੰਧਰ:** ਥਾਣਾ ਲਾਂਬੜਾ ਅਧੀਨ ਪੈਂਦੇ ਪਿੰਡ ਕੁਰਾਲੀ ਦੇ ਨੌਜਵਾਨ ਰਘੁਵੀਰ ਸਿੰਘ ਦੀ ਮਨੀਲਾ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ 14 ਸਾਲ ਪਹਿਲਾਂ ਮਨੀਲਾ ਗਿਆ ਸੀ ਅਤੇ ਫਾਇਨਾਂਸ ਦਾ ਕੰਮ ਕਰਦਾ ਸੀ। ਉਸ ਨੂੰ ਅਣਪਛਾਤੇ ਵਿਅਕਤੀਆਂ ਨੇ ਘੇਰ ਕੇ ਗੋਲੀਆਂ ਮਾਰ ਦਿੱਤੀਆਂ ਤੇ ਚਾਰ ਗੋਲੀਆਂ ਲੱਗਣ ਕਾਰਨ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

# SHUDH FOODS

(PURE INDIAN MADE ALL KIND OF FLOURS)

PREMIUM QUALITY

ਭਾਰਤ ਵਿਚ ਤਿਆਰਸ਼ੁਦਾ ਸਭ ਤਰ੍ਹਾਂ ਦਾ ਖਾਲਸ ਆਟਾ
ਬਿਹਤਰੀਨ ਕੁਆਲਿਟੀ

ਸੁਧ ਬਾਜਰੇ ਦਾ ਆਟਾ — Shudh Bajara Flour
ਸ਼ੁੱਧ ਬਾਰਲੀ ਦਾ ਆਟਾ — Shudh Barley Flour
ਸ਼ੁੱਧ ਵੇਸਣ — Shudh Besan
ਸ਼ੁੱਧ ਬੰਬੇ ਰਵਾ — Shudh Bombay Rawa
ਸ਼ੁੱਧ ਜੁਆਰ ਦਾ ਆਟਾ — Shudh Jowar Flour
ਸ਼ੁੱਧ ਮੈਦਾ — Shudh Maida
ਸ਼ੁੱਧ ਮੱਕੀ ਦਾ ਆਟਾ — Shudh Makai Flour
ਸ਼ੁੱਧ ਚੌਲਾਂ ਦਾ ਆਟਾ — Shudh Rice Flour
ਸ਼ੁੱਧ ਸੂਜੀ ਰਵਾ — Shudh Suji Rawa
ਸ਼ੁੱਧ ਦਲੀਆ — Shudh Cracked Wheat
*(ਲੈਪਸੀ ਰਵਾ ਮੋਟਾ ਦਲੀਆ)* — *(Lapsi Rawa Dalia Bold)*
ਸ਼ੁੱਧ ਦਲੀਆ — Shudh Cracked Wheat
*(ਲੈਪਸੀ ਰਵਾ ਕਨਸਾਰ ਦਰਮਿਆਨਾ ਦਲੀਆ)* — *(Lapsi Rawa, Kansar, Dalia Medium)*

2 ਪੌਂਡ ਤੇ 4 ਪੌਂਡ ਦੀ ਪੈਕਿੰਗ ਵਿਚ — (2LB AND 4LB PACKING)



## Prag International

2353 E. Devon Ave Elk Grove Village. IL. 60714.
Ph.- 847-387-2923, 847-979-5970, 630-509-2919.Fax:- 630-422-1258.
Email: - raviunited@aol.com, pragint@aol.com

# ਟੀਟੂ ਫੋਲਡਿੰਗ ਬੈਡ TITU Folding Bed

ਮੈਟਲ ਦਾ ਫਰੇਮ, ਮਜਬੂਤ, 11 ਲੱਤਾਂ
3 ਫੋਲਡ, ਫੈਂਸੀ, ਸਸਤਾ ਭਾਅ
ਸਾਈਜ਼ 6.5 ਫੁੱਟ X 3 ਫੁੱਟ
ਬਹੁਤ ਵਧੀਆ ਕੁਆਲਿਟੀ

*Metal Frame, Strong, 11 LEGS
*3 fold, Fancy, Low Price
Size 6.5 feet X 3 feet.
"High Quality"



For Wholesale Inquire:

## Prag International

2353 E. Devon Ave Elk Grove Village. IL. 60714
Ph: 847-387-2923, 847-595-6019, 630-509-2919. Fax: 630-422-1258.
Email: raviunited@aol.com, pragint@aol.com

# ਪੰਜਾਬ ਸਰਕਾਰ ਨੇ ਜੈਵਿਕ ਖੇਤੀ ਤੋਂ ਮੂੰਹ ਮੋੜਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਮੁਲਕ ਵਿਚ ਆਰਗੈਨਿਕ (ਜੈਵਿਕ) ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸੰਜੀਦਾ ਯਤਨ ਕੀਤੇ ਜਾ ਰਹੇ ਹਨ, ਪਰ ਪੰਜਾਬ ਸਰਕਾਰ ਇਸ ਪਾਸੇ ਬੇਰੁਖ਼ੀ ਵਿਖਾ ਰਹੀ ਜਾਪਦੀ ਹੈ। ਰਸਾਇਣ ਰਹਿਤ ਆਰਗੈਨਿਕ ਖੇਤੀ ਸਬੰਧੀ ਕੇਂਦਰ ਸਰਕਾਰ ਵਲੋਂ ਗਠਿਤ 'ਟਾਸਕ ਫੋਰਸ' ਦੀ ਮੁੱਢਲੀ ਰਿਪੋਰਟ ਅਨੁਸਾਰ ਇਸ ਵਲੋਂ ਨਿਸ਼ਚਿਤ ਕੀਤੇ ਹਰ ਸੂਬੇ ਨੂੰ 10 ਫ਼ੀਸਦੀ ਰਕਬਾ ਆਰਗੈਨਿਕ ਖੇਤੀ ਹੇਠ ਲਿਆਉਣ ਵਿਚ ਵੀ ਪੰਜਾਬ ਸਫਲ ਨਹੀਂ ਹੋ ਸਕਿਆ।




ਪੰਜਾਬ ਦੇ ਖੇਤੀ ਅਧੀਨ ਕੁੱਲ 4.2 ਲੱਖ ਹੈਕਟੇਅਰ ਰਕਬੇ ਵਿਚੋਂ ਆਰਗੈਨਿਕ ਖੇਤੀ ਹੇਠ ਸਿਰਫ 2475 ਏਕੜ ਰਕਬਾ ਹੀ ਰਜਿਸਟਰਡ ਕੀਤਾ ਜਾ ਸਕਿਆ ਹੈ ਜੋ ਕਿ ਟਾਸਕ ਫੋਰਸ ਦੁਆਰਾ ਨਿਸ਼ਚਿਤ ਟੀਚੇ ਦੇ ਅੱਧੇ ਤੋਂ ਵੀ ਘੱਟ ਹੈ। ਹੋਰ ਤਾਂ ਹੋਰ, ਪੰਜਾਬ ਸਰਕਾਰ ਨੇ ਹਾਲੇ ਤਕ ਮੁੱਖ ਮੰਤਰੀ ਵੱਲੋਂ ਪਿਛਲੇ ਸਾਲ ਮਾਰਚ ਵਿਚ ਐਲਾਨ ਕੀਤੇ 'ਆਰਗੈਨਿਕ ਫਾਰਮਿੰਗ ਬੋਰਡ' ਦਾ ਵੀ ਗਠਨ ਨਹੀਂ ਕੀਤਾ। ਇਹੀ ਕਾਰਨ ਹੈ ਕਿ ਦੇਸ਼ ਦਾ ਖੇਤੀ ਪ੍ਰਧਾਨ ਸੂਬਾ ਪੰਜਾਬ ਆਰਗੈਨਿਕ ਖੇਤੀ ਵਿਚ ਪਛੜ ਗਿਆ ਹੈ ਜਦੋਂਕਿ ਉਤਰ-ਪੂਰਬੀ ਸੂਬੇ ਆਰਗੈਨਿਕ ਖੇਤੀ ਵਿਚ ਮੁਲਕ ਦਾ ਧੁਰਾ ਬਣ ਕੇ ਉਭਰ ਰਹੇ ਹਨ। ਕੇਂਦਰੀ ਟਾਸਕ ਫੋਰਸ ਨੇ ਮੁਲਕ ਵਿਚ ਘੱਟੋ-ਘੱਟ 1000 ਵਿਸ਼ੇਸ਼ ਆਰਗੈਨਿਕ ਖੇਤੀ ਸਕੂਲ ਸਥਾਪਤ ਕਰਨ ਲਈ ਜ਼ੋਰ ਦਿੱਤਾ ਹੈ, ਪਰ ਪੰਜਾਬ ਨੇ ਇਸ ਪਾਸੇ ਵੀ ਹਾਲੇ ਤੱਕ ਕੁਝ ਨਹੀਂ ਕੀਤਾ ਜਾਪਦਾ।

ਮੁੱਖ ਮੰਤਰੀ ਨੇ ਪਿਛਲੇ ਸਾਲ ਇਸ ਮੰਤਵ ਲਈ ਸੂਬੇ ਦੇ ਹਰ ਬਲਾਕ ਵਿਚ ਪੰਚਾਇਤੀ ਜ਼ਮੀਨ 'ਤੇ ਆਰਗੈਨਿਕ ਫਾਰਮ ਬਣਾਉਣ ਦਾ ਵੀ ਐਲਾਨ ਕੀਤਾ ਸੀ ਪਰ ਇਹ ਵੀ ਅਖਬਾਰੀ ਸੁਰਖੀਆਂ ਤੱਕ ਹੀ ਸੀਮਤ ਰਹਿ ਗਿਆ। ਖੇਤੀ ਤੇ ਸਮਾਜ ਵਿਗਿਆਨੀ ਖੇਤੀ ਫਸਲਾਂ ਵਿਚ ਰਸਾਇਣਿਕ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਹੋ ਰਹੀ ਲੋੜੋਂ ਵੱਧ ਵਰਤੋਂ ਦੇ ਮਨੁੱਖੀ ਸਿਹਤ ਤੋਂ ਇਲਾਵਾ ਧਰਤੀ ਅਤੇ ਵਾਤਾਵਰਣ ਉਤੇ ਪੈ ਰਹੇ ਬੁਰੇ ਪ੍ਰਭਾਵਾਂ ਦੇ ਮੱਦੇਨਜ਼ਰ ਇਨ੍ਹਾਂ ਦੀ ਵਰਤੋਂ ਘਟਾਉਣ ਲਈ ਜ਼ੋਰ ਦਿੰਦੇ ਆ ਰਹੇ ਹਨ। ਆਰਗੈਨਿਕ ਖੇਤੀ ਦਾ ਸੰਕਲਪ ਵੀ ਇਸੇ ਸਮੱਸਿਆ ਦੇ ਹੱਲ ਵਜੋਂ ਸਾਹਮਣੇ ਆਇਆ ਹੈ।

ਆਰਗੈਨਿਕ ਖੇਤੀ ਵਿਚ ਫਸਲਾਂ ਰਸਾਇਣਿਕ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਤੋਂ ਬਗੈਰ ਕੁਦਰਤੀ ਵਾਤਾਵਰਣ ਤੇ ਹਾਲਾਤ ਤਹਿਤ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਕਰਕੇ ਇਨ੍ਹਾਂ ਦਾ ਮਨੁੱਖੀ ਜਨਜੀਵਨ 'ਤੇ ਕੋਈ ਮਾੜਾ ਅਸਰ ਨਹੀਂ ਪੈਂਦਾ। ਕਿਸਾਨ ਆਪਣੇ ਤੌਰ 'ਤੇ ਆਰਗੈਨਿਕ ਖੇਤੀ ਵੱਲ ਇਸ ਕਰਕੇ ਬਹੁਤੀ ਦਿਲਚਸਪੀ ਨਹੀਂ ਦਿਖਾ ਰਹੇ ਕਿਉਂਕਿ ਇਕ ਤਾਂ ਇਸ ਢੰਗ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਦਾ ਝਾੜ ਬਹੁਤ ਘੱਟ ਹੁੰਦਾ ਹੈ ਅਤੇ ਦੂਜਾ ਇਨ੍ਹਾਂ ਦਾ ਮੰਡੀਕਰਨ ਨੈੱਟਵਰਕ ਵੀ ਫਿਲਹਾਲ ਨਹੀਂ ਹੈ। ਇਸ ਕਰਕੇ ਉਹ ਮੌਜੂਦਾ ਖੇਤੀ ਪ੍ਰਣਾਲੀ ਨੂੰ ਛੱਡਣ ਤੋਂ ਝਿਜਕ ਰਹੇ ਹਨ। ਮਨੁੱਖੀ ਜਨਜੀਵਨ, ਧਰਤੀ ਤੇ ਵਾਤਾਵਰਣ ਨੂੰ ਬਚਾਉਣ ਲਈ ਖੇਤੀ ਫਸਲਾਂ ਨੂੰ ਰਸਾਇਣਿਕ ਖਾਦਾਂ ਤੇ ਕੀੜੇਮਾਰ ਦਵਾਈਆਂ ਤੋਂ ਮੁਕਤ ਕਰਾਉਣਾ ਸਰਕਾਰ ਦੀ ਜ਼ਿੰਮੇਵਾਰੀ ਵੀ ਹੈ ਪਰ ਉਹ ਇਹ ਫਰਜ਼ ਨਿਭਾਉਣ ਤੋਂ ਇਨਕਾਰੀ ਹੋ ਬੈਠੀਆਂ ਹਨ।

## ਸੁਖਬੀਰ ਨੇ ਅਦਾਲਤ 'ਚ ਦਰਜ ਕਰਾਏ ਬਿਆਨ

**ਫ਼ਰੀਦਕੋਟ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੇ ਖ਼ਿਲਾਫ਼ ਚੱਲ ਰਹੇ ਤਕਰੀਬਨ ਦਸ ਸਾਲ ਪੁਰਾਣੇ ਫੌਜਦਾਰੀ ਮੁਕੱਦਮੇ ਵਿਚ ਨਿੱਜੀ ਤੌਰ 'ਤੇ ਪੇਸ਼ ਹੋਏ। ਇਸ ਤੋਂ ਪਹਿਲਾਂ ਉਹ ਮਈ 2007 ਵਿਚ ਇਥੇ ਪੇਸ਼ ਹੋਏ ਸਨ।

ਸੁਖਬੀਰ ਬਾਦਲ ਨੇ ਅਦਾਲਤ ਵਿਚ ਪੇਸ਼ ਹੋ ਕੇ ਦਰਜ ਕਰਾਏ ਬਿਆਨਾਂ ਵਿਚ ਕਿਹਾ ਕਿ ਉਨ੍ਹਾਂ ਖ਼ਿਲਾਫ਼ ਮੁਕੱਦਮਾ ਝੂਠਾ ਤੇ ਬੇਬੁਨਿਆਦ ਹੈ। ਉਨ੍ਹਾਂ ਨੇ ਨਰੇਸ਼ ਸਹਿਗਲ ਨਾਲ ਕੋਈ ਝਗੜਾ ਨਹੀਂ ਕੀਤਾ। ਅਦਾਲਤ ਨੇ ਬਿਆਨ ਦਰਜ ਕਰਨ ਤੋਂ ਬਾਅਦ ਇਸ ਮਾਮਲੇ ਦੀ ਸੁਣਵਾਈ 25 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ। 25 ਫਰਵਰੀ ਨੂੰ ਸੁਖਬੀਰ ਸਿੰਘ ਬਾਦਲ ਆਪਣੀ ਸਫਾਈ ਦੇ ਗਵਾਹ ਅਦਾਲਤ ਸਾਹਮਣੇ ਪੇਸ਼ ਕਰਨਗੇ। ਉਪ ਮੁੱਖ ਮੰਤਰੀ ਦੀ ਪੇਸ਼ੀ ਸਮੇਂ ਸ਼ਿਕਾਇਤ ਕਰਤਾ ਨਰੇਸ਼ ਸਹਿਗਲ ਵੀ ਅਦਾਲਤ ਵਿਚ ਹਾਜ਼ਰ ਸੀ। ਨਰੇਸ਼ ਸਹਿਗਲ ਨੇ ਅਦਾਲਤ ਵਿਚ ਇਕ ਹੋਰ ਅਰਜ਼ੀ ਦੇ ਕੇ ਕੁਝ ਗਵਾਹਾਂ ਨੂੰ ਅਦਾਲਤ ਵਿਚ ਪੇਸ਼ ਕਰਨ ਦੀ ਮੰਗ ਕੀਤੀ ਹੈ। ਅਦਾਲਤ ਨੇ ਇਸ ਅਰਜ਼ੀ ਦੀ ਸੁਣਵਾਈ ਵੀ 25 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ।

# ਮੋਹਕਮ ਸਿੰਘ ਖਿਲਾਫ ਇਕ ਹੋਰ ਕੇਸ

**ਤਰਨ ਤਾਰਨ:** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਤੇ ਸਰਬੱਤ ਖਾਲਸਾ ਦੇ ਕਨਵੀਨਰ ਮੋਹਕਮ ਸਿੰਘ ਨੂੰ ਜ਼ਿਲ੍ਹਾ ਪੁਲਿਸ ਨੇ ਥਾਣਾ ਸਦਰ



ਤਰਨਤਾਰਨ ਵਿਚ ਦਰਜ ਕੀਤੇ ਇਕ ਹੋਰ ਕੇਸ ਵਿਚ ਸ਼ਾਮਲ ਕਰ ਲਿਆ ਹੈ ਜਿਸ ਤਹਿਤ ਅਦਾਲਤ ਨੇ ਉਨ੍ਹਾਂ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ, ਜਦੋਂਕਿ ਉਹ ਪਹਿਲਾਂ ਹੀ ਪੱਟੀ ਸਬ ਜੇਲ੍ਹ ਵਿਚ ਇਕ ਹੋਰ ਕੇਸ ਵਿਚ ਬੰਦ ਸਨ। ਭਾਈ ਮੋਹਕਮ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਤਿੰਨ ਫਰਵਰੀ ਨੂੰ ਪਾਈ ਗਈ ਗ੍ਰਿਫਤਾਰੀ ਦੇ ਕੇਸ ਵਿਚ ਜ਼ਮਾਨਤ ਹੋ ਜਾਣ ਦੇ ਡਰ ਕਾਰਨ ਤਰਨਤਾਰਨ ਪੁਲਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੀ ਮਾਮਲੇ ਵਿਚ ਰੋਸ ਪ੍ਰਗਟ ਕਰਨ ਵਾਲੀਆਂ ਸੰਗਤਾਂ ਖਿਲਾਫ਼ ਝੂਠਾ ਕੇਸ ਦਰਜ ਕਰ ਲਿਆ, ਜਿਸ ਧਰਨੇ ਵਿਚ ਉਹ ਸ਼ਾਮਲ ਵੀ ਨਹੀਂ ਸੀ ਪਰ ਉਨ੍ਹਾਂ ਨੂੰ ਨਾਜਾਇਜ਼ ਤੌਰ 'ਤੇ ਫਸਾ ਕੇ ਹੋਰ ਸਮਾਂ ਜੇਲ੍ਹ ਵਿਚ ਰੱਖਣ ਦੇ ਮਨਸੂਬੇ ਨਾਲ ਸਰਕਾਰ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਭਾਈ ਮੋਹਕਮ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਕਸੂਰ ਸਿਰਫ ਇੰਨਾ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਸਰਬੱਤ ਖਾਲਸਾ ਉਸ ਵੇਲੇ ਬੁਲਾਇਆ ਸੀ ਜਦੋਂ ਸਰਕਾਰ, ਸ਼੍ਰੋਮਣੀ ਕਮੇਟੀ ਤੇ ਤਖਤਾਂ ਦੇ ਜਥੇਦਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਵਿਰੁੱਧ ਕੋਈ ਵੀ ਕਾਰਵਾਈ ਕਰਨ ਤੋਂ ਅਸਮਰੱਥ ਰਹੇ।

# ਗਾਖਲ ਤੇ ਸਹੋਤਾ ਭਰਾਵਾਂ ਵਲੋਂ ਸਿੱਖ ਪੰਚਾਇਤ ਸਲੇਟ ਦੀ ਹਮਾਇਤ



**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਵਿਚ ਏ ਐਂਡ ਆਈ ਟਰੱਕਿੰਗ ਦੇ ਗਾਖਲ ਭਰਾਵਾਂ- ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਸਹੋਤਾ ਭਰਾਵਾਂ ਨੇ ਸਿੱਖ ਪੰਚਾਇਤ ਦੀ ਸਲੇਟ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ।

ਸਲੇਟ ਦੇ ਨੁਮਾਇੰਦਿਆਂ ਦੀ ਇਥੇ ਜਗਰਾਜ ਸਿੰਘ ਸਹੋਤਾ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਵਿਚ ਇਸ ਗੱਲ ਦਾ ਨਿਰਣਾ ਲਿਆ ਗਿਆ। ਇਸ ਮੌਕੇ ਗਾਖਲ ਭਰਾਵਾਂ ਨੇ ਫਰੀਮਾਂਟ ਗੁਰੂ ਘਰ ਨੂੰ 5 ਹਜ਼ਾਰ ਡਾਲਰ ਦੀ ਸੇਵਾ ਦਿੱਤੀ। ਮੌਕੇ 'ਤੇ ਹਾਜ਼ਰ ਬੇਏਰੀਆ ਦੀਆਂ ਉਘੀਆਂ ਹਸਤੀਆਂ- ਜਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਗੁਲਵਿੰਦਰ ਸਿੰਘ ਗਾਖਲ, ਤੀਰਥ ਗਾਖਲ, ਬਲਬੀਰ ਸਿੰਘ ਭਾਟੀਆ ਤੇ ਜਗਤਾਰ ਸਿੰਘ ਨੇ ਕਿਹਾ ਕਿ ਉਹ ਇਨ੍ਹਾਂ ਚੋਣਾਂ ਵਿਚ ਸਿੱਖ ਪੰਚਾਇਤ ਸਲੇਟ ਦੇ ਉਮੀਦਵਾਰਾਂ ਦੀ ਪੂਰਨ ਹਮਾਇਤ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਸ਼ਮੀਰ ਸਿੰਘ, ਡਾ. ਪ੍ਰਿਤਪਾਲ ਸਿੰਘ, ਗੁਰਿੰਦਰ ਸਿੰਘ, ਜਸਜੀਤ ਸਿੰਘ ਅਤੇ ਜਸਵੰਤ ਸਿੰਘ ਹੋਠੀ ਵੀ ਹਾਜ਼ਰ ਸਨ।

## ਖਹਿਰਾ ਵੱਲੋਂ ਕੈਪਟਨ ਤੇ ਬਾਦਲਾਂ ਦਰਮਿਆਨ ਗਠਜੋੜ ਦਾ ਦਾਅਵਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਪਰਿਵਾਰ ਦਰਮਿਆਨ 'ਅੰਦਰੂਨੀ ਗਠਜੋੜ' ਦੇ ਦੋਸ਼ ਲਾਏ ਹਨ। ਪਾਰਟੀ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਭਰਤਇੰਦਰ ਸਿੰਘ ਚਾਹਲ ਵਿਰੁੱਧ ਪਟਿਆਲਾ ਦੀ ਅਦਾਲਤ ਵਿਚ ਚਲਦੇ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਤਾਇਨਾਤ ਆਈ.ਏ.ਐਸ. ਅਧਿਕਾਰੀ ਅਸ਼ਵਨੀ ਕੁਮਾਰ ਦੀ ਗਵਾਹ ਮੁਕਰਾਉਣ ਵਿਚ ਭੂਮਿਕਾ ਹੈ।



'ਆਪ' ਆਗੂ ਨੇ ਕਿਹਾ ਕਿ ਸ੍ਰੀ ਚਾਹਲ ਵਿਰੁੱਧ ਅਦਾਲਤ ਵਿਚ ਚਲਦੇ ਕੇਸ ਦੌਰਾਨ ਤਫ਼ਤੀਸ਼ੀ ਅਧਿਕਾਰੀ ਪੇਸ਼ ਨਹੀਂ ਹੋਏ ਤੇ 77 ਗਵਾਹ ਮੁੱਕਰ ਗਏ। ਇਨ੍ਹਾਂ ਵਿਚ ਸਰਕਾਰੀ ਅਫ਼ਸਰ ਵੀ ਸ਼ਾਮਲ ਸਨ। ਸ੍ਰੀ ਖਹਿਰਾ ਨੇ ਕਿਹਾ ਕਿ ਸਰਕਾਰੀ ਅਫ਼ਸਰਾਂ ਵੱਲੋਂ ਗਵਾਹੀਆਂ ਤੋਂ ਮੁਕਰਨਾ ਜਾਂ ਅਦਾਲਤ ਵਿਚ ਪੇਸ਼ ਨਾ ਹੋਣਾ ਸਾਬਤ ਕਰਦਾ ਹੈ ਕਿ ਕੈਪਟਨ ਤੇ ਬਾਦਲ ਪਰਿਵਾਰ ਦਰਮਿਆਨ ਗੁਪਤ ਸਮਝੌਤਾ ਹੋਇਆ ਹੈ। ਉਧਰ, ਆਈ.ਏ.ਐਸ. ਅਧਿਕਾਰੀ ਅਸ਼ਵਨੀ ਕੁਮਾਰ ਸ਼ਰਮਾ ਦਾ ਕਹਿਣਾ ਹੈ ਕਿ ਭਰਤਇੰਦਰ ਸਿੰਘ ਚਾਹਲ ਦੇ ਕੇਸ ਨਾਲ ਸਬੰਧਤ ਸਰਕਾਰੀ ਗਵਾਹਾਂ ਨੂੰ ਮੁਕਰਾਉਣ ਦੇ ਦੋਸ਼ ਬਿਲਕੁਲ ਨਿਰਆਧਾਰ ਹਨ।

## ਕੈਪਟਨ ਅਮਰਿੰਦਰ ਸਿੰਘ ਦੀ ਆਖਰੀ ਚੋਣ?

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿਤਣ ਜਾਂ ਹਾਰਨ, ਇਹ ਉਨ੍ਹਾਂ ਦੀ ਆਖਰੀ ਚੋਣ ਹੈ।

ਉਨ੍ਹਾਂ ਕਿਹਾ ਕਿ ਇਥੇ ਹਰ ਕੋਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਰ੍ਹਾਂ ਨਹੀਂ ਹੈ ਕਿ ਰਿਟਾਈਰਮੈਂਟ ਹੀ ਨਾ ਲਵੇ। ਮੈਨੂੰ ਲੱਗਦਾ ਹੈ ਕਿ ਪੰਜਾਬ ਦੀ ਜਵਾਨੀ ਨੂੰ ਸਿਆਸਤ 'ਚ ਮੌਕਾ ਮਿਲਣਾ ਚਾਹੀਦਾ ਹੈ। ਇਸੇ ਲਈ ਮੈਂ ਅਗਲੀ ਚੋਣ ਨਹੀਂ ਲੜਾਂਗਾ।"ਕੈਪਟਨ ਨੇ ਕਿਹਾ ਕਿ ਅਕਾਲੀ ਦਲ ਪੰਜਾਬ 'ਚੋਂ ਖਤਮ ਹੈ ਤੇ ਉਨ੍ਹਾਂ ਨੂੰ ਅਗਲੀ ਵਾਰ 10 ਸੀਟਾਂ ਵੀ ਨਹੀਂ ਮਿਲਣਗੀਆਂ। ਉਹ ਆਪਣੀ ਸਰਕਾਰ ਬਣਨ 'ਤੇ ਅਕਾਲੀਆਂ ਨਾਲ ਸਾਰਾ ਹਿਸਾਬ-ਕਿਤਾਬ ਕਰਨਗੇ ਤੇ ਜਿਨ੍ਹਾਂ ਨੂੰ ਜੇਲ੍ਹ ਭੇਜਣ ਦੀ ਲੋੜ ਪਈ, ਜੇਲ੍ਹ ਵੀ ਭੇਜਣਗੇ। ਉਨ੍ਹਾਂ ਕਿਹਾ ਕਿ"ਪੰਜਾਬ ਵਿਚ ਕਾਂਗਰਸ ਦਾ ਮੁਕਾਬਲਾ ਕਿਸੇ ਨਾਲ ਨਹੀਂ ਹੈ। ਇਹ ਜ਼ਰੂਰ ਹੈ ਕਿ ਆਮ ਆਦਮੀ ਪਾਰਟੀ ਸਾਡੇ ਵੋਟ ਜ਼ਰੂਰ ਕੱਟੇਗੀ ਪਰ ਅਸੀਂ ਇਸ 'ਤੇ ਰਣਨੀਤੀ ਬਣਾ ਕੇ ਜਿੱਤ ਹਾਸਲ ਕਰਾਂਗੇ।"

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੇ ਪੱਖ 'ਚ ਹਵਾ ਹੈ ਤੇ ਲੋਕ ਅਕਾਲੀ ਨੂੰ ਵਿਦਾ ਕਹਿਣ ਲਈ ਕਾਹਲੇ ਹਨ। ਡੇਰਾ ਸੱਚਾ ਸੌਦਾ ਸਿਰਸਾ ਤੋਂ ਵੋਟ ਮੰਗਣ ਦੇ ਮਸਲੇ 'ਤੇ ਕੈਪਟਨ ਨੇ ਕੋਈ ਸਿੱਧਾ ਜਵਾਬ ਨਹੀਂ। ਉਨ੍ਹਾਂ ਕਿਹਾ ਕਿ ਇਸ ਬਾਰੇ ਅਜੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਕੈਪਟਨ ਨੇ ਕਿਹਾ ਕਿ ਵੈਸੇ ਵੀ ਇਸ ਮਾਮਲੇ 'ਤੇ ਕਦੇ ਸਿੱਧਾ ਡੇਰੇ ਵਾਲੇ ਤੋਂ ਵੋਟ ਨਹੀਂ ਮੰਗੀ ਜਾਂਦੀ।

# ਇਰਾਕ ਬੰਧਕਾਂ ਦੇ ਪਰਿਵਾਰਾਂ ਪੱਲੇ ਮੁੜ ਭਰੋਸਿਆਂ ਦੀ ਪੰਡ

**ਨਵੀਂ ਦਿੱਲੀ:** ਇਰਾਕ ਦੇ ਮੌਸੂਲ ਸ਼ਹਿਰ ਵਿਚੋਂ ਤਕਰੀਬਨ ਡੇਢ ਸਾਲ ਪਹਿਲਾਂ ਅਤਿਵਾਦੀ ਸੰਗਠਨ ਆਈ.ਐਸ. ਵੱਲੋਂ ਬੰਧਕ ਬਣਾਏ 39 ਪੰਜਾਬੀਆਂ ਦੇ ਪਰਿਵਾਰ ਇਕ ਵਾਰ ਫਿਰ ਭਰੋਸਿਆਂ ਦੀ ਪੰਡ ਲੈ ਕੇ ਦਿੱਲੀਓਂ ਪਰਤੇ ਹਨ। ਇਹ ਪਰਿਵਾਰ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲਣ ਦਿੱਲੀ ਪੁੱਜੇ ਸਨ। ਵਿਦੇਸ਼ ਮੰਤਰੀ ਨੇ ਪਰਿਵਾਰਕ ਮੈਂਬਰਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਹਾਲ ਹੀ ਵਿਚ ਅਰਬ ਤੇ ਫ਼ਲਸਤੀਨੀ ਨੇਤਾਵਾਂ ਨਾਲ ਮੀਟਿੰਗਾਂ ਵਿਚ ਇਸ ਬਾਰੇ ਜਾਣਕਾਰੀ ਮਿਲੀ ਹੈ ਕਿ ਸਾਰੇ ਨੌਜਵਾਨ ਜਿਉਂਦੇ ਹਨ।

ਦੱਸਣਯੋਗ ਹੈ ਕਿ ਇਹ ਪਰਿਵਾਰ ਇਸ ਤੋਂ ਪਹਿਲਾਂ ਵੀ ਕਈ ਵਾਰ ਸੁਸ਼ਮਾ ਸਵਰਾਜ ਨੂੰ ਮਿਲ ਚੁਕੇ ਹਨ ਤੇ ਹਰ ਵਾਰ ਉਨ੍ਹਾਂ ਨੂੰ ਇਹੀ ਭਰੋਸਾ ਮਿਲਦਾ ਹੈ, ਪਰ ਡੇਢ ਸਾਲ ਬੀਤਣ ਦੇ ਬਾਵਜੂਦ ਇਨ੍ਹਾਂ ਨੌਜਵਾਨਾਂ ਦੀ ਕੋਈ ਉਘ ਸੁਘ ਨਹੀਂ। ਜੂਨ 2014 ਵਿਚ ਅਗਵਾ ਹੋਏ ਪੰਜਾਬੀਆਂ ਦੇ ਪਰਿਵਾਰਕ ਮੈਂਬਰਾਂ ਨੇ ਨੌਵੀਂ ਵਾਰ ਵਿਦੇਸ਼ ਮੰਤਰੀ



ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਪੂਰੀ ਤਰ੍ਹਾਂ ਤੇ ਲਗਾਤਾਰ ਉਨ੍ਹਾਂ ਦੀ ਸੁਰੱਖਿਅਤ ਰਿਹਾਈ ਨੂੰ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ 'ਚ ਲੱਗੀ ਹੋਈ ਹੈ। ਅਧਿਕਾਰਕ ਸੂਤਰਾਂ ਅਨੁਸਾਰ ਸੁਸ਼ਮਾ ਸਵਰਾਜ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਫ਼ਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨਾਲ ਮੁਲਾਕਾਤ ਹੋਈ ਸੀ ਤਾਂ ਉਨ੍ਹਾਂ ਦੱਸਿਆ ਸੀ ਕਿ ਸਾਡੀ ਸਰਕਾਰ ਦੀ ਖੁਫੀਆ ਜਾਣਕਾਰੀ ਅਨੁਸਾਰ ਇਰਾਕ 'ਚ ਅਗਵਾ ਕੀਤੇ ਭਾਰਤੀ ਜਿਊਂਦੇ ਹਨ ਤੇ ਉਨ੍ਹਾਂ ਤੋਂ ਕੰਮ ਕਰਵਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਸੁਸ਼ਮਾ ਸਵਰਾਜ ਨੇ ਬੀਤੀ 17 ਤੇ 18 ਜਨਵਰੀ ਨੂੰ ਫ਼ਲਸਤੀਨ ਦਾ ਦੌਰਾ ਕੀਤਾ ਸੀ। ਸੁਸ਼ਮਾ ਨੇ ਦੱਸਿਆ ਕਿ ਉਹ 23 ਜਨਵਰੀ ਨੂੰ ਬਹਿਰੀਨ ਦੇ ਦੌਰੇ ਉਤੇ ਵੀ ਗਈ ਸੀ, ਜਿਥੇ ਉਨ੍ਹਾਂ ਪਹਿਲੀ ਭਾਰਤ-ਅਰਬ ਲੀਗ ਆਪਸੀ ਸਹਿਯੋਗ ਫੋਰਮ ਵਿਚ ਹਿੱਸਾ ਲਿਆ ਸੀ, ਅਤੇ ਇਸ ਮੀਟਿੰਗ ਦੌਰਾਨ ਇਕ ਐਲਾਨਨਾਮਾ ਅਪਨਾਇਆ ਗਿਆ ਸੀ, ਜਿਸ ਵਿਚ ਦੋਵਾਂ ਦੇਸ਼ਾਂ ਨੇ ਇਰਾਕ ਦੇ ਮੌਸੂਲ 'ਚੋਂ ਅਗਵਾ ਕੀਤੇ 39 ਭਾਰਤੀ ਕਾਮਿਆਂ ਅਤੇ ਲਿਬੀਆ ਵਿਚ ਜੂਨ 2015 ਵਿਚ ਅਗਵਾ ਕੀਤੇ ਤਿੰਨ ਭਾਰਤੀ ਕਾਮਿਆਂ ਦੇ ਮਾਮਲੇ 'ਤੇ ਚਿੰਤਾ ਜਤਾਈ ਸੀ। ਅਰਬ ਦੇਸ਼ਾਂ ਨੇ ਭਾਰਤੀਆਂ ਨੂੰ ਜਲਦ ਉਨ੍ਹਾਂ ਦੇ ਚੁੰਗਲ ਵਿਚੋਂ ਆਜ਼ਾਦ ਕਰਵਾਉਣ ਲਈ ਭਾਰਤ ਨਾਲ ਪੂਰੀ ਇਕਜੁਟਤਾ ਵਿਖਾਈ ਸੀ। ਦੱਸਣਯੋਗ ਹੈ ਕਿ ਅਤਿਵਾਦੀ ਸੰਗਠਨ ਆਈ.ਐਸ. ਨੇ ਇਰਾਕ ਦੇ ਮੌਸੂਲ ਵਿਚੋਂ ਇਕ ਨਿਰਮਾਣ ਅਧੀਨ ਸਥਾਨ ਤੋਂ ਭਾਰਤੀਆਂ ਨੂੰ ਅਗਵਾ ਕਰ ਲਿਆ ਸੀ।

# ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਬਣੇ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ

**ਯੂਨੀਅਨ ਸਿਟੀ (ਐਸ ਅਸ਼ੋਕ ਭੌਰਾ):** ਚੰਗੇ ਕਾਰੋਬਾਰੀ ਅਤੇ ਅਮਰੀਕਾ ਦੇ ਪੰਜਾਬੀ ਭਾਈਚਾਰੇ ਵਿਚ ਸਤਿਕਾਰੇ ਜਾਂਦੇ ਰਾਜਾ ਸਵੀਟਸ ਦੇ ਮਾਲਕ ਮੱਖਣ ਸਿੰਘ ਬੈਂਸ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸਰਬ ਸੰਮਤੀ ਨਾਲ ਚੇਅਰਮੈਨ ਚੁਣੇ ਗਏ ਹਨ। ਇਸ ਸਬੰਧੀ ਫੈਸਲਾ ਕਲੱਬ ਦੀ ਇਥੇ ਹੋਈ ਇਕ ਅਹਿਮ ਮੀਟਿੰਗ ਵਿਚ ਲਿਆ ਗਿਆ।



*ਮੱਖਣ ਸਿੰਘ ਬੈਂਸ*

ਕਰੀਬ 13 ਸਾਲ ਇਸ ਕਲੱਬ ਦੇ ਚੇਅਰਮੈਨ ਰਹੇ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਮਰੀਕਾ ਵਿਚ ਮਾਂ ਖੇਡ ਕਬੱਡੀ ਨੂੰ ਪ੍ਰਮੋਟ ਕਰਨ ਵਾਲਾ ਇਹ ਕਲੱਬ ਅੱਧੀ ਦਰਜਨ ਤੋਂ ਵੱਧ ਵਿਸ਼ਵ ਕਬੱਡੀ ਕੱਪ ਕਰਵਾਉਣ ਕਰ ਕੇ ਅਮਰੀਕਾ ਦੇ ਖੇਡ ਪ੍ਰੇਮੀਆਂ ਵਿਚ ਇਸ ਦੀ ਖਾਸ ਥਾਂ ਹੈ। ਉਨ੍ਹਾਂ ਭਰੋਸਾ ਜਾਹਰ ਕੀਤਾ ਕਿ ਨਿੱਘਾ, ਸੁਹਿਰਦ ਅਤੇ ਸਿਆਣਾ ਇਨਸਾਨ ਮੱਖਣ ਸਿੰਘ ਬੈਂਸ ਇਸ ਕਲੱਬ ਦੀ ਕਾਰਜਸ਼ੈਲੀ ਨੂੰ ਹੋਰ ਵੀ ਵਧੇਰੇ ਸਾਰਥਕ ਅਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਕਾਮਯਾਬ ਹੋਵੇਗਾ। ਸ. ਗਾਖਲ ਨੇ ਸਪੱਸ਼ਟ ਕੀਤਾ ਕਿ ਉਹ ਆਪਣੇ ਫਿਲਮ ਨਿਰਮਾਣ ਅਤੇ ਏ ਐਂਡ ਆਈ ਟਰੱਕਿੰਗ ਦੇ ਨਾਲ ਨਾਲ ਹੋਰ ਕੁਝ ਕਾਰੋਬਾਰੀ ਰੁਝੇਵਿਆਂ ਕਾਰਨ ਇਸ ਅਹੁਦੇ ਤੋਂ ਰੁਖਸਤ ਹੋ ਰਹੇ ਹਨ ਪਰ ਉਹ ਇਸ ਕਲੱਬ ਲਈ ਹੋਰ ਵੀ ਤਨਦੇਹੀ ਨਾਲ ਕੰਮ ਕਰਦੇ ਰਹਿਣਗੇ।

ਮੀਟਿੰਗ ਵਿਚ ਇਕਬਾਲ ਸਿੰਘ ਗਾਖਲ ਨੂੰ ਕਲੱਬ ਦਾ ਡਾਇਰੈਕਟਰ, ਬਲਵੀਰ ਸਿੰਘ ਭਾਟੀਆ ਨੂੰ ਪ੍ਰਧਾਨ, ਗੁਰਦਾਵਰ ਸਿੰਘ ਮਹੇੜੂ ਨੂੰ ਜਨਰਲ ਸਕੱਤਰ ਅਤੇ ਜਗਰਾਜ ਸਿੰਘ ਸਹੋਤਾ ਨੂੰ ਖਜਾਨਚੀ ਚੁਣਿਆ ਗਿਆ। ਜਦੋਂ ਕਿ ਨਰਿੰਦਰ ਸਿੰਘ ਸਹੋਤਾ, ਦਲਵਿੰਦਰ ਪੱਡਾ, ਕੁਲਦੀਪ ਸਿੰਘ ਮਾਨ, ਬਖਤਾਵਰ ਸਿੰਘ ਗਾਖਲ, ਗੁਰਪ੍ਰੀਤ ਸਿੰਘ ਗਾਖਲ, ਜਸਵੀਰ ਸਿੰਘ ਸ਼ੀਰਾ, ਸਾਧੂ ਸਿੰਘ ਖਲੌਰ ਅਤੇ ਕਬੱਡੀ ਕੋਚ ਪਰਮਜੀਤ ਸਿੰਘ ਕਲੱਬ ਲਈ ਪਹਿਲਾਂ ਵਾਲੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹਿਣਗੇ। ਸ. ਮੱਖਣ ਸਿੰਘ ਬੈਂਸ ਨੇ ਇਸ ਜ਼ਿੰਮੇਵਾਰੀ ਨੂੰ ਖੁਸ਼ੀ ਨਾਲ ਪ੍ਰਵਾਨ ਕਰਦਿਆਂ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਸੁਹਿਰਦਤਾ ਨਾਲ ਨਿਭਾਉਣਗੇ।



*ਯੂਨਾਈਟਿਡ ਸਪੋਰਟਸ ਕਲੱਬ ਦੇ ਅਹੁਦੇਦਾਰ ਮੀਟਿੰਗ ਉਪਰੰਤ*






# ਲੁਧਿਆਣੇ ਵਾਲੇ ਦੀ 'ਦੁਪਹਿਰੀ'

## ਪੰਕਜ ਕਪੂਰ ਦੀ ਥਿਏਟਰ ਵੱਲ ਵਾਪਸੀ





ਪੰਜਾਬ ਦੇ ਲੁਧਿਆਣੇ ਸ਼ਹਿਰ ਤੋਂ ਉਠਿਆ ਅਦਾਕਾਰ ਪੰਕਜ ਕਪੂਰ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਸ ਨੇ ਟੈਲੀਵਿਜ਼ਨ ਅਤੇ ਫਿਲਮੀ ਦੁਨੀਆਂ ਦੇ ਖੇਤਰ ਵਿਚ ਇੰਨੀਆਂ ਮੱਲਾਂ ਮਾਰੀਆਂ ਹਨ ਕਿ ਉਸ ਦਾ ਨਾਂ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਰੂਪ ਵਿਚ ਆਉਂਦਾ ਹੀ ਰਹਿੰਦਾ ਹੈ। ਅੱਜ ਕੱਲ੍ਹ ਉਹ ਆਪਣੇ ਨਿਰਾਲੇ ਅਤੇ ਨਿਆਰੇ ਫੈਸਲੇ ਕਰ ਕੇ ਚਰਚਾ ਵਿਚ ਆਇਆ ਹੋਇਆ ਹੈ। ਟੈਲੀਵਿਜ਼ਨ ਅਤੇ ਫਿਲਮਾਂ ਵਿਚ ਸਫਲਤਾ ਦੇ ਬਾਵਜੂਦ ਉਹ ਇਕ ਵਾਰ ਫਿਰ ਆਪਣੇ ਅਸਲ ਇਸ਼ਕ ਥਿਏਟਰ ਵੱਲ ਮੁੜਿਆ ਹੈ। ਹਾਲ ਹੀ ਵਿਚ ਉਸ ਨੇ ਵੱਖਰਾ ਥਿਏਟਰ ਗਰੁਪ 'ਥਿਏਟਰੌਨ' ਬਣਾ ਕੇ ਪਲੇਠਾ ਨਾਟਕ ਤਿਆਰ ਕੀਤਾ ਹੈ। ਇਸ ਨਾਟਕ ਦਾ ਨਾਂ ਹੈ 'ਦੋਪਹਿਰੀ'। ਇਹ ਨਾਟਕ ਉਹ ਹੁਣ ਤੱਕ ਕਈ ਥਾਂਈਂ ਪੇਸ਼ ਕਰ ਚੁਕਾ ਹੈ ਅਤੇ ਇਸ ਨਾਟਕ ਲਈ ਉਸ ਨੂੰ ਖੂਬ ਸ਼ਾਬਾਸ਼ ਵੀ ਮਿਲੀ।

**ਸਿਮਰਨ ਕੌਰ**

ਹੁਣ ਜਦੋਂ ਇਹ ਨਾਟਕ 18ਵੇਂ ਭਾਰਤ ਰੰਗ ਮਹਾਉਤਸਵ ਵਿਚ ਪੇਸ਼ ਕੀਤਾ ਗਿਆ, ਤਾਂ ਪੰਕਜ ਕਪੂਰ ਦੀ ਕਲਾ ਸਾਧਨਾ ਦੇ ਕੀਲੇ ਦਰਸ਼ਕ ਬਹੁਤ ਦੇਰ ਤੱਕ ਤਾੜੀਆਂ ਮਾਰਦੇ ਰਹੇ ਅਤੇ ਉਸ ਦੀ ਹੌਸਲਾ-ਅਫਜ਼ਾਈ ਕਰਦੇ ਰਹੇ। ਪੰਕਜ ਕਪੂਰ ਦਾ ਇਹ ਨਾਟਕ 'ਦੋਪਹਿਰੀ' ਉਸ ਦੇ ਆਪਣੇ ਲਿਖੇ ਨਾਵਲ ਉਤੇ ਆਧਾਰਤ ਹੈ ਜੋ ਉਸ ਨੇ ਕਰੀਬ 20 ਸਾਲ ਪਹਿਲਾਂ ਲਿਖਿਆ ਸੀ। ਇਹ ਰਚਨਾ ਲਖਨਊ ਦੀਆਂ ਗਲੀਆਂ ਬਾਰੇ ਹੈ ਜਿਨ੍ਹਾਂ ਵਿਚੋਂ ਇਕ ਗਲੀ ਵਿਚ ਇਕ ਔਰਤ ਅੰਮਾ ਬੀ ਰਹਿੰਦੀ ਹੈ। ਅੰਮਾ ਦੇ ਖਾਵੰਦ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਪੁੱਤਰ ਆਪਣੇ ਪਰਿਵਾਰ ਸਮੇਤ ਅਮਰੀਕਾ ਜਾ ਚੁੱਕਾ ਹੈ। ਸਟੇਜ ਉਤੇ ਲਾਇਆ ਸੁੱਕਾ ਦਰੱਖਤ ਅੰਮਾ ਦੀ ਜ਼ਿੰਦਗੀ ਵਿਚ ਆਈ ਇਸੇ ਪੱਤਝੜ ਦੀ ਕਹਾਣੀ ਬਿਆਨ ਕਰਦਾ ਪ੍ਰਤੀਤ ਹੁੰਦਾ ਹੈ। ਸਟੇਜ ਦੇ ਦੂਜੇ ਸਿਰੇ ਉਤੇ ਬਲਦਾ ਚਿਰਾਗ ਧੜਕਦੀ ਜ਼ਿੰਦਗੀ ਦੀ ਖਬਰਸਾਰ ਦਿੰਦਾ ਹੈ।

ਇਹ ਨਾਟਕ ਅਸਲ ਵਿਚ ਇਕੱਲਤਾ ਤੋਂ ਸਵੈ-ਪਛਾਣ ਵੱਲ ਖੁੱਲ੍ਹਦੀ ਕੋਈ ਖਿੜਕੀ ਹੈ ਜਿਸ ਥਾਣੀਂ ਤਾਜ਼ੀ ਹਵਾ ਦੇ ਬੁੱਲੇ ਪਹਿਲਾਂ ਹੌਲੀ-ਹੌਲੀ ਤੇ ਟੁੱਟਵੇਂ ਅਤੇ ਫਿਰ ਲਗਾਤਾਰ ਤੇ ਤੇਜ਼ ਆਉਣੇ ਅਰੰਭ ਹੋ ਜਾਂਦੇ ਹਨ। ਸਟੇਜ ਦੇ ਐਨ ਵਿਚਕਾਰ ਖਾਲੀ ਪਈ ਝੂਲਦੀ ਕੁਰਸੀ ਦੇ ਆਲੇ-ਦੁਆਲੇ ਘੁੰਮਦਾ ਪੰਕਜ ਕਪੂਰ ਕਹਾਣੀ ਬਿਆਨ ਕਰੀ ਜਾਂਦਾ ਹੈ। ਸੰਵਾਦ ਬੋਲਣ ਦੇ ਉਤਰਾਅ-ਚੜ੍ਹਾਅ ਦਰਸ਼ਕਾਂ ਨੂੰ ਅੱਖਾਂ ਝਪਕਣ ਦਾ ਮੌਕਾ ਨਹੀਂ ਦੇ ਰਹੇ। ਪੰਕਜ ਕਪੂਰ ਦਾ ਅੰਦਾਜ਼-ਏ-ਬਿਆਨ ਵਿਲੱਖਣ ਹੋ ਨਿਬੜਦਾ ਹੈ ਅਤੇ ਜਦੋਂ ਨਾਟਕ ਦੇ ਆਖਰੀ ਸੀਨ ਉਤੇ ਪਰਦਾ ਡਿੱਗਦਾ ਹੈ ਤਾਂ ਦਰਸ਼ਕ ਆਪ-ਮੁਹਾਰੇ ਉਠ ਖੜ੍ਹੇ ਹੋ ਜਾਂਦੇ ਹਨ ਅਤੇ ਜ਼ੋਰਦਾਰ ਤਾੜੀਆਂ ਤੇ ਹਲਕੀਆਂ ਕੂਕਾਂ ਮਾਰਦੇ ਹਨ। ਇਹ ਉਨ੍ਹਾਂ ਦੀ ਪੰਕਜ ਕਪੂਰ ਦੀ ਅਦਾਕਾਰੀ ਨੂੰ ਸੁੱਚੀ ਸਲਾਮੀ ਹੈ।






*ਨਾਟਕ 'ਦੋਪਹਿਰੀ' ਵਿਚ ਪੰਕਜ ਕਪੂਰ: ਦੋ ਅੰਦਾਜ਼*

***ਅੰਮਾ ਦੇ ਖਾਵੰਦ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਪੁੱਤਰ ਆਪਣੇ ਪਰਿਵਾਰ ਸਮੇਤ ਅਮਰੀਕਾ ਜਾ ਚੁੱਕਾ ਹੈ। ਸਟੇਜ ਉਤੇ ਸੁੱਕਾ ਦਰੱਖਤ ਅੰਮਾ ਦੀ ਜ਼ਿੰਦਗੀ ਵਿਚ ਆਈ ਪੱਤਝੜ ਦੀ ਕਹਾਣੀ ਬਿਆਨ ਕਰਦਾ ਹੈ। ਸਟੇਜ ਦੇ ਦੂਜੇ ਸਿਰੇ ਉਤੇ ਬਲਦਾ ਚਿਰਾਗ ਧੜਕਦੀ ਜ਼ਿੰਦਗੀ ਦੀ ਖਬਰਸਾਰ ਦਿੰਦਾ ਹੈ। ਇਹ ਨਾਟਕ ਅਸਲ ਵਿਚ ਇਕੱਲਤਾ ਤੋਂ ਸਵੈ-ਪਛਾਣ ਵੱਲ ਖੁੱਲ੍ਹਦੀ ਕੋਈ ਖਿੜਕੀ ਹੈ।***

**ਕਲਾ ਪਰਿਕਰਮਾ**

ਪੰਕਜ ਕਪੂਰ ਨੈਸ਼ਨਲ ਸਕੂਲ ਆਫ ਡਰਾਮਾ ਦਾ ਗਰੈਜੂਏਟ ਹੈ ਅਤੇ ਉਸ ਦਾ ਨਾਤਾ ਅੱਜ ਤੱਕ ਇਸੇ ਨਾਲ ਜੁੜਿਆ ਹੋਇਆ ਹੈ। ਥਿਏਟਰ ਰਾਹੀਂ ਹੀ ਉਸ ਦੇ ਕਦਮ ਪਹਿਲਾਂ ਟੈਲੀਵਿਜ਼ਨ ਅਤੇ ਫਿਰ ਫਿਲਮਾਂ ਵੱਲ ਵਧੇ ਸਨ। ਉਦੋਂ ਥਿਏਟਰ ਵਿਚ ਫਾਕਾਕਸ਼ੀ ਦੇ ਦਿਨ ਉਸ ਨੂੰ ਕਦੀ ਨਹੀਂ ਭੁੱਲਦੇ। ਇਸ ਲਈ ਹੁਣ ਜਦੋਂ ਉਹ ਰਤਾ ਸੌਖਾ ਹੋਇਆ ਹੈ ਤਾਂ ਇਕ ਵਾਰ ਫਿਰ ਆਪਣੇ ਪਹਿਲੇ ਇਸ਼ਕ ਦੀ ਗਲੀ ਵਿਚ ਗੇੜਾ ਮਾਰਨ ਚਲਾ ਆਇਆ ਹੈ। ਉਸ ਦੀ ਪਤਨੀ ਸੁਪ੍ਰਿਯਾ ਪਾਠਕ ਵੀ ਇਸ ਗੇੜੇ ਵਿਚ ਉਸ ਦੇ ਨਾਲ ਹੈ। ਦੋਹਾਂ ਨੇ ਰਲ ਕੇ ਹੀ 'ਥਿਏਟਰੌਨ' ਦੀ ਸਥਾਪਨਾ ਕੀਤੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀ ਯੋਜਨਾ ਹੈ ਕਿ ਵਿਤ ਮੁਤਾਬਕ 'ਥਿਏਟਰੌਨ' ਨੂੰ ਬਾਕਾਇਦਾ ਵਿਸਥਾਰ ਦਿੱਤਾ ਜਾਵੇ। ਉਨ੍ਹਾਂ ਦਾ ਆਖਣਾ ਹੈ ਕਿ ਇਸ ਮੁਕਾਮ ਉਤੇ ਪਹੁੰਚ ਕੇ ਹੁਣ ਸਪਾਂਸਰਸ਼ਿਪ ਉਨ੍ਹਾਂ ਲਈ ਕੋਈ ਸਮੱਸਿਆ ਨਹੀਂ ਹੈ ਜੋ ਅਕਸਰ ਕਲਾਕਾਰਾਂ ਦਾ ਰਾਹ ਰੋਕੀ ਖੜ੍ਹੀ ਰਹਿੰਦੀ ਹੈ। 'ਦੋਪਹਿਰੀ' ਨੂੰ ਮਿਲੇ ਹੁੰਗਾਰੇ ਤੋਂ ਮੀਆਂ-ਬੀਵੀ ਬਾਗੋ-ਬਾਗ ਹਨ ਅਤੇ ਹੁਣ ਆਪਣੀ ਅਗਲੀ ਰਚਨਾ ਬਾਰੇ ਸਕੀਮਾਂ ਲੜਾ ਰਹੇ ਹਨ। ਉਹ ਚਾਹੁੰਦੇ ਹਨ ਕਿ 'ਥਿਏਟਰੌਨ' ਸਟੇਜ ਦੀ ਦੁਨੀਆਂ ਦਾ ਰਾਹ-ਦਸੇਰਾ ਹੋ ਨਿਬੜੇ।

## ਪੰਕਜ ਕਪੂਰ: ਕਲਾ ਦਾ ਕੁਰਸੀਨਾਮਾ



*ਪੰਕਜ ਕਪੂਰ ਦਾ ਜਨਮ ਲੁਧਿਆਣਾ ਵਿਚ 29 ਮਈ 1954 ਨੂੰ ਹੋਇਆ। ਨੈਸ਼ਨਲ ਸਕੂਲ ਆਫ ਡਰਾਮਾ ਤੋਂ ਗਰੈਜੂਏਸ਼ਨ ਕਰਨ ਤੋਂ ਬਾਅਦ ਉਸ ਨੇ ਚਾਰ ਸਾਲ ਥਿਏਟਰ ਕੀਤਾ। ਫਿਰ ਉਸ ਨੂੰ ਰਿਚਰਡ ਐਟਨਬਰੋਅ ਨੇ ਆਪਣੀ ਚਰਚਿਤ ਫਿਲਮ 'ਗਾਂਧੀ' ਵਿਚ ਗਾਂਧੀ ਦੇ ਸੈਕਟਰੀ ਵਾਲੇ ਰੋਲ ਦੀ ਪੇਸ਼ਕਸ਼ ਕੀਤੀ। ਇਹ 1982 ਦੀਆਂ ਗੱਲਾਂ ਹਨ। ਇਸ ਤੋਂ ਬਾਅਦ ਫਿਰ ਚੱਲ ਸੋ ਚੱਲ! ਹੁਣ ਤੱਕ ਉਹ 74 ਨਾਟਕਾਂ ਅਤੇ ਟੈਲੀਵਿਜ਼ਨ ਲੜੀਵਾਰਾਂ ਵਿਚ ਕੰਮ ਕਰ ਚੁੱਕਾ ਹੈ। ਇਨ੍ਹਾਂ ਵਿਚੋਂ ਬਹੁਤੇ ਉਸ ਨੇ ਖੁਦ ਡਾਇਰੈਕਟ ਕੀਤੇ ਹਨ। ਪਹਿਲੀ ਵਾਰ ਉਹ 1982 ਵਿਚ ਆਈ ਫਿਲਮ 'ਅਰੋਹਨ' ਵਿਚ ਦਿਸਿਆ। ਇਸ ਫਿਲਮ ਦੇ ਡਾਇਰੈਕਟਰ ਸਨ ਫਿਲਮਸਾਜ਼ ਸ਼ਿਆਮ ਬੈਨੇਗਲ। ਬੱਸ! ਪੰਕਜ ਕਪੂਰ ਧੰਨ ਹੋ ਗਿਆ। ਫਿਲਮਸਾਜ਼ ਤਪਨ ਸਿਨਹਾ ਦੀ ਫਿਲਮ 'ਏਕ ਡਾਕਟਰ ਕੀ ਮੌਤ' ਵਿਚ ਉਸ ਨੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਅੱਜ ਉਸ ਦੀ ਵੱਖਰੀ ਪਛਾਣ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਫਰਵਰੀ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-208



*ਕਰ ਗਈ ਬੇਬੇ ਖੁੱਡੇ ਵਿਚੋਂ ਸੱਭੇ ਆਜ਼ਾਦ ਪਰਿੰਦੇ।*
*ਆ ਜਾ ਕੋਈ ਫੜੀਏ ਮੁਰਗਾ, ਰਲ ਕੇ ਆਪਾਂ ਛਿੰਦੇ।*
*ਚਾਰ ਮੁਰਗੀਆਂ ਰਹਿ ਗਏ ਪੰਜ, ਇਕ ਭੁੰਨ ਕੇ ਖਾ ਗਿਆ ਟੱਬਰ।*
*ਆਹ ਦੀਨੇ ਦੀ ਵਾਰੀ ਆ ਹੁਣ, ਬਣਿਆ ਜਿਹੜਾ ਗੱਬਰ।*

## ਕੈਪਸ਼ਨ ਮੁਕਾਬਲਾ-206



ਪਾ ਕੇ ਨਿਆਣਾ ਕਰ ਲਈ ਕਾਬੂ
ਛੜਾਂ ਜਿਹੀਆਂ ਜੋ ਮਾਰਦੀ ਸੀ।
ਸਿਰ 'ਤੇ ਮੂਧੀ ਮਾਰ ਲਈ ਟੋਕਰੀ
ਜੋ ਕੰਮ ਛਤਰੀ ਦਾ ਸਾਰਦੀ ਸੀ।
***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਅਸੀਂ ਨਹੀਂ ਕਿਸੇ ਤੋਂ ਫਾਡੀ
ਅਸੀਂ ਹਾਂ ਨਿੱਤ ਨਵੇਂ ਕਾਢੀ।
ਚਾਹੇ ਡਾਕਟਰ, ਚਾਹੇ ਹਕੀਮ
ਨਿੱਤ ਬਣਾਈਏ ਨਵੀਂ ਸਕੀਮ।
ਨੂੰਹ ਰਾਣੀ ਗਈ ਪੇਕਿਆਂ ਨੂੰ
ਹਾਲੇ ਨਾ ਵਾਪਸ ਆਈ।
ਪਰ ਇਸ ਬੀਬੀ ਨੇ ਲੱਗਦਾ
ਗਾਂ ਚੋਣ ਦੀ ਜੁਗਤ ਬਣਾਈ।
ਸਿਰ 'ਤੇ ਲੈ ਕੇ ਟੋਕਰਾ
ਬੀਬੀ ਦੁੱਧ ਚੋਣ ਹੈ ਆਈ।
ਖਾ ਗਈ ਭੁਲੇਖਾ ਲੱਗਦਾ ਗਾਂ
ਸਮਝ ਉਸ ਨੂੰ ਨਾ ਆਈ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਕੰਧਾਂ ਨੂੰ ਵੀ ਕੰਨ ਹੁੰਦੇ ਨੇ
ਸੱਚ ਸਿਆਣੇ ਕਹਿੰਦੇ ਆ।
ਹੁਸ਼ਿਆਰੀ ਅਤੇ ਚਾਲਾਕੀ ਨਾਲ
ਸਦਾ ਨਹੀਂ ਕੰਮ ਚਲਦੇ ਆ।
ਪਰ ਬੁਝਣ ਵਾਲੇ ਨੂਰਪੁਰੀ
ਹਰ ਗੱਲ ਬੁਝ ਹੀ ਲੈਂਦੇ ਆ।
***-ਗੁਰਦਿਆਲ ਸਿੰਘ ਨੂਰਪੁਰੀ***
***ਫੋਨ: 408-204-7985***

---


ਇਨਸਾਨਾਂ ਵਾਂਗ ਪਸ਼ੂਆਂ ਵਿਚ ਵੀ
ਹੈ ਜਜ਼ਬਾ ਪਿਆਰ ਦਾ।
ਨਹੀਂ ਚੋਣ ਦਿੰਦੀ ਕਿਸੇ ਹੋਰ ਨੂੰ
ਹੱਥ ਪਛਾਣਦੀ ਹੈ।
ਪਰ ਨਹੀਂ ਕਹਿ ਸਕਦੀ
ਉਹ ਆਪਣੇ ਅਰਮਾਨ।
ਲੇਵਾ ਗਾਂ ਦਾ
ਨਹੀਂ ਛੋਹ ਸਕਦਾ ਹਰੇਕ।
ਪਾ ਕੇ ਨਿਆਣਾ ਧਿੰਗੋ-ਜੋਰੀ
ਸਿਰ 'ਤੇ ਲੈ ਝੁੱਗਾ
ਪਾਣੀ ਦੇ ਛਿੱਟੇ ਮਾਰ ਮਾਰ
ਨਰਮ ਨਰਮ ਹੱਥ ਫੇਰ
ਪਸਮਾ ਲਓ ਭਾਵੇਂ ਲੱਖ ਵਾਰ।
ਭਰ ਜਾਊ ਬਾਲਟੀ ਦੁੱਧ ਦੀ
ਕਿਉਂ ਫਸ ਗਈ ਧੋਖੇ ਵਿਚ,
ਨਹੀਂ ਸਮਝੀ ਕਿ ਕੌਣ ਲੈ ਗਿਆ
ਕੱਢ ਕੇ ਧਾਰਾਂ ਉਸ ਦੀਆਂ।
***-ਦਰਸ਼ਨਪਾਲ ਦੋਸਾਂਝ***

## ਰੁਬਾਈ

ਨਹੀਂ ਖਤਮ ਹੁੰਦੀ ਜ਼ਿੰਦਗੀ
ਐਪਰ ਛੱਲਾਂ ਨਾਲ ਟਕਰਾ ਕੇ।
ਲੰਘ ਜਾਂਦੇ ਹਨ ਜਵਾਰਭਾਟੇ
ਕੰਢਿਆਂ ਨਾਲ ਟਕਰਾ ਕੇ
ਸਾਥੀ ਨਹੀਂ ਹੌਸਲਾ ਛੱਡਦੇ
ਵੇਖ ਮੁਸੀਬਤ ਸਾਹਵੇਂ।
**-ਦਰਸ਼ਨਪਾਲ ਦੋਸਾਂਝ**

# ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਇਨਸਾਫ ਮਿਲਣ ਦੀ ਆਸ ਬੱਝੀ

**ਇਸਲਾਮਾਬਾਦ:** ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਇਕ ਬ੍ਰਿਟਿਸ਼ ਪੁਲਿਸ ਅਫਸਰ ਦੀ ਹੱਤਿਆ ਦੇ ਮਾਮਲੇ ਵਿਚ ਬੇਕਸੂਰ ਸਾਬਤ ਕਰਨ ਲਈ ਦਾਇਰ ਪਟੀਸ਼ਨ 'ਤੇ ਪਾਕਿਸਤਾਨ ਦੀ ਲਾਹੌਰ ਹਾਈਕੋਰਟ ਦੇ ਚੀਫ ਜਸਟਿਸ ਸੁਣਵਾਈ ਕਰਨਗੇ। ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਤੋਂ 85 ਸਾਲ ਬਾਅਦ ਦਾਇਰ ਇਸ ਪਟੀਸ਼ਨ 'ਤੇ ਕੋਰਟ ਸੁਣਵਾਈ ਲਈ ਰਾਜ਼ੀ ਹੋ ਗਈ। ਪਹਿਲਾਂ ਇਸ ਮਾਮਲੇ ਦੀ ਸੁਣਵਾਈ ਤਿੰਨ ਮੈਂਬਰੀ ਬੈਂਚ ਨੇ ਕਰਨੀ ਸੀ, ਪਰ ਦੋ ਮੈਂਬਰੀ ਬੈਂਚ ਇਸ ਉਤੇ ਸੁਣਵਾਈ ਕਰ ਰਹੀ ਸੀ।



ਹੁਣ ਇਸ ਕੇਸ ਨੂੰ ਲਾਹੌਰ ਹਾਈਕੋਰਟ ਦੇ ਚੀਫ ਜਸਟਿਸ ਨੂੰ ਰੈਫਰ ਕਰ ਦਿੱਤਾ ਗਿਆ ਹੈ। ਲਾਹੌਰ ਹਾਈਕੋਰਟ ਦੇ ਚੀਫ ਜਸਟਿਸ ਇਜਾਜੁਲ ਅਹਿਸਾਨ ਨੇ ਜਸਟਿਸ ਖਾਲਿਦ ਮਹਿਮੂਦ ਖਾਨ ਦੀ ਪ੍ਰਧਾਨਗੀ ਵਿਚ ਇਕ ਡਵੀਜਨ ਬੈਂਚ ਦਾ ਗਠਨ ਕੀਤਾ ਹੈ। ਪਟੀਸ਼ਨ 'ਤੇ ਆਖਰੀ ਵਾਰ ਸੁਣਵਾਈ ਮਈ 2013 ਵਿਚ ਜਸਟਿਸ ਸੁਜਾਤ ਅਲੀ ਖਾਨ ਨੇ ਕੀਤੀ ਸੀ ਤੇ ਉਨ੍ਹਾਂ ਨੇ ਇਸ ਮਾਮਲੇ ਨੂੰ ਚੀਫ ਜਸਟਿਸ ਦੇ ਕੋਲ ਭੇਜ ਦਿੱਤਾ ਸੀ।

ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਮੁਖੀ ਤੇ ਵਕੀਲ ਇਤਿਆਜ਼ ਰਾਸ਼ਿਦ ਕੁਰੈਸ਼ੀ ਨੇ ਨਵੰਬਰ ਵਿਚ ਲਾਹੌਰ ਹਾਈਕੋਰਟ 'ਚ ਸੁਣਵਾਈ ਲਈ ਇਕ ਪਟੀਸ਼ਨ ਦਾਇਰ ਕੀਤੀ ਸੀ, ਇਸ ਪਟੀਸ਼ਨ ਵਿਚ ਕੁਰੈਸ਼ੀ ਨੇ ਕਿਹਾ ਸੀ ਕਿ ਭਗਤ ਸਿੰਘ ਇਕ ਸੁਤੰਤਰਤਾ ਸੈਲਾਨੀ ਸੀ ਤੇ ਉਸ ਨੇ ਅਣਵੰਡੇ ਭਾਰਤ ਦੀ ਲਈ ਲੜਾਈ ਲੜੀ ਸੀ। ਬ੍ਰਿਟਿਸ਼ ਪੁਲਿਸ ਅਫਸਰ ਜਾਨ. ਪੀ. ਸਾਂਡਰਸ ਦੀ ਹੱਤਿਆ ਦੇ ਦੋਸ਼ ਵਿਚ ਭਗਤ ਸਿੰਘ, ਸੁਖਦੇਵ, ਰਾਜਗੁਰੂ ਖਿਲਾਫ ਕੇਸ ਦਰਜ ਕੀਤਾ ਗਿਆ ਸੀ।

ਬ੍ਰਿਟਿਸ਼ ਸ਼ਾਸਨ ਸਮੇਂ ਭਗਤ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ, 23 ਮਾਰਚ 1931 ਨੂੰ 23 ਸਾਲ ਦੀ ਉਮਰ ਵਿਚ ਭਗਤ ਸਿੰਘ ਨੂੰ ਸਰਕਾਰ ਦੇ ਖਿਲਾਫ ਸਾਜ਼ਿਸ਼ ਰਚਨ ਦੇ ਦੋਸ਼ ਵਿਚ ਫਾਂਸੀ 'ਤੇ ਲਟਕਾ ਦਿੱਤਾ ਗਿਆ ਸੀ। ਕੁਰੈਸ਼ੀ ਨੇ ਕਿਹਾ ਕਿ ਭਗਤ ਸਿੰਘ ਨੂੰ ਪਹਿਲਾਂ ਤਾਂ ਉਮਰ ਕੈਦ ਹੋਈ ਸੀ, ਪਰ ਬਾਅਦ 'ਚ ਕਿਸੇ ਹੋਰ ਝੂਠੇ ਮਾਮਲੇ 'ਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।

ਲਾਹੌਰ ਹਾਈ ਕੋਰਟ ਵਿਚ ਸ਼ਹੀਦ ਭਗਤ ਸਿੰਘ ਦੇ ਕੇਸ ਨੂੰ ਮੁੜ ਖੋਲ੍ਹਦਿਆਂ ਐਡਵੋਕੇਟ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਦਾਅਵਾ ਕੀਤਾ ਹੈ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਝੂਠੇ ਕੇਸ ਵਿਚ ਫਾਂਸੀ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਉਕਤ ਐਡਵੋਕੇਟ ਪਾਕਿਸਤਾਨ ਵਿਚ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦਾ ਮੁਖੀ ਹੈ। ਪਾਕਿਸਤਾਨ ਪੁਲਿਸ ਨੇ ਹੀ ਐਡਵੋਕੇਟ ਨੂੰ ਉਕਤ ਐਫ.ਆਈ.ਆਰ. ਦੀ ਕਾਪੀ ਮੁਹੱਈਆ ਕਰਵਾਈ ਸੀ।

## ਸੁਖਦੇਵ ਦੇ ਪਰਿਵਾਰ ਨੇ ਪਾਕਿ ਜਾਣ ਦੀ ਆਗਿਆ ਮੰਗੀ

**ਜਲੰਧਰ:** ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦਿੱਤੇ ਜਾਣ ਦੇ ਮਾਮਲੇ ਦੀ ਲਾਹੌਰ ਵਿਚ ਚੱਲ ਰਹੀ ਸੁਣਵਾਈ ਸਬੰਧੀ ਸ਼ਹੀਦ ਸੁਖਦੇਵ ਦੇ ਪਰਿਵਾਰਕ ਮੈਂਬਰਾਂ ਨੇ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਉਹ ਕੇਸ ਨਾਲ ਸਬੰਧਤ ਹਨ, ਇਸ ਲਈ ਉਨ੍ਹਾਂ ਨੂੰ ਪਾਕਿਸਤਾਨ ਜਾਣ ਦੀ ਆਗਿਆ ਦਿੱਤੀ ਜਾਵੇ। ਪਰਿਵਾਰਕ ਮੈਂਬਰਾਂ ਨੇ ਦਾਅਵਾ ਕੀਤਾ ਕਿ ਇਸ ਕੇਸ ਨਾਲ ਸਬੰਧਤ ਬਹੁਤ ਸਾਰੇ ਅਸਲ ਦਸਤਾਵੇਜ਼ ਉਨ੍ਹਾਂ ਕੋਲ ਪਏ ਹਨ, ਜਿਹੜੇ ਕਿ ਇਸ ਕੇਸ ਲਈ ਲੋੜੀਂਦੇ ਹਨ। ਸ਼ਹੀਦ ਸੁਖਦੇਵ ਦੇ ਦੋਹਤੇ ਵਿਸ਼ਾਲ ਨਈਅਰ (ਸੁਖਦੇਵ ਦੀ ਭਤੀਜੀ ਸੰਗੀਤਾ ਦਾ ਪੁੱਤਰ) ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਵੀ ਸੁਪਰੀਮ ਕੋਰਟ ਵਿਚ ਇਸ ਸਬੰਧੀ ਰਿੱਟ ਦਾਇਰ ਕਰ ਕੇ ਕੇਂਦਰ ਸਰਕਾਰ ਕੋਲੋਂ ਮੰਗ ਕਰੇਗਾ ਕਿ ਇਸ ਮਾਮਲੇ ਨੂੰ ਮੁੜ ਖੋਲ੍ਹਿਆ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਉਸ ਵੇਲੇ ਦੀ ਸਰਕਾਰ ਨੇ ਇਨ੍ਹਾਂ ਸ਼ਹੀਦਾਂ ਨੂੰ ਝੂਠੇ ਕੇਸ ਵਿਚ ਫਾਂਸੀ ਦਿੱਤੀ ਸੀ।

## ਪਤਨੀ ਨੂੰ ਮਾਰਨ ਦੇ ਦੋਸ਼ਾਂ 'ਚ ਘਿਰਿਆ ਸੁਖਚੈਨ ਬਰਾੜ

**ਟੋਰਾਂਟੋ:** ਕੈਨੇਡਾ ਵਿਚ ਪਤਨੀ ਦੇ ਕਤਲ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ ਨਾਮੀ ਕਬੱਡੀ ਕੁਮੈਂਟੇਟਰ ਸੁਖਚੈਨ ਸਿੰਘ ਬਰਾੜ ਨੂੰ ਅਦਾਲਤ ਨੇ ਜੇਲ੍ਹ ਭੇਜ ਦਿੱਤਾ ਹੈ।

ਅਦਾਲਤ ਨੇ ਇਸ ਕੇਸ ਦੇ ਤੱਥਾਂ ਨੂੰ ਜਨਤਕ ਕਰਨ 'ਤੇ ਵੀ ਰੋਕ ਲਗਾ ਦਿੱਤੀ ਹੈ। ਸੁਖਚੈਨ ਸਿੰਘ ਬਰਾੜ ਉਤੇ ਆਪਣੀ ਪਤਨੀ ਗੁਰਪ੍ਰੀਤ ਕੌਰ ਬਰਾੜ ਦੀ ਹੱਤਿਆ ਕਰਨ ਦਾ ਦੋਸ਼ ਹੈ।



***ਸੁਖਚੈਨ ਬਰਾੜ ਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਬਰਾੜ ਦੀ ਇਕ ਪੁਰਾਣੀ ਤਸਵੀਰ***

ਪੁਲਿਸ ਨੇ ਬਰਾੜ ਖਿਲਾਫ ਫਸਟ ਡਿਗਰੀ ਕਤਲ ਦਾ ਕੇਸ ਦਰਜ ਕੀਤਾ ਹੈ। ਯਾਦ ਰਹੇ, ਕੁਝ ਦਿਨ ਪਹਿਲਾਂ ਟੋਰਾਂਟੋ ਤੋਂ ਥੋੜ੍ਹੀ ਦੂਰ ਸੁਖਚੈਨ ਸਿੰਘ ਬਰਾੜ ਦੇ ਟਰੱਕ ਨੂੰ ਅੱਗ ਲੱਗ ਗਈ ਸੀ। f

ਇਸ ਘਟਨਾ ਵਿਚ ਸੁਖਚੈਨ ਸਿੰਘ ਬਰਾੜ ਬਚ ਗਿਆ ਸੀ ਜਦੋਂਕਿ ਟਰੱਕ ਵਿਚ ਮੌਜੂਦ ਉਸ ਦੀ ਪਤਨੀ ਦੀ ਮੌਤ ਹੋ ਗਈ ਸੀ। ਅੱਗ ਇੰਨੀ ਭਿਆਨਕ ਸੀ ਕਿ ਗੁਰਪ੍ਰੀਤ ਕੌਰ ਬਰਾੜ ਦੀ ਮੌਕੇ ਉਤੇ ਹੀ ਮੌਤ ਹੋ ਗਈ ਸੀ। ਸੁਖਚੈਨ ਸਿੰਘ ਬਰਾੜ ਨੂੰ ਇਸ ਘਟਨਾ ਵਿਚ ਝਰੀਟ ਤੱਕ ਨਹੀਂ ਆਈ। ਟਰੱਕ ਵਿਚ ਪਤੀ-ਪਤਨੀ ਤੋਂ ਇਲਾਵਾ ਕੋਈ ਨਹੀਂ ਸੀ।










# ਪਰਵਾਸੀ ਪੰਜਾਬੀਆਂ ਨਾਲ ਰੁੱਸ ਗਈ ਹੈ ਪੰਜਾਬ ਦੀ ਸਰਕਾਰ



**ਜਲੰਧਰ:** ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਨਾਲ ਖਾਸੀ ਨਾਰਾਜ਼ ਲੱਗਦੀ ਹੈ। ਪਿਛਲੇ ਤਕਰੀਬਨ ਢਾਈ ਦਹਾਕਿਆਂ ਤੋਂ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਤੇ ਉਨ੍ਹਾਂ ਨੂੰ ਪੰਜਾਬ ਵਿਚ ਪੂੰਜੀ ਨਿਵੇਸ਼ ਲਈ ਉਤਸ਼ਾਹਤ ਕਰਨ ਦੇ ਕੰਮ ਨੂੰ ਤਰਜੀਹੀ ਆਧਾਰ 'ਤੇ ਲੈਂਦੀ ਰਹੀ ਹੈ।

1996 ਤੋਂ ਪੰਜਾਬ ਅੰਦਰ ਜਨਵਰੀ ਮਹੀਨੇ ਹਰ ਸਾਲ ਪਰਵਾਸੀ ਪੰਜਾਬੀ ਸੰਮੇਲਨ ਵੀ ਕਰਵਾਏ ਜਾਂਦੇ ਰਹੇ ਹਨ ਅਤੇ ਪਰਵਾਸੀਆਂ ਦੀ ਖੁਦ ਦੀ ਸਮਾਜ ਸੇਵੀ ਸੰਸਥਾ ਐਨ.ਆਰ. ਆਈ. ਸਭਾ ਪੰਜਾਬ ਵੀ ਗਠਿਤ ਕੀਤੀ ਗਈ, ਪਰ ਲਗਦਾ ਹੈ ਕਿ ਪੰਜਾਬ ਸਰਕਾਰ ਦਾ ਹੁਣ ਪਰਵਾਸੀ ਪੰਜਾਬੀਆਂ ਤੋਂ ਮੋਹ ਭੰਗ ਹੋ ਗਿਆ ਹੈ ਤੇ ਪਿਛਲੇ ਵਰ੍ਹੇ ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀ ਸੰਮੇਲਨ ਕਰਨ ਦੀ ਥਾਂ ਪਰਵਾਸੀ ਪੰਜਾਬੀ ਸੰਗਤ ਦਰਸ਼ਨ ਕਰਵਾਇਆ ਸੀ। ਇਸ ਸਾਲ ਇਹ ਵੀ ਬੰਦ ਕਰ ਦਿੱਤਾ ਗਿਆ ਹੈ।

ਇਸ ਵਰ੍ਹੇ ਸਰਕਾਰ ਨੇ ਨਾ ਪਰਵਾਸੀ ਪੰਜਾਬੀ ਸੰਮੇਲਨ ਸੱਦਿਆ ਤੇ ਨਾ ਹੀ ਸੰਗਤ ਦਰਸ਼ਨ ਹੀ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਪਰਵਾਸੀ ਪੰਜਾਬੀਆਂ ਲਈ ਆਸਰਾ ਬਣਦੀ ਆ ਰਹੀ ਐਨ.ਆਰ.ਆਈ. ਸਭਾ ਵੀ ਹੁਣ ਨਿਰਜਿੰਦ ਹੋ ਗਈ ਹੈ। ਸਭਾ ਦੀ ਤਿੰਨ ਕਰੋੜ ਰੁਪਏ ਦੇ ਕਰੀਬ ਪੂੰਜੀ ਨਾਲ ਬਣਾਈ ਆਲੀਸ਼ਾਨ ਇਮਾਰਤ ਹੁਣ ਪਰਵਾਸੀ ਪੰਜਾਬੀਆਂ ਦੀ ਆਮਦ ਨੂੰ ਤਰਸ ਰਹੀ ਹੈ। ਪਿਛਲੇ ਦੋ ਸਾਲ ਤੋਂ ਸਭਾ ਦੀ ਚੋਣ ਹੀ ਨਹੀਂ ਕਰਵਾਈ ਗਈ ਤੇ ਸਭਾ ਦਾ ਪ੍ਰਬੰਧ ਹੁਣ ਐਨ.ਆਰ. ਆਈਜ਼ ਦੀ ਥਾਂ ਸਰਕਾਰੀ ਅਧਿਕਾਰੀਆਂ ਦੇ ਹੱਥਾਂ 'ਚ ਹੈ ਜੋ ਇਸ ਦੇ ਦਫਤਰ ਵਿਚ ਕਦੇ-ਕਦਾਈਂ ਭਲਵਾਨੀ ਗੇੜਾ ਮਾਰਨ ਹੀ ਆਉਂਦੇ ਹਨ। ਸਭਾ ਦੇ ਦਫਤਰ 'ਚ ਅਮਲਾ-ਫੈਲਾ ਵੀ ਹੁਣ ਬਹੁਤ ਘਟ ਗਿਆ ਹੈ।

ਦਰਅਸਲ ਪਿਛਲੇ ਸਾਲ ਜੂਨ-ਜੁਲਾਈ ਮਹੀਨੇ ਉਤਰੀ ਅਮਰੀਕਾ ਦੇ ਦੌਰੇ ਉਪਰ ਗਏ ਪੰਜਾਬ ਦੇ ਵਜ਼ੀਰਾਂ, ਅਕਾਲੀ ਨੇਤਾਵਾਂ ਤੇ ਪਰਵਾਸੀ ਪੰਜਾਬੀਆਂ ਵਿਚਕਾਰ ਹੋਏ ਬੋਲ-ਕਬੋਲ ਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਹੋਰ ਧਾਰਮਿਕ ਸੰਕਟ ਵਿਚ ਪਰਵਾਸੀ ਪੰਜਾਬੀਆਂ ਵੱਲੋਂ ਪੰਜਾਬ ਸਰਕਾਰ ਤੇ ਅਕਾਲੀ ਨੇਤਾਵਾਂ ਖਿਲਾਫ ਦਿਖਾਏ ਤਿੱਖੇ ਤੇਵਰਾਂ ਬਾਅਦ ਅਕਾਲੀ ਦਲ ਤੇ ਪੰਜਾਬ ਸਰਕਾਰ ਦਾ ਪਰਵਾਸੀ ਪੰਜਾਬੀਆਂ ਪ੍ਰਤੀ ਮੋਹ ਹੀ ਭੰਗ ਹੋ ਗਿਆ ਹੈ।

ਸਿਆਸੀ ਤੇ ਪ੍ਰਸ਼ਾਸਨਿਕ ਖੇਤਰ 'ਚ ਇਹ ਪ੍ਰਭਾਵ ਲਿਆ ਜਾ ਸਕਦਾ ਹੈ ਕਿ ਪਰਵਾਸੀ ਪੰਜਾਬੀਆਂ ਅੰਦਰਲੇ ਗੁੱਸੇ ਤੇ ਤਿੱਖੇ ਵਿਰੋਧ ਕਾਰਨ ਹੀ ਸੰਮੇਲਨ ਨਾ ਕਰਵਾਏ ਜਾਣ ਦਾ ਰੁਖ ਅਖਤਿਆਰ ਕੀਤਾ ਗਿਆ ਹੈ ਤਾਂ ਕਿ ਹੋਰ ਵਧੇਰੇ ਬਦਮਗਜ਼ੀ ਪੈਦਾ ਹੋਣ ਤੋਂ ਬਚਿਆ ਜਾ ਸਕੇ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਸੰਮੇਲਨ ਨਾ ਕਰਵਾਉਣ ਤੇ ਐਨ.ਆਰ.ਆਈ. ਸਭਾ ਦੀ ਸਰਗਰਮੀ ਠੱਪ ਕਰਨ ਬਾਰੇ ਪਰਵਾਸੀ ਪੰਜਾਬੀਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਜਲੰਧਰ ਕੇ. ਕੇ. ਯਾਦਵ ਜੋ ਪਿਛਲੇ ਕੁਝ ਮਹੀਨੇ ਐਨ.ਆਰ.ਆਈ. ਸਭਾ ਦੇ ਚੇਅਰਮੈਨ ਰਹੇ ਹਨ, ਨੇ ਦੱਸਿਆ ਕਿ ਸਭਾ ਦੀ ਚੋਣ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਚੋਣ ਦੀ ਪ੍ਰਵਾਨਗੀ ਲਈ ਕੇਸ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਹੈ।

## ਸਾਊਦੀ ਅਰਬ 'ਚ ਫਸੇ ਕਾਮਿਆਂ ਨੂੰ ਵਾਪਸੀ ਦੀ ਉਡੀਕ

**ਹੁਸ਼ਿਆਰਪੁਰ:** ਸਾਊਦੀ ਅਰਬ ਦੀ ਇਕ ਵੱਡੀ ਵਪਾਰਕ ਕੰਪਨੀ ਮੁਹੰਮਦ ਅਲ ਮੋਜਿਲ (ਐਮ.ਐਮ.ਜੀ) ਲਈ ਕੰਮ ਕਰਨ ਵਾਲੇ ਸੈਂਕੜੇ ਭਾਰਤੀ ਘਰਾਂ ਨੂੰ ਪਰਤਣ ਦੀ ਉਡੀਕ 'ਚ ਬੈਠੇ ਹਨ। ਲੰਬੇ ਅਰਸੇ ਤੋਂ ਕੰਪਨੀ ਵੱਲੋਂ ਤਨਖਾਹਾਂ ਨਾ ਦਿੱਤੀਆਂ ਜਾਣ ਕਾਰਨ ਜਿਥੇ ਇਹ ਕਾਮੇ ਖੁਦ ਤੰਗੀ ਤੁਰਸ਼ੀ ਵੇਖ ਰਹੇ ਹਨ, ਉਥੇ ਉਨ੍ਹਾਂ ਦੇ ਪਰਿਵਾਰ ਵੀ ਆਰਥਿਕ ਸੰਕਟ ਨਾਲ ਜੂਝ ਰਹੇ ਹਨ। ਭਾਰਤ ਸਰਕਾਰ ਨੇ ਇਨ੍ਹਾਂ 'ਚੋਂ ਸੌ ਵਿਅਕਤੀਆਂ ਨੂੰ ਵਾਪਸ ਲਿਆਉਣ ਵਿਚ ਮਦਦ ਕੀਤੀ ਹੈ, ਪਰ ਬਾਕੀ ਦੇ ਅਜੇ ਉਥੇ ਹੀ ਫਸੇ ਹੋਏ ਹਨ। ਐਮ.ਐਮ.ਜੀ. ਕੰਪਨੀ ਆਰਥਿਕ ਸੰਕਟ ਵਿਚੋਂ ਲੰਘ ਰਹੀ ਹੈ ਜਿਸ ਕਾਰਨ ਭਾਰਤ ਤੇ ਹੋਰਨਾਂ ਦੇਸ਼ਾਂ ਵਿਚੋਂ ਗਏ ਕਾਮਿਆਂ ਨੂੰ ਤਨਖਾਹਾਂ ਵੀ ਨਹੀਂ ਦਿੱਤੀਆਂ ਗਈਆਂ। ਵਰਕਰਾਂ ਨੇ ਤਨਖਾਹਾਂ ਲੈਣ ਲਈ ਦਮਨ ਤੇ ਜੁਬੇਲ ਲੇਬਰ ਕੋਰਟਾਂ ਵਿਚ ਕੇਸ ਦਾਇਰ ਕੀਤੇ ਜਿਸ ਪਿੱਛੋਂ ਫਰਵਰੀ 2015 ਵਿਚ ਦੋਹਾਂ ਧਿਰਾਂ ਦਰਮਿਆਨ ਇਹ ਸਮਝੌਤਾ ਹੋਇਆ ਕਿ ਕੰਪਨੀ 20 ਫ਼ੀਸਦੀ ਬਕਾਏ ਅਦਾ ਕਰ ਦੇਵੇਗੀ ਤੇ ਬਾਕੀ ਦੇ ਪੈਸੇ ਭਾਰਤ ਜਾਣ ਤੋਂ ਬਾਅਦ ਕਿਸ਼ਤਾਂ ਵਿਚ ਵਰਕਰਾਂ ਨੂੰ ਦੇ ਦਿੱਤੇ ਜਾਣਗੇ।

ਕੰਪਨੀ ਨੇ ਇਸ ਸਮਝੌਤੇ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਅਤੇ ਸੈਂਕੜੇ ਵਰਕਰਾਂ ਨੂੰ ਅਜੇ ਤੱਕ ਉਨ੍ਹਾਂ ਦੀਆਂ ਤਨਖਾਹਾਂ ਨਹੀਂ ਮਿਲੀਆਂ। ਕੰਪਨੀ ਲਈ ਕੰਮ ਕਰਦੇ ਤਕਰੀਬਨ 600 ਭਾਰਤੀਆਂ ਵਿਚੋਂ 179 ਵਰਕਰਾਂ ਨੇ ਭਾਰਤ ਵਾਪਸ ਆਉਣ ਲਈ ਰਿਆਧ ਸਥਿਤ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਜਿਨ੍ਹਾਂ ਵਿਚੋਂ 101 ਵਾਪਸ ਆ ਗਏ ਦੱਸੇ ਜਾਂਦੇ ਹਨ ਪਰ ਬਾਕੀ ਅਜੇ ਵੀ ਅਰਬ ਦੇਸ਼ ਵਿਚ ਫਸੇ ਹੋਏ ਹਨ। ਰਹਿੰਦੇ ਭਾਰਤੀ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਰਾਜ ਸਭਾ ਮੈਂਬਰ ਤੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਉਪ ਪ੍ਰਧਾਨ ਅਵਿਨਾਸ਼ ਰਾਏ ਖੰਨਾ ਨੇ ਵੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਲਿਖਿਆ ਹੈ। ਵਿਦੇਸ਼ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਫਸੇ ਬਾਕੀ ਭਾਰਤੀ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਪੂਰਾ ਯਤਨ ਕੀਤਾ ਜਾ ਰਿਹਾ ਹੈ।

## ਕਿਸਾਨ ਬੋਲਣਗੇ ਪਾਰਲੀਮੈਂਟ 'ਤੇ ਧਾਵਾ



**ਚੰਡੀਗੜ੍ਹ:** ਕਿਸਾਨੀ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਨੇ ਇਕ ਮਾਰਚ ਨੂੰ ਸੰਸਦ ਘੇਰਨ ਦਾ ਐਲਾਨ ਕੀਤਾ ਹੈ। ਯੂਨੀਅਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਕਿਸਾਨੀ ਮੰਗਾਂ ਨੂੰ ਲੈ ਕੇ ਸੰਸਦ ਦਾ ਘਿਰਾਓ ਅਣਮਿਥੇ ਸਮੇਂ ਲਈ ਹੋਵੇਗਾ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹਨ। ਮੋਦੀ ਸਰਕਾਰ ਨੇ ਵੀ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਕਿਸਾਨਾਂ ਦੀਆਂ ਮੁੱਖ ਮੰਗਾਂ ਹਨ ਕਿ ਕਿਸਾਨਾਂ ਨੂੰ ਫਸਲਾਂ ਦਾ ਢੁਕਵਾਂ ਮੁੱਲ ਦੇਣ ਲਈ ਡਾ. ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕੀਤਾ ਜਾਵੇ, ਕਿਸਾਨਾਂ ਦੇ ਸਿਰ 'ਤੇ ਚੜ੍ਹਿਆ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ ਮੁਆਫ ਕੀਤਾ ਜਾਵੇ, ਫਸਲਾਂ ਦਾ ਬੀਮਾ ਏਕੜ ਨੂੰ ਇਕਾਈ ਮੰਨ ਕੇ ਕੀਤਾ ਜਾਵੇ ਤੇ ਬੀਮੇ ਦੀ ਕਿਸ਼ਤ ਸਰਕਾਰ ਖੁਦ ਭਰੇ।

ਇਸ ਦੇ ਨਾਲ ਹੀ ਕਿਸਾਨਾਂ ਨੇ ਰੇਲ ਬਜਟ ਦੀ ਤਰਜ 'ਤੇ ਕਿਸਾਨਾਂ ਲਈ ਅਲੱਗ ਤੋਂ ਬਜਟ ਪਾਸ ਕੀਤੇ ਜਾਣ ਦੀ ਮੰਗ ਵੀ ਕੀਤੀ। ਯੂਨੀਅਨ ਅਨੁਸਾਰ ਖੇਤੀ ਲਾਗਤ ਲਗਾਤਾਰ ਵਧ ਰਹੀ ਹੈ ਪਰ ਕਿਸਾਨਾਂ ਨੂੰ ਫਸਲਾਂ ਦਾ ਮੁੱਲ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਮਿਲ ਰਿਹਾ। ਯੂਨੀਅਨ ਅਨੁਸਾਰ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਕਿਸਾਨ ਇਸ ਪ੍ਰਦਰਸ਼ਨ ਵਿਚ ਸ਼ਾਮਲ ਹੋਣਗੇ।

## ਸਿੱਖ ਰੈਜੀਮੈਂਟ ਵਿਵਾਦ: ਭਾਜਪਾ ਤੇ ਅਕਾਲੀ ਆਹਮੋ-ਸਾਹਮਣੇ

**ਅੰਮ੍ਰਿਤਸਰ :** 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਦਿੱਲੀ ਵਿਚ ਹੋਈ ਪਰੇਡ ਵਿਚ ਸਿੱਖ ਰੈਜੀਮੈਂਟ ਨੂੰ ਸ਼ਾਮਲ ਨਾ ਕਰਨ ਦੇ ਮਾਮਲੇ ਉਤੇ ਅਕਾਲੀ ਦਲ ਤੇ ਭਾਜਪਾ ਆਹਮੋ-ਸਾਹਮਣੇ ਹੋ ਗਏ ਹਨ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਜਿਥੇ ਸਿੱਖ ਰੈਜੀਮੈਂਟ ਨੂੰ ਪਰੇਡ 'ਚ ਸ਼ਾਮਲ ਨਾ ਕਰਨ ਦਾ ਵਿਰੋਧ ਕਰ ਰਹੇ ਸਨ, ਉਥੇ ਹੀ ਭਾਜਪਾ ਪ੍ਰਧਾਨ ਕਮਲ ਸ਼ਰਮਾ ਵੱਲੋਂ ਰੈਜੀਮੈਂਟ ਦੇ ਪਰੇਡ 'ਚ ਸ਼ਾਮਲ ਹੋਣ ਦੇ ਬਿਆਨ ਪਿੱਛੋਂ ਵਿਵਾਦ ਸ਼ੁਰੂ ਹੋ ਗਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ 'ਤੇ ਸਭ ਤੋਂ ਪਹਿਲਾਂ ਵਿਰੋਧ ਜਤਾਇਆ ਗਿਆ ਸੀ ਤੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਬਿਆਨ ਵੀ ਜਾਰੀ ਕੀਤਾ ਗਿਆ ਸੀ। ਹੁਣ ਜਦੋਂ ਕਮਲ ਸ਼ਰਮਾ ਵੱਲੋਂ ਇਹ ਬਿਆਨ ਸਾਹਮਣੇ ਆਇਆ ਤਾਂ ਸ਼੍ਰੋਮਣੀ ਕਮੇਟੀ ਅਧਿਕਾਰੀ ਵੀ ਇਸ ਮਾਮਲੇ ਤੋਂ ਕੰਨੀ ਕਤਰਾਉਂਦੇ ਹੋਏ ਦਿਖਾਈ ਦਿੱਤੇ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ ਬਾਰੇ ਕੁਝ ਨਹੀਂ ਕਹਿਣਗੇ।

ਇਸ ਮੁੱਦੇ ਨੂੰ ਲੈ ਕੇ ਜਿਥੇ ਪੰਜਾਬ ਦੀਆਂ ਭਾਈਵਾਲ ਪਾਰਟੀਆਂ ਅਕਾਲੀ-ਭਾਜਪਾ ਇਕ-ਦੂਜੇ ਖਿਲਾਫ ਬਿਆਨ ਦੇ ਰਹੀਆਂ ਹਨ, ਉਥੇ ਹੀ ਕਾਂਗਰਸ ਪਾਰਟੀ ਦੇ ਲੀਡਰ ਇਸ ਮੁੱਦੇ 'ਤੇ ਸਿਆਸੀ ਰੋਟੀਆਂ ਸੇਕਦੇ ਨਜ਼ਰ ਆ ਰਹੇ ਹਨ। ਕਾਂਗਰਸੀ ਆਗੂ, ਕਮਲ ਸ਼ਰਮਾ ਨੂੰ ਸਲਾਹ ਦੇ ਰਹੇ ਹਨ ਕਿ ਉਹ ਇਸ ਮੁੱਦੇ ਉਤੇ ਟਿੱਪਣੀ ਕਰਨ ਤੋਂ ਪਹਿਲਾਂ ਭਾਈਵਾਲ ਪਾਰਟੀ ਨਾਲ ਸੰਪਰਕ ਜ਼ਰੂਰ ਕਰ ਲੈਂਦੇ।

ਕਾਂਗਰਸੀ ਨੇਤਾ ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕੇ ਸਿੱਖ ਰੈਜੀਮੈਂਟ ਨੂੰ ਪਰੇਡ ਵਿਚ ਸ਼ਾਮਲ ਨਾ ਕਰਨ ਦੇ ਮਾਮਲੇ ਵਿਚ ਮੁੱਖ ਮੰਤਰੀ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖ ਕੇ ਇਤਰਾਜ਼ ਵੀ ਜਤਾਇਆ ਸੀ ਪਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ ਦਾ ਵਿਰੋਧ ਕਰਨ 'ਤੇ ਕਮਲ ਸ਼ਰਮਾ ਵੱਲੋਂ ਜੋ ਬਿਆਨ ਜਾਰੀ ਕੀਤਾ ਗਿਆ ਹੈ, ਉਸ ਤੋਂ ਲੱਗਦਾ ਹੈ ਕੇ ਅਕਾਲੀ-ਭਾਜਪਾ ਨੇਤਾ ਇਕ-ਦੂਜੇ ਨਾਲ ਸੰਪਰਕ ਵਿਚ ਨਹੀਂ ਹਨ।

## ਪ੍ਰਿੰਸ ਵਿਲੀਅਮ ਤੇ ਕੇਟ ਅਪਰੈਲ 'ਚ ਆਉਣਗੇ ਤਾਜ ਮਹੱਲ ਵੇਖਣ

**ਆਗਰਾ:** ਬਰਤਾਨੀਆ ਦੇ ਰਾਜਕੁਮਾਰ ਵਿਲੀਅਮ ਤੇ ਉਨ੍ਹਾਂ ਦੀ ਪਤਨੀ ਕੇਟ ਮਿਡਲਟਨ ਇਸ ਸਾਲ ਅਪਰੈਲ ਵਿਚ ਤਾਜ ਮਹੱਲ ਵੇਖਣ ਆਉਣਗੇ। ਬਰਤਾਨੀਆ ਦੇ ਸ਼ਾਹੀ ਪਰਿਵਾਰ ਦੇ ਕਿਸੇ ਮੈਂਬਰ ਵੱਲੋਂ 24 ਸਾਲ ਬਾਅਦ ਇਸ ਸੰਸਾਰ ਪ੍ਰਸਿੱਧ ਯਾਦਗਾਰ ਦੀ ਯਾਤਰਾ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਪ੍ਰਿੰਸ ਵਿਲੀਅਮ ਦੀ ਮਾਤਾ ਰਾਜਕੁਮਾਰੀ ਡਾਇਨਾ 1992 'ਚ ਤਾਜ ਨੂੰ ਵੇਖਣ ਆਈ ਸੀ। ਸ਼ਾਹੀ ਜੋੜੇ ਦੀ ਆਮਦ ਤੋਂ ਪਹਿਲਾਂ ਬੀਤੇ ਬਰਤਾਨਵੀ ਹਾਈ ਕਮਿਸ਼ਨ ਦੇ ਇਕ ਦਲ ਨੇ ਆਗਰੇ ਦੇ ਅਧਿਕਾਰੀਆਂ ਨਾਲ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਮੀਟਿੰਗ ਕੀਤੀ। ਸ਼ਾਹੀ ਜੋੜੇ ਦੇ ਆਗਰਾ ਆਉਣ ਦੀ ਪੱਕੀ ਤਰੀਕ ਦਾ ਅਜੇ ਕੋਈ ਐਲਾਨ ਨਹੀਂ ਕੀਤਾ ਗਿਆ, ਪ੍ਰਿੰਸ ਵਿਲੀਅਮ ਤੇ ਕੇਟ ਨਾਲ ਉਨ੍ਹਾਂ ਦੇ ਬੱਚੇ ਬੇਟਾ ਪ੍ਰਿੰਸ ਜਾਰਜ ਤੇ ਰਾਜਕੁਮਾਰੀ ਚੈਰਲੇਟ ਵੀ ਆਗਰਾ ਆਉਣਗੇ।

## ਜ਼ੀਕਾ ਵਾਇਰਸ ਦਾ ਤੋੜ ਲੱਭਣ ਦਾ ਦਾਅਵਾ

**ਹੈਦਰਾਬਾਦ:** ਦੁਨੀਆਂ ਦੀ ਪਹਿਲੀ ਵਾਇਰਸ ਵੈਕਸੀਨ ਭਾਰਤ ਵਿਚ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ। ਹੈਦਰਾਬਾਦ ਲੈਬ ਦੇ ਵਿਗਿਆਨੀਆਂ ਅਨੁਸਾਰ ਉਨ੍ਹਾਂ ਨੇ ਜ਼ੀਕਾ ਵਾਇਰਸ ਨਾਲ ਲੜਨ ਲਈ ਦੁਨੀਆਂ ਦੀ ਪਹਿਲੀ ਵੈਕਸੀਨ ਬਣਾ ਲਈ ਹੈ।



ਹੈਦਰਾਬਾਦ ਲੈਬ ਦੇ ਵਿਗਿਆਨੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਦੋ ਟੀਕੇ ਬਣਾਏ ਹਨ, ਜਿਹੜੇ ਜ਼ੀਕਾ ਵਾਇਰਸ ਦੇ ਇਲਾਜ ਵਿਚ ਮਦਦ ਕਰਨਗੇ। ਹੈਦਰਾਬਾਦ ਦੀ ਭਾਰਤ ਬਾਇਓਟੈੱਕ ਇੰਟਰਨੈਸ਼ਨਲ ਲਿਮਟਡ ਲੈਬ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਜ਼ੀਕਾ ਵਾਇਰਸ ਵੈਕਸੀਨ ਨੂੰ ਪੇਟੈਂਟ ਵੀ ਕਰਵਾ ਲਿਆ ਹੈ।

ਲੈਬ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਡਾ. ਕ੍ਰਿਸ਼ਨਾ ਐਲਾ ਨੇ ਕਿਹਾ ਕਿ ਉਨ੍ਹਾਂ 9 ਮਹੀਨੇ ਪਹਿਲਾਂ ਹੀ ਇਸ ਦਾ ਪੇਟੈਂਟ ਕਰਵਾ ਲਿਆ ਸੀ। ਡਾ. ਕ੍ਰਿਸ਼ਨਾ ਨੇ ਦੱਸਿਆ ਕਿ ਇਸ ਟੀਕੇ ਦੇ ਹਿਊਮਨ ਤੇ ਐਨੀਮਲ ਟਰਾਇਲ ਵਿਚ ਅਜੇ ਸਮਾਂ ਲੱਗੇਗਾ, ਪਰ ਇਸ ਨੂੰ ਅੱਗੇ ਵਧਾਉਣ ਲਈ ਸਰਕਾਰ ਦੀ ਮਦਦ ਦੀ ਲੋੜ ਹੈ।

## ਭਾਰਤੀ ਜਵਾਨਾਂ ਲਈ ਮੌਤ ਦਾ ਫੰਦਾ ਬਣਿਆ ਸਿਆਚਿਨ ਗਲੇਸ਼ੀਅਰ



**ਨਵੀਂ ਦਿੱਲੀ:** ਸਿਆਚਿਨ ਵਿਚ ਬਰਫ ਦੇ ਤੋਦੇ ਦੀ ਲਪੇਟ ਵਿਚ ਆਏ ਭਾਰਤੀ ਫੌਜ ਦੇ 10 ਜਵਾਨਾਂ ਦੀ ਮੌਤ ਤੋਂ ਬਾਅਦ ਇਸ ਖਤਰਨਾਕ ਗਲੇਸ਼ੀਅਰ 'ਤੇ ਜਵਾਨਾਂ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਗਏ ਹਨ। ਜ਼ਿਕਰਯੋਗ ਹੈ ਕਿ ਅਜੇ ਪਿਛਲੇ ਮਹੀਨੇ ਹੀ ਤਿੰਨ ਜਨਵਰੀ ਨੂੰ ਲੱਦਾਖ ਵਿਚ ਆਏ ਬਰਫੀਲੇ ਤੂਫਾਨ ਵਿਚ ਫੌਜ ਦੇ ਚਾਰ ਜਵਾਨ ਸ਼ਹੀਦ ਹੋ ਗਏ ਸਨ। ਸਿਆਚਿਨ ਗਲੇਸ਼ੀਅਰ ਵਿਚ ਸਾਲ 1984 ਤੋਂ ਲੈ ਕੇ ਹੁਣ ਤੱਕ ਅੰਦਾਜ਼ਨ 8000 ਜਵਾਨ ਸ਼ਹੀਦ ਹੋ ਚੁੱਕੇ ਹਨ। ਜਿਨ੍ਹਾਂ ਵਿਚ ਜ਼ਿਆਦਾਤਰ ਜਵਾਨਾਂ ਦੀ ਮੌਤ ਬਰਫੀਲੇ ਤੂਫਾਨ, ਬਰਫ ਦੇ ਤੋਦੇ ਡਿੱਗਣ, ਬਰਫ ਕਾਰਨ ਹੋਏ ਜ਼ਖ਼ਮਾਂ, ਉਚਾਈ ਕਾਰਨ ਬਿਮਾਰ ਹੋਣ ਅਤੇ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਨਿਯਮਾਂ ਅਨੁਸਾਰ ਕਿਸੇ ਵੀ ਜਵਾਨ ਦੀ ਉਤਰੀ ਸਿਆਚਿਨ ਗਲੇਸ਼ੀਅਰ 'ਚ ਵੱਧ ਤੋਂ ਵੱਧ ਤਿੰਨ ਮਹੀਨੇ ਤੱਕ ਤਾਇਨਾਤੀ ਹੋ ਸਕਦੀ ਹੈ। ਜਦੋਂਕਿ ਬਾਨਾ ਪੋਸਟ ਵਰਗੇ ਕੁਝ ਜ਼ਿਆਦਾ ਖਤਰਨਾਕ ਇਲਾਕਿਆਂ 'ਚ ਇਹ ਹੱਦ 30 ਦਿਨਾਂ ਦੀ ਹੈ। ਉਤਰੀ ਗਲੇਸ਼ੀਅਰ 'ਚ ਤਾਇਨਾਤ ਯੂਨਿਟ ਨੂੰ ਹਰ ਛੇ ਮਹੀਨਿਆਂ ਬਾਅਦ ਬਦਲਿਆ ਜਾਂਦਾ ਹੈ।

ਫੌਜ ਦੇ ਸੀਨੀਅਰ ਅਧਿਕਾਰੀ ਲੈਫਟੀਨੈਂਟ ਜਨਰਲ ਡੀ. ਐਸ. ਹੁੱਡਾ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਘਟਨਾ ਹੈ ਅਤੇ ਸਾਡੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਇਨ੍ਹਾਂ ਜਵਾਨਾਂ ਨੂੰ ਸਲੂਟ ਕਰਦੇ ਹਾਂ। ਇਨ੍ਹਾਂ ਜਵਾਨਾਂ 'ਚ ਇਕ ਜੇ.ਸੀ ਓ. ਅਤੇ ਮਦਰਾਸ ਬਟਾਲੀਅਨ ਦੇ ਨੌਂ ਜਵਾਨ ਸ਼ਾਮਲ ਸਨ। ਬਚਾਅ ਲਈ ਸੈਨਾ ਤੇ ਹਵਾਈ ਸੈਨਾ ਦੀ ਟੀਮ ਵੱਲੋਂ ਸਾਂਝੀ ਕਾਰਵਾਈ ਕੀਤੀ ਗਈ, ਪਰ ਕੋਈ ਸਫਲਤਾ ਨਹੀਂ ਮਿਲੀ। ਫਿਲਹਾਲ ਉਥੇ ਤਾਪਮਾਨ ਮਨਫੀ 20 ਤੋਂ 30 ਡਿਗਰੀ ਸੈਲਸੀਅਸ ਹੈ। ਜਾਣਕਾਰੀ ਅਨੁਸਾਰ 19 ਹਜ਼ਾਰ ਫੁੱਟ ਦੀ ਉਚਾਈ ਉਤੇ ਸੈਨਾ ਦੇ ਕੈਂਪ ਕੋਲ ਬਰਫ ਦੇ ਤੋਦੇ ਡਿੱਗੇ ਸਨ, ਜਿਸ ਦੌਰਾਨ ਕੈਂਪ ਦੇ ਦੱਖਣ 'ਚ ਗਸ਼ਤ ਕਰ ਰਹੇ 10 ਜਵਾਨ ਫਸ ਗਏ ਸਨ। ਸਿਆਚਿਨ ਗਲੇਸ਼ੀਅਰ 'ਚ ਭਾਰਤੀ ਜਵਾਨਾਂ ਨੂੰ ਲੱਭਣ ਲਈ ਪਾਕਿਸਤਾਨ ਵੱਲੋਂ ਕੀਤੀ ਮਦਦ ਦੀ ਪੇਸ਼ਕਸ਼ ਨੂੰ ਭਾਰਤੀ ਫੌਜ ਵੱਲੋਂ ਲੈਫਟੀਨੈਂਟ ਜਨਰਲ ਰਣਬੀਰ ਸਿੰਘ ਨੇ ਇਹ ਕਹਿੰਦਿਆਂ ਠੁਕਰਾ ਦਿੱਤਾ ਸੀ ਕਿ ਭਾਰਤੀ ਫੌਜ ਕੋਲ ਹਰ ਸੰਭਵ ਸਾਧਨ ਮੌਜੂਦ ਹਨ ਅਤੇ ਬਚਾਅ ਕਾਰਜ ਜਾਰੀ ਹਨ। ਫੌਜ ਦੇ ਸੂਤਰਾਂ ਅਨੁਸਾਰ ਪਾਕਿ ਡੀ.ਜੀ.ਐਮ. ਓ. ਮੇਜਰ ਜਨਰਲ ਅਮੀਰ ਰਿਆਜ਼ ਨੇ ਫੋਨ 'ਤੇ ਬਚਾਅ ਕਾਰਜਾਂ ਲਈ ਮਦਦ ਲਈ ਪੇਸ਼ਕਸ਼ ਕੀਤੀ ਸੀ। ਪਾਕਿਸਤਾਨ ਵੱਲੋਂ ਮਦਦ ਦੀ ਪੇਸ਼ਕਸ਼ ਘਟਨਾ ਦੇ 30 ਘੰਟਿਆਂ ਮਗਰੋਂ ਕੀਤੀ ਗਈ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਿਆਚਿਨ ਹਾਦਸੇ 'ਤੇ ਗਹਿਰਾ ਦੁੱਖ ਪ੍ਰਗਟ ਪ੍ਰਗਟ ਕੀਤਾ ਹੈ। ਪ੍ਰਧਾਨ ਮੰਤਰੀ ਨੇ ਮ੍ਰਿਤਕ ਜਵਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ 10 ਬਹਾਦਰ ਜਵਾਨਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਦੇਸ਼ ਜਵਾਨਾਂ ਦੀ ਬਹਾਦਰੀ ਨੂੰ ਸਲਾਮ ਕਰਦਾ ਹੈ।

# ਫਰਾਂਸ ਵਿਚ ਪੱਗ 'ਤੇ ਕੋਈ ਰੋਕ ਨਹੀਂ?

**ਨਵੀਂ ਦਿੱਲੀ:** ਫਰਾਂਸ ਅੰਬੈਸੀ ਨੇ ਇਹ ਦਾਅਵਾ ਕੀਤਾ ਹੈ ਕਿ ਫਰਾਂਸ 'ਚ ਜਨਤਕ ਥਾਂਵਾਂ ਉਤੇ ਪੱਗ ਬੰਨ੍ਹਣ ਲਈ ਸਿੱਖਾਂ ਉਤੇ ਕੋਈ ਰੋਕ ਨਹੀਂ ਹੈ। ਫਰਾਂਸ ਸਰਕਾਰ ਵੱਲੋਂ ਇਹ ਪ੍ਰਤੀਕ੍ਰਿਆ ਸਿੱਖਾਂ ਵੱਲੋਂ ਫਰਾਂਸ 'ਚ ਪੱਗ ਦੇ ਮੁੱਦੇ 'ਤੇ ਆਈਆਂ ਕਈ ਮੁਸ਼ਕਲਾਂ ਦੇ ਹੱਲ ਲਈ ਕੀਤੇ ਜਾ ਰਹੇ ਸੰਘਰਸ਼ 'ਤੇ ਦਿੱਤੀ ਗਈ ਹੈ। ਸਿੱਖ ਭਾਈਚਾਰਾ ਇਸ ਗੱਲ ਤੋਂ ਖਫ਼ਾ ਹੈ ਕਿ ਫਰਾਂਸ ਦੇ ਰਾਸ਼ਟਰਪਤੀ ਦੀ ਭਾਰਤੀ ਫੇਰੀ ਮੌਕੇ ਉਨ੍ਹਾਂ ਕੋਲ ਪੱਗ ਦਾ ਮੁੱਦਾ ਨਹੀਂ ਉਠਾਇਆ ਗਿਆ। ਫਰਾਂਸ ਸਰਕਾਰ ਨੇ ਕਿਹਾ ਕਿ ਪਬਲਿਕ ਸਕੂਲਾਂ ਦੇ ਬਾਹਰ ਤੇ ਜਨਤਕ ਥਾਂਵਾਂ 'ਤੇ ਹਰ ਪੱਖੋਂ ਪੱਗ ਬੰਨ੍ਹਣ ਦੀ ਆਗਿਆ ਹੈ, ਹਾਲਾਂਕਿ ਸਕੂਲਾਂ ਦੇ ਅੰਦਰ ਜ਼ਰੂਰ ਪੱਗ ਬੰਨ੍ਹਣ ਉਤੇ ਪਾਬੰਦੀ ਲਾਈ ਗਈ ਹੈ।

ਗਰਮਖਿਆਲੀ ਸੰਸਥਾਵਾਂ ਵੱਲੋਂ ਲਾਏ ਇਲਜ਼ਾਮ ਗਲਤ ਹਨ। ਸੁਰੱਖਿਆ ਕਾਰਨਾਂ ਦੇ ਚੱਲਦੇ ਜਨਤਕ ਥਾਂਵਾਂ 'ਤੇ ਸਿਰਫ ਬੁਰਕਾ ਪਹਿਨਣ 'ਤੇ ਰੋਕ ਲਾਈ ਗਈ ਹੈ। ਫਰਾਂਸ ਅੰਬੈਸੀ ਨੇ ਸਾਫ ਕਿਹਾ ਕਿ ਸਿੱਖਾਂ ਦੇ ਧਾਰਮਿਕ ਸਥਾਨਾਂ ਉਤੇ ਗਲੀਆਂ ਵਿਚ ਵੀ ਪੱਗ ਬੰਨ੍ਹਣ 'ਤੇ ਕੋਈ ਰੋਕ ਨਹੀਂ ਲਾਈ ਗਈ ਹੈ। ਦਰਅਸਲ, ਫਰਾਂਸ ਰਹਿੰਦੇ ਸਿੱਖਾਂ ਨੂੰ ਕਈ ਵਾਰ ਪੱਗ ਲਾਹੁਣ ਲਈ ਮਜਬੂਰ ਹੋਣਾ ਪੈਂਦਾ ਹੈ। ਕੋਈ ਵੀ ਸਰਕਾਰੀ ਦਸਤਾਵੇਜ਼ ਜਿਵੇਂ ਡਰਾਈਵਿੰਗ ਲਾਇਸੈਂਸ ਵਗੈਰਾ ਬਣਵਾਉਣ ਲਈ ਬਿਨਾਂ ਪੱਗ ਦੇ ਨੰਗੇ ਸਿਰ ਫੋਟੋ ਖਿਚਵਾਉਣੀ ਪੈਂਦੀ ਹੈ।

ਸਥਾਨਕ ਸਿੱਖ ਜਥੇਬੰਦੀਆਂ ਫਰਾਂਸ ਵਿਚ ਪੱਗ ਬੰਨ੍ਹਣ ਦੀ ਆਜ਼ਾਦੀ ਦਾ ਅਧਿਕਾਰ ਲੈਣ ਲਈ ਲਗਾਤਾਰ ਸੰਘਰਸ਼ ਕਰ ਰਹੀਆਂ ਹਨ। ਕਈ ਵਾਰ ਮਸਲਾ ਭਾਰਤ ਸਰਕਾਰ ਕੋਲ ਚੁੱਕਿਆ ਜਾ ਚੁੱਕਾ ਹੈ। ਐਸ.ਜੀ.ਪੀ.ਸੀ. ਵੀ ਇਸ ਮਾਮਲੇ ਵਿਚ ਭਾਰਤ ਤੇ ਫਰਾਂਸ ਸਰਕਾਰ ਨੂੰ ਪੱਤਰ ਲਿਖ ਚੁੱਕੀ ਹੈ। ਸਿੱਖ ਸੰਸਥਾਵਾਂ ਨੇ ਪੀ.ਐਮ. ਮੋਦੀ ਨੂੰ 26 ਜਨਵਰੀ ਮੌਕੇ ਗਣਤੰਤਰ ਦਿਵਸ ਪਰੇਡ ਵਿਚ ਸ਼ਾਮਲ ਹੋਣ ਲਈ ਭਾਰਤ ਪਹੁੰਚੇ ਫਰਾਂਸੀਸੀ ਰਾਸ਼ਟਰਪਤੀ ਕੋਲ ਇਹ ਮਾਮਲਾ ਚੁੱਕਣ ਦੀ ਅਪੀਲ ਵੀ ਕੀਤੀ ਸੀ, ਪਰ ਸਰਕਾਰ ਨੇ ਇਹ ਮਾਮਲਾ ਨਹੀਂ ਚੁੱਕਿਆ। ਇਸ ਵਾਰ ਦੀ ਗਣਤੰਤਰ ਦਿਵਸ ਪਰੇਡ 'ਚ ਸਿੱਖ ਫੌਜ ਦੀ ਟੁਕੜੀ ਨੂੰ ਵੀ ਥਾਂ ਨਹੀਂ ਦਿੱਤੀ ਗਈ। ਇਸ ਤੋਂ ਬਾਅਦ ਸਿੱਖ ਜਥੇਬੰਦੀਆਂ 'ਚ ਕਾਫੀ ਰੋਸ ਦੇਖਿਆ ਜਾ ਰਿਹਾ ਸੀ। ਇਸ ਤੋਂ ਬਾਅਦ ਹੁਣ ਫਰਾਂਸ ਸਰਕਾਰ ਨੇ ਇਹ ਸਫਾਈ ਦਿੱਤੀ ਹੈ।




### ਫਰਾਂਸ ਦੇ ਸਿੱਖਾਂ ਵੱਲੋਂ ਸਵਾਲ

**ਪੈਰਿਸ:** ਦਿੱਲੀ ਸਥਿਤ ਫਰਾਂਸ ਦੂਤਾਵਾਸ ਵੱਲੋਂ ਦਸਤਾਰ ਉਤੇ ਕਿਸੇ ਤਰ੍ਹਾਂ ਦੀ ਪਾਬੰਦੀ ਨਾ ਹੋਣ ਸਬੰਧੀ ਜਾਰੀ ਬਿਆਨ ਨੂੰ ਫਰਾਂਸ ਵਿਚ ਰਹਿਣ ਵਾਲੇ ਸਿੱਖਾਂ ਨੇ ਹਾਸੋਹੀਣਾ ਕਰਾਰ ਦਿੱਤਾ ਹੈ। ਫਰਾਂਸ ਦੇ ਰਾਸ਼ਟਰਪਤੀ ਦੀ ਭਾਰਤ ਫੇਰੀ ਤੋਂ ਬਾਅਦ ਉਠੇ ਵਿਵਾਦ ਮਗਰੋਂ ਅੰਬੈਸੀ ਨੇ ਦਾਅਵਾ ਕੀਤਾ ਸੀ ਕਿ ਦੇਸ਼ ਵਿਚ ਰਹਿਣ ਵਾਲੇ ਸਿੱਖਾਂ ਲਈ ਜਨਤਕ ਸਥਾਨਾਂ ਉੱਤੇ ਦਸਤਾਰ ਸਬੰਧੀ ਕੋਈ ਪਾਬੰਦੀ ਨਹੀਂ ਲਾਈ ਗਈ। ਦੂਜੇ ਪਾਸੇ ਪੈਰਿਸ ਵਿਚ ਪਿਛਲੇ 20 ਸਾਲ ਤੋਂ ਰਹਿਣ ਵਾਲੇ ਰਘੁਬੀਰ ਸਿੰਘ ਕੁਹਾੜ ਦਾ ਕਹਿਣਾ ਹੈ ਕਿ ਜਨਤਕ ਸਥਾਨਾਂ ਉਤੇ ਫਰਾਂਸ ਵਿਚ ਪਹਿਲਾਂ ਹੀ ਸਿੱਖਾਂ ਨੂੰ ਕੋਈ ਰੋਕ ਨਹੀਂ। ਅੰਬੈਸੀ ਦੇ ਤਾਜ਼ਾ ਦਾਅਵੇ ਵਿਚ ਕੁਝ ਨਵਾਂ ਨਹੀਂ ਹੈ।

ਦਸਤਾਰ ਉਤੇ ਰੋਕ ਸਰਕਾਰੀ ਦਫਤਰਾਂ, ਸਕੂਲਾਂ-ਕਾਲਜਾਂ ਵਿਚ ਜਾਰੀ ਹੈ। ਫਰਾਂਸ ਦੇ ਵਿੱਦਿਅਕ ਅਦਾਰਿਆਂ ਵਿਚ ਸਿੱਖ ਬੱਚਿਆਂ ਨੂੰ ਨੰਗੇ ਸਿਰ ਪੜ੍ਹਨ ਲਈ ਜਾਣਾ ਪੈਂਦਾ ਹੈ। ਕੁਝ ਹੋਰ ਸਿੱਖਾਂ ਨੇ ਦੱਸਿਆ ਕਿ ਵਿੱਦਿਅਕ ਤੇ ਸਰਕਾਰੀ ਅਦਾਰਿਆਂ ਵਿਚ ਸਿੱਖਾਂ ਦੇ ਦਸਤਾਰ ਬੰਨ੍ਹਣ ਉੱਤੇ ਪਾਬੰਦੀ ਹੈ। ਫਰਾਂਸ ਵਿਚ ਤਕਰੀਬਨ 30 ਹਜ਼ਾਰ ਸਿੱਖ ਰਹਿੰਦੇ ਹਨ।

# ਸੁਖਬੀਰ ਵੱਲੋਂ 2017 ਦੀਆਂ ਚੋਣਾਂ ਦੇ ਬਾਈਕਾਟ ਦੀ ਸਲਾਹ



**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਖਡੂਰ ਸਾਹਿਬ ਜ਼ਿਮਨੀ ਚੋਣ ਦਾ ਬਾਈਕਾਟ ਕਰਨ ਵਾਲੇ ਸਾਬਕਾ ਕਾਂਗਰਸੀ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੂੰ ਸਲਾਹ ਦਿੱਤੀ ਹੈ ਕਿ ਜੇਕਰ ਉਨ੍ਹਾਂ ਦਾ ਚੋਣ ਨਾ ਲੜਨ ਦਾ ਫੈਸਲਾ ਸਹੀ ਹੈ ਤਾਂ ਉਹ 2017 ਦੀਆਂ ਵਿਧਾਨ ਸਭਾ ਚੋਣਾਂ ਦਾ ਵੀ ਬਾਈਕਾਟ ਕਰਨ।

ਸੁਖਬੀਰ ਨੇ ਕਿਹਾ ਕਿ ਖਡੂਰ ਸਾਹਿਬ ਜ਼ਿਮਨੀ ਚੋਣ ਅਕਾਲੀ ਦਲ ਹੀ ਜਿੱਤੇਗਾ ਕਿਉਂਕਿ ਪੰਜਾਬ ਦੇ ਲੋਕ ਉਨ੍ਹਾਂ ਨੂੰ ਹੀ ਪਸੰਦ ਕਰਦੇ ਹਨ ਜੋ ਜੰਗ ਦੇ ਮੈਦਾਨ ਵਿਚ ਡਟ ਕੇ ਖੜ੍ਹੇ ਰਹਿੰਦੇ ਹਨ ਨਾ ਕਿ ਜੋ ਮੈਦਾਨ ਛੱਡ ਕੇ ਭੱਜ ਜਾਂਦੇ ਹਨ। ਪਿਛਲੇ ਦਿਨੀਂ ਸਿੱਕੀ ਵੱਲੋਂ ਕਾਂਗਰਸ ਦੇ ਚੋਣ ਨਾ ਲੜਨ ਦੇ ਬਾਵਜੂਦ ਅਕਾਲੀਆਂ ਅੰਦਰ ਡਰ ਦੇ ਮਾਹੌਲ ਬਾਰੇ ਦਿੱਤੇ ਬਿਆਨ 'ਤੇ ਉਨ੍ਹਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਇਕਜੁੱਟ ਹੋ ਕੇ ਚੱਲਦਾ ਹੈ ਤੇ ਇਸੇ ਕਰਕੇ ਪੂਰੇ ਪੰਜਾਬ ਦੇ ਲੀਡਰ ਖਡੂਰ ਸਾਹਿਬ ਵਿਚ ਪੁੱਜੇ ਹਨ। ਸਿੱਕੀ ਨੇ ਕਿਹਾ ਸੀ ਕਿ ਅਕਾਲੀ ਉਮੀਦਵਾਰ ਦੇ ਸਾਹਮਣੇ ਕੋਈ ਵੀ ਟੱਕਰ ਦੇਣ ਵਾਲਾ ਉਮੀਦਵਾਰ ਨਾ ਹੋਣ ਦੇ ਬਾਵਜੂਦ ਅਕਾਲੀ ਦਲ ਦੇ ਅੰਦਰ ਲੋਕਾਂ ਦੀ ਦਹਿਸ਼ਤ ਹੈ।

## ਪਾਕਿ ਵਿਚ ਫੌਜੀ ਕਾਫਲੇ 'ਤੇ ਦਹਿਸ਼ਤੀ ਹਮਲਾ, ਨੌਂ ਹਲਾਕ

**ਕਰਾਚੀ:** ਪਾਕਿਸਤਾਨ ਦੇ ਗੜਬੜ ਵਾਲੇ ਸੂਬੇ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਵਿਚ ਫਰੰਟੀਅਰ ਕੋਰ ਦੇ ਕਾਫਲੇ 'ਤੇ ਕੀਤੇ ਗਏ ਤਾਲਿਬਾਨੀ ਆਤਮਘਾਤੀ ਹਮਲੇ ਵਿਚ ਚਾਰ ਸੁਰੱਖਿਆ ਕਰਮੀਆਂ ਤੇ ਇਕ ਅੱਠ ਸਾਲਾ ਬੱਚੀ ਸਮੇਤ ਨੌਂ ਵਿਅਕਤੀਆਂ ਦੀ ਮੌਤ ਹੋ ਗਈ ਅਤੇ 40 ਹੋਰ ਜਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਮਲਾ ਕੋਇਟਾ ਦੇ ਕਚਾਰੀ ਖੇਤਰ ਵਿਚ ਜ਼ਿਲ੍ਹਾ ਕਚਹਿਰੀਆਂ ਨੇੜੇ ਹੋਇਆ। ਹਮਲੇ ਵਿਚ ਤਕਰੀਬਨ ਨੌਂ ਵਿਅਕਤੀਆਂ ਦੀ ਮੌਤ ਗਈ।

# ਚਿਤਾਵਨੀ ਦੇ ਬਾਵਜੂਦ ਉੱਤਰੀ ਕੋਰੀਆ ਨੇ ਦਾਗਿਆ ਰਾਕੇਟ

**ਸਿਓਲ/ਸੰਯੁਕਤ ਰਾਸ਼ਟਰ:** ਉੱਤਰੀ ਕੋਰੀਆ ਨੇ ਸੰਯੁਕਤ ਰਾਸ਼ਟਰ ਦੇ ਪ੍ਰਸਤਾਵਾਂ ਦੀ ਉਲੰਘਣਾ ਕਰਦਿਆਂ ਆਪਣੇ ਲੰਬੀ ਦੂਰੀ ਦੇ ਰਾਕੇਟ ਨੂੰ ਪਾਬੰਦੀਆਂ ਦੀ ਪਰਵਾਹ ਕੀਤੇ ਬਿਨਾਂ ਦਾਗ ਦਿੱਤਾ। ਉੱਤਰੀ ਕੋਰੀਆ ਦੇ ਟੀ.ਵੀ. ਉਤੇ ਵਿਸ਼ੇਸ਼ ਪ੍ਰਸਾਰਣ ਦੌਰਾਨ ਦੱਸਿਆ ਗਿਆ ਕਿ ਉਪਗ੍ਰਹਿ ਕਵਾਂਗਮਓਂਗ ਸਫਲਤਾ ਪੂਰਵਕ ਆਪਣੇ ਗ੍ਰਹਿਪਥ 'ਤੇ ਸਥਾਪਤ ਹੋ ਗਿਆ ਹੈ।

ਉੱਤਰੀ ਕੋਰੀਆ ਵੱਲੋਂ ਰਾਕੇਟ ਦਾਗਣ ਦੀ ਕਾਰਵਾਈ ਨੂੰ ਅਮਰੀਕਾ ਤੇ ਦੱਖਣੀ ਕੋਰੀਆ ਨੇ ਖੇਤਰ 'ਚ ਅਸਥਿਰਤਾ ਪੈਦਾ ਕਰਨ ਵਾਲਾ ਤੇ ਉਕਸਾਉਣ ਵਾਲਾ ਕਦਮ ਕਰਾਰ ਦਿੱਤਾ ਹੈ ਜਦੋਂ ਕਿ ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨੇ ਇਸ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਸਤਾਵਾਂ ਦੀ ਖੁੱਲ੍ਹੀ ਉਲੰਘਣਾ ਦੱਸਿਆ ਹੈ ਤੇ ਕੋਰੀਆ 'ਤੇ ਨਵੇਂ ਸਿਰਿਓ ਪਾਬੰਦੀਆਂ ਲਗਾਉਣ ਦੀ ਮੰਗ ਕੀਤੀ ਹੈ।

ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਇਸ ਪ੍ਰੀਖਣ ਸਬੰਧੀ ਨਿਊਯਾਰਕ ਵਿਚ ਹੰਗਾਮੀ ਬੈਠਕ ਬੁਲਾ ਕੇ ਜਾਪਾਨ ਇਸ ਮਾਮਲੇ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਅੰਤਰਰਾਸ਼ਟਰੀ ਭਾਈਚਾਰੇ ਨੇ ਉੱਤਰੀ ਕੋਰੀਆ ਦੇ ਇਸ ਪ੍ਰੀਖਣ ਨੂੰ ਲੁਕਿਆ ਹੋਇਆ ਬਲਾਸਟਿਕ ਮਿਜ਼ਾਈਲ ਪ੍ਰੀਖਣ ਦੱਸਿਆ ਹੈ ਜੋ ਉਸ ਵੱਲੋਂ ਪਿਛਲੇ ਮਹੀਨੇ ਕੀਤੇ ਪਰਮਾਣੂ ਪ੍ਰੀਖਣ ਤੋਂ ਬਾਅਦ ਇਕ ਵਾਰ ਮੁੜ ਸੰਯੁਕਤ ਰਾਸ਼ਟਰ ਦੇ ਪ੍ਰਸਤਾਵਾਂ ਦੀ ਗੰਭੀਰ ਉਲੰਘਣਾ ਹੈ।

## ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ

**ਅੰਮ੍ਰਿਤਸਰ:** ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ ਜਾਰੀ ਹੈ, ਪਰ ਸਿਹਤ ਵਿਭਾਗ ਅਜੇ ਪੂਰੀ ਤਰ੍ਹਾਂ ਹਰਕਤ ਵਿਚ ਨਹੀਂ ਆਇਆ। ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ 18 ਮੌਤਾਂ ਹੋ ਚੁੱਕੀਆਂ ਹਨ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਹਸਪਤਾਲ ਵਿਚ ਦਾਖਲ ਸਵਾਈਨ ਫਲੂ ਦੇ ਮਰੀਜ਼ ਦੀ ਮੌਤ ਹੋ ਗਈ। ਮ੍ਰਿਤਕ ਦਾ ਨਾਂ ਮਨਜੀਤ ਸਿੰਘ ਹੈ ਤੇ ਉਹ ਬਟਾਲਾ ਦਾ ਰਹਿਣ ਵਾਲਾ ਹੈ। ਜਾਣਕਾਰੀ ਮੁਤਾਬਕ ਮਨਜੀਤ ਸਿੰਘ ਨੂੰ ਕੁਝ ਦਿਨ ਪਹਿਲਾਂ ਹਸਪਤਾਲ ਦੀ ਵਿਸ਼ੇਸ਼ ਸਵਾਈਨ ਫਲੂ ਲੈਬ ਵਿਚ ਭਾਰਤੀ ਕਰਵਾਇਆ ਗਿਆ ਸੀ। ਦੱਸਣਯੋਗ ਹੈ ਕਿ ਸਵਾਈਨ ਫਲੂ ਨਾਲ ਪੰਜਾਬ ਵਿਚ ਹੁਣ ਤੱਕ 18 ਮੌਤਾਂ ਹੋ ਚੁੱਕੀਆਂ ਹਨ। ਹੁਣ ਤੱਕ 124 ਸੈਂਪਲ ਲਏ ਗਏ ਹਨ ਜਿਨ੍ਹਾਂ ਵਿਚੋਂ 33 ਦੀ ਪੁਸ਼ਟੀ ਹੋਈ ਹੈ।

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash
Grand Opening
• 8 Drive Tires For $3300
Kelly KDA
• Two Steer Tire Michelin $1150
Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਰੀਅਲ ਅਸਟੇਟ ਦੇ ਕਾਰੋਬਾਰ ਨੇ ਪੱਟੇ ਵਜ਼ੀਰ



**ਬਠਿੰਡਾ:** ਭਾਰਤ ਦੇ ਕੇਂਦਰੀ ਵਜ਼ੀਰਾਂ ਵੱਲੋਂ ਜ਼ਿਆਦਾ ਨਿਵੇਸ਼ ਰੀਅਲ ਅਸਟੇਟ ਵਿਚ ਕੀਤਾ ਹੋਇਆ ਹੈ। ਮੁਲਕ ਦੇ ਵੱਡੀ ਗਿਣਤੀ ਲੋਕਾਂ ਨੂੰ ਅਜੇ ਛੱਤ ਨਸੀਬ ਨਹੀਂ ਹੋਈ ਹੈ, ਪਰ ਇਨ੍ਹਾਂ ਵਜ਼ੀਰਾਂ ਕੋਲ ਆਲੀਸ਼ਾਨ ਮਕਾਨਾਂ ਦੀ ਕੋਈ ਕਮੀ ਨਹੀਂ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਪਿੰਡ ਬਾਦਲ ਵਿਚਲੇ ਵੱਡੇ 'ਰੈਣ ਬਸੇਰਾ' ਨੇ ਪੂਰੀ ਵਜ਼ਾਰਤ ਪਛਾੜ ਦਿੱਤੀ ਹੈ।

ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਕੋਲ ਸਭ ਤੋਂ ਵੱਧ ਕੀਮਤੀ ਮਕਾਨ ਹਨ। ਬੀਬਾ ਬਾਦਲ ਦੀ ਗਹਿਣੇ-ਗੱਟੇ ਦੇ ਮਾਮਲੇ ਵਿਚ ਵੀ ਪੂਰੀ ਵਜ਼ਾਰਤ ਉਤੇ ਝੰਡੀ ਹੈ। ਪ੍ਰਧਾਨ ਮੰਤਰੀ ਦਫਤਰ ਵੱਲੋਂ ਦਿੱਤੇ ਗਏ ਵੇਰਵਿਆਂ ਅਨੁਸਾਰ ਕੇਂਦਰੀ ਵਜ਼ੀਰਾਂ ਕੋਲ ਕਈ ਕਈ ਮਕਾਨ ਹਨ। 26 ਵਜ਼ੀਰਾਂ ਕੋਲ 166.46 ਕਰੋੜ ਦੇ ਆਪਣੇ ਨਿੱਜੀ ਮਕਾਨ ਹਨ, ਜਿਨ੍ਹਾਂ 'ਚੋਂ ਸਭ ਤੋਂ ਵੱਧ ਅਰੁਣ ਜੇਤਲੀ ਕੋਲ 62.80 ਕਰੋੜ ਦੇ ਪੰਜ ਮਕਾਨ ਤੇ ਫਲੈਟ ਹਨ ਜਦੋਂ ਕਿ ਬੀਬਾ ਬਾਦਲ ਕੋਲ 38.42 ਕਰੋੜ ਦੇ ਤਿੰਨ ਮਕਾਨ ਹਨ। ਘਰਾਂ ਦੀ ਕੀਮਤ ਵਿਚ ਸ੍ਰੀ ਜੇਤਲੀ ਦਾ ਹੱਥ ਉਚਾ ਹੈ ਜਦੋਂ ਕਿ ਮਕਾਨ ਦੇ ਆਕਾਰ ਵਿਚ ਬੀਬਾ ਬਾਦਲ ਅੱਗੇ ਹਨ।

ਬੀਬਾ ਬਾਦਲ ਦਾ ਪਿੰਡ ਬਾਦਲ ਵਿਚ ਨਵਾਂ ਆਲੀਸ਼ਾਨ ਮਕਾਨ ਹੈ। ਇਸ ਮਕਾਨ ਦੀ ਕੀਮਤ 12.84 ਕਰੋੜ ਰੁਪਏ ਹੈ, ਜਿਸ ਵਿਚੋਂ 11.08 ਕਰੋੜ ਰੁਪਏ ਤਾਂ ਇਕੱਲੇ ਮਕਾਨ ਬਣਾਉਣ ਉਤੇ ਖਰਚ ਹੋਏ ਹਨ। ਨਾਲ ਹੀ ਸਟੱਡ ਫਾਰਮ ਵੀ ਹੈ। ਬਾਦਲ ਪਰਿਵਾਰ ਦਾ ਪਿੰਡ ਬਾਦਲ ਵਿਚ, ਜੋ ਪੁਰਾਣਾ ਮਕਾਨ ਹੈ, ਉਸ ਦੀ ਕੀਮਤ 50 ਲੱਖ ਦੱਸੀ ਜਾ ਰਹੀ ਹੈ। ਬਾਦਲ ਪਰਿਵਾਰ ਦੇ ਚੰਡੀਗੜ੍ਹ ਵਿਚਲੇ ਮਕਾਨ ਦੀ ਕੀਮਤ 23.78 ਕਰੋੜ ਰੁਪਏ ਦੱਸੀ ਗਈ ਹੈ ਜਦੋਂ ਕਿ ਹਰਿਆਣਾ ਦੇ ਬਾਲਾਸਰ ਵਾਲੇ ਮਕਾਨ ਦੀ ਕੀਮਤ 1.80 ਕਰੋੜ ਰੁਪਏ ਹੈ। ਪਿੰਡ ਬਾਦਲ ਵਿਚਲੇ ਮਕਾਨ ਵਿਚ 1.66 ਕਰੋੜ ਰੁਪਏ ਦਾ ਇਕੱਲਾ ਫਰਨੀਚਰ ਹੀ ਹੈ ਜਦੋਂ ਕਿ 22.50 ਲੱਖ ਦਾ ਜੈਨਰੇਟਰ ਸੈੱਟ ਹੈ। ਬੀਬਾ ਬਾਦਲ ਕੋਲ 9.50 ਕਰੋੜ ਦੇ ਪਲਾਟ ਤੇ 4.03 ਕਰੋੜ ਦੀ ਖੇਤੀ ਵਾਲੀ ਜ਼ਮੀਨ ਹੈ।

ਉਨ੍ਹਾਂ ਕੋਲ ਕੇਂਦਰੀ ਵਜ਼ੀਰਾਂ 'ਚੋਂ ਸਭ ਤੋਂ ਜ਼ਿਆਦਾ 5.47 ਕਰੋੜ ਦੀ ਜਿਊਲਰੀ ਹੈ ਜਦੋਂ ਕਿ ਅਰੁਣ ਜੇਤਲੀ ਕੋਲ 2.11 ਕਰੋੜ ਦੀ ਜਿਊਲਰੀ ਹੈ। ਮੇਨਕਾ ਗਾਂਧੀ ਕੋਲ 1.47 ਕਰੋੜ ਤੇ ਸਮ੍ਰਿਤੀ ਇਰਾਨੀ ਕੋਲ 19.95 ਲੱਖ ਦੀ ਜਿਊਲਰੀ ਹੈ। ਕੇਂਦਰੀ ਮੰਤਰੀ ਨਜ਼ਮਾ ਹੈਪਤੁੱਲਾ, ਰਾਮ ਵਿਲਾਸ ਪਾਸਵਾਨ ਅਤੇ ਕਲਰਾਜ ਮਿਸ਼ਰਾ ਕੋਲ ਆਪਣਾ ਕੋਈ ਮਕਾਨ ਹੀ ਨਹੀਂ ਹੈ ਜਦੋਂ ਕਿ ਨਿਤਿਨ ਗਡਕਰੀ ਕੋਲ 11.30 ਕਰੋੜ ਦੇ ਪੰਜ ਮਕਾਨ ਤੇ ਫਲੈਟ ਹਨ। ਚੌਧਰੀ ਬੀਰੇਂਦਰ ਸਿੰਘ ਕੋਲ 4.82 ਕਰੋੜ ਦੇ ਛੇ ਮਕਾਨ ਹਨ ਅਤੇ 3.64 ਕਰੋੜ ਦੀ ਵਪਾਰਕ ਸੰਪਤੀ ਹੈ। ਸਮ੍ਰਿਤੀ ਇਰਾਨੀ ਕੋਲ 3.05 ਕਰੋੜ ਦੇ ਚਾਰ ਮਕਾਨ ਤੇ ਫਲੈਟ ਹਨ ਜਦੋਂ ਕਿ ਡਾ. ਹਰਸ਼ ਵਰਧਨ ਕੋਲ 1.09 ਕਰੋੜ ਦੇ ਤਿੰਨ ਮਕਾਨ ਹਨ।

ਮੰਤਰੀ ਨਰੇਂਦਰ ਤੋਮਰ ਕੋਲ 40 ਲੱਖ ਦੇ ਪਲਾਟ, ਜੇ.ਪੀ. ਨੱਢਾ ਕੋਲ 49 ਲੱਖ ਦੇ, ਰਾਧਾ ਮੋਹਨ ਸਿੰਘ ਕੋਲ 70 ਲੱਖ ਦੇ, ਨਜ਼ਮਾ ਹੈਪਤੁੱਲਾ ਕੋਲ 2 ਕਰੋੜ ਦੇ ਪਲਾਟ ਹਨ। ਅਨੀਸ਼ ਕੁਮਾਰ ਕੋਲ 1.86 ਕਰੋੜ ਤੇ ਰਵੀ ਸ਼ੰਕਰ ਪ੍ਰਸਾਦ ਕੋਲ 90 ਲੱਖ ਦੇ ਪਲਾਟ ਹਨ।

ਮਨੋਹਰ ਪਰੀਕਰ ਕੋਲ 64.33 ਲੱਖ ਤੇ ਸਦਾਨੰਦ ਗੌੜਾ ਕੋਲ 78.75 ਲੱਖ ਦੇ ਪਲਾਟ ਹਨ। ਰਿਹਾਇਸ਼ੀ ਮਕਾਨਾਂ ਦੀ ਕੀਮਤ ਤਕਰੀਬਨ ਹਰ ਵਜ਼ੀਰ ਦੀ ਕਰੋੜਾਂ ਵਿਚ ਹੈ। ਚਾਰ ਵਜ਼ੀਰਾਂ ਕੋਲ ਦੋ- ਦੋ ਮਕਾਨ ਹਨ ਜਦੋਂ ਕਿ ਪੰਜ ਵਜ਼ੀਰਾਂ ਕੋਲ ਤਿੰਨ-ਤਿੰਨ ਰਿਹਾਇਸ਼ੀ ਮਕਾਨ ਹਨ। ਦੋ ਵਜ਼ੀਰਾਂ ਕੋਲ ਚਾਰ-ਚਾਰ ਮਕਾਨ ਹਨ। ਵਜ਼ੀਰਾਂ ਦੀ ਇਹ ਸੰਪਤੀ ਆਮ ਲੋਕਾਂ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ।

# ਸਬਸਿਡੀ ਕਢਵਾਉਣ ਲਈ ਪਾਵਰਕਾਮ ਮੁੜ ਸਰਕਾਰ ਦੇ ਦਰਬਾਰ

**ਜਲੰਧਰ:** ਪਿਛਲੇ ਸਾਲ ਦੀ ਰੁਕੀ ਹੋਈ 1000 ਕਰੋੜ ਦੀ ਸਬਸਿਡੀ ਦੀ ਰਕਮ ਲੈਣ ਲਈ ਪਾਵਰਕਾਮ ਵੱਲੋਂ ਸਰਕਾਰ ਤੱਕ ਮੁੜ ਪਹੁੰਚ ਦੀ ਤਿਆਰੀ ਕੀਤੀ ਜਾ ਰਹੀ ਹੈ ਕਿਉਂਕਿ ਮਾਲੀਆ ਨਾ ਵਧਣ ਕਰਕੇ ਤੇ ਖਰਚਿਆਂ 'ਚ ਲਗਾਤਾਰ ਵਾਧਾ ਹੋਣ ਕਾਰਨ ਪਾਵਰਕਾਮ ਦੀ ਵਿੱਤੀ ਸਥਿਤੀ ਡਾਵਾਂਡੋਲ ਹੋਣ ਲੱਗ ਪਈ ਹੈ। ਪਾਵਰਕਾਮ ਆਪਣੇ ਮੁਲਾਜ਼ਮਾਂ ਨੂੰ ਪਹਿਲਾਂ ਤਾਂ ਸਮੇਂ ਸਿਰ ਤਨਖਾਹਾਂ ਦੀ ਅਦਾਇਗੀ ਕਰ ਦਿੰਦਾ ਹੈ, ਪਰ ਜਨਵਰੀ ਮਹੀਨੇ ਦੀ ਤਨਖਾਹ ਵਿਚ ਦੇਰੀ ਨਾਲ ਮੁਲਾਜ਼ਮਾਂ ਦੀ ਚਿੰਤਾ ਵਧਣ ਲੱਗ ਪਈ ਹੈ।

ਅਗਲੇ ਸਾਲ ਚੋਣ ਵਰ੍ਹਾ ਹੋਣ ਕਰਕੇ ਪਾਵਰਕਾਮ ਨੂੰ ਇਸ ਵਾਰ ਵੀ ਆਸ ਨਹੀਂ ਹੈ ਬਿਜਲੀ ਦਰਾਂ ਮਹਿੰਗੀ ਕਰਨ ਲਈ ਪੰਜਾਬ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਕਿਸੇ ਤਰ੍ਹਾਂ ਦੀ ਮਨਜ਼ੂਰੀ ਪ੍ਰਦਾਨ ਕੀਤੀ ਜਾਏਗੀ। ਮਈ 2016 ਤੱਕ ਪਾਵਰਕਾਮ ਨੇ ਨਵੇਂ 50000 ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨੇ ਹਨ ਤੇ ਇਸ ਨਾਲ ਪੰਜਾਬ ਸਰਕਾਰ ਨੂੰ ਪਾਵਰਕਾਮ ਦੀ 300 ਕਰੋੜ ਦੀ ਸਬਸਿਡੀ ਜ਼ਿਆਦਾ ਦੇਣੀ ਪਏਗੀ। ਇਸ ਵੇਲੇ ਖੇਤੀ ਸੈਕਟਰ ਸਮੇਤ 5500 ਕਰੋੜ ਦੀ ਸਲਾਨਾ ਬਿਜਲੀ ਮੁਫਤ ਦਿੱਤੀ ਜਾਂਦੀ ਹੈ। ਉਂਜ ਵੀ ਪਾਵਰਕਾਮ ਦੇ ਖਰਚਿਆਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਾਵਰਕਾਮ ਕੋਲ ਇਸ ਵੇਲੇ 500 ਮੈਗਾਵਾਟ ਵਾਧੂ ਬਿਜਲੀ ਵੀ ਮੌਜੂਦ ਹੈ, ਪਰ ਦੋ ਵਾਰ ਟੈਂਡਰ ਲਗਾਉਣ ਦੇ ਬਾਵਜੂਦ ਖਰੀਦ ਕਰਨ



ਲਈ ਕੋਈ ਤਿਆਰ ਨਹੀਂ ਹੋਇਆ ਹੈ। ਪਾਵਰਕਾਮ ਨੂੰ ਹਰ ਸਾਲ 24000 ਕਰੋੜ ਰੁਪਏ ਦੇ ਕਰੀਬ ਮਾਲੀਆ ਪ੍ਰਾਪਤ ਹੁੰਦਾ ਹੈ ਜਦਕਿ 20000 ਕਰੋੜ ਦੇ ਘਾਟੇ 'ਚ ਹੋਣ ਕਰਕੇ ਉਸ ਨੂੰ ਹਰ ਸਾਲ 2000 ਕਰੋੜ ਤੋਂ ਜ਼ਿਆਦਾ ਦਾ ਕਰਜ਼ੇ ਦੀ ਵਿਆਜ ਦੀ ਰਕਮ ਹੀ ਭਰਨੀ ਪੈਂਦੀ ਹੈ।

# ਬਾਬਰੀ ਮਸਜਿਦ ਢਾਹੁਣ ਬਾਰੇ ਨਰਸਿਮ੍ਹਾ ਰਾਓ ਨੂੰ ਸੀ ਅਗਾਊਂ ਜਾਣਕਾਰੀ

**ਕੋਲਕਾਤਾ:** ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਨਾਲ ਕਾਂਗਰਸ ਦੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਵੀ ਬਾਬਰੀ ਮਸਜਿਦ ਨੂੰ ਢਾਹੁਣ ਦੀ ਘਟਨਾ ਬਾਰੇ ਜਾਣਦੇ ਸਨ ਤੇ ਉਨ੍ਹਾਂ ਇਸ ਨੂੰ ਰੋਕਣ ਬਾਰੇ ਕੁਝ ਨਹੀਂ ਕੀਤਾ। ਇਹ ਖੁਲਾਸਾ ਉਨ੍ਹਾਂ ਆਪਣੀ ਨਵੀਂ ਛਪੀ ਕਿਤਾਬ 'ਸਹਿਸ਼ਣੂਤਾ' (ਸਹਿਣਸ਼ੀਲਤਾ) ਵਿਚ ਕੀਤਾ ਹੈ।

ਮਮਤਾ ਨੇ ਲਿਖਿਆ ਹੈ ਕਿ ਨਰਸਿਮ੍ਹਾ ਰਾਓ ਦੀ ਸਰਕਾਰ 'ਚ ਸੂਚਨਾ ਤੇ ਪ੍ਰਸਾਰ ਮੰਤਰੀ ਅਜੀਤ ਪਾਂਜਾ ਸਨ। ਉਨ੍ਹਾਂ ਮਮਤਾ ਨੂੰ ਦੱਸਿਆ ਸੀ ਕਿ ਮੇਰਾ ਮੰਨਣਾ ਹੈ ਕਿ ਉਸ ਭਿਆਨਕ ਕਾਂਡ 'ਚ ਦੋਵਾਂ ਦੀ ਮਿਲੀਭੁਗਤ ਹੋ ਗਈ ਹੈ। ਮਮਤਾ ਇਹ ਮੰਨਣ ਲਈ ਤਿਆਰ ਨਹੀਂ ਸੀ, ਤਦ ਪਾਂਜਾ ਨੇ ਦੱਸਿਆ ਕਿ ਬਾਬਰੀ ਮਸਜਿਦ ਢਾਹੁਣ ਮੌਕੇ ਦੂਰਦਰਸ਼ਨ 'ਤੇ ਉਸ ਘਟਨਾ ਦਾ ਪ੍ਰਸਾਰਣ ਬੰਦ ਕਰਨ ਲਈ ਉਹ ਨਰਸਿਮ੍ਹਾ ਰਾਓ ਕੋਲ ਗਏ ਸਨ ਤੇ ਉਸ ਵੇਲੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਚੁਪਚਾਪ ਰਹਿ, ਇਸ ਬਾਰੇ ਕੁਝ ਕਰਨ ਦੀ ਲੋੜ ਨਹੀਂ ਹੈ।

**ਮਮਤਾ ਵਲੋਂ ਨਵੀਂ ਕਿਤਾਬ ਵਿਚ ਦਾਅਵਾ**



ਜ਼ਿਕਰਯੋਗ ਹੈ ਕਿ ਬਾਬਰੀ ਕਾਂਡ 'ਚ ਰਾਓ ਨੂੰ ਲੈ ਕੇ ਪਹਿਲਾਂ ਵੀ ਸਵਾਲ ਉਠਾਏ ਗਏ ਸਨ, ਪਰ ਮਮਤਾ ਵਾਂਗ ਸ਼ਾਇਦ ਹੀ ਕਿਸੇ ਨੇ ਖੁੱਲ ਕੇ ਇਸ ਤਰ੍ਹਾਂ ਦੋਸ਼ ਲਾਏ ਹੋਣ।

# ਇੰਜ ਮਿਲਿਆ ਸੀ ਲਾਦਿਨ ਨੂੰ ਅਮਰੀਕਾ ਦਹਿਲਾਉਣ ਦਾ ਆਈਡੀਆ

**ਯੇਰੋਸ਼ਲਮ:** ਉਸਾਮਾ ਬਿਨ-ਲਾਦਿਨ ਨੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ 9/11 ਹਮਲੇ ਦਾ ਆਈਡੀਆ 1999 'ਚ ਮਿਸਰ ਏਅਰਲਾਈਨ ਦੇ ਇਕ ਪਾਇਲਟ ਵੱਲੋਂ ਅਟਲਾਂਟਿਕ ਮਹਾਂਸਾਗਰ ਵਿਚ ਡੇਗੇ ਜਹਾਜ਼ ਮਾਮਲੇ ਤੋਂ ਹੀ ਲਿਆ ਸੀ। ਇਕ ਅਖਬਾਰ ਮੁਤਾਬਕ ਅਲ-ਕਾਇਦਾ ਨੇ ਦਾਅਵਾ ਕੀਤਾ ਹੈ ਕਿ ਮਿਸਰ ਏਅਰਲਾਈਨਜ਼ ਦੇ ਸਹਿ ਪਾਇਲਟ ਗਮਿਲ ਅਲ ਬਤੂਤੀ ਵੱਲੋਂ ਲਾਸ ਏਂਜਲਸ ਤੋਂ ਕੈਰੋ ਜਾ ਰਹੀ ਫਲਾਈਟ ਨੂੰ ਸ਼ਿਕਾਰ ਬਣਾਉਂਦਿਆਂ ਅਟਲਾਂਟਿਕ ਮਹਾਂਸਾਗਰ ਵਿਚ ਡੇਗਿਆ ਗਿਆ ਸੀ। ਇਸ ਹਾਦਸੇ 'ਚ 217 ਲੋਕਾਂ ਦੀ ਜਾਨ ਗਈ ਸੀ। ਉਸਾਮਾ ਨੇ ਜਿਸ ਵੇਲੇ ਇਹ ਖਬਰ ਸੁਣੀ ਸੀ ਤਾਂ ਉਸ ਨੇ ਕਿਹਾ ਸੀ ਕਿ''ਉਸ ਨੇ ਜਹਾਜ਼ ਨੂੰ ਕਿਸੇ ਨੇੜੇ ਦੀ ਇਮਾਰਤ 'ਚ ਮਾਰ ਕੇ ਕਿਉਂ ਨਹੀਂ ਕ੍ਰੈਸ਼ ਕੀਤਾ। ਇਸ ਹਮਲੇ ਤੋਂ ਬਾਅਦ ਹੀ ਉਸ ਨੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ 9/11 ਦੇ ਹਮਲੇ ਦੀ ਸਾਜ਼ਿਸ਼ ਰਚੀ ਸੀ।




# ਸੰਜੇ ਸਿੰਘ ਨੇ ਮਜੀਠੀਆ ਨੂੰ ਵੰਗਾਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਜੇ ਸਿੰਘ ਨੇ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਨੂੰ ਵੰਗਾਰਿਆ ਹੈ। ਸੰਜੇ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਚ ਵਿਰੋਧੀਆਂ 'ਤੇ ਪਰਚੇ ਦਰਜ ਕਰਵਾਏ ਜਾਂਦੇ ਹਨ। ਮਜੀਠੀਆ ਮੇਰੇ 'ਤੇ ਮਾਣਹਾਨੀ ਦਾ ਮੁਕੱਦਮਾ ਕਿਉਂ ਕਰ ਰਹੇ ਹਨ, ਜੇ ਉਨ੍ਹਾਂ ਵਿਚ ਦਮ ਹੈ ਤਾਂ ਉਹ ਮੈਨੂੰ ਪੁਲਿਸ ਤੋਂ ਚੁਕਵਾ ਦੇਣ।

ਉਨ੍ਹਾਂ ਕਿਹਾ ਕਿ ਮਜੀਠੀਆ ਦੇ ਡਰੱਗ ਮਸਲੇ 'ਚ ਕਰਵਾਈ ਇਸ ਲਈ ਨਹੀਂ ਹੋ ਰਹੀ ਕਿਉਂਕਿ ਈ.ਡੀ. ਵਿੱਤ ਮੰਤਰਾਲੇ ਦੇ ਅਧੀਨ ਆਉਂਦੀ ਹੈ ਤੇ ਵਿੱਤ ਮੰਤਰਾਲੇ ਦੇ ਮੰਤਰੀ ਅਰੁਣ ਜੇਤਲੀ ਹਨ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਜੇਤਲੀ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜਨ ਸਮੇਂ ਮਜੀਠੀਆ ਉਨ੍ਹਾਂ ਦੇ ਚੋਣ ਇੰਚਾਰਜ ਸਨ ਤੇ ਇਸ ਲਈ ਉਨ੍ਹਾਂ 'ਤੇ ਕਾਰਵਾਈ ਕਿਵੇਂ ਹੋ ਸਕਦੀ ਹੈ। ਸੰਜੇ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਲੀਡਰਾਂ, ਗੁੰਡਿਆਂ ਤੇ ਪੁਲਿਸ ਵਾਲਿਆਂ ਦਾ ਗਠਜੋੜ ਹੈ ਤੇ ਇਹ ਗਠਜੋੜ ਕਿਸੇ ਨੂੰ ਵੀ ਆਜ਼ਾਦੀ ਨਾਲ ਬੋਲਣ, ਲਿਖਣ ਨਹੀਂ ਦਿੰਦਾ।

ਜਿਹੜਾ ਵੀ ਇਨ੍ਹਾਂ ਖਿਲਾਫ ਆਵਾਜ਼ ਉਠਾਉਂਦਾ ਹੈ, ਉਸ 'ਤੇ ਕਾਰਵਾਈ ਹੁੰਦੀ ਹੈ।



ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿਚ ਪਰਿਵਾਰ ਜੋੜੋ ਮੁਹਿੰਮ ਸ਼ੁਰੂ ਕਰਨ ਜਾ ਰਹੀ ਹੈ ਜਿਸ 'ਚ ਪੰਜਾਬ ਦੇ 75000 ਪਰਿਵਾਰਾਂ ਨੂੰ ਪਾਰਟੀ ਨਾਲ ਜੋੜਿਆ ਜਾਵੇ। ਇਨ੍ਹਾਂ ਪਰਿਵਾਰਾਂ ਦੇ ਘਰ ਵਰਕਰ ਜਾ ਕੇ ਵਿਸ਼ੇਸ਼ ਬੈਨਰ ਲਾਉਣਗੇ ਤਾਂ ਕਿ ਇਹ ਪਰਿਵਾਰ 'ਆਪ' ਨਾਲ ਜੁੜਨ 'ਤੇ ਮਾਣ ਮਹਿਸੂਸ ਕਰ ਸਕਣ।

# ਪੰਜਾਬ ਨੂੰ ਅਸ਼ਾਂਤ ਦੱਸਣ ਵਾਲੇ ਰਿਜੀਜੂ ਦੀ ਕੇਂਦਰ ਕੋਲ ਸ਼ਿਕਾਇਤ

**ਚੰਡੀਗੜ੍ਹ:** ਪੰਜਾਬ ਦੇ ਸੰਸਦ ਮੈਂਬਰਾਂ ਨੇ ਕੇਂਦਰੀ ਗ੍ਰਿਹ ਰਾਜ ਮੰਤਰੀ ਕਿਰਨ ਰਿਜੀਜੂ ਵੱਲੋਂ ਪੰਜਾਬ ਨੂੰ 'ਗੜਬੜ ਵਾਲਾ ਸੂਬਾ' ਦੱਸਣ ਵਿਰੁੱਧ ਗ੍ਰਿਹ ਮੰਤਰੀ ਰਾਜਨਾਥ ਸਿੰਘ ਕੋਲ ਰੋਸ ਦਰਜ ਕਰਵਾਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਮਿਲੇ ਵਫਦ ਨੇ ਕਿਹਾ ਕਿ ਗ੍ਰਿਹ ਰਾਜ ਮੰਤਰੀ ਦੇ ਬਿਆਨ ਨੇ ਪੰਜਾਬ ਦੇ ਵੱਕਾਰ ਨੂੰ ਸੱਟ ਮਾਰੀ ਹੈ ਤੇ ਇਸ ਲਈ ਉਨ੍ਹਾਂ ਨੂੰ ਬਿਆਨ ਜਾਰੀ ਕਰ ਕੇ ਦੱਸਣਾ ਚਾਹੀਦਾ ਹੈ ਕਿ ਪੰਜਾਬ ਗੜਬੜ ਵਾਲਾ ਸੂਬਾ ਨਹੀਂ ਹੈ। ਗ੍ਰਿਹ ਮੰਤਰੀ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਇਸ ਸਬੰਧੀ ਛੇਤੀ ਕਦਮ ਚੁੱਕਣਗੇ। ਵਫਦ ਵਿਚ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਤੇ ਹੋਰ ਆਗੂ ਸ਼ਾਮਲ ਸਨ।

ਸ੍ਰੀ ਢੀਂਡਸਾ ਨੇ ਕਿਹਾ ਕਿ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇਣ ਵਾਲਾ ਨੋਟੀਫਿਕੇਸ਼ਨ ਸਾਲ 1997 ਵਿਚ ਖਤਮ ਹੋ ਗਿਆ ਸੀ ਤੇ ਉਸ ਤੋਂ ਬਾਅਦ ਮੁੜ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਗ੍ਰਿਹ ਮੰਤਰੀ ਕੋਲ ਗੁਰਦੁਆਰਾ ਐਕਟ 1925 ਵਿਚ ਸੋਧ ਦਾ ਮਾਮਲਾ ਵੀ ਉਠਾਇਆ ਗਿਆ ਤੇ ਮੰਗ ਕੀਤੀ ਗਈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਦੇ ਵੋਟ ਅਧਿਕਾਰ ਨੂੰ ਖਤਮ ਕਰਨ ਲਈ ਕਾਨੂੰਨ ਵਿਚ ਸੋਧ ਕੀਤੀ ਜਾਵੇ। 30 ਲੱਖ ਤੋਂ ਵੱਧ ਆਮਦਨੀ ਵਾਲੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਹੇਠ ਲਿਆਉਣ ਦਾ ਮਾਮਲਾ ਵੀ ਉਠਾਇਆ ਗਿਆ ਅਤੇ ਸਰਹੱਦੀ ਇਲਾਕਿਆਂ ਦੇ ਕਿਸਾਨਾਂ ਨੂੰ ਪੈਕੇਜ ਦੇਣ ਦੀ ਵੀ ਮੰਗ ਕੀਤੀ ਗਈ।



## ਪੰਜਾਬ ਨੂੰ ਬਦਨਾਮ ਨਹੀਂ ਹੋਣ ਦਿਆਂਗੇ: ਸੁਖਬੀਰ

**ਨਵੀਂ ਦਿੱਲੀ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕਿਹਾ ਕਿ ਹੈ ਕੁਝ ਸਿਆਸੀ ਆਗੂਆਂ ਵੱਲੋਂ ਦਿੱਤੇ ਜਾ ਰਹੇ ਗਲਤ ਤੱਥਾਂ ਨੂੰ ਮੀਡੀਆ ਪੇਸ਼ ਕਰ ਰਿਹਾ ਹੈ। ਪੰਜਾਬ ਨੂੰ ਇਸ ਤਰ੍ਹਾਂ ਦਰਸਾਇਆ ਜਾ ਰਿਹਾ ਹੈ ਜਿਵੇਂ ਇਥੇ ਨਸ਼ਿਆਂ ਦੀ ਬਿਮਾਰੀ ਬਹੁਤ ਗੰਭੀਰ ਹੈ। ਸ. ਬਾਦਲ ਨੇ ਕਿਹਾ ਕਿ ਉਹ ਕਿਸੇ ਨੂੰ ਵੀ ਪੰਜਾਬ ਤੇ ਪੰਜਾਬੀਆਂ ਨੂੰ ਬਦਨਾਮ ਨਹੀਂ ਕਰਨ ਦੇਣਗੇ। ਪੰਜਾਬ ਖੁਸ਼ਹਾਲੀ, ਵਿਕਾਸ ਅਤੇ ਤਰੱਕੀ ਦੀਆਂ ਬੁਲੰਦੀਆਂ ਛੂਹ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਪੰਜਾਬੀਆਂ ਦਾ ਨੁਕਸਾਨ ਕਰਨ ਵਾਲੀਆਂ ਤਾਕਤਾਂ ਖਿਲਾਫ ਇਕਜੁੱਟ ਹੋ ਕੇ ਪੰਜਾਬ ਨੂੰ ਕੰਗਾਲ ਤੇ ਨਸ਼ੇ ਵਾਲਾ ਸੂਬਾ ਕਹਿਣ ਵਾਲਿਆਂ ਨੂੰ ਮੂੰਹ ਤੋੜਵਾਂ ਜਵਾਬ ਦੇਣ।

## ਮੇਰਾ ਬਿਆਨ ਤੋੜਿਆ-ਮਰੋੜਿਆ ਗਿਆ: ਰਿਜੀਜੂ

**ਨਵੀਂ ਦਿੱਲੀ:** ਕੇਂਦਰੀ ਗ੍ਰਿਹ ਰਾਜ ਮੰਤਰੀ ਕਿਰਨ ਰਿਜੀਜੂ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਬਾਰੇ ਉਨ੍ਹਾਂ ਦੇ ਬਿਆਨ ਨੂੰ ਮੀਡੀਆ ਦੇ ਇਕ ਹਿੱਸੇ ਵਿਚ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ। ਉਨ੍ਹਾਂ ਇਹ ਨਹੀਂ ਸੀ ਕਿਹਾ ਕਿ ਪੰਜਾਬ ਹੁਣ ਵੀ ਅਸ਼ਾਂਤ ਇਲਾਕਾ ਹੈ, ਉਨ੍ਹਾਂ ਨੇ ਤਾਂ ਪਠਾਨਕੋਟ ਹਮਲੇ ਦੇ ਹਵਾਲੇ ਨਾਲ ਇਹ ਕਿਹਾ ਸੀ ਕਿ ਸਰਹੱਦੀ ਸੂਬਾ ਹੋਣ ਕਰ ਕੇ ਇਹ ਦਹਿਸ਼ਤਪਸੰਦਾਂ ਦੀ ਮਾਰ ਹੇਠ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਬਹੁਤ ਮੰਦਭਾਗੀ ਹੈ ਕਿ ਇਸ ਮਸਲੇ ਨੂੰ ਬਿਨਾਂ ਵਜ੍ਹਾ ਵਧਾਇਆ ਗਿਆ ਹੈ ਅਤੇ ਇਸ 'ਤੇ ਸਿਆਸਤ ਕਤੀ ਜਾ ਰਹੀ ਹੈ।

# ਡਾ. ਰੰਧਾਵਾ ਦੀ ਆਪ ਬੀਤੀ ਤੇ ਗਾਂਧੀ ਦਾ ਬਲੀਦਾਨ

"ਜੇ ਇਹਤਿਆਤ ਵਰਤੀ ਜਾਂਦੀ ਤਾਂ ਹੋ ਸਕਦਾ ਸੀ ਕਿ ਗਾਂਧੀ ਜੀ ਦੀ ਹੱਤਿਆ ਦਿੱਲੀ ਵਿਚ ਨਾ ਹੁੰਦੀ।" ਇਹ ਕਥਨ ਹੈ, ਡਾ. ਮਹਿੰਦਰ ਸਿੰਘ ਰੰਧਾਵੇ ਦਾ ਜੋ ਉਸ ਸਮੇਂ ਦਿੱਲੀ ਦਾ ਡਿਪਟੀ ਕਮਿਸ਼ਨਰ ਸੀ। ਉਸ ਨੇ ਆਪਣੀ ਸਵੈਜੀਵਨੀ 'ਆਪ ਬੀਤੀ' ਵਿਚ ਮਹਾਤਮਾ ਗਾਂਧੀ ਦੇ ਬਲੀਦਾਨ ਅਤੇ ਅੱਗੋਂ ਪਿੱਛੋਂ ਦੀਆਂ ਘਟਨਾਵਾਂ ਦਾ ਵੇਰਵਾ ਦਿੱਤਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਗਾਂਧੀ ਜੀ ਦੀ ਹੱਤਿਆ ਕਿਵੇਂ ਹੋਈ? ਡਾ. ਰੰਧਾਵਾ ਅਜਿਹਾ ਅਫਸਰ ਸੀ ਜੋ ਸੱਚੀ ਤੇ ਸਹੀ ਗੱਲ ਕਹਿਣ ਤੇ ਕਰਨ ਤੋਂ ਨਹੀਂ ਸੀ ਡਰਦਾ। ਉਹ ਬਹੁਗੁਣਾ ਇਨਸਾਨ ਸੀ ਜਿਸ ਨੂੰ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦੈ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਡਾ. ਰੰਧਾਵਾ ਨੇ ਪੰਜਾਬ ਤੇ ਦੇਸ਼ ਦਾ ਏਨਾ ਕੁਝ ਸੁਆਰਿਆ ਹੈ, ਜਿਸ ਦਾ ਲੇਖਾ ਨਹੀਂ। ਪਾਕਿਸਤਾਨ ਤੋਂ ਉੱਜੜੇ ਲੱਖਾਂ ਸ਼ਰਨਾਰਥੀਆਂ ਨੂੰ ਮੁੜ ਵਸਾਉਣ, ਪਿੰਡਾਂ ਦਾ ਵਿਕਾਸ ਕਰਨ, ਦੇਸ਼ ਨੂੰ ਅਨਾਜ ਪੈਦਾ ਕਰਨ ਵਿਚ ਸਵੈ-ਨਿਰਭਰ ਬਣਾਉਣ ਤੇ ਖੇਤੀਬਾੜੀ ਨੂੰ ਤਰੱਕੀ ਦੇ ਰਾਹ ਪਾਉਣ, ਸਾਇੰਸ, ਕਲਾ, ਸਾਹਿਤ ਤੇ ਸਭਿਆਚਾਰ ਦੇ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ, ਬਾਗ ਬਗੀਚੇ ਤੇ ਸ਼ਿੰਗਾਰ ਰੁੱਖ ਲਾਉਣ ਅਤੇ ਹੋਰ ਕਈ ਕਾਰਜ ਨਿਭਾਉਣ ਵਿਚ ਉਸ ਦਾ ਮੋਢੀ ਰੋਲ ਸੀ। ਉਸ ਦੀ ਸਮੁੱਚੀ ਦੇਣ ਦਾ ਲੇਖਾ-ਜੋਖਾ ਤਾਂ ਕਿਸੇ ਵੱਖਰੇ ਲੇਖ ਵਿਚ ਹੀ ਹੋ ਸਕੇਗਾ, ਇਸ ਲੇਖ ਵਿਚ ਮਹਾਤਮਾ ਗਾਂਧੀ ਦੇ ਬਲੀਦਾਨ ਬਾਰੇ ਉਸ ਦੀ ਲਿਖਤ ਦਾ ਜ਼ਿਕਰ ਕਰਦੇ ਹਾਂ। ਅਜਿਹੀਆਂ ਲਿਖਤਾਂ ਹੀ ਅਸਲੀ ਇਤਿਹਾਸ ਹੁੰਦੀਆਂ ਹਨ।

1946-48 ਦੌਰਾਨ ਡਾ. ਰੰਧਾਵਾ ਦਿੱਲੀ ਦਾ ਡਿਪਟੀ ਕਮਿਸ਼ਨਰ ਸੀ। ਦਿੱਲੀ ਉਦੋਂ ਫਸਾਦਾਂ ਦੀ ਲਪੇਟ ਵਿਚ ਸੀ। ਨਵੰਬਰ 1946 ਵਿਚ ਦਿੱਲੀ ਦੇ ਇਕ ਠੇਕੇਦਾਰ ਸ. ਰਣਜੀਤ ਸਿੰਘ ਨੇ ਡਾ. ਰੰਧਾਵਾ ਨੂੰ ਦੱਸਿਆ ਕਿ ਸਰਕਾਰ ਉਨ੍ਹਾਂ ਨੂੰ ਦਿੱਲੀ ਦਾ ਡਿਪਟੀ ਕਮਿਸ਼ਨਰ ਲਾਉਣ ਬਾਰੇ ਸੋਚ ਰਹੀ ਹੈ। ਅਗਲੇ ਦਿਨ ਹੀ ਸਰਦਾਰ ਵੱਲਭ ਭਾਈ ਪਟੇਲ ਨੇ ਡਾ. ਰੰਧਾਵਾ ਨੂੰ ਹੋਮ ਮਨਿਸਟਰੀ ਦੇ ਦਫਤਰ ਬੁਲਾਇਆ ਤੇ ਆਖਿਆ, "ਅਸੀਂ ਤੁਹਾਨੂੰ ਦਿੱਲੀ ਦਾ ਡਿਪਟੀ ਕਮਿਸ਼ਨਰ ਲਾਉਣਾ ਚਾਹੁੰਦੇ ਹਾਂ, ਸਾਨੂੰ ਅੰਗਰੇਜ਼ ਡਿਪਟੀ ਕਮਿਸ਼ਨਰ ਲੀ ਬੇਲੀ 'ਤੇ ਇਤਬਾਰ ਨਹੀਂ।"

ਉਨ੍ਹੀਂ ਦਿਨੀਂ ਦਿੱਲੀ ਦੀ ਡਿਪਟੀ ਕਮਿਸ਼ਨਰੀ ਕੰਡਿਆਂ ਦੀ ਸੇਜ ਸੀ ਪਰ ਡਾ. ਰੰਧਾਵਾ ਨੇ ਹਿੱਕ ਥਾਪੜੀ ਜਿਸ ਨਾਲ ਪਟੇਲ ਨੂੰ ਯਕੀਨ ਹੋ ਗਿਆ ਕਿ ਉਹ ਫਸਾਦਾਂ ਦੀ ਖਤਰਨਾਕ ਸਮੱਸਿਆ 'ਤੇ ਕਾਬੂ ਪਾ ਸਕਦਾ ਹੈ। ਡਾ. ਰੰਧਾਵਾ ਲਿਖਦਾ ਹੈ, "11 ਨਵੰਬਰ 1946 ਨੂੰ ਮੈਂ ਆਪਣਾ ਸਮਾਨ, 17 ਰਾਜਪੁਰ ਰੋਡ ਲੈ ਗਿਆ। ਚਾਰਜ ਲੈਣ ਵਿਚ ਖਜ਼ਾਨੇ ਦਾ ਗਿਣਨਾ ਬੜਾ ਜ਼ਰੂਰੀ ਹੁੰਦਾ ਹੈ ਤੇ ਦਿੱਲੀ ਦੇ ਖਜ਼ਾਨੇ ਵਿਚ ਤਾਂ ਲੱਖਾਂ ਰੁਪਿਆਂ ਦੇ ਨੋਟ ਤੇ ਸਟੈਂਪ ਸਨ...। ਹਰ ਪੰਜਾਂ ਮਿੰਟਾਂ ਬਾਅਦ ਖ਼ਬਰ ਆਉਂਦੀ ਕਿ ਫ਼ਲਾਣੇ ਮਹੱਲੇ ਵਿਚ ਛੁਰੇਬਾਜ਼ੀ ਨਾਲ ਕਤਲ ਹੋ ਗਿਆ ਹੈ। ਮੈਂ ਕਸੀਸ ਵੱਟ ਲਈ ਕਿ ਖਜ਼ਾਨਾ ਗਿਣ ਕੇ ਹੀ ਉਠਾਂਗਾ ਤੇ ਕੱਲ੍ਹ ਹੀ ਛੁਰੇਬਾਜ਼ੀ ਕਾਬੂ ਆ ਜਾਵੇਗੀ। ਮੈਂ ਇਕ ਵਜੇ ਦੁਪਹਿਰ ਤਕ ਖਜ਼ਾਨਾ ਗਿਣ ਛੱਡਿਆ ਤੇ ਉਸ ਵੇਲੇ ਤੱਕ ਕੋਈ ਦਸ ਆਦਮੀ ਛੁਰੇਬਾਜ਼ ਗੁੰਡਿਆਂ ਦਾ ਸ਼ਿਕਾਰ ਹੋ ਚੁੱਕੇ ਸਨ...।

ਛੁਰੇਬਾਜ਼ੀ ਦੀਆਂ ਵਾਰਦਾਤਾਂ ਵਧਣ ਕਰਕੇ ਮੈਂ ਹੁਕਮ ਦਿੱਤਾ ਕਿ ਜੋ ਆਦਮੀ ਛੁਰੇਬਾਜ਼ੀ ਕਰੇਗਾ ਉਸ ਨੂੰ ਗੋਲੀ ਨਾਲ ਉਡਾ ਦਿੱਤਾ ਜਾਵੇਗਾ। ਇਸ ਹੁਕਮ ਅਨੁਸਾਰ ਇਕ ਸਿੱਖ ਕੰਸਟੇਬਲ ਨੇ ਇਕ ਮੁਸਲਮਾਨ ਬੁੱਚੜ, ਜੋ ਇਕ ਹਿੰਦੂ ਦੇ ਛੁਰਾ ਮਾਰ ਰਿਹਾ ਸੀ, ਨੂੰ ਗੋਲੀ ਮਾਰ ਦਿੱਤੀ। ਇਸ ਵਾਕੇ ਨਾਲ ਗੁੰਡਿਆਂ ਵਿਚ ਬੜਾ ਸਹਿਮ ਹੋ ਗਿਆ...।

ਕਈ ਵੇਰ ਦਿਲ ਵਿਚ ਆਉਂਦੀ ਕਿ ਮੈਂ ਜਾਣ ਬੁੱਝ ਕੇ ਆਪਣਾ ਸਿਰ ਉਖਲੀ ਵਿਚ ਦਿੱਤਾ ਹੈ, ਕੀ ਲੋੜ ਸੀ? ਫੇਰ ਮੈਂ ਸੋਚਦਾ ਆਦਮੀ ਮੁਸ਼ਕਲਾਂ ਹੱਲ ਕਰਨ ਨੂੰ ਹੀ ਪੈਦਾ ਹੋਇਆ ਹੈ, ਨਹੀਂ ਤਾਂ ਅੱਛੀ ਜ਼ਿੰਦਗੀ ਖਤਮ ਹੋ ਜਾਵੇਗੀ ਤੇ ਗੁੰਡਾ ਅਨਸਰ ਪ੍ਰਧਾਨ ਹੋ ਜਾਵੇਗਾ। ਜਿਵੇਂ ਬਾਗ 'ਚੋਂ ਜੰਗਲੀ ਬੂਟੀਆਂ ਗੋਡੀ ਕਰ ਕੇ ਕੱਢਣਾ ਜ਼ਰੂਰੀ ਹੈ, ਏਸੇ ਤਰ੍ਹਾਂ ਹੀ ਸੁਸਾਇਟੀ 'ਚੋਂ ਗੁੰਡਾ ਅਨਸਰ ਕੱਢਣਾ ਜ਼ਰੂਰੀ ਹੈ...।

ਜਦ ਹਾਲਤ ਖਰਾਬ ਹੁੰਦੀ ਤਾਂ ਦਿੱਲੀ ਸ਼ਹਿਰ ਵਿਚ ਕਰਫਿਊ ਲਗਾਇਆ ਜਾਂਦਾ। ਲੋਕਾਂ ਨੂੰ ਹੁਕਮ ਦਿੱਤਾ ਜਾਂਦਾ ਕਿ ਰਾਤ ਨੂੰ ਘਰੋਂ ਬਾਹਰ ਨਾ ਨਿਕਲਣ। ਰਾਤ ਨੂੰ ਮੈਂ ਪੁਲਿਸ ਲੈ ਕੇ ਆਪ ਗਸ਼ਤ ਨੂੰ ਜਾਂਦਾ। ਚਾਰੇ ਪਾਸੇ ਸੱਨਾਟਾ ਹੀ ਸੱਨਾਟਾ ਹੁੰਦਾ ਤੇ ਸਿਵਾਏ ਕੁੱਤਿਆਂ ਦੇ, ਗਲੀਆਂ-ਮਹੱਲੇ ਸੁੰਨੇ ਹੁੰਦੇ। ਜੇ ਕੋਈ ਘਰੋਂ ਬਾਹਰ ਨਿਕਲਦਾ ਤਾਂ ਉਸੇ ਵਕਤ ਫੜ ਲਿਆ ਜਾਂਦਾ ਤੇ ਟਰੱਕ 'ਤੇ ਲੱਦ ਕੇ ਠਾਣੇ ਪੁਚਾਇਆ ਜਾਂਦਾ...।"

ਕਾਸ਼! ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਸਮੇਂ 1984 ਵਿਚ ਰੰਧਾਵੇ ਵਰਗਾ ਅਫਸਰ ਦਿੱਲੀ ਦਾ ਪ੍ਰਸਾਸ਼ਕ ਹੁੰਦਾ। ਭੜਕਾਏ ਹੋਏ ਗੁੰਡਿਆਂ ਨੂੰ ਕਾਬੂ ਕਰਨਾ ਔਖਾ ਨਹੀਂ ਸੀ।

ਰੰਧਾਵਾ ਲਿਖਦਾ ਹੈ, "ਜਿੱਨਾਹ ਨੇ ਇਮਪੀਰੀਅਲ ਹੋਟਲ ਵਿਚ ਮੁਸਲਿਮ ਲੀਗ ਦੀ ਇਕ ਮੀਟਿੰਗ ਕਰਨੀ ਸੀ। ਇਸ ਮੀਟਿੰਗ 'ਤੇ ਖਾਕਸਾਰਾਂ ਨੇ ਬੇਲਚਿਆਂ ਨਾਲ ਹਮਲਾ ਕਰਨ ਦੀ ਤਿਆਰੀ ਕੀਤੀ। ਪਤਾ ਲੱਗਣ 'ਤੇ ਮੈਂ ਕਾਫੀ ਪੁਲਿਸ ਹੋਟਲ ਵਿਚ ਭੇਜ ਦਿੱਤੀ। ਜਦ ਖਾਕਸਾਰਾਂ ਨੇ ਹੋਟਲ 'ਤੇ ਹਮਲਾ ਕੀਤਾ ਤਾਂ ਪੀ. ਐਨ. ਸ਼ਰਮਾ ਫੋਟੋਗ੍ਰਾਫਰ ਫੋਟੋ ਖਿੱਚਣ ਲੱਗਾ। ਮੁਸਲਿਮ ਲੀਗੀਏ ਉਸ ਦੇ ਪਿੱਛੇ ਪੈ ਗਏ ਤੇ ਉਸ ਨੇ ਇਕ ਸਿੱਖ ਲੜਕੀ ਦੇ ਕਮਰੇ ਵਿਚ ਲੁਕ ਕੇ ਜਾਨ ਬਚਾਈ। ਜੇ ਮੈਂ ਖੁਦ ਮੌਕੇ 'ਤੇ ਨਾ ਪਹੁੰਚਦਾ ਤਾਂ ਹੋ ਸਕਦਾ ਸੀ ਕਿ ਜਿੱਨਾਹ ਨੂੰ ਖਾਕਸਾਰ ਜ਼ਰੂਰ ਮਾਰਦੇ। ਜਦ ਪਟੇਲ ਨਾਲ ਮੁਲਾਕਾਤ ਹੋਈ ਤਾਂ ਉਸ ਕਿਹਾ ਕਿ ਇਸ ਮਾਮਲੇ ਵਿਚ ਐਨੀ ਜਲਦੀ ਐਕਸ਼ਨ ਲੈਣ ਦੀ ਲੋੜ ਨਹੀਂ ਸੀ...।" ਐਸਾ ਰੋਲ ਸੀ ਉਦੋਂ ਦੇ ਹੋਮ ਮਨਿਸਟਰ ਦਾ!"

"ਜਨਵਰੀ 1947 ਵਿਚ ਗਿਆਨੀ ਕਰਤਾਰ ਸਿੰਘ ਮੈਨੂੰ ਮਿਲਣ ਆਏ...ਮੈਂ ਪੰਜਾਬ ਦੀ ਵੰਡ ਦੀ ਸਮੱਸਿਆ ਡੂੰਘੀ ਸੋਚੀ ਸੀ ਤੇ ਗਿਆਨੀ ਨੂੰ ਸੁਝਾਅ ਦਿੱਤਾ ਕਿ ਰਾਵੀ ਦਰਿਆ ਹੱਦ ਰੱਖ ਕੇ ਪੰਜਾਬ ਦੀ ਵੰਡ ਮੰਗੋ, ਜੇ ਜ਼ੋਰ ਪਵੇ ਤਾਂ ਲਾਹੌਰ ਭਾਵੇਂ ਮੁਸਲਮਾਨਾਂ ਨੂੰ ਦੇ ਦਿਓ। ਇਸ ਹੱਦ ਨਾਲ ਮਿੰਟਗੁਮਰੀ ਦੀ ਬਾਰ ਭਾਰਤ ਵਿਚ ਆ ਜਾਣੀ ਸੀ ਤੇ ਇਸ ਨਾਲ ਸਿੱਖ ਕਿਸਾਨਾਂ, ਜ਼ਿਮੀਂਦਾਰਾਂ ਦਾ ਬਹੁਤਾ ਨੁਕਸਾਨ ਨਹੀਂ ਸੀ ਹੋਣਾ। ਗਿਆਨੀ ਨੂੰ ਇਹ ਗੱਲ ਜਚ ਗਈ ਤੇ ਮੈਂ ਇਕ ਪੈਂਫਲਟ ਅੰਗਰੇਜ਼ੀ ਵਿਚ ਲਿਖ ਕੇ ਗਿਆਨੀ ਨੂੰ ਨਕਸ਼ੇ ਸਮੇਤ ਦਿੱਤਾ। ਗਿਆਨੀ ਨੇ ਇਹ ਪੈਂਫਲਟ ਆਪਣੇ ਨਾਂ ਹੇਠ ਛਪਵਾਇਆ ਤੇ ਛਪਾਈ ਦਾ ਖਰਚਾ ਸ. ਰਣਜੀਤ ਸਿੰਘ ਨੇ ਦਿੱਤਾ...।"

"ਪੰਜਾਬੀਆਂ ਦੀ ਲੀਡਰਸ਼ਿਪ ਬੋਦੀ ਤੇ ਕਮਜ਼ੋਰ ਸੀ। ਉਨ੍ਹਾਂ ਦਿਨਾਂ ਵਿਚ ਇਕ ਲਾਲਾ ਬਿਹਾਰੀ ਲਾਲ ਚਾਨਣਾ, ਪ੍ਰਧਾਨ ਪੰਜਾਬ ਵਪਾਰ ਮੰਡਲ, ਪਟੇਲ, ਨਹਿਰੂ ਤੇ ਪੰਤ ਦੇ ਅੱਗੇ ਪਿੱਛੇ ਫਿਰਦਾ ਸੀ। ਪਟੇਲ ਤੇ ਪੰਤ ਮੈਨੂੰ ਪੁੱਛਣ ਲੱਗੇ ਇਹ ਚਾਨਣਾ ਕੌਣ ਹੈ, ਤੇ ਨਾਲੇ ਹੱਸਣ। ਚਾਨਣਾ ਇਕ ਪਤਲਾ ਦੁਬਲਾ ਤੇ ਕਮਜ਼ੋਰ ਜਿਹਾ ਆਦਮੀ ਸੀ, ਚਿਹਰੇ 'ਤੇ ਕੋਈ ਨੂਰ ਨਹੀਂ ਸੀ। ਮੇਰੇ ਖਿਆਲ ਵਿਚ ਦੁਕਾਨਦਾਰ ਦਾ ਲੀਡਰ ਬਣਨਾ ਅਸੰਭਵ ਹੈ...ਲੀਡਰ ਨੂੰ ਹਮੇਸ਼ਾਂ ਨਫ਼ਾ ਨੁਕਸਾਨ ਹੀ ਨਹੀਂ ਸੋਚਣਾ ਚਾਹੀਦਾ। ਇਸ ਤੋਂ ਮੈਨੂੰ ਛੋਟੂ ਰਾਮ ਦਾ ਮਖੌਲ ਯਾਦ ਆਉਂਦਾ ਹੈ। ਕਿਸੇ ਲਾਲਾ ਜੀ ਤੋਂ ਮਰਨ ਸਮੇਂ ਪੁੱਛਿਆ ਗਿਆ ਕਿ ਸਵਰਗ ਵਿਚ ਜਾਣਾ ਹੈ ਜਾਂ ਨਰਕ ਵਿਚ? ਉੱਤਰ ਦਿੱਤਾ, ਉਥੇ ਭੇਜ ਦਿਉ ਜਿਥੇ ਮੁਨਾਫਾ ਜ਼ਿਆਦਾ ਹੋਵੇ। ਜੇ ਲਾਲਾ ਜੀ ਬੀਮਾਰ ਹੋ ਜਾਣ ਤਾਂ ਕੋਈ ਪੁੱਛਣ ਆਏ ਕਿ ਕਿੰਨਾ ਆਰਾਮ ਆਇਆ ਹੈ, ਤਾਂ ਜਵਾਬ ਦਿੰਦੇ ਹਨ, ਦੁਆਨੀ ਭਰ। ਤੰਦਰੁਸਤੀ ਹੋਵੇ ਚਾਹੇ ਬੀਮਾਰੀ, ਆਨਿਆਂ ਦੁਆਨੀਆਂ ਵਿਚ ਹੀ ਸੋਚਦੇ ਹਨ...।"

"ਜਦ ਵੀ ਜ਼ਰੂਰਤ ਹੁੰਦੀ ਸੀ, ਮੈਂ ਫੌਜ ਬੁਲਾ ਲੈਂਦਾ ਸੀ, ਜਦ ਪੁਲਿਸ ਦੇ ਕਾਬੂ 'ਚੋਂ ਹਾਲਾਤ ਨਿਕਲ ਜਾਣ...ਮੈਂ ਜ਼ਾਤੀ ਤੌਰ 'ਤੇ ਖਤਰੇ ਵਿਚ ਰਹਿੰਦਾ ਸੀ। ਪੁਲਿਸ ਗਾਰਡ ਤੇ ਬੌਡੀਗਾਰਡਾਂ ਦੇ ਇਲਾਵਾ, ਮੈਂ ਇਹ ਤਰਕੀਬ ਕਰਦਾ ਸੀ ਕਿ ਆਪਣਾ ਕੋਈ ਸੈੱਟ ਪ੍ਰੋਗਰਾਮ ਨਹੀਂ ਸੀ ਬਣਾਉਂਦਾ। ਮੇਰੀ ਸੈਰ ਕਰਨ ਦੀ ਆਦਤ ਹੈ, ਪਰ ਦਿੱਲੀ ਦੀ ਕਿਸੇ ਸੜਕ 'ਤੇ ਸੈਰ ਨਹੀਂ ਸੀ ਕਰਦਾ। ਬਗੈਰ ਕਿਸੇ ਨੂੰ ਦੱਸੇ ਕਿਸੇ ਨਾ ਕਿਸੇ ਪਿੰਡ ਮੋਟਰ ਵਿਚ ਚਲਾ ਜਾਂਦਾ, ਨਾਲੇ ਪਿੰਡ ਵਾਲਿਆਂ ਦੀ ਮਦਦ ਕਰਦਾ ਤੇ ਨਾਲੇ ਸੈਰ ਕਰ ਲੈਂਦਾ। ਕਦੀ ਕਦੀ ਮੈਂ ਮੁਸਲਮ ਲੀਗੀ ਟੋਪੀ ਪਹਿਨ ਲੈਂਦਾ। ਇਸ ਤੋਂ ਵੀ ਅਫਵਾਹਾਂ ਉਠਣੀਆਂ ਸ਼ੁਰੂ ਹੋ ਗਈਆਂ ਕਿ ਮੈਂ ਮਸਜਿਦਾਂ ਵਿਚ ਭੇਤ ਲੈਣ ਜਾਂਦਾ ਹਾਂ...ਏਥੇ ਮੈਂ ਇਹ ਕਹਾਂਗਾ ਕਿ ਪੁਲਿਸ ਦੀ ਸੀ. ਆਈ. ਡੀ. ਬਹੁਤ ਕਮਜ਼ੋਰ ਸੀ।"

'ਮਹਾਨ ਬਲੀਦਾਨ' ਸਿਰਲੇਖ ਵਾਲੇ ਕਾਂਡ ਵਿਚ ਡਾ. ਰੰਧਾਵਾ ਨੇ ਲਿਖਿਆ, "ਮਹਾਤਮਾ ਗਾਂਧੀ ਜੁਲਾਈ ਦੇ ਮਹੀਨੇ, 1947 ਵਿਚ ਦਿੱਲੀ ਆ ਗਏ। ਉਨ੍ਹਾਂ ਆਪਣਾ ਵਾਸ ਭੰਗੀ ਕਾਲੋਨੀ ਵਿਚ ਕੀਤਾ ਕਿਉਂਕਿ ਉਹ ਭਾਰਤ ਦੇ ਸਭ ਤੋਂ ਗਰੀਬ ਇਨਸਾਨਾਂ ਨਾਲ ਦਿਲੀ ਹਮਦਰਦੀ ਰੱਖਦੇ ਸਨ। ਏਸ ਮਹੀਨੇ ਮੈਂ ਦਰੱਖਤ ਲਗਾਉਣ ਦਾ ਹਫਤਾ ਮਨਾਇਆ ਸੀ ਤੇ ਗਾਂਧੀ ਜੀ ਨੂੰ ਬੇਨਤੀ ਕੀਤੀ ਕਿ ਉਹ ਦਿੱਲੀ ਜੇਲ੍ਹ ਵਿਚ ਆਉਣ ਤੇ ਕੈਦੀਆਂ ਨੂੰ ਮਿਠਾਈ ਵੰਡਣ, ਤੇ ਸਾਥ ਹੀ ਇਕ ਅੰਬ ਦਾ ਪੇੜ ਵੀ ਲਗਾਉਣ। ਉਨ੍ਹਾਂ ਨੇ ਮੇਰੀ ਗੱਲ ਮੰਨ ਲਈ, ਮਿਠਾਈ ਵੰਡੀ ਤੇ ਇਹਦੇ ਬਾਅਦ ਆਪਣੀ ਸ਼ਾਮ ਦੀ ਪੂਜਾ ਮੀਟਿੰਗ ਵੀ ਕੀਤੀ। ਇਹਦੇ ਪਿੱਛੋਂ ਚੰਦਾ ਮੰਗਿਆ। ਮੇਰੀ ਜੇਬ ਵਿਚ 500 ਰੁਪਏ ਦਾ ਇਕ ਚੈੱਕ ਸੀ, ਉਹ ਮੈਂ ਉਨ੍ਹਾਂ ਨੂੰ ਦੇ ਦਿੱਤਾ। ਉਹ ਬੋਲੇ, 'ਵੇਖੋ ਭਗਵਾਨ ਦੀ ਮਾਇਆ ਕਿ ਕਦੇ ਪੰਜ ਰੁਪਏ ਮੰਗਣ 'ਤੇ 500 ਰੁਪਏ ਮਿਲ ਜਾਂਦੇ ਹਨ।'

"ਜਦ ਪੰਜਾਬ ਤੇ ਫਰੰਟੀਅਰ ਦੇ ਸ਼ਰਨਾਰਥੀਆਂ ਦੇ ਆਉਣ ਕਰਕੇ ਦਿੱਲੀ ਦਾ ਅਮਨ ਪੂਰੀ ਤਰ੍ਹਾਂ ਭੰਗ ਹੋ ਗਿਆ ਸੀ ਤਾਂ ਮਹਾਤਮਾ ਜੀ ਨੇ ਜਨਵਰੀ 1948 ਵਿਚ ਵਰਤ ਰੱਖਿਆ। ਉਸ ਵੇਲੇ ਉਹ ਭੰਗੀ ਕਾਲੋਨੀ ਨੂੰ ਛੱਡ ਕੇ ਬਿਰਲਾ ਹਾਊਸ ਵਿਚ ਆ ਗਏ ਸਨ...ਇਨ੍ਹਾਂ ਦਿਨਾਂ ਵਿਚ ਗਾਂਧੀ ਜੀ ਤੇ ਪਟੇਲ ਵਿਚ ਕਾਫੀ ਫਰਕ ਹੋ ਗਿਆ ਸੀ। ਮੌਲਾਣਾ ਲੋਕ ਚਾਹੁੰਦੇ ਸਨ ਕਿ ਮੁਸਲਮਾਨ ਮਹੱਲਿਆਂ ਵਿਚ ਜੋ ਮਕਾਨ ਖਾਲੀ ਹੋਣੇ ਸਨ, ਉਨ੍ਹਾਂ ਵਿਚ ਸ਼ਰਨਾਰਥੀਆਂ ਨੂੰ ਨਾ ਵਸਾਇਆ ਜਾਵੇ। ਪਟੇਲ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਪਟੇਲ ਨੇ ਮੈਨੂੰ ਕਿਹਾ ਕਿ ਮੈਂ ਮਹਾਤਮਾ ਗਾਂਧੀ ਨੂੰ ਮਿਲਾਂ, ਕਿਉਂਕਿ ਮੌਲਾਣਾ ਲੋਕ ਉਨ੍ਹਾਂ ਕੋਲ ਮੇਰੀਆਂ ਕਾਫੀ ਚੁਗਲੀਆਂ ਕਰਦੇ ਸਨ ਕਿ ਮੁਸਲਮਾਨਾਂ ਨਾਲ ਦਿੱਲੀ ਐਡਮਨਿਸਟ੍ਰੇਸ਼ਨ ਵਿਤਕਰਾ ਕਰ ਰਹੀ ਹੈ। ਉਨ੍ਹਾਂ ਦੇ ਕਹੇ ਮੈਂ ਮਹਾਤਮਾ ਜੀ ਨੂੰ ਮਿਲਣ ਬਿਰਲਾ ਹਾਊਸ ਗਿਆ। ਮਹਾਤਮਾ ਜੀ ਲਾਅਨ ਤੇ ਧੁੱਪ ਵਿਚ ਚਾਰਪਾਈ 'ਤੇ ਲੇਟੇ ਹੋਏ ਸਨ, ਤੇ ਸਿਰ 'ਤੇ ਫੂਸ ਦੀ ਟੋਪੀ ਪਹਿਨੇ ਹੋਏ ਸਨ। ਮੈਂ ਨਮਸ਼ਕਾਰ ਕੀਤੀ ਤੇ ਸਾਹਮਣੇ ਕੁਰਸੀ 'ਤੇ ਬੈਠ ਗਿਆ।

ਮਹਾਤਮਾ ਜੀ ਬੋਲੇ, "ਮੁਝੇ ਪਤਾ ਹੈ ਕਿ ਰੰਧਾਵਾ ਸਾਹਿਬ ਬਹੁਤ ਮਿਹਨਤ ਕਰਤਾ ਹੈ। ਔਰ ਚੀਫ ਕਮਿਸ਼ਨਰ ਸ਼ਰਾਬ ਪੀ ਕਰ ਸੋਇਆ ਰਹਿਤਾ ਹੈ। ਪਹਿਲੇ ਤੋ ਮੁਸਲਮਾਨ ਆਪ ਕੇ ਊਪਰ ਬਹੁਤ ਯਕੀਨ ਕਰਤੇ ਥੇ, ਮਗਰ ਅਬ ਕਿਉਂ ਨਹੀਂ?"

ਮੈਂ ਜਵਾਬ ਦਿੱਤਾ, "ਯੇਹ ਸਭ ਆਪ ਕੇ ਪੁਲੀਟੀਕਲ ਫੈਸਲੇ ਕਾ ਨਤੀਜਾ ਹੈ। ਝਗੜੋਂ ਸੇ ਪਹਿਲੇ ਮੇਰੇ ਪਾਸ ਪੰਜਾਬੀ ਮੁਸਲਮਾਨ ਮੈਜਿਸਟਰੇਟ ਔਰ ਪੁਲਿਸ ਥੀ। ਜਬ ਹਿੰਦੂ ਮਹੱਲੋਂ ਮੇਂ ਮੁਸਲਮਾਨੋਂ ਕੋ ਹਿੰਦੂ ਗੁੰਡੇ ਤੰਗ ਕਰਤੇ ਥੇ ਤੋ ਮੈਂ ਇਨ ਮੁਸਲਮਾਨ ਅਫਸਰੋਂ ਔਰ ਪੁਲਿਸ ਕੋ ਇਨ ਕੀ ਰੋਕ ਥਾਮ ਪਰ ਲਗਾ ਦੇਤਾ ਥਾ, ਔਰ ਹਿੰਦੂ ਯਾ ਸਿੱਖ ਮੈਜਿਸਟਰੇਟੋਂ ਕੋ ਮੁਸਲਮਾਨ ਮਹੱਲੋਂ ਮੇਂ ਮੁਸਲਿਮ ਗੁੰਡੇ ਪਕੜਨੇ ਕੋ ਲਗਾ ਦੇਤਾ ਥਾ। ਅਬ ਕਿਉਂਕਿ ਆਪ ਨੇ ਮੁਲਕ ਕਾ ਪਾਰਟੀਸ਼ਨ ਮਨਜ਼ੂਰ ਕੀਆ ਤੋ ਮੁਸਲਮਾਨ ਮੈਜਿਸਟਰੇਟ ਔਰ ਪੁਲਿਸ ਪਾਕਿਸਤਾਨ ਚਲੀ ਗਈ ਹੈ ਔਰ ਐਡਮਨਿਸਟ੍ਰੇਟਿਵ ਬੈਲਿੰਸ ਜੋ ਮੈਨੇ ਬਨਾਇਆ ਹੂਆ ਥਾ, ਟੂਟ ਗਿਆ ਹੈ। ਦੂਸਰੇ ਪਾਰਟੀਸ਼ਨ ਕੀ ਵਜ੍ਹਾ ਸੇ ਦਿੱਲੀ ਮੇਂ ਸਾਤ ਲਾਖ ਹਿੰਦੂ-ਸਿੱਖ ਪਨਾਹਗਜ਼ੀਨ ਆ ਗਏ ਹੈਂ, ਜਿਨ ਕੇ ਪਾਸ ਨਾ ਮਕਾਨ ਹੈ, ਔਰ ਨਾ ਦੁਕਾਨ। ਜਬ ਤਕ ਇਨ ਕਾ ਕੋਈ ਇੰਤਜ਼ਾਮ ਨਹੀਂ ਹੋ ਜਾਤਾ, ਦਿੱਲੀ ਮੇਂ ਅਮਨ ਰਖਨਾ ਮੁਸ਼ਕਲ ਹੈ...।"

"20 ਜਨਵਰੀ ਨੂੰ ਕਿਸੇ ਨੇ ਗਾਂਧੀ ਜੀ ਦੀ ਸ਼ਾਮ ਦੀ ਪੂਜਾ ਮੀਟਿੰਗ 'ਤੇ ਇਕ ਬੰਬ ਸੁੱਟਿਆ। ਇਸ ਨਾਲ ਇਕ ਕੰਧ ਦੀਆਂ ਇੱਟਾਂ ਉਖੜ ਗਈਆਂ ਪਰ ਕਿਸੇ ਨੂੰ ਕੋਈ ਚੋਟ ਨਹੀਂ ਲੱਗੀ। ਗਾਂਧੀ ਜੀ ਸ਼ਾਂਤ ਰਹੇ ਤੇ ਆਪਣੀ ਮੀਟਿੰਗ ਜਾਰੀ ਰੱਖੀ।

ਵਜ਼ੀਰ ਚੰਦ ਮੇਹਰਾ ਆਈ. ਜੀ. ਪੁਲਿਸ ਨੇ ਸੁਝਾਅ ਦਿੱਤਾ ਕਿ ਜਿੰਨੇ ਵਿਅਕਤੀ ਪੂਜਾ ਮੀਟਿੰਗ ਵਿਚ ਸ਼ਾਮਲ ਹੋਣ, ਪੁਲਿਸ ਉਨ੍ਹਾਂ ਦੀ ਤਲਾਸ਼ੀ ਲਵੇ ਤੇ ਫੇਰ ਉਨ੍ਹਾਂ ਨੂੰ ਬੈਠਣ ਦੀ ਇਜਾਜ਼ਤ ਦਿੱਤੀ ਜਾਵੇ। ਮਹਾਤਮਾ ਗਾਂਧੀ ਨੇ ਇਹ ਮਨਜ਼ੂਰ ਨਾ ਕੀਤਾ।

---

"ਜ਼ਿਆਦਾ ਕੰਮ ਦੇ ਸਟਰੇਨ ਨਾਲ ਮੈਨੂੰ ਫਲੂ ਹੋ ਗਿਆ। ਮੈਂ ਮੰਜੇ 'ਤੇ ਪਿਆ ਸੀ ਕਿ ਕੋਤਵਾਲੀ ਤੋਂ ਸ਼ਾਮ ਨੂੰ ਟੈਲੀਫੋਨ ਆਇਆ ਕਿ ਕਿਸੇ ਨੇ ਗਾਂਧੀ ਜੀ ਨੂੰ ਗੋਲੀ ਮਾਰ ਦਿੱਤੀ ਹੈ। ਇਹ ਸੁਣਦਿਆਂ ਹੀ ਮੇਰੇ ਹੱਥ ਪੈਰ ਸੁੰਨ ਹੋ ਗਏ। ਮੈਂ ਇਹ ਕਦੇ ਸੋਚ ਹੀ ਨਹੀਂ ਸੀ ਸਕਦਾ ਕਿ ਕੋਈ ਆਦਮੀ ਐਸਾ ਕੰਮ ਵੀ ਕਰ ਸਕਦਾ ਹੈ। ਗਾਂਧੀ ਜੀ ਨੂੰ ਹਿੰਦੁਸਤਾਨੀ ਅਵਤਾਰਾਂ ਦੇ ਸਮਾਨ ਸਮਝਦੇ ਸਨ। ਸਾਰੀ ਦਿੱਲੀ ਵਿਚ ਖਲਬਲੀ ਮੱਚ ਗਈ। ਮੁਸਲਮਾਨਾਂ ਤੇ ਸਿੱਖਾਂ ਵਿਚ ਬੜਾ ਭੈ ਪੈਦਾ ਹੋਇਆ ਕਿ ਹਤਿਆਰਾ ਕਿਤੇ ਉਨ੍ਹਾਂ ਦੇ ਮਜ਼ਹਬ ਦਾ ਨਾ ਹੋਵੇ। ਜਦ ਪਤਾ ਲੱਗਾ ਕਿ ਮਰਹੱਟਾ ਹੈ ਤੇ ਹਿੰਦੂ ਹੈ, ਤਾਂ ਸਿੱਖਾਂ ਤੇ ਮੁਸਲਮਾਨਾਂ ਨੇ ਸੁਖ ਦਾ ਸਾਹ ਲਿਆ।"

"ਮੈਂ ਬੁਖਾਰ 'ਚ ਹੀ ਤੁਰੰਤ ਬਿਰਲਾ ਹਾਊਸ ਗਿਆ। ਨਹਿਰੂ, ਪਟੇਲ ਤੇ ਹੋਰ ਲੀਡਰ ਉਥੇ ਪਹੁੰਚ ਚੁੱਕੇ ਸਨ। ਮਹਾਤਮਾ ਜੀ ਦੀ ਲਾਸ਼ ਖੱਦਰ ਨਾਲ ਢਕੀ ਹੋਈ ਫਰਸ਼ 'ਤੇ ਪਈ ਸੀ। ਸਾਰੇ ਹਾਲ ਕਮਰੇ ਵਿਚ ਮੁਰਦਨੀ ਛਾਈ ਹੋਈ ਸੀ।


"ਸ਼ਾਮ ਨੂੰ ਹਤਿਆਰੇ ਨੂੰ ਵੇਖਣ ਗਿਆ। ਉਹਦਾ ਨਾਂ ਗੋਡਸੇ ਸੀ, ਤੇ ਪੂਨਾ ਦਾ ਮਰਹੱਟਾ ਬ੍ਰਾਹਮਣ ਸੀ। ਪਤਲਾ ਦੁਬਲਾ ਜਿਹਾ ਆਦਮੀ, ਤੇ ਉਹਦੀਆਂ ਅੱਖਾਂ ਚਮਕ ਰਹੀਆਂ ਸਨ। ਉਸ ਨੂੰ ਆਪਣੇ ਕੀਤੇ 'ਤੇ ਕੋਈ ਅਫਸੋਸ ਨਹੀਂ ਸੀ, ਤੇ ਬੜੀ ਤੇਜ਼ੀ ਨਾਲ ਬੋਲੀ ਜਾਂਦਾ ਸੀ। ਇੰਜ ਮਾਲੂਮ ਹੁੰਦਾ ਸੀ ਜਿਵੇਂ ਨਸ਼ੇ ਵਿਚ ਹੋਵੇ।

"ਅਗਲੀ ਸਵੇਰ 31 ਜਨਵਰੀ ਨੂੰ ਗਾਂਧੀ ਜੀ ਦੀ ਅਰਥੀ ਰਾਜ ਘਾਟ ਲੈ ਜਾਈ ਗਈ। ਲੱਖਾਂ ਆਦਮੀ ਔਰਤਾਂ ਇਸ ਜਲੂਸ ਵਿਚ ਸ਼ਾਮਲ ਸਨ। ਸ਼ਮਸ਼ਾਨ ਦਿੱਲੀ ਦੇ ਬਿਜਲੀ ਘਰ ਕੋਲ ਸੀ ਤੇ ਚਾਰੇ ਪਾਸੇ ਲੱਖਾਂ ਆਦਮੀਆਂ ਦੀ ਭੀੜ ਸੀ। ਇਸ ਹਾਦਸੇ ਨਾਲ ਸਭ ਤੋਂ ਵੱਧ ਚੋਟ ਪਟੇਲ ਤੇ ਦਿੱਲੀ ਐਡਮਨਿਸਟ੍ਰੇਸ਼ਨ ਦੇ ਕਰਮਚਾਰੀਆਂ ਨੂੰ ਲੱਗੀ। ਜਦ ਚਿਤਾ ਨੂੰ ਅੱਗ ਲਗਾਈ ਗਈ ਤਾਂ ਹਜੂਮ ਨੇ ਚਾਰੇ ਪਾਸਿਉਂ ਹੱਲਾ ਕਰ ਦਿੱਤਾ। ਹਵਾਈ ਫੌਜ ਵਾਲਿਆਂ ਦਾ ਕੋਰਡੂਨ ਟੁੱਟ ਗਿਆ ਤੇ ਇੰਜ ਮਾਲੂਮ ਹੁੰਦਾ ਸੀ ਕਿ ਨਹਿਰੂ, ਪਟੇਲ, ਮੌਲਾਨਾ, ਮਾਊਂਟਬੇਟਨ ਆਦਿ ਸਭ ਹੀ ਚਿਤਾ ਵਿਚ ਝੋਕੇ ਜਾਣਗੇ। ਮੈਂ ਘੋੜੇ 'ਤੇ ਚੜ੍ਹਿਆ ਹੋਇਆ ਸੀ ਤੇ ਕੁਝ ਘੋੜਸਵਾਰ ਸਿਪਾਹੀ ਮੌਜੂਦ ਸਨ। ਅਸੀਂ ਸਾਰਿਆਂ ਨੇ ਮਿਲ ਕੇ ਬੜੀ ਮੁਸ਼ਕਲ ਨਾਲ ਭੀੜ ਨੂੰ ਪਿੱਛੇ ਧੱਕਿਆ ਤੇ ਲੀਡਰਾਂ ਨੂੰ ਬਚਾਇਆ।"

"ਪਟੇਲ ਨੂੰ ਬੰਬਈ ਦੇ ਚੀਫ ਮਨਿਸਟਰ ਖੈਰ ਨੇ ਇਹ ਪਹਿਲਾਂ ਹੀ ਇਤਲਾਹ ਦੇ ਦਿੱਤੀ ਸੀ ਕਿ ਕੁਝ ਮਰਹੱਟੇ ਗਾਂਧੀ ਜੀ ਨੂੰ ਮਾਰਨਾ ਚਾਹੁੰਦੇ ਹਨ। ਪਤਾ ਨਹੀਂ ਪਟੇਲ ਨੇ ਦਿੱਲੀ ਐਡਮਨਿਸਟ੍ਰੇਸ਼ਨ ਦੀ ਮੀਟਿੰਗ ਕਿਉਂ ਨਾ ਬੁਲਾਈ। ਜੇ ਸਾਨੂੰ ਬੁਲਾਇਆ ਜਾਂਦਾ ਤੇ ਖਤਰੇ ਤੋਂ ਸਾਨੂੰ ਜਾਣੂੰ ਕੀਤਾ ਜਾਂਦਾ ਤਾਂ ਅਸੀਂ ਬਗੈਰ ਤਲਾਸ਼ੀ ਤੋਂ ਬੰਦਿਆਂ ਨੂੰ ਗਾਂਧੀ ਜੀ ਦੀ ਮੀਟਿੰਗ ਵਿਚ ਸ਼ਾਮਲ ਨਾ ਹੋਣ ਦਿੰਦੇ, ਭਾਵੇਂ ਗਾਂਧੀ ਜੀ ਕੁਝ ਵੀ ਕਹਿੰਦੇ। ਜੇ ਇਹ ਇਹਤਿਆਤ ਲਈ ਜਾਂਦੀ ਤਾਂ ਹੋ ਸਕਦਾ ਸੀ ਕਿ ਗਾਂਧੀ ਜੀ ਦੀ ਹੱਤਿਆ ਦਿੱਲੀ ਵਿਚ ਨਾ ਹੁੰਦੀ, ਤੇ ਹੋਰ ਕਿਸੇ ਜਗ੍ਹਾ ਹੁੰਦੀ।"


"ਹੁਣ ਪਟੇਲ ਨੇ ਜਨਸੰਘ ਨੂੰ ਆੜੇ ਹੱਥੀਂ ਲਿਆ। ਦਿੱਲੀ ਐਡਮਨਿਸਟ੍ਰੇਸ਼ਨ ਨੂੰ ਹੁਕਮ ਮਿਲਿਆ ਕਿ ਜਨਸੰਘ ਦੇ ਕਾਰਕੁਨ ਗ੍ਰਿਫਤਾਰ ਕਰ ਲਏ ਜਾਣ। ਅਸੀਂ ਸੈਂਕੜੇ ਜਨਸੰਘੀ ਪਕੜ ਲਏ...।"

"ਮਹਾਤਮਾ ਦੀ ਸ਼ਹੀਦੀ ਨਾਲ ਸ਼ਰਨਾਰਥੀਆਂ ਨੂੰ ਬਹੁਤ ਧੱਕਾ ਲੱਗਾ। ਹੁਣ ਹਿੰਦ ਸਰਕਾਰ ਦੀ ਹਮਦਰਦੀ ਉਨ੍ਹਾਂ ਨਾਲ ਘਟ ਗਈ। ਜਨਸੰਘੀ ਜਿਹੜੇ ਮਹਾਤਮਾ ਦੀ ਮੌਤ 'ਤੇ ਮਿਠਾਈਆਂ ਵੰਡ ਰਹੇ ਸਨ, ਜੂੰਆਂ ਵਾਂਗ ਸੌਂ ਗਏ। ਨਫਰਤ ਦੀ ਅੱਗ ਦੇ ਭਾਂਬੜ ਮਹਾਤਮਾ ਦੇ ਬਲੀਦਾਨ ਨਾਲ ਹੀ ਦਬ ਗਏ।"



ਮਹਾਤਮਾ ਗਾਂਧੀ

**ਡਾ. ਮਹਿੰਦਰ ਸਿੰਘ ਰੰਧਾਵਾ ਇਕ ਬਹੁਪੱਖੀ ਸਖਸ਼ੀਅਤ ਸੀ ਅਤੇ ਉਸ ਨੇ ਜਿੰਨਾ ਕੁਝ ਪੰਜਾਬ ਲਈ ਕੀਤਾ, ਉਨਾ ਸ਼ਾਇਦ ਪੰਜਾਬ ਦਾ ਕੋਈ ਵੀ ਹੋਰ ਅਫਸਰ ਨਹੀਂ ਕਰ ਸਕਿਆ। ਪਾਕਿਸਤਾਨ ਤੋਂ ਉੱਜੜੇ ਲੱਖਾਂ ਸ਼ਰਨਾਰਥੀਆਂ ਨੂੰ ਮੁੜ ਵਸਾਉਣ, ਪਿੰਡਾਂ ਦਾ ਵਿਕਾਸ ਕਰਨ, ਦੇਸ਼ ਨੂੰ ਅਨਾਜ ਪੈਦਾ ਕਰਨ ਵਿਚ ਸਵੈ-ਨਿਰਭਰ ਬਣਾਉਣ ਤੇ ਖੇਤੀਬਾੜੀ ਨੂੰ ਤਰੱਕੀ ਦੇ ਰਾਹ ਪਾਉਣ, ਸਾਇੰਸ, ਕਲਾ, ਸਾਹਿਤ ਤੇ ਸਭਿਆਚਾਰ ਦੇ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਅਤੇ ਹੋਰ ਕਈ ਕਾਰਜ ਨਿਭਾਉਣ ਵਿਚ ਉਸ ਦਾ ਮੋਢੀ ਰੋਲ ਸੀ।**



ਮਹਿੰਦਰ ਸਿੰਘ ਰੰਧਾਵਾ

## ਨਸ਼ੱਈਆਂ ਬਾਰੇ ਹਸਾਉਣੀ

ਦੋ ਅਮਲੀ ਘੋੜੇ 'ਤੇ ਚੜ੍ਹੇ ਜਾਂਦੇ ਸਨ। ਜਿਹੜਾ ਅੱਗੇ ਬੈਠਾ ਸੀ, ਡਰਪੋਕ ਸੀ। ਸੋ ਉਸ ਨੇ ਘੋੜੇ ਦੀ ਗਰਦਨ ਨੂੰ ਜੱਫੀ ਪਾਈ ਹੋਈ ਸੀ। ਉਹ ਕੁਝ ਚਿਰ ਪਿਛੋਂ ਹੇਠਾਂ ਜਾ ਪਿਆ। ਜਿਹੜਾ ਅਜੇ ਉਪਰ ਹੀ ਸੀ, ਕਹਿਣ ਲੱਗਾ, "ਕਿਸੇ ਚੀਜ਼ ਦੇ ਡਿੱਗਣ ਦੀ ਆਵਾਜ਼ ਆਈ ਹੈ, ਵੇਖੀ ਖਾਂ ਕੀ ਡਿੱਗਾ ਹੈ?"

ਹੇਠਾਂ ਵਾਲਾ ਕਹਿਣ ਲੱਗਾ, "ਆਵਾਜ਼ ਤਾਂ ਮੈਨੂੰ ਵੀ ਆਈ ਹੈ, ਸੋ ਮੈਂ ਹੇਠਾਂ ਉਤਰਿਆ ਹਾਂ, ਵੇਖ ਰਿਹਾਂ ਪਰ ਕੁਝ ਡਿੱਗਾ ਹੋਇਆ ਲੱਭਿਆ ਤਾਂ ਹੈ ਨਹੀਂ।"

ਦੂਜਾ ਵੀ ਥੱਲੇ ਉਤਰ ਆਇਆ ਤੇ ਦੋਨਾਂ ਨੇ ਆਸ-ਪਾਸ ਘੁੰਮ ਕੇ ਵੀ ਵੇਖਿਆ ਪਰ ਲੱਭਾ ਕੁਝ ਨਾ। ਸੋ ਵਾਪਸ ਘੋੜੇ 'ਤੇ ਚੜ੍ਹ ਗਏ। ਪਰ ਜੋ ਪਿੱਛੇ ਬੈਠਾ ਸੀ, ਉਹ ਅੱਗੇ ਚੜ੍ਹ ਗਿਆ ਤੇ ਜੋ ਅੱਗੇ ਸੀ ਉਹ ਪਿਛੇ ਬਹਿ ਗਿਆ, ਉਹ ਵੀ ਮੂੰਹ ਪਿਛਾੜੀ ਵੱਲ ਕਰ ਕੇ। ਹੁਣ ਜਦ ਘੋੜਾ ਤੁਰਿਆ ਤਾਂ ਪਿਛੇ ਬੈਠੇ ਨੂੰ ਫਿਰ ਡਰ ਲੱਗਾ ਤੇ ਉਸ ਨੇ ਘੋੜੇ ਦੀ ਗਰਦਨ ਨੂੰ ਮੁੜ ਜੱਫੀ ਪਾਉਣ ਦਾ ਯਤਨ ਕੀਤਾ। ਪਰ ਪਿਛਾੜੀ ਵੱਲ ਗਰਦਨ ਕਿੱਥੇ ਸੀ? ਤਦ ਉਹ ਬੋਲਿਆ, "ਓਏ ਹੁਣ ਪਤਾ ਲੱਗਾ ਈ, ਕੀ ਡਿੱਗਾ ਸੀ? ਘੋੜੇ ਦੀ ਗਰਦਨ ਡਿੱਗੀ ਸੀ।"

-ਜਸਵੰਤ ਸਿੰਘ ਨੇਕੀ

*ਵਿਚਾਰ-ਚਰਚਾ*

# ਬੇਗਮਪੁਰਾ ਸਹਰ ਕੋ ਨਾਉ



ਡਾ. ਗੁਰਨਾਮ ਕੌਰ, ਕੈਨੇਡਾ

ਮਨੁੱਖ ਦਾ ਸਮਾਜ ਵਿਚ ਬਰਾਬਰੀ ਅਤੇ ਸਵੈਮਾਣ ਦੇ ਅਹਿਸਾਸ ਨਾਲ ਜਿਉਂ ਸਕਣਾ ਮਨੁੱਖ ਦੀ ਹੋਂਦ ਦਾ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਹੈ। ਜਮਾਤੀ ਅਤੇ ਨਸਲੀ ਨਾ-ਬਰਾਬਰੀ ਭਾਵੇਂ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਵਿਚ ਹੈ ਪਰ ਜਿਸ ਕਿਸਮ ਦੀ ਵੰਡ ਵਰਣ-ਆਸ਼ਰਮ ਧਰਮ ਦੇ ਸਿਧਾਂਤ 'ਤੇ ਆਧਾਰਤ ਕਰਕੇ ਅਤੇ ਇਸ ਨੂੰ ਧਰਮ-ਸ਼ਾਸਤਰਾਂ ਦੀ ਪ੍ਰਵਾਨਗੀ ਨਾਲ ਹਜ਼ਾਰਾਂ ਸਾਲ ਪਹਿਲਾਂ ਭਾਰਤੀ ਸਮਾਜ 'ਤੇ ਲਾਗੂ ਕੀਤੀ ਗਈ, ਜਿਹੋ ਜਿਹਾ ਭਿਆਨਕ ਰੂਪ ਇਸ ਨੇ ਧਾਰਨ ਕੀਤਾ ਜੋ ਅੱਜ ਇੱਕੀਵੀਂ ਸਦੀ ਤੱਕ ਵੀ ਕਾਇਮ ਹੈ। ਮਨੁੱਖ ਰਾਹੀਂ ਮਨੁੱਖ ਨੂੰ ਗੁਲਾਮ ਰੱਖਣ ਦੀ ਅਜਿਹੀ ਮਿਸਾਲ ਦੁਨੀਆਂ ਦੇ ਹੋਰ ਕਿਸੇ ਸਮਾਜ ਵਿਚ ਮਿਲ ਸਕਣੀ ਬਹੁਤ ਮੁਸ਼ਕਿਲ ਹੈ। ਸਿੱਖ ਧਰਮ ਦੇ ਪ੍ਰਕਾਸ਼ਨ ਤੋਂ ਪਹਿਲਾਂ ਦਾ ਸਮਾਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਚੱਲੀ ਭਗਤੀ ਲਹਿਰ ਰਾਹੀਂ ਇਸ ਕੱਟੜ ਧਾਰਮਿਕ ਪ੍ਰਬੰਧ ਦੇ ਖਿਲਾਫ ਇੱਕ ਨਵੀਂ ਧਾਰਮਿਕ-ਸਮਾਜਿਕ ਜਾਗ੍ਰਤੀ ਦਾ ਸਮਾਂ ਸੀ ਕਿਉਂਕਿ ਇਨ੍ਹਾਂ ਗਲੀਆਂ ਸੜੀਆਂ ਮਾਨਵਤਾ-ਵਿਰੋਧੀ ਰੀਤਾਂ ਵਿਚੋਂ ਮਨੁੱਖ ਦੀ ਕਿਸੇ ਵੀ ਕਿਸਮ ਦੀ ਮੁਕਤੀ ਦੀ ਆਸ ਗੁਆਚ ਚੁੱਕੀ ਸੀ। ਵੱਖ ਵੱਖ ਇਲਾਕਿਆਂ, ਬੋਲੀਆਂ ਅਤੇ ਸਮਾਜਕ ਵਰਗਾਂ ਵਿਚ ਪੈਦਾ ਹੋਏ ਭਗਤ ਬੇਸ਼ੱਕ ਆਪਣੇ ਇਕਲੌਤੇ ਯਤਨਾਂ ਰਾਹੀਂ ਇੱਕ ਸੰਗਠਿਤ ਲਹਿਰ ਤਾਂ ਨਹੀਂ ਸਿਰਜ ਸਕੇ ਪਰ ਉਨ੍ਹਾਂ ਨੇ ਆਮ ਮਨੁੱਖ ਦੇ ਅੰਦਰ ਇੱਕ ਨਵੀਂ ਆਸ ਅਤੇ ਸੰਭਾਵਨਾ ਦਾ ਸੁਪਨਾ ਜਗਾਇਆ।

ਗੁਰੂ ਸਾਹਿਬਾਨ ਨੇ ਇਨ੍ਹਾਂ ਭਗਤਾਂ ਦੀ ਬਾਣੀ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਣਾ ਕੇ ਉਸ ਸੰਭਾਵਨਾ ਨੂੰ ਸਾਕਾਰ ਹੋਣ ਦਾ ਮੌਕਾ ਮੁਹੱਈਆ ਕੀਤਾ। ਭਗਤ ਰਵਿਦਾਸ ਦਾ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 345 'ਤੇ ਦਰਜ਼ ਹੈ ਜਿਸ ਵਿਚ ਅਜਿਹੇ ਸਮਾਜ ਦੀ ਸਿਰਜਣਾ ਦੀ ਗੱਲ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪ੍ਰਾਪਤ ਅਧਿਆਤਮਕਤਾ ਇਸ ਦੁਨਿਆਵੀ ਜੀਵਨ ਵਿਚ ਅਮਲੀ ਪ੍ਰਕਾਸ਼ਨ ਨਾਲ ਸਬੰਧਤ ਹੈ। ਕਹਿਣ ਤੋਂ ਭਾਵ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸੰਕਲਪਾਂ ਨੇ ਮਨੁੱਖ ਦੇ ਅਮਲੀ ਜੀਵਨ ਵਿਚ ਉਸ ਦੇ ਕੀਤੇ ਜਾਣ ਵਾਲੇ ਕਾਰਜਾਂ ਵਿਚੋਂ ਪਰਗਟ ਹੋਣਾ ਹੈ। ਇਹ ਹੀ ਗੁਰਮੁਖਿ ਜਾਂ ਸਚਿਆਰ ਹੋਣਾ ਹੈ। ਭਗਤ ਰਵਿਦਾਸ ਜੀ ਦਾ ਇਹ ਸ਼ਬਦ, ਜਿਵੇਂ ਕਿ ਇਸ ਦੇ ਨਾਮ 'ਬੇਗਮਪੁਰਾ' ਤੋਂ ਹੀ ਸਪੱਸ਼ਟ ਹੈ, ਅਜਿਹੇ ਸਥਾਨ, ਸ਼ਹਿਰ, ਸਮਾਜ, ਦੇਸ ਜਾਂ ਰਾਜ ਦਾ ਸੰਕਲਪ ਹੈ ਜਿਸ ਵਿਚ ਕਿਸੇ ਕਿਸਮ ਦਾ ਕੋਈ ਗ਼ਮ ਨਾ ਹੋਵੇ, ਹਰ ਤਰ੍ਹਾਂ ਦੇ ਗਮ ਤੋਂ ਸੁਰਖਰੂ। ਇਹ ਅਜਿਹੇ ਸਥਾਨ ਦੀ ਪ੍ਰਾਪਤੀ ਹੈ ਜਿਸ ਵਿਚ ਰਹਿਣ ਵਾਲਿਆਂ ਨੂੰ ਕਿਸੇ ਕਿਸਮ ਦਾ ਕੋਈ ਦੁੱਖ, ਤਕਲੀਫ, ਚਿੰਤਾ ਜਾਂ ਫਿਕਰ ਨਹੀਂ ਹੈ। ਇਸ ਵਿਚ ਰਹਿਣ ਵਾਲੇ ਸਾਰੇ ਸੁਖੀ ਅਤੇ ਅਨੰਦ-ਮਈ ਜੀਵਨ ਬਤੀਤ ਕਰ ਰਹੇ ਹਨ। ਅਜਿਹਾ ਸਮਾਜ ਜਿਸ ਵਿਚ ਊਚ-ਨੀਚ, ਜਾਤ-ਪਾਤ, ਰੰਗ, ਨਸਲ ਆਦਿ ਦਾ ਕਿਸੇ ਕਿਸਮ ਦਾ ਕੋਈ ਵਖਰੇਵਾਂ ਨਹੀਂ ਹੈ। ਸਭ ਲਈ ਸਮਾਜਕ ਨਿਆਉਂ ਇੱਕੋ ਜਿਹਾ ਪ੍ਰਾਪਤ ਹੈ। ਇਹ ਇੱਕ ਅਜਿਹੇ 'ਵੈਲ ਫੇਅਰ ਸਟੇਟ' ਦਾ ਸੰਕਲਪ ਹੈ ਜਿਸ ਵਿਚ ਮਨੁੱਖ ਨੂੰ ਕੋਈ ਦੁਨਿਆਵੀ ਜਾਇਦਾਦ ਬਣਾਉਣ ਦੀ ਜਾਂ ਉਸ 'ਤੇ ਕਿਸੇ ਕਿਸਮ ਦਾ ਮਸੂਲ ਦੇਣ ਦੀ ਵੀ ਕੋਈ ਚਿੰਤਾ ਨਹੀਂ ਹੈ। ਇਸ ਸਥਾਨ ਵਿਚ ਕਿਸੇ ਕਿਸਮ ਦਾ ਕੋਈ ਪਾਪ-ਕਰਮ ਕਰਨ ਦਾ ਵੀ ਖ਼ਤਰਾ ਨਹੀਂ ਹੈ; ਕੋਈ ਭੈ ਨਹੀਂ ਹੈ, ਕੋਈ ਗਿਰਾਵਟ ਨਹੀਂ ਹੈ। ਸਾਰੇ ਮਨੁੱਖ ਬਰਾਬਰ ਦੇ ਭਾਈਵਾਲ ਹਨ ਜਿਸ ਨੂੰ ਭਗਤ ਰਵਿਦਾਸ ਜੀ, "ਜੋ ਹਮ ਸਹਿਰੀ ਸੋ ਮੀਤ ਹਮਾਰਾ" ਦੇ ਸੰਕਲਪ ਰਾਹੀਂ ਪਰਗਟ ਕਰਦੇ ਹਨ। ਇਸ ਸਥਾਨ 'ਤੇ ਵਸਣ ਵਾਲਾ ਮਨੁੱਖ ਪੂਰੀ ਤਰ੍ਹਾਂ ਅਜ਼ਾਦ ਹੈ, ਉਸ ਨੂੰ ਸਮਾਜ ਵਿਚ ਵਿਚਰਨ ਦੀ ਪੂਰਨ ਅਜ਼ਾਦੀ ਹੈ, ਉਹ ਇਸ ਸਥਾਨ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਇਸ ਦਾ ਭੇਤੀ ਹੈ, ਇਸ ਲਈ ਕਿਤੇ ਵੀ ਵਿਚਰਨ ਲਈ ਪੂਰਨ ਸੁਤੰਤਰ ਹੈ। ਇਥੇ ਮਨੁੱਖ ਨੂੰ ਮਨੁੱਖ ਹੋਣ ਦਾ ਪੂਰਨ ਮਾਣ ਹਾਸਲ ਹੈ। ਇਹ ਇੱਕ ਅਜਿਹੇ ਨਿਰਭਉ ਅਤੇ ਨਿਰਵੈਰ ਸਮਾਜ ਦੀ ਸਿਰਜਣਾ ਹੈ ਜਿੱਥੇ, ਭਗਤ ਰਵਿਦਾਸ ਦੇ ਸ਼ਬਦਾਂ ਵਿਚ ਕੋਈ ਦੂਜੇ ਤੀਜੇ ਦਰਜੇ ਦਾ ਸ਼ਹਿਰੀ ਨਹੀਂ ਹੈ, ਸਭ ਬਰਾਬਰ ਦੇ ਹੱਕਦਾਰ ਹਨ। ਸਭ ਰੱਜੇ ਹੋਏ, ਸੰਤੁਸ਼ਟ, ਅਨੰਦ-ਪ੍ਰਸੰਨ ਹੋ ਕੇ ਵੱਸ ਰਹੇ ਹਨ, ਕੋਈ ਚਿੰਤਾ, ਘਬਰਾਹਟ ਜਾਂ ਥੁੜ ਨਹੀਂ ਹੈ, ਕੋਈ ਵਿਤਕਰਾ ਨਹੀਂ ਹੈ, ਕੋਈ ਕਿਸੇ ਦੇ ਰਸਤੇ ਦੀ ਰੁਕਾਵਟ ਨਹੀਂ ਬਣ ਸਕਦਾ:

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੋ ਮੀਤ ਹਮਾਰਾ॥੩॥੨॥
(ਪੰਨਾ ੩੪੫)

ਇਸੇ ਨੂੰ ਪੰਚਮ ਪਾਤਿਸ਼ਾਹ ਹਜ਼ੂਰ ਗੁਰੂ ਅਰਜਨ ਦੇਵ ਨੇ "ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ" ਕਿਹਾ ਹੈ ਜਿਸ ਅਨੁਸਾਰ ਹੁਣ ਮਿਹਰਬਾਨ ਅਕਾਲ ਪੁਰਖ ਦਾ ਹੁਕਮ ਹੋ ਗਿਆ ਹੈ ਕਿ ਕੋਈ ਕਿਸੇ 'ਤੇ ਪ੍ਰਬਲ ਹੋ ਕੇ ਉਸ ਨੂੰ ਦੁੱਖ ਨਹੀਂ ਦੇ ਸਕੇਗਾ। ਸਾਰੀ ਰਈਅਤ ਸੁਖ ਨਾਲ ਵਸੇਗੀ, ਹੁਣ ਅਜਿਹਾ ਨਰਮੀ (ਹਲੀਮੀ) ਵਾਲਾ ਰਾਜ ਹੋ ਗਿਆ ਹੈ। ਬਾਣੀ ਦਾ ਅਧਿਆਤਮਕ ਸੰਦਰਭ ਹੈ ਅਤੇ ਇਸ ਦੇ ਅਰਥ ਕਰਦਿਆਂ 'ਬੇਗਮਪੁਰਾ' ਨੂੰ ਆਤਮਕ ਅਵਸਥਾ-ਰੂਪ ਸ਼ਹਿਰ ਦੇ ਅਰਥਾਂ ਵਿਚ ਲਿਆ ਜਾਂਦਾ ਹੈ ਅਤੇ ਮਨੁੱਖ ਨੇ ਹਰ ਤਰ੍ਹਾਂ ਦੀਆਂ ਅੜਚਣਾਂ ਨੂੰ ਦੂਰ ਕਰਕੇ ਇਸ ਅਵਸਥਾ ਨੂੰ ਪਹੁੰਚਣਾ ਹੈ। ਇਹ ਤੱਥ ਧਿਆਨ ਯੋਗ ਹੈ ਕਿ ਗੁਰੂ ਸਾਹਿਬਾਨ ਨੇ ਬਾਣੀ ਵਿਚ ਕੋਈ ਵੀ ਅਜਿਹਾ ਸੰਕਲਪ ਜਾਂ ਸਿਧਾਂਤ ਦਰਜ ਨਹੀਂ ਕੀਤਾ ਜਿਸ ਨੂੰ ਅਮਲ ਵਿਚ ਨਹੀਂ ਲਿਆਂਦਾ ਜਾ ਸਕਦਾ ਕਿਉਂਕਿ ਅਮਲੀ ਪ੍ਰਕਾਸ਼ਨ ਤੋਂ ਬਿਨਾ ਸਿਧਾਂਤ ਬੇਕਾਰ ਹੁੰਦਾ ਹੈ।

ਭਗਤ ਰਵਿਦਾਸ ਰੱਬ ਦੇ ਭਗਤ ਹਨ, ਉਸ ਆਤਮਕ ਅਵਸਥਾ ਤੱਕ ਪਹੁੰਚੇ ਹੋਏ ਹਨ, ਗਿਆਨੀ ਪੁਰਸ਼ ਹਨ ਅਤੇ ਇਸ ਅਵੱਸਥਾ ਵਿਚ ਪਹੁੰਚੇ ਹੋਏ ਮਨੁੱਖ ਲਈ, ਜਿਵੇਂ ਗੁਰੂ ਤੇਗ ਬਹਾਦਰ ਨੌਵੇਂ ਪਾਤਿਸ਼ਾਹ ਨੇ ਆਪਣੀ ਬਾਣੀ ਵਿਚ ਫੁਰਮਾਇਆ ਹੈ ਕਿ ਗਿਆਨੀ ਪੁਰਸ਼ ਲਈ ਦੁੱਖ-ਸੁੱਖ, ਮਾਨ-ਅਪਮਾਨ, ਕੰਚਨ ਅਤੇ ਮਾਟੀ ਇੱਕ ਸਮਾਨ ਹੁੰਦੇ ਹਨ। ਭਗਤ ਰਵਿਦਾਸ ਜਿਸ ਸਮਾਜ ਵਿਚ ਪਲੇ, ਵੱਡੇ ਹੋਏ ਉਸ ਸਮਾਜ ਵਿਚ ਸਮਾਜਕ ਗਤੀਸ਼ੀਲਤਾ ਦੀ ਆਗਿਆ ਨਹੀਂ ਹੈ; ਮਨੁੱਖ ਦਾ ਇੱਕ ਵਰਣ ਤੋਂ ਦੂਸਰੇ ਵਿਚ ਪ੍ਰਵੇਸ਼, ਆਪਣੀ ਮਰਜ਼ੀ ਅਨੁਸਾਰ ਆਪਣਾ ਕਿੱਤਾ ਤਿਆਗ ਕੇ ਕੋਈ ਦੂਸਰਾ ਕਿੱਤਾ ਅਪਨਾਉਣਾ, ਸਿੱਖਿਆ ਪ੍ਰਾਪਤ ਕਰਨਾ, ਇਨ੍ਹਾਂ ਸਭ ਦੀ ਮਨਾਹੀ ਹੈ। ਇਸ ਸਮਾਜ ਵਿਚ ਤਾਂ ਮਨੁੱਖ ਦੇ ਰਹਿਣ ਦੀ ਥਾਂ ਵੀ ਉਸ ਦੇ ਵਰਣ ਅਨੁਸਾਰ ਨਿਸਚਿਤ ਕੀਤੀ ਹੋਈ ਹੈ। ਇੱਥੋਂ ਤੱਕ ਕਿ ਕਿਸੇ ਦਵਿਜ ਜਨਮ ਵਾਲੇ ਉਤੇ ਕਿਸੇ ਦਲਿਤ ਕਹੇ ਜਾਣ ਵਾਲੇ ਦਾ ਪਰਛਾਵਾਂ ਪੈਣਾ ਵੀ ਗੁਨਾਹ ਹੈ। ਕਿਸਾਨ ਨੂੰ, ਫਸਲ ਹੋਵੇ ਭਾਵੇਂ ਨਾ ਮਸੂਲ ਦੇਣਾ ਪੈਂਦਾ ਹੈ; ਨਹੀਂ ਦੇ ਸਕਦਾ ਤਾਂ ਜ਼ਮੀਨ ਦੀ ਮਾਲਕੀ ਤਿਆਗਣੀ ਪੈਂਦੀ ਹੈ। ਜੀਵਨ ਹਰ ਤਰ੍ਹਾਂ ਦੇ ਅੰਦੇਸ਼ਿਆਂ, ਦੁੱਖਾਂ-ਤਕਲੀਫਾਂ ਨਾਲ ਭਰਿਆ ਪਿਆ ਹੈ। ਭਗਤ ਰਵਿਦਾਸ ਇਸ ਸਮਾਜਕ ਅਵਸਥਾ ਤੋਂ ਪੂਰੀ ਤਰ੍ਹਾਂ ਚੇਤੰਨ ਹਨ। ਉਹ ਦਲਿਤ ਚੇਤਨਾ ਦਾ ਹੀ ਪ੍ਰਗਟਾਵਾ ਕਰਦੇ ਹਨ ਜਦੋਂ ਕਹਿੰਦੇ ਹਨ 'ਕਹਿ ਰਵਿਦਾਸ ਖਲਾਸ ਚਮਾਰਾ'। ਉਪਰ ਦਿੱਤੇ ਸ਼ਬਦ ਵਿਚ ਜਿਵੇਂ ਸਭ ਪ੍ਰਕਾਰ ਦੀਆਂ ਬੰਦਸ਼ਾਂ ਤੋਂ ਛੁਟਕਾਰੇ ਦਾ ਜ਼ਿਕਰ ਕੀਤਾ ਹੈ, ਇਹ ਦਲਿਤ ਚੇਤਨਾ ਵੱਲ ਸੰਕੇਤਕ ਹੈ। ਭਗਤ ਰਵਿਦਾਸ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰ ਬਾਣੀ ਤੋਂ ਵੀ ਇਸ ਚੇਤਨਾ ਦੀ ਝਲਕ ਮਿਲਦੀ ਹੈ ਜਦੋਂ ਉਹ ਇਸ ਵਰਣ ਨਾਲ ਜੁੜੇ ਕਿੱਤੇ ਦੀ ਗੱਲ ਅਤੇ ਹੋਰ ਸਮਾਜਕ ਪ੍ਰਸਥਿਤੀਆਂ ਦਾ ਜ਼ਿਕਰ ਕਰਦੇ ਹਨ। ਉਹ ਜਾਣਦੇ ਹਨ ਕਿ ਆਮ ਲੋਕਾਂ ਦੀਆਂ ਨਜ਼ਰਾਂ ਵਿਚ "ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ", ਬੇਸ਼ਕ ਸਾਰੇ ਮਨੁੱਖ ਉਸੇ ਅਕਾਲ ਪੁਰਖ ਦੇ ਆਪਣੇ ਆਪ ਤੋਂ ਪੈਦਾ ਕੀਤੇ ਹੋਏ ਹਨ।

ਭਗਤ ਰਵਿਦਾਸ ਨੇ ਉਨ੍ਹਾਂ ਦੁਸ਼ਵਾਰੀਆਂ, ਸਮਾਜਕ ਨਾ-ਬਰਾਬਰੀ, ਦੁੱਖਾਂ-ਤਕਲੀਫਾਂ, ਸਮਾਜਕ ਗ਼ੁਲਾਮੀ, ਸਮਾਜਕ ਗਤੀਹੀਣਤਾ ਦੀ ਗੱਲ ਕੀਤੀ ਹੈ ਜਿਨ੍ਹਾਂ ਨੂੰ 'ਬੇਗਮਪੁਰਾ' ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੈ। ਪਰ ਭਗਤ ਰਵਿਦਾਸ ਨੇ ਉਨ੍ਹਾਂ ਅੜਚਣਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਜਿਹੜੀਆਂ 'ਬੇਗਮਪੁਰਾ' ਦੇ ਰਸਤੇ ਦੀ ਰੁਕਾਵਟ ਬਣਦੀਆਂ ਹਨ। ਉਹ ਕਿਹੜੀਆਂ ਤਾਕਤਾਂ ਹਨ ਜਿਹੜੀਆਂ 'ਬੇਗਮਪੁਰਾ' ਦੇ ਰਸਤੇ ਦਾ ਰੋੜਾ ਹਨ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ਅੜਚਣਾਂ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਅਜਿਹੀਆਂ ਤਾਕਤਾਂ ਨੂੰ ਸਾਹਮਣੇ ਲਿਆਂਦਾ ਹੈ ਜਿਹੜੀਆਂ 'ਬੇਗਮਪੁਰਾ' ਦੀ ਸਿਰਜਣਾ ਵਿਚ ਰੋੜਾ ਅਟਕਾਉਂਦੀਆਂ ਹਨ। ਇਹ ਤਾਕਤਾਂ ਰਾਜਸੀ ਅਤੇ ਆਪਣੇ ਆਪ ਨੂੰ ਧਾਰਮਿਕ ਅਖਵਾਉਣ ਵਾਲੀਆਂ ਹਨ ਜੋ ਰਾਜਸੀ ਸ਼ਕਤੀ ਨਾਲ ਮਿਲ ਕੇ ਸਮਾਜਕ ਗੁਲਾਮੀ, ਨਾ-ਬਰਾਬਰੀ ਅਤੇ ਮਨੁੱਖ ਦੇ ਮਨੁੱਖ ਰਾਹੀਂ ਸੋਸ਼ਣ ਦਾ ਕਾਰਨ ਬਣਦੀਆਂ ਹਨ।

ਗੁਰੂ ਨਾਨਕ ਆਸਾ ਦੀ ਵਾਰ ਵਿਚ ਉਸ ਸਮੇਂ ਦਾ ਜ਼ਿਕਰ ਕਰਦੇ ਹਨ ਕਿ ਸੱਚ ਦਾ ਕਾਲ ਪੈ ਗਿਆ ਹੈ, ਸੱਚ ਅਲੋਪ ਹੋ ਗਿਆ ਹੈ ਅਤੇ ਝੂਠ ਦਾ ਬੋਲਬਾਲਾ ਹੈ। (ਸੱਚ ਦਾ ਸਬੰਧ ਨਿਆਂ ਨਾਲ ਅਤੇ ਝੂਠ ਅਨਿਆਂ ਨਾਲ ਜੁੜਿਆ ਹੁੰਦਾ ਹੈ)। ਗੁਰੂ ਨਾਨਕ ਖੇਤੀ ਬੀਜਣ ਦਾ ਦ੍ਰਿਸ਼ਟਾਂਤ ਦਿੰਦੇ ਹਨ ਕਿ ਬੀਜ ਦੇ ਉਗਣ ਲਈ ਉਸ ਦਾ ਸਾਬਤ ਹੋਣਾ ਅਰਥਾਤ ਅਖੰਡ ਹੋਣਾ ਜ਼ਰੂਰੀ ਹੈ, ਦੋਫਾੜ ਹੋਇਆ ਬੀਜ ਉਗਦਾ ਨਹੀਂ। ਸਾਬਤ ਬੀਜ ਦੇ ਨਾਲ ਨਾਲ ਬੀਜਣ ਲਈ ਰੁੱਤ ਦਾ ਸਹੀ ਹੋਣਾ ਵੀ ਜ਼ਰੂਰੀ ਹੈ। ਦੂਸਰਾ ਦ੍ਰਿਸ਼ਟਾਂਤ ਕੱਪੜਾ ਰੰਗਣ ਦਾ ਦਿੰਦੇ ਹਨ। ਕੋਰੇ ਕਪੜੇ ਨੂੰ ਰੰਗ ਨਹੀਂ ਚੜ੍ਹਦਾ। ਕਪੜੇ ਨੂੰ ਰੰਗਣ ਲਈ ਪਹਿਲਾਂ ਖੁੰਬ 'ਤੇ ਚਾੜ੍ਹਨਾ ਪੈਂਦਾ ਹੈ, ਫਿਰ ਉਸ ਨੂੰ ਪਾਹ ਦੇਣੀ ਪੈਂਦੀ ਹੈ। ਉਸ ਤੋਂ ਪਿੱਛੋਂ ਹੀ ਰੰਗ ਦਿੱਤਾ ਜਾਂਦਾ ਹੈ। ਨਿਆਂਸ਼ੀਲ ਹੋਣ ਲਈ ਝੂਠ ਅਤੇ ਨਿਰਦੈਤਾ ਮਨ ਵਿਚੋਂ ਕੱਢਣੀ ਪੈਂਦੀ ਹੈ। ਜੋ ਕੁੱਝ ਉਸ ਵੇਲੇ ਵਾਪਰ ਰਿਹਾ ਹੈ ਉਸ ਦਾ ਜ਼ਿਕਰ ਕਰਦੇ ਹਨ ਕਿ ਧਰਤੀ 'ਤੇ ਲਾਲਚ ਦਾ ਰਾਜ ਹੈ ਅਤੇ ਪਾਪ ਉਸ ਦਾ ਵਜ਼ੀਰ ਹੈ, ਝੂਠ ਦੀ ਚੌਧਰ ਹੈ। ਇਸ ਲਾਲਚ ਅਤੇ ਪਾਪ ਦੇ ਦਰਬਾਰ ਵਿਚ ਕਾਮ ਨਾਇਬ ਹੈ ਜਿਸ ਦੀ ਸਲਾਹ ਪੁੱਛੀ ਜਾਂਦੀ ਹੈ। ਅੱਗੇ ਪਰਜਾ ਦਾ ਕੀ ਹਾਲ ਹੈ? ਉਹ ਗਿਆਨ-ਵਿਹੂਣੀ ਹੈ ਅਰਥਾਤ ਉਸ ਨੂੰ ਆਪਣੇ ਹੱਕ ਦਾ ਅਹਿਸਾਸ ਨਹੀਂ ਹੈ ਅਤੇ ਅਗਿਆਨੀ ਹੋਣ ਕਰਕੇ ਚੱਟੀ ਭਰ ਰਹੀ ਹੈ। ਜੋ ਆਪਣੇ ਆਪ ਨੂੰ ਗਿਆਨੀ ਅਖਵਾਉਂਦੇ ਹਨ (ਜਿਨ੍ਹਾਂ ਨੇ ਪਰਜਾ ਨੂੰ ਰਸਤਾ ਦਿਖਾਉਣਾ ਹੈ) ਉਹ ਨੱਚਦੇ ਹਨ, ਵਾਜੇ ਵਜਾਉਂਦੇ ਹਨ, ਉਚੀ ਉਚੀ ਕੂਕ ਕੇ ਜੋਧਿਆਂ ਦੇ ਪ੍ਰਸੰਗ ਸੁਣਾਉਂਦੇ ਹਨ। ਪੜ੍ਹੇ-ਲਿਖੇ (ਪੰਡਿਤ) ਮੂਰਖ ਨਿਰੀਆਂ ਚਲਾਕੀਆਂ ਕਰਦੇ ਹਨ ਅਤੇ ਸਿਰਫ਼ ਦਲੀਲਾਂ ਦੇਣੀਆਂ ਜਾਣਦੇ ਹਨ। ਧਰਮੀ ਕਹਾਉਣ ਵਾਲੇ ਧਰਮ ਦਾ ਕੰਮ ਮਹਿਜ ਮੁਕਤੀ ਪ੍ਰਾਪਤ ਕਰਨ ਲਈ ਕਰਦੇ ਹਨ। ਆਪਣੇ ਆਪ ਨੂੰ ਜਤੀ ਕਹਾਉਣ ਵਾਲੇ ਜਤੀ ਹੋਣ ਦੀ ਜੁਗਤਿ ਨਹੀਂ ਜਾਣਦੇ।

ਇਸੇ ਤਰ੍ਹਾਂ 'ਮਲਾਰ ਕੀ ਵਾਰ' ਵਿਚ ਗੁਰੂ ਨਾਨਕ ਦੱਸਦੇ ਹਨ ਕਿ ਹਰਣ, ਬਾਜ਼ ਅਤੇ ਅਹਿਲਕਾਰ ਇਨ੍ਹਾਂ ਨੂੰ ਸਿਆਣੇ ਅਤੇ ਪੜ੍ਹੇ-ਲਿਖੇ ਮੰਨਿਆ ਜਾਂਦਾ ਹੈ ਪਰ ਇਹ ਤਿੰਨੇ ਹੀ ਆਪਣੇ ਹਮਸਾਇਆ ਦੇ ਦੁੱਖ ਦਾ ਕਾਰਨ ਬਣਦੇ ਹਨ। ਇਹ ਕਿਸ ਕਿਸਮ ਦੀ ਵਿੱਦਿਆ ਹੈ ਕਿ ਇਹ ਆਪਣੇ ਹੀ ਜਾਤਿ-ਭਰਾਵਾਂ ਨੂੰ ਫਸਾਉਂਦੇ ਹਨ? ਪੜ੍ਹਿਆ-ਲਿਖਿਆ ਜਾਂ ਵਿਦਵਾਨ ਤਾਂ ਉਹ ਹੀ ਹੁੰਦਾ ਹੈ ਜੋ ਪਰਮਾਤਮਾ ਦੀ ਹਜ਼ੂਰੀ ਵਿਚ (ਆਪਣੇ ਚੰਗੇ ਕੰਮਾਂ ਕਾਰਨ) ਉਸ ਦੇ ਨਾਮ ਦਾ ਅਨੁਸਾਰੀ ਹੋ ਕੇ ਮਨਜ਼ੂਰ ਹੁੰਦਾ ਹੈ। ਜੇ ਪਹਿਲਾਂ ਜ਼ਮੀਨ ਦੇ ਅੰਦਰ ਜੜ੍ਹ ਜੰਮਦੀ ਹੈ, ਉਸ ਦੇ ਬਾਅਦ ਹੀ ਰੁੱਖ ਦੇ ਰੂਪ ਵਿਚ ਉਗ ਕੇ ਛਾਂ ਕਰਦੀ ਹੈ। ਰਾਜੇ ਸ਼ੇਰ ਬਣ ਗਏ ਹਨ ਅਤੇ ਉਨ੍ਹਾਂ ਦੇ ਅਹਿਲਕਾਰ ਕੁੱਤੇ ਹਨ ਜਿਹੜੇ ਵੇਲੇ-ਕੁਵੇਲੇ ਪਰਜਾ ਨੂੰ ਤੰਗ ਕਰਦੇ ਹਨ। ਇਹ ਅਹਿਲਕਾਰ ਰਾਜਿਆਂ ਦੀਆਂ ਨਹੁੰਦਰਾਂ ਹਨ (ਸ਼ੇਰ ਆਪਣੇ ਪੰਜਿਆਂ ਨਾਲ ਸ਼ਿਕਾਰ ਕਰਦਾ ਹੈ) ਜਿਸ ਰਾਹੀਂ ਉਹ ਲੋਕਾਂ ਦਾ ਖੂਨ ਪੀਂਦੇ ਹਨ। ਪਰ ਜਿੱਥੇ (ਉਸ ਪਰਮਾਤਮਾ ਦੇ ਹਜ਼ੂਰ) ਕਰਨੀ ਦੀ ਪਰਖ ਕੀਤੀ ਜਾਂਦੀ ਹੈ ਉਥੇ ਇਹੋ ਜਿਹੇ ਰਾਜੇ ਅਤੇ ਅਹਿਲਕਾਰ ਖਰੇ ਨਹੀਂ ਉਤਰਦੇ।

ਇਸ ਰਾਜਸੀ ਸ਼ਕਤੀ ਨਾਲ ਧਾਰਮਕ ਸ਼ਕਤੀ ਦਾ ਜਦੋਂ ਅਪਵਿੱਤਰ ਗੱਠਜੋੜ ਹੋ ਜਾਂਦਾ ਹੈ ਤਾਂ ਦੋਵੇਂ ਮਿਲ ਕੇ ਧਰਮ ਦੀ ਆੜ ਵਿਚ ਲੋਕਾਂ ਦੇ ਸੋਸ਼ਣ ਦਾ ਕਾਰਨ ਬਣਦੇ ਹਨ। 'ਆਸਾ ਦੀ ਵਾਰ' ਵਿਚ ਦੱਸਿਆ ਹੈ ਕਿ ਇੱਕ ਪਾਸੇ ਗਊ ਤੇ ਬ੍ਰਾਹਮਣ- ਦੋਵਾਂ ਤੇ ਮਸੂਲ ਲਾਉਂਦਾ ਹੈ ਅਤੇ ਸਮਝਦਾ ਹੈ ਕਿ ਗਊ ਦੇ ਗੋਬਰ ਦਾ ਪੋਚਾ ਫੇਰ ਕੇ ਸ਼ਾਇਦ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੇਗਾ। ਧੋਤੀ, ਟਿੱਕਾ ਤੇ ਮਾਲਾ ਤਿੰਨੇ ਧਾਰਮਿਕ ਨਿਸ਼ਾਨੀਆਂ ਹਨ ਜਿਨ੍ਹਾਂ ਨੂੰ ਪਹਿਨਦਾ ਹੈ ਪਰ ਮਾਲ ਉਨ੍ਹਾਂ ਦਾ ਖਾਂਦਾ ਹੈ ਜਿਨ੍ਹਾਂ ਨੂੰ ਮਲੇਛ ਕਹਿੰਦਾ ਹੈ। ਅੰਦਰ ਬੈਠ ਕੇ ਪੂਜਾ ਕਰਦਾ ਹੈ ਪਰ ਬਾਹਰ ਮੁਸਲਮਾਨਾਂ (ਜਿਨ੍ਹਾਂ ਦਾ ਰਾਜ ਹੈ) ਨੂੰ ਦਿਖਾਉਣ ਲਈ ਕੁਰਾਨ ਪੜ੍ਹਦਾ ਹੈ। ਇਹ ਸਭ ਪਖੰਡ ਹੈ।

ਅਗਲੇ ਸਲੋਕ ਵਿਚ ਗੁਰੂ ਨਾਨਕ ਦੱਸਦੇ ਹਨ ਕਿ ਮਨੁੱਖਾਂ ਨੂੰ ਖਾਣ ਵਾਲੇ ਅਰਥਾਤ ਵੱਢੀ-ਖੋਰ (ਮੁਸਲਮਾਨ ਹਾਕਮ ਤੇ ਕਾਜ਼ੀ) ਨਮਾਜ਼ਾਂ ਪੜ੍ਹਦੇ ਹਨ ਅਤੇ ਅੱਗੇ ਉਨ੍ਹਾਂ ਦੇ (ਖੱਤਰੀ) ਅਹਿਲਕਾਰ ਲੋਕਾਂ 'ਤੇ ਜ਼ੁਲਮ ਕਰਦੇ ਹਨ, ਛੁਰੀ ਚਲਾਉਂਦੇ ਹਨ ਪਰ ਧਾਰਮਿਕ ਦਿਸਣ ਲਈ ਗਲ ਵਿਚ ਜਨੇਊ ਪਹਿਨਦੇ ਹਨ। ਫਿਰ ਅੱਗੋਂ ਅਜਿਹੇ ਅਹਿਲਕਾਰਾਂ ਦੇ ਘਰ ਵਿਚ ਬ੍ਰਾਹਮਣ ਪੂਜਾ ਕਰਦੇ ਹਨ ਅਤੇ ਉਸੇ ਜ਼ੁਲਮ ਦੀ ਕਮਾਈ ਦੇ ਹਿੱਸੇਦਾਰ ਬਣਦੇ ਹਨ। ਇਹ ਸਭ ਝੂਠ ਦਾ ਸਿਲਸਿਲਾ ਬਣਿਆ ਹੋਇਆ ਹੈ, ਇਨ੍ਹਾਂ ਦੇ ਸਾਰੇ ਕਾਰਜ ਝੂਠ 'ਤੇ ਟਿਕੇ ਹੋਏ ਹਨ। ਸ਼ਰਮ ਅਤੇ ਧਰਮ ਦੋਵੇਂ ਖਤਮ ਹੋ ਗਏ ਹਨ। ਖੱਤਰੀ ਅਹਿਲਕਾਰ ਮੱਥੇ 'ਤੇ ਟਿੱਕਾ ਲਾਉਂਦੇ ਹਨ ਅਤੇ ਤੇੜ ਗੇਰੂਏ ਰੰਗ ਦੀ ਧੋਤੀ ਪਾਉਂਦੇ ਹਨ ਪਰ ਹੱਥ ਵਿਚ ਲੋਕਾਂ 'ਤੇ ਜ਼ੁਲਮ ਕਰਨ ਲਈ ਛੁਰੀ ਫੜੀ ਹੋਈ ਹੈ। ਤੁਰਕ ਹਾਕਮਾਂ ਦੀ ਨਜ਼ਰ ਵਿਚ ਕਬੂਲ ਹੋਣ ਲਈ ਨੀਲੇ ਰੰਗ ਦੇ ਕੱਪੜੇ ਪਾ ਕੇ ਮਿਲਣ ਜਾਂਦੇ ਹਨ ਅਤੇ ਉਨ੍ਹਾਂ ਪਾਸੋਂ ਹੀ ਰੁਜ਼ਗਾਰ ਲੈਂਦੇ ਹਨ; ਫਿਰ ਵੀ ਪੁਰਾਣ ਦੀ ਪੂਜਾ ਕਰਦੇ ਹਨ। ਉਹ ਬੱਕਰਾ ਜਿਸ ਨੂੰ ਕਲਮਾ ਪੜ੍ਹ ਕੇ ਹਲਾਲ ਕੀਤਾ ਹੈ ਇਨ੍ਹਾਂ ਦੀ ਖੁਰਾਕ ਹੈ (ਅਰਥਾਤ ਮੁਸਲਮਾਨਾਂ ਦਾ ਤਿਆਰ ਕੀਤਾ ਹੋਇਆ)। ਉਤੋਂ ਐਲਾਨ ਇਹ ਕਰਦੇ ਹਨ ਕਿ ਸਾਡੇ ਚੌਂਕੇ ਉਤੇ ਕੋਈ ਦੂਸਰਾ ਨਾ ਚੜ੍ਹੇ, ਚੌਂਕੇ ਦੁਆਲੇ ਲਕੀਰ ਫੇਰ ਦਿੰਦੇ ਹਨ ਤਾਂ ਕਿ ਚੌਂਕੇ ਦੇ ਨੇੜੇ ਆ ਕੇ ਉਸ ਨੂੰ ਕੋਈ ਭਿੱਟ ਨਾ ਦੇਵੇ, ਸਾਡਾ ਅੰਨ ਖਰਾਬ ਨਾ ਹੋ ਜਾਵੇ। ਇਹ ਲੋਕ ਅਪਵਿੱਤਰ ਸਰੀਰ ਨਾਲ ਮੰਦੇ ਕੰਮ ਕਰਦੇ ਹਨ ਅਤੇ ਜੂਠੇ ਮਨ ਨਾਲ ਮੂੰਹ ਸੁੱਚਾ ਕਰਨ ਲਈ ਚੁੱਲੀਆਂ ਕਰਦੇ ਹਨ।

ਇਸ ਵਿਚਾਰ-ਚਰਚਾ ਤੋਂ ਪਤਾ ਲੱਗਦਾ ਹੈ ਕਿ ਰਾਜਸੀ ਅਤੇ ਧਾਰਮਿਕ ਸ਼ਕਤੀਆਂ ਦਾ ਅਪਵਿੱਤਰ ਗੱਠਜੋੜ ਜਿਸ ਦੀ ਬੁਨਿਆਦ ਝੂਠ ਅਤੇ ਲੁੱਟ-ਖਸੁੱਟ 'ਤੇ ਟਿਕੀ ਹੋਈ ਹੈ, 'ਬੇਗਮਪੁਰਾ' ਦੇ ਅਮਲ ਵਿਚ ਸਭ ਤੋਂ ਵੱਡਾ ਰੋੜਾ ਹੈ। ਅੱਜ ਵੀ ਬੇਸ਼ੱਕ ਭਾਰਤੀ ਸੰਵਿਧਾਨ ਵਿਚ ਪੱਛੜੀਆਂ ਜਾਤਾਂ ਅਤੇ ਕਬੀਲਿਆਂ ਲਈ ਹੱਕ ਰਾਖਵੇਂ ਕਰ ਦਿੱਤੇ ਗਏ ਹਨ, ਸੰਵਿਧਾਨ ਦੀ ਨਿਗਾਹ ਵਿਚ ਸਾਰੇ ਬਰਾਬਰ ਦੇ ਸ਼ਹਿਰੀ ਹਨ ਪਰ ਜੋ ਕੁੱਝ ਭਾਰਤ ਵਿਚ ਪਿਛਲੇ ਦਿਨਾਂ ਵਿਚ ਵਾਪਰਿਆ ਹੈ ਅਤੇ ਵਾਪਰਦਾ ਰਿਹਾ ਹੈ, ਉਸ ਦਾ ਕਾਰਨ ਰਾਜ-ਸ਼ਕਤੀ ਅਤੇ ਹਿੰਦੂਤਵ ਸ਼ਕਤੀਆਂ ਦਾ ਅਪਵਿੱਤਰ ਗੱਠਜੋੜ ਹੈ।

*ਗੁਰਬਾਣੀ ਗਿਆਨ*

## ਹਉਮੈ ਵਿਚਿ ਸਭੁ ਜਗੁ ਬਉਰਾਨਾ

**ਗਉੜੀ ਗੁਆਰੇਰੀ ਮਹਲਾ ੩**
ਹਉਮੈ ਵਿਚਿ ਸਭੁ ਜਗੁ ਬਉਰਾਨਾ॥
ਦੂਜੈ ਭਾਇ ਭਰਮਿ ਭੁਲਾਨਾ॥
ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ॥
ਧੰਧਾ ਕਰਤਿਆ ਅਨਦਿਨੁ ਵਿਹਾਨਾ॥੧॥
ਹਿਰਦੈ ਰਾਮੁ ਰਮਹੁ ਮੇਰੇ ਭਾਈ॥
ਗੁਰਮੁਖਿ ਰਸਨਾ
ਹਰਿ ਰਸਨ ਰਸਾਈ॥੧॥ ਰਹਾਉ॥
ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ॥
ਜਗਜੀਵਨੁ ਸੇਵਿ ਜੁਗ ਚਾਰੇ ਜਾਤਾ॥
ਹਉਮੈ ਮਾਰਿ ਗੁਰ ਸਬਦਿ ਪਛਾਤਾ॥
ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ॥੨॥
ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ॥
ਧਾਵਤ ਵਰਜੇ ਠਾਕਿ ਰਹਾਏ॥
ਨਾਮੁ ਨਵ ਨਿਧਿ ਗੁਰ ਤੇ ਪਾਏ॥
ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ॥੩॥
ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ॥
ਅੰਤਰਿ ਵਸੈ ਨ ਲਾਗੈ ਜਮ ਪੀਰ॥
ਆਪੇ ਸਾਹਿਬੁ ਆਪਿ ਵਜੀਰ॥
ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ॥੪॥

ਹਉਮੈ ਵਿਚਿ ਸਭੁ ਜਗੁ ਬਉਰਾਨਾ, ਹੇ ਭਾਈ! ਪ੍ਰਭੂ ਦੇ ਨਾਮ ਨੂੰ ਵਿਸਾਰ ਕੇ, ਤੇ ਹਉਮੈ ਵਿਚ ਫਸ ਕੇ ਸਾਰਾ ਜਗਤ ਹੀ ਬਾਵਰਾ ਹੋਇਆ ਫਿਰਦਾ ਹੈ। ਮਾਇਆ ਦੇ ਮੋਹ ਕਾਰਨ ਭਟਕਣਾ ਵਿਚ ਪਿਆ ਜੀਵ ਕੁਰਾਹੇ ਤੁਰਿਆ ਜਾ ਰਿਹਾ ਹੈ ਅਤੇ ਹੋਰ-ਹੋਰ ਤਰ੍ਹਾਂ ਦੀਆਂ ਕਈ ਸੋਚਾਂ ਸੋਚਦਾ ਰਹਿੰਦਾ ਹੈ, ਪਰ ਆਪਣੇ ਅਸਲੀ ਆਤਮਿਕ ਜੀਵਨ ਦੀ ਭਾਲ ਨਾ ਕਰ ਕੇ, ਮਾਇਆ ਖਾਤਰ ਧੰਦੇ ਕਰਦਿਆਂ ਹੀ ਮਾਇਆਧਾਰੀ ਜੀਵ ਦਾ ਹਰ ਦਿਨ ਬੀਤਦਾ ਜਾ ਰਿਹਾ ਹੈ।

ਹਿਰਦੈ ਰਾਮੁ ਰਮਹੁ ਮੇਰੇ ਭਾਈ॥
ਗੁਰਮੁਖਿ ਰਸਨਾ
ਹਰਿ ਰਸਨ ਰਸਾਈ॥੧॥ ਰਹਾਉ॥

ਸ਼ਬਦ ਦੀ 'ਰਹਾਉ' ਵਾਲੀ ਪੰਕਤੀ ਵਿਚ ਗੁਰੂ ਅਮਰਦਾਸ ਜੀ ਜੀਵਾਂ ਨੂੰ ਉਪਦੇਸ਼ ਕਰਦੇ ਆਖ ਰਹੇ ਹਨ, ਹੇ ਮੇਰੇ ਭਾਈ! ਆਪਣੇ ਹਿਰਦੇ ਵਿਚ ਉਸ ਮਿਹਰਬਾਨ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਰਿਹਾ ਕਰ; ਗੁਰੂ ਦੀ ਸ਼ਰਨ ਪੈ ਕੇ ਆਪਣੀ ਇਸ ਜੀਭਾ ਨੂੰ ਹਰੀ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੋੜ ਕੇ ਪ੍ਰਭੂ ਪਿਤਾ ਦੇ ਨਾਮ ਰੂਪੀ ਰਸ ਨਾਲ ਰਸੀਲੀ ਬਣਾ ਲੈ।

ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ॥
ਜਗਜੀਵਨੁ ਸੇਵਿ ਜੁਗ ਚਾਰੇ ਜਾਤਾ॥
ਹਉਮੈ ਮਾਰਿ ਗੁਰ ਸਬਦਿ ਪਛਾਤਾ॥
ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ॥੨॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਜਿਸ ਜੀਵ ਨੇ ਗੁਰੂ ਦੀ ਸ਼ਰਨ ਪੈ ਕੇ ਆਪਣੇ ਹਿਰਦੇ ਵਿਚ ਉਸ ਪਰਮਾਤਮਾ ਪ੍ਰਭੂ ਨਾਲ ਪਛਾਣ ਬਣਾ ਲਈ ਹੈ, ਉਹ ਜੀਵ ਫਿਰ ਜਗਤ ਦੇ ਜੀਵਾਂ ਦੇ ਜੀਵਨ ਦੇ ਸਹਾਰੇ ਉਸ ਪਰਮਾਤਮਾ ਦੀ ਸੇਵਾ ਭਗਤੀ ਕਰ ਕੇ ਚਹੁੰ ਜੁਗਾਂ ਵਿਚ ਪ੍ਰਗਟ ਹੋ ਜਾਂਦਾ ਹੈ, ਭਾਵ ਜਾਣਿਆ ਜਾਂਦਾ ਹੈ। ਹੇ ਭਾਈ! ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਉਨ੍ਹਾਂ ਨੂੰ ਪੈਦਾ ਕਰਨ ਵਾਲਾ ਪ੍ਰਭੂ ਜਿਸ ਜੀਵ ਉਤੇ ਕਿਰਪਾ ਕਰਦਾ ਹੈ, ਉਹ ਅੰਦਰੋਂ ਹਉਮੈ ਦੂਰ ਕਰ ਕੇ ਗੁਰੂ ਸ਼ਬਦ ਰਾਹੀਂ ਪ੍ਰਭੂ ਨਾਲ ਸਾਂਝ ਪਾ ਲੈਂਦਾ ਹੈ।

ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ॥
ਧਾਵਤ ਵਰਜੇ ਠਾਕਿ ਰਹਾਏ॥
ਨਾਮੁ ਨਵ ਨਿਧਿ ਗੁਰ ਤੇ ਪਾਏ॥
ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ॥੩॥

ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ ਉਹ ਪਰਮਾਤਮਾ ਗੁਰੂ ਦੇ ਸ਼ਬਦ ਨਾਲ ਜੋੜਦਾ ਹੈ, ਜਿਨ੍ਹਾਂ ਨੂੰ ਪ੍ਰਭੂ ਮਾਇਆ ਪਿੱਛੇ ਦੌੜਦਿਆਂ ਨੂੰ ਵਰਜਦਾ ਹੈ ਤੇ ਆਪਣੀ ਕਿਰਪਾ ਨਾਲ ਉਨ੍ਹਾਂ ਮਨੁੱਖਾਂ ਨੂੰ ਰੋਕ ਲੈਂਦਾ ਹੈ, ਉਹ ਵਡਭਾਗੇ ਜੀਵ ਉਸ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ ਅਤੇ ਉਹ ਮਨੁੱਖ ਗੁਰੂ ਪਾਸੋਂ ਹਰੀ ਪਰਮਾਤਮਾ ਦਾ ਨਾਮ ਹਾਸਲ ਕਰ ਲੈਂਦੇ ਹਨ, ਜੋ ਉਨ੍ਹਾਂ ਵਾਸਤੇ ਮਾਨੋ ਧਰਤੀ ਦੇ ਨੌਂ ਖਜ਼ਾਨੇ ਹਨ, ਪ੍ਰਭੂ ਆਪਣੀ ਮਿਹਰ ਨਾਲ ਉਨ੍ਹਾਂ ਅੰਦਰ ਵੱਸਦਾ ਹੈ।

ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ॥
ਅੰਤਰਿ ਵਸੈ ਨ ਲਾਗੈ ਜਮ ਪੀਰ॥
ਆਪੇ ਸਾਹਿਬੁ ਆਪਿ ਵਜੀਰ॥
ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ॥੪॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਹਰੀ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਿਆਂ ਸਰੀਰ ਨੂੰ ਸੁੱਖ ਮਿਲਦਾ ਹੈ, ਸ਼ਾਂਤੀ ਮਿਲਦੀ ਹੈ, ਤੇ ਜਿਸ ਜੀਵ ਅੰਦਰ ਹਰਿ ਦਾ ਨਾਮ ਆ ਵੱਸਦਾ ਹੈ, ਉਸ ਨੂੰ ਜਮਾਂ ਦਾ ਦੁੱਖ ਕਦੀ ਪੋਹ ਨਹੀਂ ਸਕਦਾ। ਹੇ ਨਾਨਕ! ਜਿਹੜਾ ਪ੍ਰਭੂ ਆਪ ਹੀ ਇਸ ਸੰਸਾਰ ਦਾ ਸਾਹਿਬ ਹੈ ਅਤੇ ਆਪ ਹੀ ਵਜ਼ੀਰ ਹੈ, ਜੋ ਸਾਰੇ ਗੁਣਾਂ ਦਾ ਮਾਲਕ ਹੈ, ਵੱਡੇ ਜਿਗਰੇ ਵਾਲਾ ਹੈ, ਤੂੰ ਸਦਾ ਹੀ ਉਸ ਮਾਲਕ ਦੀ ਸੇਵਾ ਅਤੇ ਭਗਤੀ ਕਰਿਆ ਕਰ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-10

# ਕੁੰਭੀ ਨਰਕ 'ਚੋਂ ਛੁਟਕਾਰਾ

***'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। ਐਤਕੀਂ 'ਕੁੰਭੀ ਨਰਕ 'ਚੋਂ ਛੁਟਕਾਰਾ' ਵਿਚ ਪੁਲਿਸ ਦੀ ਤਫਤੀਸ਼ ਅਤੇ ਤਸ਼ੱਦਦ ਦੇ ਢੰਗ-ਤਰੀਕਿਆਂ ਦਾ ਜ਼ਿਕਰ ਕੀਤਾ ਗਿਆ ਹੈ। -ਸੰਪਾਦਕ***

ਰਾਤ ਉਤਰ ਆਈ ਸੀ। ਅਸੀਂ ਗੱਲੀਂ ਰੁੱਝੇ ਹੋਏ ਸਾਂ ਕਿ ਲਲਕਾਰਾ ਵੱਜਿਆ, "ਨਿਕਲੋ ਉਏ ਬਾਹਰ ਵੱਡੇ ਸਮੱਗਲਰੋ! ਤੁਹਾਡਾ ਲਵਾਈਏ ਅਨਾਰਕਲੀ ਬਜ਼ਾਰ ਦਾ ਗੇੜਾ!"

ਗਾਲ੍ਹਾਂ ਦੀ ਵਾਛੜ ਕਰਦਿਆਂ ਉਨ੍ਹਾਂ ਨੇ ਸਭ ਤੋਂ ਪਹਿਲੀ ਕੋਠੜੀ ਵਾਲੇ 'ਸਮੱਗਲਰਾਂ' ਨੂੰ ਬਾਹਰ ਕੱਢ ਲਿਆ ਤੇ ਕੱਪੜੇ ਉਤਾਰ ਕੇ ਅਹਾਤੇ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੀਕ ਢਿੱਡ ਪਰਨੇ ਰੀਂਗ ਕੇ ਜਾਣ ਅਤੇ ਇੰਜ ਹੀ ਵਾਪਸ ਆਉਣ ਲਈ ਕਿਹਾ। ਸੌ ਕੁ ਗਜ਼ ਲੰਮੇ ਇਸ ਅਹਾਤੇ ਵਿਚ ਢਿੱਡ ਪਰਨੇ ਰੀਂਗਦੇ ਹੋਏ ਜਦੋਂ ਉਹ ਸਾਡੇ ਦਰਵਾਜ਼ੇ ਅੱਗਿਉਂ ਲੰਘ ਰਹੇ ਸਨ ਤਾਂ ਇੱਕ ਜਣਾ ਉਨ੍ਹਾਂ ਦੇ ਠੁੱਡੇ ਵਰ੍ਹਾਉਣ ਲੱਗਾ, ਕਿਉਂਕਿ ਉਹ ਉਨ੍ਹਾਂ ਦੀ 'ਮਨ ਇੱਛਤ ਤੇਜ਼ੀ' ਨਾਲ ਨਹੀਂ ਸਨ ਰੀਂਗ ਰਹੇ।



**ਵਰਿਆਮ ਸਿੰਘ ਸੰਧੂ**
ਫੋਨ: 416-918-5212

ਪੁਲਿਸ ਵਾਲ ਖਿੜਖਿੜਾ ਕੇ ਰਾਖ਼ਸ਼ੀ-ਹਾਸਾ ਹੱਸ ਰਹੇ ਸਨ। ਉਹ ਸ਼ਰਾਬ ਨਾਲ ਰੱਜੇ ਹੋਏ ਸਨ ਅਤੇ ਸਿਰਫ਼ ਆਪਣਾ 'ਚਿੱਤ ਕਰਾਰਾ' ਕਰਨ ਲਈ ਹੀ ਇਹ ਸਭ ਕਰ ਰਹੇ ਸਨ। ਪਹਿਲੀ ਕੋਠੜੀ ਵਾਲਿਆਂ ਨੂੰ ਬੰਦ ਕਰ ਕੇ ਉਹ ਦੂਜੀ ਕੋਠੜੀ ਵੱਲ ਹੋਏ। ਫਿਰ ਤੀਜੀ ਵੱਲ। ਹਰ ਇੱਕ ਨਾਲ ਵੱਖੋ-ਵੱਖਰਾ ਸਲੂਕ। ਕਿਸੇ ਨੂੰ ਛਿੱਤਰ ਅਤੇ ਚਪੇੜਾਂ, ਕਿਸੇ ਨੂੰ ਨੰਗੇ ਕਰ ਕੇ ਡੰਡ-ਬੈਠਕਾਂ ਕੱਢਣ, ਕਿਸੇ ਨੂੰ ਸਿਰ ਪਰਨੇ ਖੜ੍ਹੇ ਹੋਣ ਦੀ 'ਸਜ਼ਾ' ਸੁਣਾਈ ਜਾ ਰਹੀ ਸੀ। ਖੜ੍ਹਾ ਨਾ ਹੋ ਸਕਣ 'ਤੇ ਅਗਲਾ ਵਾਰ-ਵਾਰ ਡਿੱਗਦਾ ਅਤੇ ਵਾਰ-ਵਾਰ ਠੁੱਡੇ ਤੇ ਛਿੱਤਰ ਖਾਂਦਾ। ਧੀਆਂ-ਭੈਣਾਂ ਦੀਆਂ ਗਾਲ੍ਹਾਂ ਤਾਂ ਐਵੇਂ 'ਲਾਜ਼ਮਾ' ਮਾਤਰ ਸਨ।

ਸਾਡੀ ਕੋਠੜੀ ਅੱਗੇ ਆਉਂਦਿਆਂ ਫਿਰ ਲਲਕਾਰਾ ਵੱਜਾ, "ਇਸ ਕੋਠੜੀ 'ਚ ਕੌਣ ਏ ਉਏ?"

"ਏਥੇ ਮਾਸਟਰ ਹੁਰੀਂ ਨੇ।" ਉਸ ਦੇ ਸਾਥੀ ਨੇ ਦੱਸਿਆ।

"ਨਹੀਂ, ਨਹੀਂ। ਮਾਸਟਰ ਹੁਰਾਂ ਦਾ ਪਤੈ। ਅੱਜ ਇੱਕ ਨਵੀਂ ਸਾਮੀ ਫਸੀ ਐ। ਲਾਲਾ! ਬਾਹਰ ਆ ਉਏ!" ਉਨ੍ਹਾਂ ਲਾਲੇ ਨੂੰ ਬਾਹਰ ਕੱਢ ਲਿਆ। ਉਹ ਹੱਥ ਜੋੜ ਕੇ ਤਰਲੇ ਲੈਣ ਲੱਗਾ। ਆਪਣਾ ਕਸੂਰ ਬਿਨਾਂ ਪੁੱਛਿਆਂ ਹੀ ਦੱਸਣ ਲੱਗਾ।

"ਕੁੜੀ ਦਿਆ ਖ਼ਸਮਾਂ! ਪਹਿਲਾਂ ਕੱਪੜੇ ਲਾਹ ਆਪਣੇ। ਕਸੂਰ ਵੀ ਤੇਰਾ ਪੁੱਛ ਲਵਾਂਗੇ।"

ਉਹ ਤਿੰਨ-ਚਾਰ ਜਣੇ ਹੱਸ ਵੀ ਰਹੇ ਸਨ; ਗਾਲ੍ਹਾਂ ਵੀ ਕੱਢ ਰਹੇ ਸਨ। ਨਾਲ ਦੇ ਨਾਲ ਲਾਲੇ ਨੂੰ 'ਛੇਤੀ ਕਰਨ ਲਈ' ਧੌਲ-ਧੱਫ਼ਾ ਵੀ ਕਰ ਰਹੇ ਸਨ।

ਤੇੜ ਸਿਰਫ਼ ਕੱਛਾ ਰਹਿ ਗਿਆ ਤਾਂ ਲਾਲਾ ਫਿਰ ਲਿਲ੍ਹਕੜੀਆਂ ਲੈਣ ਲੱਗਾ। ਉਸ ਨੇ ਨਾਲੇ ਨੂੰ ਘੁੱਟ ਕੇ ਫੜਿਆ ਹੋਇਆ ਸੀ। ਇੱਕ ਜਣੇ ਨੇ ਉਹਦੇ ਹੱਥਾਂ 'ਤੇ ਡੰਡਾ ਮਾਰਿਆ, "ਲਾਹ, ਲਾਹ ਇਹਨੂੰ। ਜੱਟ ਤਾਂ ਏਥੇ ਰੋਜ਼ ਈ ਆਉਂਦੇ ਰਹਿੰਦੇ ਨੇ। ਪੁੱਤ! ਤੁਸੀਂ ਈ ਕਦੀ-ਕਦੀ ਕਾਬੂ ਆਉਂਦੇ ਜੇ।"

ਅਹਾਤੇ ਵਿਚ ਜਗਦੀਆਂ ਮੱਧਮ ਰੌਸ਼ਨੀਆਂ ਵਿਚ ਲਾਲਾ ਅਲਫ਼ ਨੰਗਾ ਖੜ੍ਹਾ ਸੀ।

"ਚੱਲ, ਇਧਰੋਂ ਸਿਰ ਪਰਨੇ ਰਿੜ੍ਹਦਿਆਂ ਬਾਜ਼ੀ ਪਾਉਂਦਾ ਓਧਰ ਨੂੰ ਜਾਹ, ਤੇ ਮੁੜ ਕੇ ਆ।"

ਲਾਲਾ 'ਬਾਜ਼ੀਆਂ' ਪਾਉਂਦਾ ਅੱਗੇ ਵਧਣ ਲੱਗਾ।

"ਗੋਲ ਮਟੋਲ ਜਿਹਾ ਲਾਲਾ, ਮੇਰਾ ਸਾਲਾ, ਰਿੜ੍ਹਦਾ ਚੰਗਾ ਏ! ਮਾਸਟਰ ਜੀ! ਅੱਗੇ ਹੋ ਕੇ ਵੇਖੋ, 'ਤੁਹਾਡਾ ਬੰਦਾ' ਕਿਵੇਂ ਲੋਟਣੀਆਂ ਲੈਂਦਾ!"

ਉਸ ਦਾ 'ਸੱਦਾ' ਪਰਵਾਨ ਕਰਨ ਵਿਚ ਮੇਰੀ ਕੋਈ ਰੁਚੀ ਨਹੀਂ ਸੀ। ਪਰੇਸ਼ਾਨ ਹੋਇਆ ਮੈਂ ਆਪਣੀ ਥਾਂ 'ਤੇ ਬੈਠਾ ਰਿਹਾ।

"ਰਿਸ਼ਤਾ ਤੈਥੋਂ ਠੀਕ ਨਹੀਂ ਜੁੜਿਆ ਉਏ! ਭੈਣ ਦਾ ਨਹੀਂ, ਇਹਦੀ ਕੁੜੀ ਦਾ ਖ਼ਸਮ ਬਣ।" ਦੂਜੇ ਸਾਥੀ ਨੇ ਪਹਿਲੇ ਦੀ ਗ਼ਲਤੀ ਸੁਧਾਰੀ।

ਲਾਲਾ ਅੰਦਰ ਆਇਆ ਤਾਂ ਅਸੀਂ ਦੋਵੇਂ ਆਪੋ ਆਪਣੀ ਥਾਂ ਸ਼ਰਮਸਾਰ ਸਾਂ। ਉਹ ਮੇਰੇ ਸਾਹਮਣੇ ਬੇਇੱਜ਼ਤ ਹੋਣ ਕਰ ਕੇ ਅਤੇ ਮੈਂ ਇਸ ਅਣ-ਮਨੁੱਖੀ ਵਤੀਰੇ ਦਾ ਖ਼ਾਮੋਸ਼ ਤੇ ਬੇਵੱਸ ਦਰਸ਼ਕ ਹੋਣ ਕਰ ਕੇ! ਮਨੁੱਖਤਾ ਨੂੰ ਇਸ ਤਰ੍ਹਾਂ ਜ਼ਲੀਲ ਹੁੰਦਾ ਵੇਖਣ ਵਾਲੀ ਮੇਰੀ ਨਜ਼ਰ ਉਸ ਸਾਹਮਣੇ ਨਹੀਂ ਸੀ ਉਠ ਰਹੀ। ਸਾਡੇ ਵਿਚਕਾਰ ਤਣੀ ਚੁੱਪ ਨੂੰ ਲਾਲੇ ਨੇ ਹੀ ਤੋੜਿਆ।

"ਏਥੇ ਪੁੱਛ-ਗਿੱਛ ਕੌਣ ਕਰਦਾ ਹੈ? ਕਦੋਂ ਕਰਦਾ ਏ? ਮੈਂ ਤਾਂ ਆਪ ਮੰਨਣ ਡਿਹਾਂ। ਇਹ ਸੁਣਦੇ ਹੀ ਨਹੀਂ।" ਅਸਲ ਵਿਚ ਉਹ ਵੀ ਮੇਰੇ ਪਹਿਲੇ ਦਿਨ ਵਾਂਗ ਪੁੱਛ-ਗਿੱਛ ਦੀ ਪ੍ਰਕਿਰਿਆ ਬਾਰੇ ਜਾਣਨਾ ਚਾਹੁੰਦਾ ਸੀ।

ਮੈਂ ਦੱਸਣ ਲੱਗਾ, ਜਿਵੇਂ ਮੈਨੂੰ ਦੱਸਿਆ ਗਿਆ ਸੀ- "ਜਿਹੜੇ ਅਫ਼ਸਰ ਨੇ ਤੁਹਾਡੇ ਕੁੜਮ ਦੇ ਬਿਆਨ ਲਏ ਨੇ; ਉਸੇ ਨੂੰ ਹੀ ਤੁਹਾਨੂੰ ਅਲਾਟ ਕੀਤਾ ਗਿਆ ਹੋਵੇਗਾ। ਪੁੱਛ-ਗਿੱਛ ਲਈ ਸਵੇਰੇ ਅੱਠ-ਨੌਂ ਵਜੇ ਬਾਹਰ ਕੱਢ ਲਿਜਾਂਦੇ ਨੇ। ਫਿਰ ਪੰਜ ਵਜੇ ਤੱਕ ਪੁੱਛ-ਗਿੱਛ ਹੁੰਦੀ ਹੈ।"

"ਬੜਾ ਕੋਂਹਦੇ ਹੋਣਗੇ! ਪੰਜ ਵਜੇ ਤੋਂ ਬਾਅਦ ਕੀ ਕਰਦੇ ਨੇ?"

"ਕੋਠੜੀ ਵਿਚ ਬੰਦ ਕਰ ਦਿੰਦੇ ਨੇ।"

"ਫਿਰ ਤਾਂ ਨਹੀਂ ਕੁਝ ਆਖਦੇ ਹੋਣੇ? ਫਿਰ ਤਾਂ ਪੁੱਛ-ਗਿੱਛ ਨਹੀਂ ਕਰਦੇ ਹੋਣਗੇ?" ਉਹ ਕਲਪਨਾ ਵਿਚ ਅਗਲੇ ਦਿਨ ਪੰਜ ਵਜੇ ਤੀਕ ਕੋਹੇ ਜਾਣ ਪਿੱਛੋਂ ਕੋਠੜੀ ਵਿਚ ਆਉਣ 'ਤੇ, ਹੁਣੇ ਹੀ, ਆਪਣੇ ਆਪ ਨੂੰ ਸੁਰੱਖਿਅਤ ਸਮਝਣਾ ਚਾਹੁੰਦਾ ਸੀ।

"ਨਹੀਂ ਪੁੱਛ-ਗਿੱਛ ਤਾਂ ਕੋਈ ਨਹੀਂ ਕਰਦੇ, ਪਰ ਇਸ ਤਰ੍ਹਾਂ ਦਾ 'ਸ਼ੁਗਲ-ਮੇਲਾ' ਜ਼ਰੂਰ ਕਰ ਲੈਂਦੇ ਨੇ ਜਿਹੜਾ ਹੁਣੇ ਕਰ ਕੇ ਗਏ ਨੇ।"

ਲਾਲਾ ਸ਼ਰਮਿੰਦਾ ਜਿਹਾ ਹਾਸਾ ਹੱਸਿਆ, "ਵਾਹ ਸਰਦਾਰ ਜੀ! ਤੁਹਾਡੀਆਂ ਗੱਲਾਂ ਸੁਣ ਕੇ ਹਾਸਾ ਵੀ ਆਉਂਦਾ ਹੈ ਤੇ ਰੋਣਾ ਵੀ।"

ਉਸ ਨੇ ਦੋਵਾਂ ਤਲੀਆਂ ਨਾਲ ਸਿੱਲ੍ਹੀਆਂ ਅੱਖਾਂ ਪੂੰਝੀਆਂ।

000

ਸਵੇਰੇ ਜਦੋਂ ਮੈਨੂੰ 'ਨਿੱਤ ਕਿਰਿਆ' ਲਈ ਪਖਾਨਿਆਂ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਮੈਂ ਵੇਖਿਆ, ਉਧਰੋਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਸੂਬਾ ਸਕੱਤਰ ਪ੍ਰਿਥੀਪਾਲ ਸਿੰਘ ਰੰਧਾਵਾ ਵਾਪਸ ਲਿਆਂਦਾ ਜਾ ਰਿਹਾ ਸੀ। ਇਸ ਕੰਪਲੈਕਸ ਵਿਚ ਸਾਨੂੰ ਕਿਸੇ ਹੋਰ ਨਾਲ ਗੱਲ ਕਰਨੀ ਤਾਂ ਕਿਤੇ ਰਿਹਾ, ਇਸ਼ਾਰਾ ਕਰਨਾ ਵੀ ਮਨ੍ਹਾ ਸੀ। ਫਿਰ ਵੀ ਅਸੀਂ ਇੱਕ-ਦੂਜੇ ਨੂੰ ਨਜ਼ਰਾਂ ਨਾਲ ਹੀ ਸ਼ੁਭ-ਇੱਛਾ ਪ੍ਰਗਟ ਕੀਤੀ। ਜਦੋਂ ਵਾਪਸ ਲਿਆ ਕੇ ਮੈਨੂੰ ਕੋਠੜੀ ਵਿਚ ਬੰਦ ਕੀਤਾ ਗਿਆ ਤਾਂ ਥੋੜ੍ਹੀ ਦੇਰ ਪਿੱਛੋਂ ਡਿਊਟੀ 'ਤੇ ਖਲੋਤੇ ਸਿਪਾਹੀ ਨੇ ਮੇਰੇ ਦਰਵਾਜ਼ੇ ਸਾਹਮਣੇ ਆ ਕੇ ਹੌਲੀ ਜਿਹੀ ਕਿਹਾ, "ਰੰਧਾਵਾ ਪੁੱਛਦੈ, ਤੁਹਾਡਾ ਕੀ ਹਾਲ ਹੈ?"

"ਉਹਨੂੰ ਕਹੋ ਠੀਕ ਆਂ। ਆਪਣੀ ਸੁਣਾਵੇ।"

"ਤੁਹਾਡਾ ਬੰਦਾ ਏ ਕੋਈ?" ਲਾਲੇ ਨੇ ਪੁੱਛਿਆ।

"ਜਿਵੇਂ ਤੁਹਾਡੀ ਲੌਂਗਾਂ ਦੀ ਬਲੈਕ ਕਰਨ ਵਾਲਿਆਂ ਦੀ 'ਕੁੜਮਾਚਾਰੀ' ਹੈ, ਇਵੇਂ ਹੀ ਸਾਡੀ 'ਭਾਈਬੰਦੀ' ਦਾ ਦਾਇਰਾ ਵੀ ਬੜਾ ਵਸੀਹ ਹੈ। ਤੁਹਾਡੇ ਬੰਦੇ ਵੀ ਏਥੇ ਆਉਂਦੇ ਜਾਂਦੇ ਰਹਿੰਦੇ ਨੇ ਤੇ ਸਾਡੇ ਵੀ।"

ਅਸੀਂ ਗੱਲਾਂ ਕਰ ਹੀ ਰਹੇ ਸਾਂ ਕਿ ਲਾਲੇ ਦੇ 'ਵਾਰਸ' ਆ ਗਏ ਅਤੇ 'ਬਣਦੇ ਪੁਲਿਸੀ-ਸਲੀਕੇ' ਨਾਲ ਉਹਨੂੰ ਬਾਹਰ ਲੈ ਗਏ।

ਦਲੀਪ ਸਿੰਘ ਅਜੇ ਤੀਕ ਨਹੀਂ ਸੀ ਬਹੁੜਿਆ। ਉਸ ਦਾ ਮੁੱਢਲਾ ਕੰਮ ਤਾਂ ਹੋ ਗਿਆ ਸੀ! ਉਹਨੂੰ ਸ਼ਾਇਦ ਹੁਣ ਬਹੁਤੀ ਖ਼ੇਚਲ ਦੀ ਲੋੜ ਨਹੀਂ ਸੀ। ਜਦੋਂ ਨੂੰ ਸਾਡੀ ਟੋਲੀ ਨੇ ਵੱਡੀ ਬਿਲਡਿੰਗ ਦੇ ਪਿਛਵਾੜੇ ਜਾ ਕੇ ਆਪਣਾ ਆਸਣ-ਗ੍ਰਹਿਣ ਕੀਤਾ, ਉਦੋਂ ਤੀਕ ਸਾਰੀਆਂ ਟੋਲੀਆਂ ਨੇ ਆਪਣੀ ਕਾਰਵਾਈ ਰੇੜ੍ਹੇ ਪਾਈ ਹੋਈ ਸੀ।

ਗੰਜੇ ਥਾਣੇਦਾਰ ਨੇ ਮੈਨੂੰ ਆਖਿਆ, "ਐਧਰ ਆ, ਤੈਨੂੰ ਨਵੀਂ ਘਾਣੀ ਵਿਖਾਈਏ।"

ਫਿਰ ਉਸ ਨੇ ਸਵਾ ਛੇ ਫੁੱਟ ਲੰਮੇ ਗੱਭਰੂ ਨੂੰ ਕਿਹਾ, "ਲੈ, ਆਹ ਫੜ ਮੇਰਾ ਬੈਗ। ਐਂ ਕਰ, ਇਹਨੂੰ ਉਪਰਲੀ ਮੰਜ਼ਿਲ 'ਤੇ ਲੈ ਜਾ। ਉਥੇ ਛੇਵੇਂ ਕਮਰੇ 'ਚ ਵੜੇਂਗਾ ਤਾਂ ਸਾਹਮਣੇ ਲੱਕੜ ਦਾ ਵੱਡਾ ਸਾਰਾ ਬਕਸਾ ਦਿਸੂ। ਤੂੰ ਬਕਸੇ ਦਾ ਢੱਕਣ ਖੋਲ੍ਹਣਾ ਹੈ। ਜਦੋਂ ਬਕਸੇ ਦਾ ਢੱਕਣ ਖੋਲ੍ਹੇਂਗਾ ਤਾਂ ਵੱਡਾ ਸਾਰਾ ਦੈਂਤ ਆਪਣਾ ਸਿਰ ਬਾਹਰ ਕੱਢੂ ਅਤੇ ਵੱਡੇ ਦੰਦਾਂ ਵਾਲਾ ਆਪਣਾ ਮੂੰਹ ਖੋਲ੍ਹ ਕੇ ਕਰੂਗਾ-'ਬੈਂਅ!' ਪਰ ਤੂੰ ਡਰੀਂ ਨਾ, ਤੇ ਇਹ ਬੈਗ ਉਸ ਬਕਸੇ ਵਿਚ ਰੱਖ ਕੇ ਵਾਪਸ ਆ ਜਾਈਂ।"



***ਬ੍ਰਿਗੇਡੀਅਰ ਜਨਰਲ ਡਾਇਰ ਨੇ 19 ਅਪਰੈਲ 1919 ਨੂੰ ਅੰਮ੍ਰਿਤਸਰ ਦੀ ਇਕ ਗਲੀ ਵਿਚ ਹਰ ਲੰਘਣ ਵਾਲੇ ਨੂੰ ਢਿੱਡ ਭਾਰ ਰੁੜ੍ਹਨ ਦਾ ਹੁਕਮ ਚਾੜ੍ਹਿਆ ਸੀ।***

***ਤੇੜ ਸਿਰਫ਼ ਕੱਛਾ ਰਹਿ ਗਿਆ ਤਾਂ ਲਾਲਾ ਫਿਰ ਲਿਲ੍ਹਕੜੀਆਂ ਲੈਣ ਲੱਗਾ। ਉਸ ਨੇ ਨਾਲੇ ਨੂੰ ਘੁੱਟ ਕੇ ਫੜਿਆ ਹੋਇਆ ਸੀ। ਇੱਕ ਜਣੇ ਨੇ ਉਹਦੇ ਹੱਥਾਂ 'ਤੇ ਡੰਡਾ ਮਾਰਿਆ, "ਲਾਹ, ਲਾਹ ਇਹਨੂੰ। ਜੱਟ ਤਾਂ ਏਥੇ ਰੋਜ਼ ਈ ਆਉਂਦੇ ਰਹਿੰਦੇ ਨੇ। ਪੁੱਤ! ਤੁਸੀਂ ਈ ਕਦੀ-ਕਦੀ ਕਾਬੂ ਆਉਂਦੇ ਜੇ।"
ਅਹਾਤੇ ਵਿਚ ਜਗਦੀਆਂ ਮੱਧਮ ਰੌਸ਼ਨੀਆਂ ਵਿਚ ਲਾਲਾ ਅਲਫ਼ ਨੰਗਾ ਖੜ੍ਹਾ ਸੀ।
"ਚੱਲ, ਇਧਰੋਂ ਸਿਰ ਪਰਨੇ ਰਿੜ੍ਹਦਿਆਂ ਬਾਜ਼ੀ ਪਾਉਂਦਾ ਓਧਰ ਨੂੰ ਜਾਹ, ਤੇ ਮੁੜ ਕੇ ਆ।"
ਲਾਲਾ 'ਬਾਜ਼ੀਆਂ' ਪਾਉਂਦਾ ਅੱਗੇ ਵਧਣ ਲੱਗਾ।***

ਸਵਾ ਛੇ ਫੁੱਟਾ ਹੱਟਾ-ਕੱਟਾ ਗੱਭਰੂ ਥਰ-ਥਰ ਕੰਬ ਰਿਹਾ ਸੀ। ਉਸ ਦੀ ਢੱਠੀ ਮੈਲੀ ਪੱਗ ਵਿਚੋਂ ਉਹਦੀਆਂ ਜਟੂਰੀਆਂ ਬਾਹਰ ਨਿਕਲੀਆਂ ਹੋਈਆਂ ਸਨ। ਰੋ-ਰੋ ਕੇ ਅਤੇ ਮਲ-ਮਲ ਕੇ ਲਾਲ ਗਹਿਰੀਆਂ ਹੋ ਗਈਆਂ ਅੱਖਾਂ ਵਿਚ ਲੋਹੜੇ ਦੀ ਦਹਿਸ਼ਤ ਸੀ। ਇਹ ਉਹੋ ਬਦਕਿਸਮਤ ਸੀ; ਪਹਿਲੇ ਦਿਨ ਜਿਸ ਨੂੰ ਪੈਂਦੀਆਂ 'ਅੰਤਿਮ' ਅਠੱਤੀ ਡਾਂਗਾਂ ਦੀ 'ਗਿਣਤੀ', ਮੈਂ ਆਪਣੀ ਕੋਠੜੀ ਵਿਚ ਬੈਠਿਆਂ ਕੀਤੀ ਸੀ। ਉਹ ਜੁੜੇ ਅਤੇ ਕੰਬਦੇ ਹੱਥਾਂ ਨਾਲ ਥਾਣੇਦਾਰ ਦੇ ਤਰਲੇ ਲੈ ਰਿਹਾ ਸੀ ਕਿ ਉਹਨੂੰ ਇਸ 'ਮੁਹਿੰਮ' 'ਤੇ ਨਾ ਭੇਜਿਆ ਜਾਵੇ।

ਮੈਂ ਵੇਖਿਆ, ਉਹਦੇ ਪੈਰਾਂ ਦੀਆਂ ਤਲੀਆਂ ਸੋਟੇ ਵੱਜ-ਵੱਜ ਕੇ ਆਮ ਨਾਲੋਂ ਲਗਭਗ ਅੱਧਾ ਇੰਚ ਮੋਟੀਆਂ ਹੋ ਗਈਆਂ ਸਨ ਅਤੇ ਪੀੜ ਨਾ ਸਹਾਰਦਾ ਹੋਇਆ ਉਹ ਖਲੋਣ ਲਈ ਪੈਰਾਂ ਨੂੰ ਵਾਰ-ਵਾਰ ਟੇਢੇ-ਮੇਢੇ ਕਰ ਕੇ ਰੱਖ ਰਿਹਾ ਸੀ। ਤਸ਼ੱਦਦ ਨੇ ਉਸ ਦੀ ਅਜਿਹੀ ਸੁੱਧ-ਬੁੱਧ ਮਾਰ ਦਿੱਤੀ ਸੀ ਕਿ ਉਹਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਉਸ ਨਾਲ 'ਦੈਂਤ' ਵਾਲੀ ਗੱਲ ਕੇਵਲ ਮਜ਼ਾਕ ਵਜੋਂ ਕੀਤੀ ਜਾ ਰਹੀ ਸੀ! ਦੈਂਤ ਕਿਸੇ ਬਕਸੇ ਵਿਚ ਨਹੀਂ ਸੀ, ਉਹ ਤਾਂ ਗੰਜੇ ਥਾਣੇਦਾਰ ਦੇ ਰੂਪ ਵਿਚ ਉਸ ਦੇ ਸਾਹਮਣੇ ਖਲੋਤਾ ਸੀ!

ਮੇਜ਼ 'ਤੇ ਪਿਆ ਕਾਲਾ ਬੈਗ ਉਹਨੂੰ 'ਯਮਦੂਤ' ਨਜ਼ਰ ਆ ਰਿਹਾ ਸੀ।

ਗੰਜਾ ਥਾਣੇਦਾਰ ਮੇਰੇ ਵੱਲ ਅੱਖ ਨੱਪ ਕੇ ਆਪਣੇ 'ਕੌਤਕ' ਦੀ ਤਾਕਤ ਵੱਲ ਸੰਕੇਤ ਕਰ ਰਿਹਾ ਸੀ। ਸਾਰੇ ਪੁਲਸੀਏ ਹਿੜ-ਹਿੜ ਹੱਸ ਰਹੇ ਸਨ।

ਮੈਂ 'ਨਵੀਂ ਘਾਣੀ' ਵੇਖ ਲਈ ਸੀ। ਗੰਜੇ ਥਾਣੇਦਾਰ ਨੇ 'ਸ਼ੋਅ' ਖ਼ਤਮ ਕਰ ਦੇਣ ਦਾ ਨਿਰਣਾ ਕੀਤਾ।

"ਚੱਲ ਐਂ ਕਰਦੇ ਆਂ, ਇਹ ਭਾਈ ਤੇਰੇ ਨਾਲ ਜਾਂਦਾ। ਇਹ ਦੈਂਤ ਨੂੰ ਤੈਨੂੰ ਕੁਝ ਨਹੀਂ ਆਖਣ ਦੇਊ। ਚੱਲ ਚੁੱਕ ਲੈ ਬੈਗ।"

ਪਰ ਉਹ ਅਜੇ ਵੀ ਕੰਬ ਰਿਹਾ ਸੀ।

"ਲਿਆ ਫੜਾ ਉਏ ਡਾਂਗ! ਇਹ ਨਹੀਂ ਏਦਾਂ ਮੰਨਦਾ।"

ਦਿੱਤੀ ਧਮਕੀ ਕਿਤੇ ਸੱਚ ਹੀ ਨਾ ਹੋ ਜਾਵੇ!

"ਕੁਝ ਨਹੀਂ ਹੁੰਦਾ। ਚੱਲ; ਮੈਂ ਤੇਰੇ ਨਾਲ ਆਂ।" ਮੈਂ ਉਹਨੂੰ ਹੌਸਲਾ ਦਿੱਤਾ।

ਉਸ ਨੇ ਕੰਬਦੇ ਹੱਥਾਂ ਨਾਲ ਬੈਗ ਚੁੱਕਿਆ। ਉਹ ਲੰਗੜਾਉਂਦਾ ਮੇਰੇ ਨਾਲ ਤੁਰਨ ਲੱਗਾ।

"ਭਾ ਜੀ! ਬਕਸੇ 'ਚ ਤੁਸੀਂ ਰੱਖ ਦਿਓ ਬੈਗ ਨੂੰ। ਰੱਬ ਦਾ ਵਾਸਤਾ ਜੇ।" ਕਮਰੇ ਵਿਚ ਜਾ ਕੇ ਉਹ ਮੇਰੇ ਤਰਲੇ ਕਰਨ ਲੱਗਾ।

ਮੈਂ ਬੈਗ ਉਸ ਦੇ ਹੱਥੋਂ ਫੜਿਆ, ਬਕਸਾ ਖੋਲ੍ਹਿਆ ਅਤੇ ਉਸ ਨੂੰ ਕਿਹਾ, "ਲੈ ਵੇਖ! ਕੋਈ ਵੀ ਦੈਂਤ ਨਹੀਂ ਏਥੇ! ਤੂੰ ਐਵੇਂ ਡਰੀ ਜਾਂਦੈਂ।"

ਬੈਗ ਮੈਂ ਬਕਸੇ ਵਿਚ ਰੱਖ ਦਿੱਤਾ। ਉਹ ਡਰਿਆ ਹੋਇਆ ਦੂਜੀ ਕੰਧ ਵੱਲ ਮੂੰਹ ਕਰ ਕੇ ਖਲੋਤਾ ਸੀ ਅਤੇ ਬੁੜਬੁੜਾਈ ਜਾ ਰਿਹਾ ਸੀ, "ਹੈਗਾ ਜੀ!"

000

ਮੇਰਾ ਬਿਆਨ ਲਿਖਿਆ ਜਾਣਾ ਸ਼ੁਰੂ ਹੋਇਆ। ਪਹਿਲਾਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਨਵੇਂ ਸਿਰੇ ਤੋਂ ਤਰਤੀਬ ਦੇਣ ਲਈ ਦਲੀਪ ਸਿੰਘ ਨਿੱਕੇ-ਨਿੱਕੇ ਸਵਾਲ ਕਰਦਾ। ਮੈਂ ਜਵਾਬ ਦਿੰਦਾ। ਉਹ ਉਸ ਦੀ 'ਭਾਸ਼ਾ' ਤਿਆਰ ਕਰਦਾ ਅਤੇ ਨਾਲ ਦੇ ਨਾਲ ਬੋਲ ਕੇ ਸਾਥੀ ਹਵਾਲਦਾਰ ਨੂੰ ਲਿਖਵਾਉਂਦਾ। ਮੈਂ ਭਗਤ ਸਿੰਘ ਦੇ 'ਆਜ਼ਾਦੀ ਦੇ ਸੁਪਨੇ' ਤੋਂ ਗੱਲ ਸ਼ੁਰੂ ਕਰ ਕੇ ਉਸ ਦੇ ਸੁਪਨਿਆਂ ਦਾ ਰਾਜ ਅਤੇ ਸਮਾਜ ਕਾਇਮ ਕਰਨ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਉਂਦਿਆਂ ਆਪਣੀ 'ਭੂਮਿਕਾ' ਬੰਨ੍ਹੀ।

ਜਿਨ੍ਹਾਂ ਹੋਰਨਾਂ ਦੀ ਪੁੱਛ-ਗਿੱਛ ਮੁਕੰਮਲ ਹੋ ਚੁੱਕੀ ਸੀ, ਉਨ੍ਹਾਂ ਦੇ ਬਿਆਨ ਵੀ ਲਿਖੇ ਜਾ ਰਹੇ ਸਨ।

ਪਰਿਓਂ ਲਾਲੇ ਦੀ ਚੀਕ ਸੁਣਾਈ ਦਿੱਤੀ।

ਉਹਨੂੰ ਨੰਗਾ ਕਰ ਕੇ ਪਿੱਠ 'ਤੇ ਛਿੱਤਰ ਮਾਰੇ ਜਾ ਰਹੇ ਸਨ ਅਤੇ ਉਹ ਬਹੁੜੀ ਕਰ ਰਿਹਾ ਸੀ।

"ਦੱਸ ਦੇਂਦਾਂ ਜੀ ਸਭ ਕੁਝ! ਬਖ਼ਸ਼ ਲੋ ਮਾਪਿਓ!"

ਗੰਜੇ ਥਾਣੇਦਾਰ ਨੂੰ ਉਸ 'ਤੇ 'ਤਰਸ' ਆ ਗਿਆ। ਲਾਲੇ ਦੇ ਇਨਚਾਰਜ ਦਾ ਨਾਂ ਲੈ ਕੇ ਕਹਿੰਦਾ, "ਯਾਰ! ਇਹਨੂੰ ਲਾਲਾ ਜੀ ਨੂੰ ਮੇਰੇ ਵੱਲ ਘੱਲ।... ਆ ਜਾਓ! ਲਾਲਾ ਜੀ! ਮੇਰੇ ਕੋਲ। ਵੇਖ ਲੌ! ਅਸੀਂ ਤੁਹਾਨੂੰ ਲਾਲਾ ਜੀ ਆਖਦੇ ਆਂ। ਲਾਲਾ ਜੀ, ਤੁਹਾਡੀ ਮੈਂ ਕੁੜੀ 'ਤੇ ਖੋਤਾ ਛੱਡਿਆ। ਸਭ ਸੱਚ-ਸੱਚ ਦੱਸ ਦਿਓ, ਲਾਲਾ ਜੀ! ਤੁਹਾਡੀ ਮੈਂ ਧੀ ਦੀ...। ਵੇਖ ਲੌ ਅਸੀਂ ਤੁਹਾਨੂੰ 'ਲਾਲਾ ਜੀ' ਆਖਦੇ ਆਂ। ਦੱਸ ਦਿਓ। ਲਾਲਾ ਜੀ! ਤੁਹਾਡੇ ਨਾਲ ਏਨੀ ਰਿਆਇਤ ਕਰਾਂਗੇ ਕਿ ਤੁਹਾਡੀ ਕੁੜੀ 'ਤੇ ਕਿਸੇ ਹੋਰ ਨੂੰ ਨਹੀਂ, ਤੁਹਾਨੂੰ ਹੀ ਛੱਡ ਦਿਆਂਗੇ। ਐਧਰ ਆ ਜਾਓ ਲਾਲਾ ਜੀ! ਗਈ ਸਾਂ ਮੈਂ ਲਾਲੇ ਮੂਸੇ ਪੈਂਡਾ ਵਾਧੂ ਤੇ ਘੱਟਾ ਘੂਸੇ! ਦੱਸ ਦਿਓ ਲਾਲਾ ਜੀ! ਕੁੜੀ... ਲਾਲਾ ਜੀ! ਵੇਖ ਲੌ ਅਸੀਂ ਤੁਹਾਨੂੰ ਲਾਲਾ ਜੀ ਆਖ ਕੇ ਕਿੰਨੇ ਅਦਬ ਨਾਲ ਬੁਲਾਉਂਦੇ ਆਂ!"

ਅਜਿਹੇ 'ਅਦਬ' ਵਾਲੇ ਮਾਹੌਲ ਵਿਚ ਮੇਰੇ ਬਿਆਨ ਲਿਖਦਿਆਂ ਮੈਨੂੰ ਦਲੀਪ ਸਿੰਘ ਕਹਿੰਦਾ, "ਯਾਰ ਵਰਿਆਮ ਸਿੰਹਾਂ! ਨਵਾਂ ਸਾਲ ਆਉਣ ਵਾਲਾ ਏ। ਮੇਰੀ ਸਲਾਹ ਐ, ਇੱਕ-ਦੋ ਦਿਨ ਪਿੰਡ ਨਾ ਲਾ ਆਵਾਂ? ਬਾਲ ਬੱਚਿਆਂ ਨੂੰ ਮਿਲ ਆਵਾਂਗਾ।"

ਮੈਨੂੰ ਕੀ ਇਤਰਾਜ਼ ਹੋ ਸਕਦਾ ਸੀ!

ਮੇਰਾ 'ਬਾਲ-ਬੱਚਾ' ਵੀ ਇੱਕ ਪਲ ਲਈ ਮੇਰੇ ਚੇਤੇ 'ਚੋਂ ਲੰਘਿਆ। ਮੇਰੀ ਪਤਨੀ ਨੂੰ ਤਾਂ ਚਿੱਤ-ਖ਼ਿਆਲ ਵੀ ਨਹੀਂ ਹੋਣਾ ਕਿ ਮੈਂ ਕਿੱਥੇ ਸਾਂ! ਕੀ ਹਾਲਤ ਹੋਵੇਗੀ ਉਸ ਦੀ!

"ਪਰ ਜੇ ਮੈਂ ਚਲਾ ਗਿਆ ਤਾਂ ਆਪਣਾ ਬਿਆਨ ਮੁਕੰਮਲ ਨਹੀਂ ਹੋਣਾ! ਐਂ ਕਰਦੇ ਆਂ, ਤੇਰਾ ਤਿੰਨ ਕੁ ਦਿਨਾਂ ਦਾ ਹੋਰ ਰਿਮਾਂਡ ਲੈ ਆਉਂਦੇ ਆਂ।" ਉਸ ਨੇ ਮੇਰੇ ਸਿਰ 'ਤੇ ਵਲੀ ਕੰਧਾਰੀ ਵਾਲਾ ਪਹਾੜ ਸੁੱਟ ਦਿੱਤਾ।

"ਨਾ ਜੀ ਨਾ, ਇਹ ਲੋਹੜਾ ਨਾ ਮਾਰਿਓ।"

"ਤੈਨੂੰ ਏਥੇ ਹੁਣ ਕੀ ਤਕਲੀਫ਼ ਆ। ਆਪਣੀ ਕੋਠੜੀ 'ਚ ਲੇਟੀਂ ਤੇ ਕਹਾਣੀਆਂ ਸੋਚੀਂ।" ਉਸ ਨੇ ਛੇੜਿਆ। ਉਂਜ ਉਸ ਦਾ ਮਨ ਵੀ ਮੈਨੂੰ ਹੋਰ ਖੱਜਲ ਕਰਨ ਵਿਚ ਨਹੀਂ ਸੀ। ਉਸ ਨੇ ਮੇਰੀ ਬੇਨਤੀ ਮੰਨ ਲਈ। ਅਸੀਂ ਰਿਮਾਂਡ ਦੇ ਆਖ਼ਰੀ ਦਿਨ ਤੀਕ ਬਿਆਨ ਮੁਕੰਮਲ ਕਰ ਲਿਆ।

ਉਸ ਤੋਂ ਅਗਲੇ ਦਿਨ ਮੈਨੂੰ ਹੱਥਕੜੀਆਂ ਲਾ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਜੱਜ ਨੇ ਅਗਲੀ ਤਰੀਕ ਪਾ ਕੇ ਮੈਨੂੰ ਜੁਡੀਸ਼ਲ ਹਵਾਲਾਤ ਵਿਚ ਭੇਜ ਦਿੱਤਾ।

ਮੈਨੂੰ ਲੱਗਾ, ਜੱਜ ਨੇ ਮੈਨੂੰ 'ਕੁੰਭੀ ਨਰਕ' ਵਿਚੋਂ ਬਾਹਰ ਕੱਢਣ ਦੇ ਦਸਤਾਵੇਜ਼ 'ਤੇ ਦਸਤਖ਼ਤ ਕੀਤੇ ਹਨ।

ਸ਼ਾਮ ਨੂੰ ਮੈਂ, 'ਡੀਫੈਂਸ ਆਫ਼ ਇੰਡੀਆ ਰੂਲਜ਼' ਅਧੀਨ, ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ ਵਿਚ ਸਾਂ।

# ਰਿਸ਼ਤਿਆਂ ਦੀ ਪਰਿਕਰਮਾ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

"ਮੈਨੂੰ ਕੌਣ ਹੱਥ ਲਾਊ? ਮੇਰੀ ਮਾਂ ਦੱਸਦੀ ਹੁੰਦੀ ਆ, ਮਾਲਵੇ ਵਿਚ ਮੇਰਾ ਸ਼ੇਰ ਵਰਗਾ ਚਾਚਾ ਵਾ ਬਲਵੀਰਾ... ਉਹ ਡੱਕਰੇ ਨਾ ਕਰਦੂ, ਮੈਨੂੰ ਹੱਥ ਲਾਉਣ ਵਾਲੇ ਦੇ।"

ਇਹ ਬੋਲ ਹਨ, ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਖੂਨ' ਉਤੇ ਬਣੀ ਇਸੇ ਨਾਂ ਦੀ ਫਿਲਮ ਵਿਚੋਂ ਦਸ ਸਾਲ ਦੇ ਬੱਚੇ ਦੇ। ਇਨ੍ਹਾਂ ਬੋਲਾਂ ਨੇ ਬਹੁਤ ਵਾਰ ਰੁਆਇਆ ਹੈ। ਪੈਂਤੀ ਮਿੰਟ ਦੀ ਇਸ ਲਘੂ ਫਿਲਮ ਵਿਚ ਜ਼ਮੀਨ ਦੀ ਵੰਡ ਨੂੰ ਲੈ ਕੇ ਵਿਕਦੀਆਂ ਜ਼ਮੀਰਾਂ ਉਤੇ ਕਰਾਰੀ ਚੋਟ ਹੈ ਤੇ ਵੱਡਾ ਸੁਨੇਹਾ ਵੀ। ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਤੇ ਉਸ ਦੀ ਟੀਮ ਵਧਾਈ ਦੀ ਪਾਤਰ ਹੈ।

ਜਿਨ੍ਹਾਂ ਨੇ ਭੁੱਲਰ ਦੀ ਕਹਾਣੀ 'ਖੂਨ' ਨਹੀਂ ਪੜ੍ਹੀ, ਉਹ ਪੜ੍ਹਨ। ਇਹ ਕਹਾਣੀ 'ਪੰਜਾਬ ਟਾਈਮਜ਼' (ਅੰਕ 45, 7 ਨਵੰਬਰ 2015) ਵਿਚ ਵੀ ਛਪ ਚੁੱਕੀ ਹੈ। ਜਿਨ੍ਹਾਂ ਫਿਲਮ 'ਖੂਨ' ਨਹੀਂ ਦੇਖੀ, ਉਹ ਜ਼ਰੂਰ ਦੇਖਣ।

ਬਹੁਤ ਸਮਾਂ ਪਹਿਲਾਂ ਮੇਰੇ ਦਾਦਾ ਜੀ ਨੇ ਸਾਡੇ ਪਿੰਡਾਂ ਵੱਲ ਵਾਪਰੀ ਇਸੇ ਫਿਲਮ ਵਰਗੀ ਸੱਚੀ ਘਟਨਾ ਸੁਣਾਈ ਸੀ ਜੋ ਅੱਜ ਵੀ ਮੇਰੇ ਚੇਤੇ ਵਿਚ ਜਿਉਂ ਦੀ ਤਿਉਂ ਹੈ। ਲੁਧਿਆਣੇ ਤੋਂ ਮੋਗੇ ਵੱਲ ਜਾਂਦਿਆਂ ਜੀ.ਟੀ. ਰੋਡ ਦੇ ਨੇੜੇ ਹੀ ਉਹ ਪਿੰਡ ਹੈ ਜਿਥੇ ਟਹਿਲ ਸਿੰਘ ਦੇ ਦੋ ਪੁੱਤ ਰਹਿੰਦੇ ਸਨ। ਵੱਡਾ ਅਰਜਨ ਤੇ ਛੋਟਾ ਜਗਦੇਵ। ਰੇਤਲੀ ਜ਼ਮੀਨ ਹੋਣ ਕਰ ਕੇ ਖੇਤੀ 'ਚੋਂ ਕੁਝ ਬਚਦਾ ਨਹੀਂ ਸੀ। ਬਲਦਾਂ ਦੀ ਜੋੜੀ ਤੇ ਊਠ ਹੀ ਕਿਸਾਨਾਂ ਦੇ ਸਾਥੀ ਸਨ। ਘਰ ਦੀ ਗਰੀਬੀ ਹੂੰਝਣ ਲਈ ਅਰਜਨ ਫੌਜ ਵਿਚ ਭਰਤੀ ਹੋ ਗਿਆ। ਟਹਿਲ ਸਿੰਘ ਤੇ ਜਗਦੇਵ ਖੇਤੀ ਕਰਦੇ। ਅਰਜਨ ਹਮੇਸ਼ਾ ਆਪਣੇ ਪਰਿਵਾਰ ਲਈ ਤੜਫਦਾ ਰਹਿੰਦਾ। ਦੋ-ਤਿੰਨ ਸਾਲਾਂ ਬਾਅਦ ਅਰਜਨ ਦੀ ਤਨਖਾਹ ਨਾਲ ਘਰ ਦੇ ਹਾਲਾਤ ਬਦਲਣ ਲੱਗੇ। ਉਹ ਵਿਹਲੀ ਰੁੱਤੇ ਛੁੱਟੀ ਨਹੀਂ ਸੀ ਆਉਂਦਾ ਸਗੋਂ ਹਾੜ੍ਹੀ-ਸਾਉਣੀ ਦੀਆਂ ਫਸਲਾਂ ਵੇਲੇ ਪਿਓ ਤੇ ਭਰਾ ਦਾ ਹੱਥ ਵਟਾਉਂਦਾ। ਭਰਾਵਾਂ ਦਾ ਪਿਆਰ ਦੇਖ ਕੇ ਟਹਿਲ ਸਿੰਘ ਫੁੱਲ ਵਾਂਗ ਟਹਿਕਣ ਲੱਗ ਪੈਂਦਾ। ਜਦੋਂ ਵਿਹਲੇ ਪਲਾਂ ਵਿਚ ਭੂਟਾਨ ਵਾਲੀ ਰੱਮ ਕੇ ਦੋ ਹਾੜੇ ਟਹਿਲ ਸਿੰਘ ਲਾ ਲੈਂਦਾ ਤਾਂ ਉਸ ਨੂੰ ਟਿੱਬਿਆਂ ਵਿਚ ਘਿਰਿਆ ਪਿੰਡ ਕਸ਼ਮੀਰ ਲੱਗਦਾ। ਪੱਛੋਂ ਦੀ ਹਵਾ ਉਸ ਦਾ ਸੀਨਾ ਠਾਰ ਜਾਂਦੀ। ਉਸ ਨੇ ਅਰਜਨ ਨੂੰ ਕਹਿ ਕੇ ਖੇਤ ਵਿਚ ਕਰਾਹ ਲਵਾ ਦਿੱਤਾ। ਰੂੜੀ ਪਈ ਤਾਂ ਜ਼ਮੀਨ ਸੋਨਾ ਉਗਾਉਣ ਲੱਗ ਪਈ।

ਫਿਰ ਪਿੰਡ ਵਿਚੋਂ ਹੀ ਕਿਸੇ ਨੇ ਅਰਜਨ ਨੂੰ ਰਿਸ਼ਤਾ ਕਰਵਾ ਦਿੱਤਾ। ਪਿੰਡ ਵਿਚ ਅਰਜਨ ਦਾ ਪਹਿਲਾ ਵਿਆਹ ਸੀ ਜਿਥੇ ਫੌਜੀਆਂ ਵਾਲੀ ਰੱਮ ਵਰਤਾਈ ਗਈ, ਨਹੀਂ ਤਾਂ ਪਿੰਡਾਂ ਵਿਚ ਕਮਾਦ ਵਾਲੀ ਦੇਸੀ ਹੀ ਵਰਤਾਈ ਜਾਂਦੀ ਸੀ। ਅਰਜਨ ਦੀ ਵਹੁਟੀ ਧੰਨ ਕੌਰ ਵੀ ਬਹੁਤ ਸੋਹਣੀ ਸੀ। ਜੋੜੀ ਦੇਖ ਕੇ ਟਹਿਲ ਸਿੰਘ ਫੁੱਲਿਆ ਨਾ ਸਮਾਉਂਦਾ। ਧੰਨ ਕੌਰ ਨਾਲ ਜਿਥੇ ਸੱਸ ਨੂੰ ਰੋਟੀ-ਟੁੱਕ ਦੇ ਆਹਰ ਤੋਂ ਛੁੱਟੀ ਮਿਲੀ, ਉਥੇ ਜਗਦੇਵ ਨੂੰ ਵੀ ਟਿੱਚਰਾਂ ਲਈ ਭਾਬੀ ਮਿਲ ਗਈ।

ਅਰਜਨ ਦੋ ਮਹੀਨੇ ਛੁੱਟੀ ਕੱਟ ਕੇ ਵਾਪਸ ਜਾਣ ਲੱਗਿਆ ਤਾਂ ਅੱਧਾ ਪਿੰਡ ਰੇਲਵੇ ਸਟੇਸ਼ਨ 'ਤੇ ਛੱਡਣ ਆਇਆ। ਅਰਜਨ ਨੇ ਅੱਖਾਂ ਭਰਦਿਆਂ ਰੇਲ ਗੱਡੀ ਦੇ ਬੂਹੇ ਦਾ ਡੰਡਾ ਫੜਿਆ। ਕਾਫੀ ਦੂਰ ਤੱਕ ਹੱਥ ਹਿੱਲਦੇ ਰਹੇ। ਉਧਰ, ਖੇਤੀ ਦੇ ਨਵੇਂ ਢੰਗ-ਤਰੀਕਿਆਂ ਨਾਲ ਟਹਿਲ ਸਿੰਘ ਪਿੰਡ ਵਿਚ ਖਾਸ ਬੰਦਿਆਂ ਵਿਚ ਗਿਣਿਆ ਜਾਣ ਲੱਗਿਆ। ਸਮਾਜਕ ਕੰਮਾਂ ਵਿਚ ਉਸ ਦੀ ਸਲਾਹ ਲਈ ਜਾਣ ਲੱਗੀ। ਚਹੁੰ ਪਿੰਡਾਂ ਵਿਚ ਟੱਬਰ ਦੀ ਚੜ੍ਹਾਈ ਹੋਣ ਕਰ ਕੇ ਜਗਦੇਵ ਨੂੰ ਚੰਗੇ ਘਰਾਂ ਦੇ ਰਿਸ਼ਤੇ ਆਉਣ ਲੱਗੇ। ਫਿਰ ਟਹਿਲ ਸਿੰਘ ਨੇ ਜਗਦੇਵ ਦਾ ਵਿਆਹ ਵੀ ਧਰ ਦਿੱਤਾ। ਕਿਸੇ ਕਾਰਨ ਅਰਜਨ ਨੂੰ ਵਿਆਹ ਦੀ ਛੁੱਟੀ ਨਾ ਮਿਲੀ, ਫਿਰ ਤਰੀਕ ਅੱਗੇ ਪਾ ਦਿੱਤੀ। ਅਰਜਨ ਨੂੰ ਤਿੰਨ ਸਾਲ ਬਾਅਦ ਛੁੱਟੀ ਮਿਲੀ, ਉਹ ਚੋਰੀ ਦੇ ਝੂਠੇ ਇਲਜ਼ਾਮ ਕਰ ਕੇ ਤਿੰਨ ਸਾਲ ਫੌਜੀ ਜੇਲ੍ਹ ਕੱਟ ਕੇ ਆਇਆ ਸੀ। ਫਿਰ ਅਰਜਨ ਦੇ ਆਏ ਤੋਂ ਜਗਦੇਵ ਦਾ ਵਿਆਹ ਹੋਇਆ। ਵਿਹੜੇ ਵਿਚ ਮਿੰਦੋ ਦੀ ਝਾਂਜਰ ਛਣਕੀ। ਹੁਣ ਧੰਨ ਕੌਰ ਤੇ ਮਿੰਦੋ, ਦੋਵੇਂ ਵਿਹੜੇ ਦਾ ਸ਼ਿੰਗਾਰ ਸਨ। ਟਹਿਲ ਸਿੰਘ ਅਰਜਨ ਦੇ ਪੁੱਤ ਨੂੰ ਗੋਦੀ ਖਿਡਾਉਣਾ ਚਾਹੁੰਦਾ ਸੀ, ਪਰ ਅਜੇ ਧੰਨ ਕੌਰ ਖਾਲੀ ਪੇਟ ਸੀ।

ਅਰਜਨ ਦੇ ਵਿਆਹ ਨੂੰ ਛੇ ਸਾਲ ਬੀਤ ਗਏ, ਪਰ ਵਿਹੜੇ ਕਿਲਕਾਰੀਆਂ ਨਾ ਗੂੰਜੀਆਂ। ਮਿੰਦੋ ਨੂੰ ਰੱਬ ਨੇ ਸਾਲ ਪਿਛੋਂ ਹੀ ਪੁੱਤ ਦੀ ਦਾਤ ਬਖਸ਼ ਦਿੱਤੀ। ਟਹਿਲ ਸਿੰਘ ਨੇ ਪੋਤੇ ਦੀ ਖੁਸ਼ੀ ਤਾਂ ਮਨਾਈ, ਪਰ ਉਨੀ ਨਹੀਂ ਜਿੰਨੀ ਅਰਜਨ ਦੇ ਪੁੱਤ ਦੀ ਹੋਣੀ ਸੀ। ਪਿਉ ਨੂੰ ਸਾਰੇ ਪੁੱਤ ਹੀ ਪਿਆਰੇ ਹੁੰਦੇ ਹਨ, ਉਹ ਸਾਰਿਆਂ ਦੀਆਂ ਦਹਿਲੀਜ਼ਾਂ ਵਧਦੀਆਂ ਦੇਖਣੀਆਂ ਚਾਹੁੰਦਾ ਹੈ। ਮਿੰਦੋ ਨੇ ਫਿਰ ਪੁੱਤ ਨੂੰ ਜਨਮ ਦਿੱਤਾ। ਉਹ ਦੋ ਪੁੱਤਾਂ ਦੀ ਮਾਂ ਬਣ ਗਈ। ਧੰਨ ਕੌਰ ਅੰਦਰੋਂ ਬੇਸ਼ੱਕ ਪਰਮਾਤਮਾ ਨਾਲ ਨਾਰਾਜ਼ਗੀ ਜ਼ਾਹਰ ਕਰਦੀ ਹੋਵੇ, ਪਰ ਆਪਣੇ ਬੁੱਲ੍ਹਾਂ 'ਤੇ ਪੁੱਤ ਦੀ ਘਾਟ ਵਾਲੀ ਗੱਲ ਨਾ ਆਉਣ ਦਿੱਤੀ। ਅਰਜਨ ਦੇ ਵਿਆਹ ਨੂੰ ਦਸ ਸਾਲ ਬੀਤ ਗਏ। ਟਹਿਲ ਸਿੰਘ ਨੇ ਉਸ ਦਾ ਦੂਜਾ ਵਿਆਹ ਕਰਨ ਦੀ ਸਲਾਹ ਕੀਤੀ, ਪਰ ਅਰਜਨ ਨਾ ਮੰਨਿਆ। ਦੋਹਾਂ ਭਰਾਵਾਂ ਦੀ ਕਮਾਈ ਨਾਲ ਟਹਿਲ ਸਿੰਘ ਨੇ ਜੀ.ਟੀ. ਰੋਡ ਲਾਗੇ ਟਿੱਬਿਆਂ ਵਾਲੀ ਜ਼ਮੀਨ ਦੇ ਚਾਰ ਕਿੱਲੇ ਲੈ ਲਏ। ਹੌਲੀ-ਹੌਲੀ ਇਹ ਜ਼ਮੀਨ ਵੀ ਪੱਧਰ ਹੁੰਦੀ ਗਈ। ਅਰਜਨ ਸੋਲਾਂ ਸਾਲਾਂ ਬਾਅਦ ਪੈਨਸ਼ਨ ਆ ਗਿਆ। ਜੋ ਪੈਸਾ ਮਿਲਿਆ, ਉਸ ਨਾਲ ਵਧੀਆ ਘਰ ਬਣਾ ਲਿਆ। ਪਿੰਡ ਵਿਚ ਪਹਿਲਾ ਚੁਬਾਰਾ ਸੀ ਜਿਸ ਦੇ ਜੰਗਲੇ ਮੋਰਾਂ ਵਾਲੇ ਸਨ। ਪੂਰੇ ਇੱਕੀ ਸਾਲ ਬਾਅਦ ਅਰਜਨ ਦੇ ਪੁੱਤ ਹੋਇਆ। ਟਹਿਲ ਸਿੰਘ ਖੁਸ਼ੀ ਵਿਚ ਨੱਚ ਉਠਿਆ, ਮਨ ਦੀ ਮੁਰਾਦ ਪੂਰੀ ਹੋ ਗਈ ਸੀ। ਟਹਿਲ ਸਿੰਘ ਨੇ ਲੋਹੜੀ 'ਤੇ ਅਲਗੋਜ਼ਿਆਂ ਵਾਲੇ ਲਵਾਏ ਅਤੇ ਸਾਰਾ ਪਿੰਡ ਰੱਮ ਨਾਲ ਸ਼ਰਾਬੀ ਕੀਤਾ। ਜਗਦੇਵ ਦੇ ਦੋਵੇਂ ਪੁੱਤ ਫੌਜ ਵਿਚ ਭਰਤੀ ਹੋ ਗਏ ਸਨ। ਸਾਰਾ ਪਰਿਵਾਰ ਖੁਸ਼ੀਆਂ ਦੇ ਗੀਤ ਗਾਉਂਦਾ ਸੀ, ਪਰ ਮਿੰਦੋ ਦਾ ਇਕ ਵੈਲੀ ਭਰਾ ਅਰਜਨ ਦੇ ਪੁੱਤ ਹੋਏ ਤੋਂ ਖੁਸ਼ ਨਾ ਹੋਇਆ। ਉਹ ਸੋਚਦਾ ਸੀ ਕਿ ਅਰਜਨ ਜਹਾਨੋਂ ਔਤ ਜਾਵੇਗਾ ਤੇ ਉਸ ਦੇ ਭਾਣਜੇ ਸਾਰੀ ਜ਼ਮੀਨ ਦੇ ਹੱਕਦਾਰ ਹੋ ਜਾਣਗੇ। ਉਸ ਨੇ ਮਿੰਦੋ ਨਾਲ ਤਾਂ ਕਦੇ ਗੱਲ ਨਹੀਂ ਕੀਤੀ ਸੀ ਕਿ ਉਹਨੇ ਅਰਜਨ ਦੇ ਮਾਸੂਮ ਪੁੱਤ ਦਾ ਕੰਡਾ ਕੱਢਣਾ ਹੈ, ਪਰ ਆਪ ਵਿਉਂਤਾਂ ਘੜੀ ਜਾਂਦਾ।

ਮਿੰਦੋ ਨੂੰ ਤੀਆਂ ਦਾ ਸੰਧਾਰਾ ਦੇਣ ਆਇਆ ਤਾਂ ਕਹਿਣ ਲੱਗਾ, "ਮਿੰਦੋ! ਆਹ ਰੱਬ ਨੇ ਵੀ ਘਰ ਤੇ ਖੇਤ ਵਿਚ ਲਕੀਰ ਖਿੱਚ ਦਿੱਤੀ। ਹੁਣ ਘਰ ਤੇ ਜ਼ਮੀਨ ਟੁਕੜਿਆਂ ਵਿਚ ਵੰਡੀ ਜਾਊ।"

"ਬਾਈ, ਮੂੰਹ ਸੰਭਾਲ ਕੇ ਗੱਲ ਕਰ, ਮੈਨੂੰ ਪਤੈ ਕਿਥੋਂ ਬੋਲਦੈਂ ਤੂੰ।" ਮਿੰਦੋ ਨੇ ਕਰਾਰਾ ਜਵਾਬ ਦਿੱਤਾ।

"ਮਿੰਦੋ, ਹੁਣ ਤੈਨੂੰ ਪਤਾ ਨਹੀਂ ਕਿ ਅਗਾਂਹ ਕੀ ਹੋਣਾ। ਮੈਂ ਕਹਿਨਾ, ਅਰਜਨ ਦੇ ਪੁੱਤ ਵਾਲਾ ਕੰਡਾ ਕੱਢ ਦੇਈਏ ਤੇ ਸਾਰਾ ਕੁਝ ਤੇਰੇ ਦੋਵੇਂ ਪੁੱਤਾਂ ਦਾ ਹੋ ਜਾਊ।"

"ਵੇ ਮਰ ਜਾਵੇਂ ਜੈਲਿਆ! ਅਜਿਹਾ ਸੋਚਣ ਵਾਲਿਆ। ਅਸੀਂ ਤਾਂ ਨੱਕ ਰਗੜ-ਰਗੜ ਕੇ ਮਸਾਂ ਪੁੱਤ ਲਿਆ ਵੇ... ਮਰ ਵੇ ਕਲਜੁਗੀ ਮਾਮਿਆਂ, ਜਾਹ! ਅੱਜ ਪਿਛੋਂ ਮੇਰੀ ਦਹਿਲੀਜ਼ ਨਾ ਚੜ੍ਹੀਂ।" ਮਿੰਦੋ ਰੋ ਪਈ ਸੀ। ਭਰਾ ਦੇ ਮੂੰਹੋਂ ਸੁਣੀਆਂ ਗੱਲਾਂ ਨੇ ਮਿੰਦੋ ਦੀ ਭੁੱਖ ਤੇ ਨੀਂਦ ਚੁਰਾ ਲਈ ਸੀ। ਸਾਰਿਆਂ ਦੇ ਜ਼ੋਰ ਪਾਉਣ ਉਤੇ ਉਸ ਨੇ ਜੈਲੇ ਦੀ ਵਿਉਂਤ ਸੁਣਾ ਦਿੱਤੀ। ਟਹਿਲ ਸਿੰਘ ਨੇ ਦੋਨਾਲੀ ਚੁੱਕ ਲਈ ਕਿ ਜੈਲਾ ਮਾਰ ਦੇਣੈ, ਪਰ ਅਰਜਨ ਨੇ ਸਿਆਣਪ ਨਾਲ ਕੰਮ ਲੈਂਦਿਆਂ ਜੈਲੇ ਨੂੰ ਸੱਦ ਲਿਆ। ਉਸ ਦੇ ਅੰਦਰਲੀ ਭੜਾਸ ਰੱਮ ਦੇ ਦੋ ਪੈੱਗਾਂ ਰਾਹੀਂ ਬਾਹਰ ਆ ਗਈ।

ਸਵੇਰੇ ਅਰਜਨ ਜੈਲੇ ਨੂੰ ਕਹਿੰਦਾ, "ਜੈਲਿਆ! ਮੇਰਾ ਸਾਰਾ ਘਰ ਤੇ ਜ਼ਮੀਨ ਜਗਦੇਵ ਦੇ ਪੁੱਤਾਂ ਨਾਂ ਕਰਵਾ ਦਿੰਨਾਂ, ਪਰ ਮੇਰੇ ਮਸਾਂ ਮਸਾਂ ਦੇ ਪੁੱਤ ਦਾ ਵਾਲ ਵਿੰਗਾ ਨਾ ਹੋਵੇ।" ਜੈਲਾ ਕੀ ਬੋਲਦਾ, ਉਸ ਦੀ ਚੁੱਪ ਸਭ ਕੁਝ ਕਹਿ ਗਈ ਸੀ।

ਅਰਜਨ ਨੇ ਸਭ ਕੁਝ ਜਗਦੇਵ ਦੇ ਪੁੱਤਾਂ ਨਾਂ ਕਰਵਾ ਕੇ ਆਪਣੇ ਪੁੱਤ ਦੀ ਜਾਨ ਬਖਸ਼ਾ ਲਈ। ਉਸ ਨੂੰ ਪਤਾ ਸੀ ਕਿ ਜੈਲਾ ਵੈਲੀ ਹੈ, ਕਿਸੇ ਨੂੰ ਕਹਿ ਕੇ ਪੁੱਤ ਨਾ ਮਰਵਾ ਦੇਵੇ।

ਟਹਿਲ ਸਿੰਘ ਜਹਾਨੋਂ ਤੁਰ ਗਿਆ। ਜਗਦੇਵ ਦੇ ਦੋਵੇਂ ਪੁੱਤ ਵਿਆਹੇ ਗਏ। ਅਰਜਨ ਦਾ ਪੁੱਤ ਵੀ ਗੱਭਰੂ ਹੋਣ ਲੱਗਾ। ਧੰਨ ਕੌਰ ਅਤੇ ਮਿੰਦੋ ਦੇ ਪਿਆਰ ਵਿਚ ਫਰਕ ਨਾ ਪਿਆ। ਅਰਜਨ ਤੇ ਜਗਦੇਵ ਵੀ ਇਕ-ਦੂਜੇ ਵਿਚ ਸਾਹ ਲੈਂਦੇ, ਪਰ ਸੋਚਦੇ, ਜੇ ਭੈਣਾਂ ਦੇ ਘਰ ਖੁਸ਼ੀਆਂ ਹਨ ਤਾਂ ਇਸ ਤਰ੍ਹਾਂ ਦੇ ਭਰਾ ਕਿਉਂ ਘਰ ਉਜਾੜਦੇ ਹਨ!

ਸਮਾਂ ਬੀਤਦਾ ਗਿਆ। ਜੈਲੇ ਨੂੰ ਕਿਸੇ ਹੋਰ ਵੈਲੀ ਨੇ ਗੋਲੀ ਨਾਲ ਮਾਰ ਦਿੱਤਾ। ਮਿੰਦੋ ਨੇ ਖਬਰ ਸੁਣ ਕੇ ਸੁੱਖ ਦਾ ਸਾਹ ਲਿਆ। ਉਹ ਅਰਜਨ ਦੇ ਪੁੱਤ ਨੂੰ ਚਿੰਬੜ ਗਈ, ਜਿਵੇਂ ਉਸ ਦੀ ਫਾਂਸੀ ਮੁਆਫ ਹੋ ਗਈ ਹੋਵੇ! ਮਿੰਦੋ ਨੇ ਭਰਾ ਦੇ ਆਖਰੀ ਦਰਸ਼ਨ ਕੀਤੇ ਤੇ ਕਿਹਾ, "ਬਾਈ! ਖਾਲੀ ਹੱਥ ਹੀ ਲੈ ਕੇ ਚਲਿਆ ਗਿਆ... ਕੁਝ ਨਾਲ ਲੈ ਜਾਂਦਾ। ਭੈਣਾਂ ਦੇ ਘਰ ਪੱਟੀਦੇ ਨਹੀਂ, ਵਸਾਈਦੇ ਹਨ।"

ਅਰਜਨ ਦੇ ਪੁੱਤ ਨੂੰ ਰਿਸ਼ਤੇ ਆਉਣ ਲੱਗੇ। ਮਿੰਦੋ ਤੇ ਜਗਦੇਵ ਨੇ ਆਪਣੇ ਛੁੱਟੀ ਆਏ ਪੁੱਤ ਕੋਲ ਬਿਠਾ ਲਏ। ਅਰਜਨ ਤੇ ਧੰਨ ਕੌਰ ਵੀ ਬੈਠ ਗਏ। ਜੈਲੇ ਮਾਮੇ ਦੀ ਸਾਰੀ ਕਰਤੂਤ ਪੁੱਤਾਂ ਨੂੰ ਸੁਣਾਈ। ਘਰ ਤੇ ਜ਼ਮੀਨ ਦੇ ਕਾਗਜ਼ ਵੀ ਦਿਖਾਏ। ਜਗਦੇਵ ਦੇ ਪੁੱਤਾਂ ਨੇ ਕਿਹਾ ਕਿ ਉਨ੍ਹਾਂ ਨੂੰ ਘਰ ਤੇ ਜ਼ਮੀਨ ਨਹੀਂ ਚਾਹੀਦੀ, ਭਰਾ ਚਾਹੀਦਾ ਹੈ। ਮਿੰਦੋ ਨੇ ਅੱਖਾਂ ਭਰ ਲਈਆਂ। ਫਿਰ ਅਰਜਨ ਦੇ ਪੁੱਤ ਦਾ ਵਿਆਹ ਹੋ ਗਿਆ। ਮਿੰਦੋ ਤੇ ਜਗਦੇਵ ਵੀ ਆਪਣੀ ਉਮਰ ਭੋਗ ਕੇ ਮਰੇ, ਅਰਜਨ ਤੇ ਧੰਨ ਕੌਰ ਵੀ ਜਹਾਨੋਂ ਤੁਰ ਗਏ। ਜਗਦੇਵ ਦੇ ਪੁੱਤਾਂ ਨੇ ਅਰਜਨ ਦਾ ਪੁੱਤ ਵੱਖ ਨਹੀਂ ਕੀਤਾ। ਹਮੇਸ਼ਾ ਆਪਣਾ ਖੂਨ ਸਮਝ ਕੇ ਹਿੱਕ ਨਾਲ ਲਾਈ ਰੱਖਿਆ।

# ਬਾਲ ਮਨਾਂ 'ਚੋਂ ਪੁੰਗਰਦੀ ਕਵਿਤਾ

ਨਿੱਕੇ ਸ਼ਬਦ, ਵੱਡੇ ਸੁਪਨੇ



ਰਵਿੰਦਰ ਸਹਿਰਾਅ
ਫੋਨ: 001-717-575-7529
ਈਮੇਲ: ravisahra@gmail.com

ਚਾਰ ਵਰ੍ਹੇ ਪਹਿਲਾਂ ਦਸੰਬਰ 2011 ਦੀ ਗੱਲ ਹੈ। ਸਥਾਨਕ ਅਖਬਾਰ (ਲੈਬਨਾਨ ਡੇਲੀ ਨਿਊਜ਼) ਨੂੰ ਫਰੋਲਦਿਆਂ ਨਜ਼ਰ ਬੱਚਿਆਂ ਦੇ ਪੰਨੇ 'ਤੇ ਪਈ। ਵੱਡੇ ਅੱਖਰਾਂ ਵਿਚ ਸ਼ਬਦ PEACE (ਅਮਨ) ਲਿਖਿਆ ਹੋਇਆ ਸੀ। ਪੜ੍ਹਨਾ ਸ਼ੁਰੂ ਕੀਤਾ ਤਾਂ ਪੂਰਾ ਪੰਨਾ ਕੁਝ ਹੀ ਮਿੰਟਾਂ ਵਿਚ ਪੜ੍ਹ ਲਿਆ। ਫਿਰ ਪੜ੍ਹਿਆ ਤੇ ਫਿਰ ਪੜ੍ਹਿਆ। ਸੁਆਦਲਾ ਹੀ ਏਨਾ ਸੀ। ਜਿਸ ਵਕਤ ਦੁਨੀਆਂ ਦੇ ਹਰ ਕੋਨੇ ਵਿਚ ਜੰਗ ਦੇ ਬੱਦਲ ਛਾਏ ਹੋਏ ਹੋਣ, ਮਜ਼੍ਹਬਾਂ ਦੀ ਆੜ ਹੇਠ ਨਿੱਕੇ ਨਿੱਕੇ ਬਾਲਾਂ ਨੂੰ ਵੀ ਜਿਬਾਹ ਕੀਤਾ ਜਾ ਰਿਹਾ ਹੋਵੇ, ਦੁਨੀਆਂ ਨੂੰ ਫਿਰ ਤੋਂ ਬਸਤੀਆਂ ਵਿਚ ਬਦਲਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹੋਣ, ਅਜਿਹੇ ਵਕਤ 'ਚ ਕੋਈ ਅਮਨ ਦੀ ਗੱਲ ਕਰੇ ਤੇ ਉਹ ਵੀ ਨਿੱਕੇ ਨਿੱਕੇ ਖੇਡਣ ਦੀ ਉਮਰ ਵਾਲੇ ਬੱਚੇ, ਹੈਰਾਨੀ ਤਾਂ ਹੁੰਦੀ ਹੀ ਹੈ ਨਾ।

ਇਨ੍ਹਾਂ ਬੱਚਿਆਂ ਦੀਆਂ ਬਾਲ ਕਵਿਤਾਵਾਂ ਮੈਨੂੰ ਅਨੂਠੀਆਂ ਲੱਗੀਆਂ। ਨਿੱਕੇ ਨਿੱਕੇ ਸ਼ਬਦਾਂ ਵਿਚ ਵੱਡੇ ਵੱਡੇ ਸੁਪਨੇ ਸਮੋਈ ਬੈਠੀਆਂ ਕਵਿਤਾਵਾਂ। ਕੁੱਝ ਕੁ ਕਵਿਤਾਵਾਂ ਏਨੀਆਂ ਸੰਵੇਦਨਸ਼ੀਲ ਹਨ ਕਿ ਮੈਂ ਪੜ੍ਹਨ ਤੋਂ ਬਾਅਦ ਜਿਵੇਂ ਸੁੰਨ ਹੋ ਗਿਆ ਹੋਵਾਂ। ਝੱਟ ਮਨ ਵਿਚ ਆਇਆ, ਕਿਉਂ ਨਾ ਇਨ੍ਹਾਂ ਨੂੰ ਪੰਜਾਬੀ ਵਿਚ ਉਲਥਿਆ ਜਾਵੇ। ਪਰ ਫਿਰ ਰੁਝੇਵਿਆਂ ਵਿਚ ਅਜਿਹਾ ਭੁੱਲਿਆ ਕਿ ਭੁੱਲ ਹੀ ਗਿਆ। ਅਕਤੂਬਰ 2015 ਦੀ ਗੱਲ ਹੈ, ਅਚਾਨਕ ਪੁਰਾਣੇ ਅਖਬਾਰਾਂ-ਮੈਗਜ਼ੀਨਾਂ ਦੇ ਅੰਕ ਫਰੋਲਦਿਆਂ ਇਹ ਪੰਨਾ ਹੱਥ ਲੱਗ ਗਿਆ। ਪੜ੍ਹਿਆ ਤਾਂ ਖੁਸ਼ੀ ਦੇ ਹੰਝੂ ਵਹਿ ਤੁਰੇ। ਉਹ ਸਾਰੇ ਬਾਲ ਹੁਣ ਟੀਨ ਏਜਰ ਹੋ ਚੁੱਕੇ ਹੋਣਗੇ, ਖੌਰੇ ਉਨ੍ਹਾਂ 'ਚੋਂ ਹੁਣ ਕੋਈ ਕਵਿਤਾ ਲਿਖਦਾ ਵੀ ਏ ਜਾਂ ਨਹੀਂ। ਖੈਰ! ਚਾਰ ਸਾਲਾਂ ਬਾਅਦ ਵੀ ਇਹ ਨਜ਼ਮਾਂ ਮੈਨੂੰ ਓਨੀਆਂ ਹੀ ਪਿਆਰੀਆਂ ਲੱਗੀਆਂ। ਪਾਠਕਾਂ ਦੀ ਨਜ਼ਰ ਹਨ।

### ਅਮਨ ਖੁਸ਼ੀ ਵੰਡਦਾ ਹੈ

ਕੁਝ ਵੀ ਕਰ ਸਕਦਾ ਹੈ ਅਮਨ
ਅਮਨ ਲਫ਼ਜ਼ ਹੀ
ਮੁਹੱਬਤ ਤੇ ਖੁਸ਼ੀ ਹੈ
ਜੰਗ ਨੂੰ ਠੱਲ ਸਕਦਾ ਹੈ ਅਮਨ
ਜੰਗ ਨਾਲੋਂ ਬਿਹਤਰ ਹੈ ਅਮਨ
ਅਮਨ ਆਜ਼ਾਦੀ ਹੈ।

*-ਟੋਨੀ (ਫਿਫਥ ਗਰੇਡ)*

### ਅਮਨ ਓ ਅਮਨ!

ਤੂੰ ਮੇਰੇ ਲਈ ਮਿਠਾਈ ਵਰਗਾ ਏਂ
ਮਿਠਾਈ ਵੀ ਮਿੱਠੀ ਤੇ ਅਮਨ ਵੀ ਮਿੱਠਾ
ਤੁਸੀਂ ਦੋਵੇਂ ਮਿੱਠੇ
ਅਮਨ ਓ ਮੇਰੇ ਪਿਆਰੇ ਅਮਨ।

*-ਨੋਆਹ (ਫਿਫਥ ਗਰੇਡ)*

### ਅਮਨ ਹੈ ਤਾਂ ਜੰਗ ਨਹੀਂ

ਅਮਨ ਇਬਾਦਤ ਹੈ
ਆਓ, ਸਾਰੇ ਅਮਨ ਲਈ ਦੁਆ ਕਰੀਏ
ਤੇ ਜੰਗ ਨੂੰ ਦੂਰ ਭਜਾਈਏ।

*-ਟੇਲਰ (ਫਿਫਥ ਗਰੇਡ)*

### ਯੁੱਧ ਨਹੀਂ

ਏਥੇ ਅਮਨ ਲਿਆਈਏ
ਨਫ਼ਰਤ ਨਹੀਂ, ਯੁੱਧ ਨਹੀਂ
ਅਮਨ
ਦਹਿਸ਼ਤੀ ਪਲਾਂ ਅੰਦਰ
ਜਦ ਇਕ ਪਲ ਅਜਿਹਾ ਆਏ
ਜਦ ਸਭ ਕੁਝ ਮਿੱਠਾ ਤੇ ਸ਼ਾਂਤ ਲੱਗੇ
ਸਮੁੰਦਰ ਦੀ ਠੰਢੀ ਹਵਾ ਵਰਗਾ
ਸਭ ਨੂੰ ਖੁਸ਼ੀ ਦੇਵੇ
ਪੰਛੀਆਂ ਦੇ ਚਹਿਕਣ ਵਰਗਾ
ਜਦ ਦੋਸਤ ਮਿੱਤਰ ਇਕੱਠੇ ਰਲ ਬੈਠਣ
ਮੇਲਿਆਂ ਵਿਚ ਘੁੰਮਣ ਵਰਗਾ
ਜੰਗ ਨੂੰ ਰੋਕਣ ਦਾ ਹੀਲਾ ਵਸੀਲਾ
ਬੱਚੇ ਦੀ ਤਾੜੀ ਵਰਗਾ
ਰੁੱਖਾਂ ਦੀ ਸਲਾਮਤੀ ਵਰਗਾ
ਅਮਨ ਇਕ ਪਲ ਅਜਿਹਾ
ਤੁਸੀਂ ਆਕਾਸ਼ 'ਚ ਉਡਦੇ ਮਹਿਸੂਸ ਕਰਦੇ।

*-ਕੁਇੰਸੀ (ਫਿਫਥ ਗਰੇਡ)*

### ਕੁਝ ਚਾਹੁੰਦੇ ਨੇ ਅਮਨ

ਕੁਝ ਚਾਹੁਣ ਜੰਗ
ਕੁਝ ਚਾਹੁਣ ਅਮਨ
ਅਸੀਂ ਸਾਰੇ ਚਾਹੁੰਦੇ ਅਮਨ
ਤੂੰ ਵੀ ਕਹਿ ਅਮਨ
ਸਾਰੇ ਕਹੀਏ ਅਮਨ
ਅਮਨ ਬਣਾਏ ਅਮਨ।

*-ਮੈਡੀਸਨ ਡਾਇਸਲੀ (ਫੋਰਥ ਗਰੇਡ)*

### ਚਲੋ

ਚਲੋ ਖਲਾਇਕਾਂ ਨੂੰ ਜਾਣ ਦੇਈਏ
ਚਲੋ ਜੰਗ ਨੂੰ ਭਜਾਈਏ
ਕੁੱਲ ਦੁਨੀਆਂ 'ਚ ਅਮਨ ਲਿਆਈਏ
ਦੁਨੀਆਂ ਨੂੰ ਅਮਨ ਲੋੜੀਂਦਾ
ਸਿਹਤਮੰਦ ਦੁਨੀਆਂ ਅਸੀਂ ਲੋੜੀਏ।

*-ਮਾਇਆ ਕਰਿਸਟਨਸੇਨ (ਫੋਰਥ ਗਰੇਡ)*

### ਅਮਨ

ਲੜਾਈ ਤੋਂ ਬਾਅਦ ਨਿੱਘੀ ਹੱਥ ਘੁੱਟਣੀ
ਹਰ ਚਿਹਰੇ ਦੀ ਮੁਸਕਰਾਹਟ
ਜੰਗ ਤੋਂ ਬਾਅਦ ਦੋਹਾਂ ਧਿਰਾਂ ਦਾ ਮਿਲਣਾ
ਤੇ ਮਿੱਤਰਾਂ 'ਚ ਬਦਲ ਜਾਣਾ
ਇਹ ਕੁੱਲ ਆਲਮ ਦਾ ਅਮਨ
ਇਹ ਮੁਹੱਬਤ ਦਾ ਅਮਨ
ਇਹ ਤਾਂ ਹੈ ਸਾਦ-ਮੁਰਾਦਾ ਅਮਨ।

*-ਡੇਨੀਅਲ ਅਮੋਰੀਏਲ (ਸਿਕਸਥ ਗਰੇਡ)*

### ਅਮਨ ਮਹਾਨ ਹੈ

ਅਮਨ ਸ਼ਾਂਤਮਈ ਹੈ
ਅਮਨ ਮਹਾਨ ਹੈ
ਪਰ ਇਹ ਥਾਲੀ 'ਚ ਪਈ
ਰੋਟੀ ਵਾਂਗ ਨਹੀਂ ਆਉਂਦਾ।
ਕੌਣ ਗਲਤ ਤੇ ਕੌਣ ਸਹੀ ਹੈ।
ਪਰ ਅਮਨ ਜੰਗ ਨਹੀਂ ਹੈ।

*-ਜੇਰਾ ਮੂਮਾ (ਫੋਰਥ ਗਰੇਡ)*



### ਜੋ ਜਿਉਂਦੇ ਅਮਨ ਲਈ

ਜੋ ਜਿਉਂਦੇ ਨੇ ਜੰਗ ਲਈ
ਤੜਪਣਗੇ ਭੁੱਖ ਨਾਲ
ਖਤਮ ਹੋ ਜਾਣਗੇ ਇਕ ਦਿਨ
ਜੋ ਜਿਉਂਦੇ ਨੇ ਅਮਨ ਲਈ
ਵਸਣਗੇ ਖੁਸ਼ੀਆਂ ਖੇੜਿਆਂ ਸੰਗ।

*-ਕੇਡਨ ਗੇਲਾਰਡ (ਸਿਕਸਥ ਗਰੇਡ)*

### ਜੰਗ ਤੋਂ ਤੌਬਾ

ਸਾਨੂੰ ਚਾਹੀਦੈ ਹੋਰ ਅਮਨ
ਜੰਗ ਤੋਂ ਤੌਬਾ
ਜੰਗ
ਨਹੀਂ ਨਹੀਂ ਨਹੀਂ
ਏਸ ਵਕਤ 'ਤੇ
ਸਾਨੂੰ ਚਾਹੀਦੈ ਹੋਰ ਸਾਮਾਨ।

*-ਫੇਥ ਮੈਲੀ (ਫੋਰਥ ਗਰੇਡ)*


### ਅਮਨ ਦੀ ਧੁਨ

ਇਕ ਅਮਨ ਹੀ ਤਾਂ ਹੈ
ਜੋ ਸਭ ਤੋਂ ਵੱਧ ਲੋੜੀਂਦਾ ਵਿਚ ਦੁਨੀਆਂ
ਇਹ ਅਮਨ ਦੀ ਧੁਨ ਹੀ ਤਾਂ ਹੈ
ਜੋ ਬੇਆਵਾਜ਼ ਹੈ
ਅਮਨ ਆਸਾਨ ਹੈ
ਅਮਨ ਅਨੂਠਾ ਹੈ
ਤੇ ਅਮਨ ਮੁਫ਼ਤ ਹੈ
ਤੇਰੇ ਲਈ
ਮੇਰੇ ਲਈ
ਤੇ ਸਭਨਾਂ ਲਈ।

*-ਲਿਲੀ ਸਾਉਲੇਅਰਡ (ਸਿਕਸਥ ਗਰੇਡ)*

ਸ੍ਰੀ ਲੰਕਾ ਦਾ ਚੀਤਾ ਪ੍ਰਭਾਕਰਨ-5

# ਲਿੱਟੇ ਤੇ ਭਾਰਤੀ ਫੌਜ: ਦੋਹੀਂ ਦਲੀਂ ਮੁਕਾਬਲਾ




*ਸ੍ਰੀ ਲੰਕਾ ਵਿਚ ਤਾਮਿਲਾਂ ਅਤੇ ਸਿੰਘਲੀਆਂ (ਆਮ ਪ੍ਰਚਲਿਤ ਸ਼ਬਦ ਸਿਨਹਾਲੀ) ਵਿਚਕਾਰ ਤਣਾਉ ਵਿਚੋਂ ਜਿਹੜੀ ਸਿਆਸਤ 20ਵੀਂ ਸਦੀ ਦੀ ਅਖੀਰਲੀ ਚੌਥਾਈ ਦੌਰਾਨ ਸਾਹਮਣੇ ਆਈ, ਉਸ ਦਾ ਸਿਖਰ ਸੀ 'ਲਿੱਟੇ' (LTTE- ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਈਲਮ)। ਇਸ ਜਥੇਬੰਦੀ ਨੇ ਵੇਲੂਪਿੱਲੇ ਪ੍ਰਭਾਕਰਨ ਦੀ ਅਗਵਾਈ ਹੇਠ ਗੁਰੀਲਾ ਜੰਗ ਦਾ ਨਿਵੇਕਲਾ ਰੰਗ ਤਾਂ ਦਿਖਾਇਆ ਹੀ, ਸ੍ਰੀ ਲੰਕਾ ਦੇ ਤਾਮਿਲਾਂ ਦਾ ਮਸਲਾ ਸੰਸਾਰ ਪੱਧਰ ਉਤੇ ਲੈ ਆਂਦਾ। ਸੰਸਾਰ ਅੰਦਰ ਜੂਝ ਰਹੀਆਂ ਹੋਰ ਕੌਮੀਅਤਾਂ ਵਾਂਗ ਸ੍ਰੀ ਲੰਕਾ ਦੇ ਤਾਮਿਲਾਂ ਦੀ ਕਹਾਣੀ ਪੜ੍ਹਨ-ਸੁਣਨ ਵਾਲੀ ਹੈ। ਉਘੇ ਬਿਊਰੋਕਰੈਟ ਐਮ.ਆਰ. ਨਰਾਇਣ ਸਵਾਮੀ ਨੇ ਇਸ ਬਾਬਤ ਡੂੰਘੀ ਖੋਜ ਪਿਛੋਂ ਕਿਤਾਬ ਲਿਖੀ ਹੈ-'ਇਨਸਾਈਡ ਐਨ ਇਲੂਸਿਵ ਮਾਈਂਡ: ਪ੍ਰਭਾਕਰਨ'। ਨਰਾਇਣ ਸਵਾਮੀ ਨੇ ਪ੍ਰਭਾਕਰਨ ਦੇ ਬਹਾਨੇ ਤਾਮਿਲ ਮਸਲੇ ਦੀ ਕਈ ਤਹਿਆਂ ਫਰੋਲੀਆਂ ਹਨ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਕਿਤਾਬ ਦੇ ਚੌਖਟੇ ਅੰਦਰ ਰਹਿੰਦਿਆਂ ਪ੍ਰਭਾਕਰਨ ਅਤੇ ਲਿੱਟੇ ਬਾਰੇ ਲੰਮਾ ਲੇਖ ਲਿਖਿਆ ਹੈ। ਇਸ ਲੇਖ ਵਿਚ ਉਨ੍ਹਾਂ ਤਾਮਿਲਾਂ ਦੀ ਸਿਆਸਤ ਅਤੇ ਸੰਸਾਰ ਸਿਆਸਤ ਵਿਚ ਇਨ੍ਹਾਂ ਦੀ ਹੋਣੀ ਬਾਰੇ ਕੁਝ ਗੱਲਾਂ ਸਪਸ਼ਟ ਰੂਪ ਵਿਚ ਉਭਾਰਨ ਦਾ ਯਤਨ ਕੀਤਾ ਹੈ। ਪਿਛਲੀਆਂ ਕਿਸ਼ਤਾਂ ਵਿਚ ਤਾਮਿਲ ਸਿਆਸਤ ਦੇ ਪਿਛੋਕੜ, ਪ੍ਰਭਾਕਰਨ ਦੇ ਘਰ ਤੋਂ ਜੰਗਲ ਵੱਲ ਸਫਰ ਅਤੇ ਭਾਰਤ ਦੀ ਪਹੁੰਚ ਬਾਰੇ ਕੁਝ ਖੁਲਾਸਾ ਕੀਤਾ ਗਿਆ ਸੀ। ਐਤਕੀਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਰਾਜੀਵ ਗਾਂਧੀ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

ਭਾਰਤੀ ਫੌਜ ਲੰਕਾ ਵਿਚ ਜਾ ਉਤਰੀ। ਤਮਿਲ ਹਾਰ ਪਾ-ਪਾ ਮਿਠਾਈਆਂ ਖੁਆ-ਖੁਆ ਇਸ ਫੌਜ ਦਾ ਸੁਆਗਤ ਕਰਨ ਲੱਗੇ। ਫੌਜ ਨੇ ਤਮਿਲਾਂ ਨੂੰ ਕਿਹਾ- ਹਥਿਆਰ ਰੱਖ ਦਿਉ। ਲਿੱਟੇ ਲੀਡਰ ਕੁਮਾਰੱਪਾ ਨੇ ਗੱਜ ਕੇ ਜਰਨੈਲ ਨੂੰ ਕਿਹਾ- ਤੂੰ ਕੌਣ ਹੈਂ ਹਥਿਆਰ ਸੁਟਵਾਣ ਵਾਲਾ? ਸਾਡਾ ਪ੍ਰਭਾਕਰਨ ਸਾਡੇ ਹਵਾਲੇ ਕਰ। ਅਸੀਂ ਪ੍ਰਭਾਕਰਨ ਦੇ ਸਿਪਾਹੀ ਹਾਂ, ਤੇਰੇ ਨਹੀਂ। ਜੇ ਜ਼ਬਰਦਸਤੀ ਕਰੇਂਗਾ, ਅਸੀਂ ਭਾਰਤੀ ਫੌਜ ਵਿਰੁੱਧ ਫਾਇਰਿੰਗ ਖੋਲ੍ਹ ਦਿਆਂਗੇ। ਕੁਝ ਦਿਨਾਂ ਬਾਅਦ ਕੁਮਾਰੱਪਾ ਨੇ ਕਿਹਾ- ਭਾਰਤੀ ਫੌਜ ਪੰਗਾ ਲੈ ਕੇ ਪਛਤਾਏਗੀ। ਦੇਖਣਾ, ਲੰਕਾ ਭਾਰਤ ਲਈ ਅਫਗਾਨਿਸਤਾਨ ਬਣੇਗਾ। ਭਾਰਤੀ ਫੌਜ ਨੂੰ ਮਸਲੇ ਦੀ ਗੰਭੀਰਤਾ ਦਾ ਕੋਈ ਪਤਾ ਨਹੀਂ ਸੀ, ਜਰਨੈਲਾਂ ਦਾ ਖਿਆਲ ਸੀ, ਗੇੜਾ ਮਾਰ ਕੇ



ਹਰਪਾਲ ਸਿੰਘ ਪੰਨੂ
ਫੋਨ: +91-94642-51454

ਵਾਪਸ ਆ ਜਾਵਾਂਗੇ।

ਦੋ ਅਗਸਤ ਨੂੰ ਪ੍ਰਭਾਕਰਨ ਜਾਫਨਾ ਪੁੱਜਾ ਤਾਂ ਕੁਝ ਸ਼ਾਂਤੀ ਹੋਈ। ਜਹਾਜ਼ ਵਿਚੋਂ ਉਤਰਿਆ ਤਾਂ ਚਾਰੇ ਪਾਸਿਓਂ ਭਾਰਤੀ ਫੌਜ ਨੇ ਘੇਰ ਲਿਆ। ਇੰਨੇ ਨੂੰ ਲਿਟੇ ਸੈਨਿਕ ਆ ਗਏ, ਆਪਣੇ ਕਮਾਂਡਰ ਨੂੰ ਨਾਲ ਲੈ ਤੁਰੇ। ਭਾਰਤੀ ਕੌਣ ਹੁੰਦੇ ਨੇ ਉਸ ਨੂੰ ਘੇਰਨ ਵਾਲੇ? ਭਾਰਤੀ ਜਰਨੈਲ ਖਾਮੋਸ਼ ਦੇਖਦੇ ਰਹੇ। ਪ੍ਰਭਾਕਰਨ ਅਤੇ ਬਾਲਾਸਿੰਘਮ ਨੂੰ ਇਸੇ ਦਾ ਡਰ ਸੀ। ਬਾਹਰਲੇ ਚੌਧਰੀ ਧੌਂਸ ਜਮਾਉਣਗੇ; ਪ੍ਰਭਾਕਰਨ ਦੀ ਤਾਕਤ ਘਟਾਉਣ ਲਈ ਸ਼ਰੀਕ ਧੜੇ ਪੈਦਾ ਕਰਨਗੇ; ਹੋ ਸਕਦੈ, ਲਿੱਟੇ ਦੇ ਹਥਿਆਰਾਂ ਉਪਰ ਛਾਪੇ ਮਾਰਨ।

ਜਦੋਂ ਫੌਜ ਨੇ ਕਿਹਾ ਕਿ 72 ਘੰਟਿਆਂ ਅੰਦਰ ਹਥਿਆਰ ਜਮ੍ਹਾਂ ਕਰਵਾਉ, ਲਿੱਟੇ ਨੂੰ ਛੱਡ ਕੇ ਬਾਕੀ ਸ਼ਰੀਕ ਧੜਿਆਂ ਨੇ ਹਥਿਆਰ ਰੱਖ ਦਿੱਤੇ। ਬਹੁਤੇ ਹਥਿਆਰ ਹੈ ਈ ਨਹੀਂ ਸਨ, ਕਿਉਂਕਿ ਲਿੱਟੇ ਨੇ ਖੋਹ ਲਏ ਸਨ। ਉਨ੍ਹਾਂ ਵਲੋਂ ਜੰਗਬੰਦੀ ਆਰਾਮ ਨਾਲ ਹੋ ਗਈ। ਪ੍ਰਭਾਕਰਨ ਨੇ ਕਿਹਾ- ਮੇਰੇ 72 ਘੰਟੇ ਤਾਂ ਭਾਰਤ ਵਿਚ ਹੀ ਖਤਮ ਹੋ ਚੁਕੇ ਨੇ। ਮੇਰੇ ਉਤੇ ਇਹ ਸ਼ਰਤ ਲਾਗੂ ਨਹੀਂ ਹੁੰਦੀ। ਲੈਫਟੀਨੈਂਟ ਜਨਰਲ ਦੀਪਿੰਦਰ ਸਿੰਘ ਜਾਫਨਾ ਵਿਚ ਪ੍ਰਭਾਕਰਨ ਨੂੰ ਮਿਲਿਆ। ਜਰਨੈਲ ਨੇ ਕਿਹਾ- ਜੇ ਤੁਸੀਂ ਹਥਿਆਰ ਨਹੀਂ ਸੁੱਟਦੇ, ਲਿੱਟੇ ਕੈਦੀਆਂ ਨੂੰ ਰਿਹਾਈ ਨਹੀਂ ਮਿਲੇਗੀ। ਆਤਮ ਸਮਰਪਣ ਦੀ ਰਸਮ ਵਿਚ ਭਾਰਤੀ ਪ੍ਰਤੀਨਿਧ ਹੋਣਗੇ ਤੇ ਤੁਸੀਂ ਲੰਕਾ ਦੀ ਫੌਜ ਅੱਗੇ ਨਹੀਂ, ਭਾਰਤੀ ਫੌਜ ਅੱਗੇ ਸਮਰਪਣ ਕਰਨਾ ਹੈ, ਮਿੱਤਰ ਫੌਜ ਅੱਗੇ। ਚਾਰ ਅਗਸਤ ਨੂੰ ਪ੍ਰਭਾਕਰਨ ਨੇ 50 ਹਜ਼ਾਰ ਤਮਿਲਾਂ ਸਾਹਮਣੇ ਪਹਿਲੀ ਵਾਰ ਭਾਸ਼ਣ ਕੀਤਾ। ਤਮਿਲ ਪਰਿਵਾਰ ਬੱਚਿਆਂ ਸਣੇ ਆਏ ਸਨ ਜਿਨ੍ਹਾਂ ਨੇ ਪਹਿਲੀ ਵਾਰ ਆਪਣੇ ਨੇਤਾ ਨੂੰ ਦੇਖਣਾ ਸੀ। ਕੂਟਨੀਤਕਾਂ, ਪੱਤਰਕਾਰਾਂ, ਭਾਰਤੀ ਫੌਜੀਆਂ ਦਾ ਵੱਡਾ ਇਕੱਠ ਸੀ।

ਪ੍ਰਭਾਕਰਨ ਦੇ ਲਫਜ਼ ਨਪੇ ਤੋਲੇ ਹੋਏ ਸਨ- ਸਾਡੇ ਲੋਕਾਂ ਨਾਲ ਸਲਾਹ-ਮਸ਼ਵਰਾ ਕੀਤੇ ਬਗੈਰ ਭਾਈਓ, ਭਾਰਤ ਨੇ ਲੰਕਾ ਸਰਕਾਰ ਨਾਲ ਕਾਹਲੀ-ਕਾਹਲੀ ਸਮਝੌਤਾ ਕੀਤਾ। ਜਦੋਂ ਮੈਨੂੰ ਭਾਰਤ ਆਉਣ ਲਈ ਕਿਹਾ, ਮੈਨੂੰ ਕੋਈ ਪਤਾ ਨਹੀਂ ਸੀ, ਕੀ ਗੱਲ ਹੈ। ਜਿਹੜਾ ਕਾਗਜ਼ ਮੇਰੇ ਅੱਗੇ ਰੱਖਿਆ ਗਿਆ, ਮੈਂ ਉਸ ਨਾਲ ਸਹਿਮਤ ਨਾ ਹੋਇਆ, ਤਮਿਲਾਂ ਬਾਰੇ ਕੁਝ ਵੀ ਨਹੀਂ ਸੀ ਉਸ ਵਿਚ, ਪਰ ਲੰਕਾ ਵਿਚ ਆਉਣ ਦੀ ਭਾਰਤ ਦੀ ਆਪਣੀ ਖਾਹਿਸ਼ ਸੀ। ਵੱਡੀ ਤਾਕਤ ਦੀ ਇੱਛਾ ਅੱਗੇ ਕਮਜ਼ੋਰ ਲੋਕ ਕੀ ਕਰਨ? ਇਸ ਸਮਝੌਤੇ ਨੇ ਸਾਡਾ ਹਥਿਆਰਬੰਦ ਸੰਘਰਸ਼ ਰੋਕ ਦਿੱਤਾ ਹੈ। ਮੈਂ ਆਪਣੇ ਕਮਾਂਡਰਾਂ ਨੂੰ ਅਜੇ ਮਿਲਿਆ ਤਕ ਨਹੀਂ, ਕੋਈ ਸਲਾਹ ਨਹੀਂ ਕਿਸੇ ਨਾਲ ਕਰ ਸਕਿਆ, ਤੇ ਮੈਨੂੰ ਹੁਕਮ ਹੋ ਗਿਐ ਹਥਿਆਰ ਰੱਖੋ। ਮੇਰੇ ਤਮਿਲ ਭਾਈਆਂ ਦੀ ਸੁਰੱਖਿਆ ਦੀ ਕੋਈ ਗਾਰੰਟੀ ਨਹੀਂ ਲਿਖੀ, ਇਸ ਕਰ ਕੇ ਮੈਂ ਹਥਿਆਰ ਸੁੱਟਣ ਤੋਂ ਨਾਂਹ ਕਰ ਦਿੱਤੀ। ਰਾਜੀਵ ਗਾਂਧੀ ਸਾਡੀ ਸੁਰੱਖਿਆ ਦਾ ਜ਼ਬਾਨੀ ਭਰੋਸਾ ਦਿੰਦਾ ਹੈ। ਇਸ ਭਰੋਸੇ ਉਪਰ ਇਤਬਾਰ ਕਰਦਿਆਂ ਅਸੀਂ ਭਾਰਤੀ ਸ਼ਾਂਤੀ ਸੈਨਾ ਨੂੰ ਹਥਿਆਰ ਸੌਂਪਣ ਦਾ ਫੈਸਲਾ ਕੀਤਾ। ਜੇ ਅਸੀਂ ਹਥਿਆਰ ਨਹੀਂ ਸੁਟਦੇ ਤਾਂ ਭਾਰਤੀ ਫੌਜ ਵਿਰੁੱਧ ਸਾਡੀ ਲੜਾਈ ਸ਼ੁਰੂ ਹੋ ਜਾਏਗੀ, ਜੋ ਅਸੀਂ ਚਾਹੁੰਦੇ ਨਹੀਂ। ਭਾਰਤ ਸਾਡਾ ਮਿੱਤਰ ਦੇਸ ਹੈ ਆਖਰ, ਸਾਡਾ ਮਦਦਗਾਰ ਰਿਹਾ ਹੈ। ਮੈਂ ਆਪਣੇ ਆਜ਼ਾਦ ਤਮਿਲ ਦੇਸ ਦੀ ਮੰਗ ਛੱਡੀ ਨਹੀਂ। ਕਿਸੇ ਨੂੰ ਗਲਤ-ਫਹਿਮੀ ਨਾ ਹੋ ਜਾਵੇ, ਮੈਂ ਇਥੇ ਸਾਫ ਗੱਲ ਕਰ ਦਿਆਂ ਕਿ ਮੈਂ ਚੋਣ ਨਹੀਂ ਲੜਾਂਗਾ, ਚੀਫ ਮਨਿਸਟਰੀ ਨਹੀਂ ਲਵਾਂਗਾ। ਯੁੱਧ ਬੰਦ ਕਰਨ ਦੀ ਮੇਰੀ ਇੱਛਾ ਨਹੀਂ, ਭਾਰਤ ਦੇ ਕਹਿਣ ਤੇ ਮੈਨੂੰ ਅੱਜ ਕੌੜਾ ਘੁੱਟ ਭਰਨਾ ਪਿਆ ਹੈ।

ਲੋਕਾਂ ਨੇ ਤਾੜੀਆਂ ਮਾਰੀਆਂ; ਚੰਗਾ, ਖੂਨ ਖਰਾਬਾ ਬੰਦ ਹੋ ਜਾਵੇ। ਕੁਝ ਇਕ ਖਾੜਕੂ ਅੱਗੇ ਆਏ, ਬੇਕਾਰ ਪੁਰਾਣੀਆਂ ਰਫਲਾਂ ਭਾਰਤੀ ਫੌਜੀਆਂ ਸਾਹਮਣੇ ਰੱਖ ਦਿੱਤੀਆਂ। ਫੋਟੋਆਂ ਖਿੱਚੀਆਂ ਗਈਆਂ।

ਬਾਅਦ ਵਿਚ ਪੱਤਰਕਾਰਾਂ ਨਾਲ ਇਕੱਲਿਆਂ ਗੱਲ ਕਰਦਿਆਂ ਪ੍ਰਭਾਕਰਨ ਨੇ ਕਿਹਾ- ਹਾਂ ਸਹੀ ਹੈ, ਅਸੀਂ ਸਾਰੇ ਹਥਿਆਰ ਨਹੀਂ ਸੌਂਪੇ। ਕੁੱਤੇ ਦੀ



*ਜਾਫਨਾ ਵਿਚ ਭਾਰਤੀ ਫੌਜ ਅੱਗੇ ਸਮਰਪਣ ਦਾ ਐਲਾਨ ਕਰਦਾ ਹੋਇਆ 'ਲਿੱਟੇ' ਮੁਖੀ ਪ੍ਰਭਾਕਰਨ।*

ਮੌਤ ਮਰੀਏ ਥੋਕ ਵਿਚ? ਸਾਨੂੰ ਨ੍ਹੀਂ ਕਿਸੇ 'ਤੇ ਇਤਬਾਰ।

ਆਮ ਤਮਿਲ ਜਨਤਾ ਨੂੰ ਚੈਨ ਮਿਲਿਆ ਕਿ ਸਿੰਘਲੀ ਫੌਜ ਹਰਲ-ਹਰਲ ਕਰਦੀ ਨਹੀਂ ਫਿਰਦੀ, ਭਾਰਤੀ ਫੌਜੀ ਮਿੱਤਰਾਂ ਵਾਂਗ ਵਿਹਾਰ ਕਰਦੇ ਹਨ। ਸਿੰਘਲੀ ਜਨਤਾ ਤੇ ਬੋਧ ਸਾਧੂ ਗੁੱਸੇ ਵਿਚ ਬੁੜ-ਬੁੜ ਕਰ ਰਹੇ ਸਨ।

ਜਰਨੈਲ ਦੀਪਿੰਦਰ ਸਿੰਘ ਨੇ ਪ੍ਰਭਾਕਰਨ ਨੂੰ ਕਿਹਾ- ਹਥਿਆਰ ਜਮ੍ਹਾਂ ਕਰਵਾਓ। ਉਤਰ ਦਿੱਤਾ- ਇਕੱਠੇ ਕਰ ਰਹੇ ਹਾਂ, ਜਦੋਂ ਇਕੱਠੇ ਹੋ ਗਏ ਜਮ੍ਹਾਂ ਕਰਵਾ ਦਿਆਂਗਾ। ਕਦੀ ਇਕੱਠੇ ਨਹੀਂ ਹੋਏ। ਜਿਹੜੇ ਸ਼ਰੀਕ ਖਾੜਕੂ ਗਰੁੱਪ ਪ੍ਰਭਾਕਰਨ ਨੇ ਖਤਮ ਕਰ ਦਿੱਤੇ ਸਨ, ਉਹ ਸਿਰ ਚੁੱਕਣ ਲੱਗੇ; ਲਿੱਟੇ ਸਿਪਾਹੀਆਂ ਉਪਰ ਫਾਇਰਿੰਗ ਹੋਈ। ਲੋਪ ਹੋਈਆਂ ਪੁਲਿਸ ਗੱਡੀਆਂ ਫਿਰ ਦਿਸਣ ਲੱਗੀਆਂ। ਕਦੀ-ਕਦੀ ਗੁੱਸੇ ਵਿਚ ਸਾਥੀਆਂ ਨੂੰ ਆਖ ਦਿੰਦਾ- ਮੌਕਾ ਆਏਗਾ ਜਦੋਂ ਮੈਂ ਇਨ੍ਹਾਂ ਭਾਰਤੀ ਸੈਨਿਕਾਂ ਨੂੰ ਵਾਪਸ ਤੁੰਨ ਦਿਆਂਗਾ।

ਇਕ ਦਿਨ ਕੁਝ ਪੱਤਰਕਾਰਾਂ ਨੇ ਪ੍ਰਭਾਕਰਨ ਨੂੰ ਘੇਰ ਲਿਆ, ਸਵਾਲ ਪੁੱਛਣ ਲੱਗੇ। ਉਸ ਨੇ ਕਿਹਾ- ਭਾਰਤ ਨੇ ਕੋਈ ਵਾਅਦਾ ਪੂਰਾ ਨਹੀਂ ਕੀਤਾ। ਹੁਣ ਸਾਨੂੰ ਹੁਕਮ ਹੋਇਐ ਕਿ ਜੇ ਕਦੀ ਮੀਟਿੰਗ ਕਰਨੀ ਹੋਵੇ, ਭਾਰਤੀ ਫੌਜ ਦੀ ਆਗਿਆ ਲੈਣੀ ਪਏਗੀ। ਕਿਉਂ? ਲੰਕਾ ਭਾਰਤ ਦੀ ਕਾਲੋਨੀ ਹੈ? ਆਜ਼ਾਦੀ ਵਾਸਤੇ ਮੇਰੇ ਵੀਹ ਹਜ਼ਾਰ ਸੈਨਿਕ ਸ਼ਹੀਦ ਹੋ ਚੁੱਕੇ ਨੇ। ਜੇ ਸਾਡੇ ਕੋਲ ਹਥਿਆਰ ਨਹੀਂ ਦਿਸਦੇ, ਇਹ ਮਤਲਬ ਨਹੀਂ ਕਿ ਅਸੀਂ ਗੁਲਾਮੀ ਮਨਜ਼ੂਰ ਕਰ ਲਈ ਹੈ। ਭਾਰਤੀ ਫੌਜ ਦਾ ਮੁਲੰਮਾ ਉਤਰਨ ਲੱਗਾ। ਤਮਿਲਾਂ ਨੂੰ ਲਗਦਾ ਸੀ, ਇਹ ਪੱਕੇ ਪ੍ਰਾਹੁਣੇ ਬਣ ਗਏ ਹਨ। ਸਿੰਘਲੀਆਂ ਦਾ ਰੋਸ ਸੀ, ਇਹ ਤਮਿਲਾਂ ਨੂੰ ਖਾਹ-ਮਖਾਹ ਸਿਰ ਚੜ੍ਹਾ ਰਹੇ ਹਨ। ਤਮਿਲਾਂ ਨੇ ਕਈ ਥਾਂਵਾਂ 'ਤੇ ਫੌਜੀਆਂ ਦਾ ਰਸਤਾ ਰੋਕ ਕੇ ਪਥਰਾਉ ਕੀਤਾ, ਜਵਾਬੀ ਫਾਇਰਿੰਗ ਵਿਚ ਇਕ ਤਮਿਲ ਮਰਿਆ। ਰਾਜੀਵ ਗਾਂਧੀ ਨੂੰ ਲੰਕਾ ਸਮਝੌਤੇ ਵਿਚਲੀ ਥੋਥ ਮਹਿਸੂਸ ਹੋਈ।

ਪ੍ਰਭਾਕਰਨ ਪ੍ਰੈਸ ਨੂੰ ਕਹਿ ਰਿਹਾ ਸੀ- ਅਸੀਂ ਇਸ ਕਰ ਕੇ ਹਥਿਆਰ ਸੁੱਟ ਦਿੱਤੇ ਸਨ ਕਿ ਭਾਰਤੀ ਫੌਜ ਸਾਡੀ ਰਾਖੀ ਕਰੇਗੀ। ਅਸੀਂ ਨਿਹੱਥੇ ਹੋ ਗਏ, ਲੰਕਾ ਦੀ ਫੌਜ ਹਰਲ-ਹਰਲ ਕਰਦੀ ਫਿਰ ਰਹੀ ਹੈ ਤੇ ਭਾਰਤੀ ਸੈਨਾ ਤਮਾਸ਼ਾ ਦੇਖ ਰਹੀ ਹੈ। ਉਸ ਨੂੰ ਇਹ ਸਵਾਲ ਕਿਸ ਨੇ ਕਰਨਾ ਸੀ ਕਿ ਹਥਿਆਰ ਤਾਂ ਤੁਸੀਂ ਸੁੱਟੇ ਹੀ ਨਹੀਂ!

3 ਅਕਤੂਬਰ 1987 ਨੂੰ ਲੰਕਾ ਦੀ ਨੇਵੀ ਨੇ ਜਾਫਨਾ ਬੰਦਰਗਾਹ 'ਤੇ ਇਕ ਬੇੜੀ ਫੜ ਲਈ ਤੇ ਇਸ ਵਿਚ ਸਵਾਰ, ਹਥਿਆਰਾਂ ਨਾਲ ਲੈਸ 17 ਲਿੱਟੇ ਖਾੜਕੂ ਗ੍ਰਿਫਤਾਰ ਕਰ ਲਏ। ਸਰਕਾਰ ਨੇ ਦੋਸ਼ ਲਾਇਆ ਕਿ ਇਹ ਉਹੀ ਖਾੜਕੂ ਹਨ ਜਿਨ੍ਹਾਂ ਨੇ ਸਾਲ ਪਹਿਲਾਂ 126 ਸਿੰਘਲੀ ਕਤਲ ਕੀਤੇ ਸਨ। ਰਾਸ਼ਟਰਪਤੀ ਜੈਵਰਧਨੇ ਉਪਰ ਦਬਾਅ ਪੈਣ ਲੱਗਾ ਕਿ ਇਨ੍ਹਾਂ ਕਾਤਲਾਂ ਨੂੰ ਕੋਲੰਬੋ ਲਿਆ ਕੇ ਤਫਤੀਸ਼ ਕਰੋ, ਮੁਕੱਦਮਾ ਚਲਾਉ। ਪ੍ਰਭਾਕਰਨ ਉਪਰ ਦਬਾਅ ਪੈ ਰਿਹਾ ਸੀ ਕਿ ਇਨ੍ਹਾਂ ਨੂੰ ਰਿਹਾਅ ਕਰਵਾ। ਭਾਰਤੀ ਰਾਜਦੂਤ ਦੀਕਸ਼ਿਤ ਨੂੰ ਕਿਹਾ ਕਿ ਇਨ੍ਹਾਂ ਬੰਦੀਆਂ ਨੂੰ ਰਿਹਾਅ ਕਰਵਾ। ਦੀਕਸ਼ਿਤ ਨੇ ਮੇਜਰ ਜਨਰਲ ਹਰਕੀਰਤ ਸਿੰਘ ਨੂੰ ਕਿਹਾ ਕਿ ਬੰਦੀਆਂ ਨੂੰ ਕੋਲੰਬੋ ਲਿਜਾਣ ਤੋਂ ਰੋਕ। ਜਰਨੈਲ ਨੇ ਕਿਹਾ- ਮੈਂ ਤੁਹਾਡੇ ਅਧੀਨ ਨਹੀਂ ਹਾਂ, ਮੈਂ ਇਹ ਕੰਮ ਨਹੀਂ ਕਰਨਾ।

ਪ੍ਰਭਾਕਰਨ ਨੇ ਦੇਖ ਲਿਆ ਕਿ ਭਾਰਤੀ ਫੌਜ ਬੰਦੀਆਂ ਨੂੰ ਨਹੀਂ ਛੁਡਾ ਸਕਦੀ। ਜੇ ਸਾਹਮਣੇ ਮੌਤ ਹੀ ਹੈ, ਫਿਰ ਕੁੱਤਿਆਂ ਦੀ ਮੌਤ ਮਰਨ ਨਾਲੋਂ ਸ਼ਾਨਦਾਰ ਮੌਤ ਮਰਨ। ਸਾਇਨਾਈਡ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਬੰਦੀਆਂ ਵਲੋਂ ਪਹਿਲੋਂ ਹੀ ਸਾਇਨਾਈਡ ਦੀ ਮੰਗ ਆ ਚੁੱਕੀ ਸੀ। ਪ੍ਰਭਾਕਰਨ ਨੇ ਆਪਣੇ ਗਲ ਵਿਚ ਲਟਕਿਆ ਕੈਪਸੂਲ ਤੋੜ ਕੇ ਬਾਲਾਸਿੰਘਮ ਨੂੰ ਫੜਾ ਦਿੱਤਾ, 16 ਹੋਰ ਖਾੜਕੂਆਂ ਨੇ ਤੁਰੰਤ ਆਪੋ-ਆਪਣੇ ਕੈਪਸੂਲ ਫੜਾ ਦਿੱਤੇ। ਖਾਣਾ ਖੁਆਣ ਦੇ ਬਹਾਨੇ ਬਾਲਾਸਿੰਘਮ ਬੰਦੀਆਂ ਨੂੰ ਕੈਪਸੂਲ ਫੜਾ ਆਇਆ। ਸਤਾਰਾਂ ਦੇ ਸਤਾਰਾਂ ਬੰਦੀਆਂ ਨੇ ਕੈਪਸੂਲ ਖਾ ਲਏ; 12 ਤੁਰੰਤ ਦਮ ਤੋੜ ਗਏ, ਪੰਜ ਤੜਫਣ ਲੱਗੇ। ਹੈਰਾਨੀ ਹੈ ਕਿ ਪੰਜ ਬਚ ਗਏ। ਇਨ੍ਹਾਂ ਨੂੰ ਸ਼ਾਮੀਂ ਕੋਲੰਬੋ ਲਿਜਾਣਾ ਸੀ। ਲੋਕਾਂ ਨੇ 12 ਲਾਸ਼ਾਂ ਦੇਖੀਆਂ, ਹਾਹਾਕਾਰ ਮਚ ਗਈ। ਲੰਕਾ ਅਤੇ ਭਾਰਤ ਸਰਕਾਰ ਦਾ ਪਿਟ-ਸਿਆਪਾ ਸ਼ੁਰੂ। ਪ੍ਰਭਾਕਰਨ ਸਮੇਤ ਹਜ਼ਾਰਾਂ ਤਮਿਲ ਸ਼ਰਧਾਂਜਲੀ ਦੇਣ ਪੁੱਜੇ। ਪ੍ਰਭਾਕਰਨ ਨੇ ਆਪਣੇ ਸ਼ਹੀਦ ਸਾਥੀਆਂ ਦੇ ਚਰਨ ਛੁਹੇ।

ਖਾੜਕੂ, ਮੁੜ ਸਿੰਘਲੀਆਂ ਨੂੰ ਕਤਲ ਕਰਨ ਲੱਗੇ। ਲਿੱਟੇ ਨੇ 8 ਫੌਜੀ ਫੜ ਲਏ ਤੇ ਸਾਰੇ ਫੂੰਡ ਦਿੱਤੇ। ਫਿਰ ਸਿਵਲੀਅਨਾਂ ਦੀ ਵਾਰੀ ਆਈ। ਗੋਲੀਆਂ ਨਾਲ ਮਾਰੇ, ਤਲਵਾਰਾਂ ਨਾਲ ਵੱਢੇ। ਕੁਝ ਹੀ ਦਿਨਾਂ ਵਿਚ ਡੇਢ ਸੌ ਕਤਲ ਕੀਤੇ। ਜੈਵਰਧਨੇ ਦਹਾੜਿਆ- ਭਾਰਤੀਓ, ਜਾਂ ਲਿੱਟੇ ਨੂੰ ਕਾਬੂ ਕਰੋ, ਨਹੀਂ ਭਾਰਤ ਵਾਪਸ ਦਫਾ ਹੋ ਜਾਓ। ਪ੍ਰਭਾਕਰਨ ਕਹਿ ਰਿਹਾ ਸੀ, ਮੈਂ ਕੀ ਕਰਾਂ? ਮੈਂ ਥੋੜ੍ਹਾ ਕਰਵਾ ਰਿਹਾਂ, ਲੋਕਾਂ ਦਾ ਗੁੱਸਾ ਹੈ। ਤਮਿਲਾਂ ਨੇ ਪ੍ਰਭਾਕਰਨ ਅੱਗੇ ਅਰਜ਼ ਕੀਤੀ, ਭਾਰਤੀ ਫੌਜ ਨਾਲ ਦੁਸ਼ਮਣੀ ਮੁੱਲ ਨਾ ਲਉ, ਪਰ ਇਸ਼ਕ ਕੀ ਲੱਗੇ ਸਲਾਹ ਦੇ ਨਾਲ! ਮਨ ਅਟਕਿਆ ਬੇਪ੍ਰਵਾਹ ਦੇ ਨਾਲ!

ਲੈਫਟੀਨੈਂਟ ਜਨਰਲ ਦੀਪਿੰਦਰ ਸਿੰਘ ਤੇ ਮੇਜਰ ਜਨਰਲ ਹਰਕੀਰਤ ਸਿੰਘ ਜਰਨੈਲ ਪ੍ਰਭਾਕਰਨ ਨੂੰ ਮਿਲਣ ਗਏ ਤਾਂ ਕਿ ਅਮਨ ਸੰਧੀ ਦੇ ਟੁਕੜੇ ਹੋਣ ਤੋਂ ਬਚਾ ਸਕਣ। ਦੋਹਾਂ ਨੇ ਦੇਖਿਆ, ਖਤਰਨਾਕ ਹਥਿਆਰਾਂ ਨਾਲ ਲੈਸ ਲਿੱਟੇ ਖਾੜਕੂ ਖੂੰਖਾਰ ਦਿਸ ਰਹੇ ਸਨ। ਪਤਾ ਲੱਗਾ, ਪ੍ਰਭਾਕਰਨ ਰੂਪੋਸ਼ ਹੋ ਗਿਆ ਹੈ। ਮਹਾਤਿਆ ਜਰਨੈਲਾਂ ਨੂੰ ਮਿਲਿਆ। ਮਾਹੌਲ ਸੰਗੀਨ ਸੀ। ਮਹਾਤਿਆ ਨੇ ਕਿਹਾ- ਅਸੀਂ ਬੇਇਜ਼ਤ ਨਹੀਂ ਹੋਣਾ, ਮਰਨਾ ਬਿਹਤਰ। ਜਰਨੈਲਾਂ ਨੇ ਕਿਹਾ- ਤੁਹਾਨੂੰ ਯਾਦ ਕਰਾ ਦਈਏ, ਲੰਕਾ ਦੇ ਫੌਜੀਆਂ ਦੀ ਰਾਖੀ ਕਰਨੀ ਸਾਡੀ ਡਿਊਟੀ ਹੈ। ਮਹਾਤਿਆ ਨੇ ਕਿਹਾ- ਕਰੋ ਡਿਊਟੀ। ਆਖਰੀ ਵਾਰ ਹੱਥ ਮਿਲਾਏ ਤੇ ਚਲੇ ਗਏ। ਮੁੜ ਕਦੀ ਨਾ ਮਿਲੇ।

ਅੱਠ ਅਕਤੂਬਰ ਨੂੰ ਲਿੱਟੇ ਨੇ ਭਾਰਤੀ ਸੈਨਿਕ ਟੁਕੜੀ 'ਤੇ ਫਾਇਰ ਦਾਗ ਦਿੱਤਾ। ਘਾਤ ਲਾ ਕੇ ਪੰਜ ਕਮਾਂਡੋ ਮਾਰੇ। ਟਾਇਰਾਂ ਉਪਰ ਲਿਟਾ ਕੇ ਸਾੜੇ। ਭਾਰਤੀ ਮੀਡੀਆ ਖੂਨ ਦਾ ਬਦਲਾ ਖੂਨ ਸ਼ਬਦਾਂ ਨਾਲ ਚੀਕਿਆ। ਲਿੱਟੇ ਨੂੰ ਖੂਨੀ ਦਰਿੰਦੇ ਕਿਹਾ। ਦੋ ਦਿਨ ਬਾਅਦ ਭਾਰਤੀ ਫੌਜ ਨੇ ਲਿੱਟੇ ਦਾ ਰੇਡੀਓ, ਟੀ.ਵੀ. ਸਟੇਸ਼ਨ ਅਤੇ ਛਾਪਖਾਨਾ ਬੰਬਾਂ ਨਾਲ ਉਡਾ ਦਿੱਤਾ। ਲਿੱਟੇ ਨੇ ਚਾਰ ਭਾਰਤੀ ਸਿਪਾਹੀ ਕਤਲ ਕੀਤੇ ਤੇ ਜਾਫਨਾ ਕਿਲ੍ਹੇ ਉਪਰ ਬੰਬਾਰੀ ਕਰ ਕੇ ਭਾਰਤੀ ਫੌਜ ਤੋਂ ਬਦਲਾ ਲਿਆ। ਸੰਸਾਰ ਦੀ ਚੌਥੀ ਸਭ ਤੋਂ ਤਾਕਤਵਰ ਸੈਨਾ ਵਿਰੁੱਧ ਲੜਨ ਲਈ ਪ੍ਰਭਾਕਰਨ ਸਾਹਮਣੇ ਤਣ ਖਲੋਤਾ। ਆਜ਼ਾਦ ਤਮਿਲ ਦੇਸ ਤੋਂ ਬਿਨਾਂ ਉਸ ਨੂੰ ਕੁਝ ਨਹੀਂ ਦਿਸਦਾ। ਕਿਵੇਂ ਹਾਸਲ ਹੋਏਗਾ, ਰੱਬ ਜਾਣੇ! ਉਸ ਦਾ ਕੰਮ ਜਾਣੇ!


**ਭਾਰਤ ਵਿਰੁੱਧ ਯੁੱਧ**

ਪ੍ਰਭਾਕਰਨ ਦੀ ਹਿੰਮਤ ਦੇਖ ਕੇ ਦੁਨੀਆਂ ਵੱਡੇ-ਵੱਡੇ ਜੰਗਬਾਜ਼ਾਂ ਨੂੰ ਯਾਦ ਕਰਨ ਲੱਗੀ। ਜਿਵੇਂ ਵੀਅਤਨਾਮੀ ਅਮਰੀਕਾ ਵਿਰੁੱਧ ਤਣ ਗਏ, ਲਿੱਟੇ ਭਾਰਤ ਵਿਰੁਧ ਡਟ ਗਿਆ। ਹਾਲਾਤ ਦੇਖੋ, ਜਿਹੜੀ ਜੰਗ ਭਾਰਤ ਨੇ ਨਾ ਸ਼ੁਰੂ ਕੀਤੀ, ਨਾ ਉਸਦੇ ਵਸ ਵਿਚ ਇਸ ਦਾ ਅੰਤ ਕਰਨਾ ਲਿਖਿਆ ਹੋਇਆ,

**_ਅੱਠ ਅਕਤੂਬਰ ਨੂੰ ਲਿੱਟੇ ਨੇ ਭਾਰਤੀ ਸੈਨਿਕ ਟੁਕੜੀ 'ਤੇ ਫਾਇਰ ਦਾਗ ਦਿੱਤਾ। ਘਾਤ ਲਾ ਕੇ ਪੰਜ ਕਮਾਂਡੋ ਮਾਰੇ। ਟਾਇਰਾਂ ਉਪਰ ਲਿਟਾ ਕੇ ਸਾੜੇ। ਭਾਰਤੀ ਮੀਡੀਆ ਖੂਨ ਦਾ ਬਦਲਾ ਖੂਨ ਸ਼ਬਦਾਂ ਨਾਲ ਚੀਕਿਆ। ਲਿੱਟੇ ਨੂੰ ਖੂਨੀ ਦਰਿੰਦੇ ਕਿਹਾ। ਦੋ ਦਿਨ ਬਾਅਦ ਭਾਰਤੀ ਫੌਜ ਨੇ ਲਿੱਟੇ ਦਾ ਰੇਡੀਓ, ਟੀ.ਵੀ. ਸਟੇਸ਼ਨ ਅਤੇ ਛਾਪਖਾਨਾ ਬੰਬਾਂ ਨਾਲ ਉਡਾ ਦਿੱਤਾ। ਲਿੱਟੇ ਨੇ ਚਾਰ ਭਾਰਤੀ ਸਿਪਾਹੀ ਕਤਲ ਕੀਤੇ ਤੇ ਜਾਫਨਾ ਕਿਲ੍ਹੇ ਉਪਰ ਬੰਬਾਰੀ ਕਰ ਕੇ ਭਾਰਤੀ ਫੌਜ ਤੋਂ ਬਦਲਾ ਲਿਆ। ਸੰਸਾਰ ਦੀ ਚੌਥੀ ਸਭ ਤੋਂ ਤਾਕਤਵਰ ਸੈਨਾ ਵਿਰੁੱਧ ਲੜਨ ਲਈ ਪ੍ਰਭਾਕਰਨ ਸਾਹਮਣੇ ਤਣ ਖਲੋਤਾ।_**

ਆਪੇ ਸਹੇੜ ਲਈ। ਜੈਵਰਧਨੇ ਖੁਸ਼ ਸੀ। ਲੰਕਾ ਦੇ ਜਿਨ੍ਹਾਂ ਤਮਿਲਾਂ ਦੇ ਹੱਕ ਵਿਚ ਭਾਰਤ ਹਾਅ ਦਾ ਨਾਅਰਾ ਮਾਰਦਾ ਹੁੰਦਾ ਸੀ, ਉਨ੍ਹਾਂ ਤਮਿਲਾਂ ਨੇ ਭਾਰਤੀ ਫੌਜਾਂ ਨੂੰ ਵਾਹਣੀ ਪਾ ਲਿਆ। ਲੰਕਾ ਦੀ ਫੌਜ ਬੈਰਕਾਂ ਵਿਚ ਸੌਂਦੀ ਤੇ ਭਾਰਤੀ ਫੌਜ ਭੱਜੀ ਫਿਰਦੀ। ਜਿਹੜੇ ਪੰਜ ਹਜ਼ਾਰ ਭਾਰਤੀ ਫੌਜੀ ਲੰਕਾ ਵਿਚ ਗਏ ਸਨ, ਉਨ੍ਹਾਂ ਨੂੰ ਕੀ ਪਤਾ ਸੀ, ਇਹ ਦਿਨ-ਰਾਤ ਦੀ ਬਿਮਾਰੀ ਹੈ। ਭਾਰਤੀ ਜਰਨੈਲ ਸੋਚਦੇ ਰਹੇ, ਲੁੰਗੀਆਂ ਪਹਿਨੀ ਫਿਰਦੇ ਗਿਠਮੁਠੀਏ ਸਾਡਾ ਕੀ ਮੁਕਾਬਲਾ ਕਰਨਗੇ? ਨਾ ਭਾਰਤੀਆਂ ਨੂੰ ਭੂਗੋਲਿਕ ਜਾਣਕਾਰੀ, ਨਾ ਲਿੱਟੇ ਦੀ ਯੁੱਧਨੀਤੀ ਦਾ ਪਤਾ, ਨਾ ਤਾਕਤ ਦੀ ਕੋਈ ਥਾਹ। ਪਤਾ ਲਗਾ ਸੀ ਤਿੰਨ ਕੁ ਹਜ਼ਾਰ ਮੁੰਡੇ-ਕੁੜੀਆਂ ਹਨ, ਨਹੀਂ, ਗਿਣਤੀ ਕਿਤੇ ਵਧੀਕ ਨਿਕਲੀ। ਲਿੱਟੇ ਸਿਪਾਹੀਆਂ ਨੇ ਕਿਹੜਾ ਵਰਦੀਆਂ ਪਹਿਨੀਆਂ ਹੁੰਦੀਆਂ? ਭਾਰਤੀ, ਖਾੜਕੂ ਅਤੇ ਸਿਵਲੀਅਨ ਵਿਚ ਵਖਰੇਵਾਂ ਨਾ ਕਰ ਸਕਦੇ। ਸਿਵਲੀਅਨ ਮਾਰੇ ਜਾਂਦੇ, ਖਾੜਕੂ ਨੱਠ ਜਾਂਦੇ। ਲਗਦਾ ਜਿਵੇਂ ਸਾਰੀ ਆਬਾਦੀ ਖਾੜਕੂਆਂ ਦੀ ਹੈ। ਇਹ ਸਾਰੀ ਆਬਾਦੀ ਤੰਗ ਆ ਕੇ ਭਾਰਤੀ ਫੌਜ ਖਿਲਾਫ ਹੋ ਗਈ।

(ਬਾਕੀ ਸਫਾ 33 ਉਤੇ)



*ਰਾਜੀਵ ਗਾਂਧੀ ਅਤੇ ਜੈਵਰਧਨੇ ਸਮਝੌਤੇ 'ਤੇ ਸਹੀ ਪਾਉਂਦੇ ਹੋਏ। ਇਸ ਸਮਝੌਤੇ ਤਹਿਤ ਭਾਰਤੀ ਫੌਜ ਸ੍ਰੀ ਲੰਕਾ ਗਈ ਸੀ।*


# ਗੁਰਮੀਤ ਪਿੰਕੀ ਦੀਆਂ 'ਚਿੰਘਾੜਾਂ' ਦੇ ਪ੍ਰਸੰਗ-4

## ਹਿੰਸਾ ਪ੍ਰਤੀ-ਹਿੰਸਾ ਅਤੇ ਸਿਆਸਤ ਦੀਆਂ ਸਿਮਰਤੀਆਂ

*ਪੰਜਾਬ ਵਿਚ ਪਿਛਲੀ ਸਦੀ ਦੇ ਆਖਰੀ ਪਹਿਰ ਦੌਰਾਨ ਡੇਢ-ਦੋ ਦਹਾਕੇ ਝੁੱਲੀ ਹਿੰਸਾ, ਬੇਵਸਾਹੀ ਅਤੇ ਖੌਫ ਦੀ ਹਨ੍ਹੇਰੀ ਦੀਆਂ ਬਹੁਤ ਸਾਰੀਆਂ ਪਰਤਾਂ ਅਜੇ ਵੀ ਅਣਫੋਲੀਆਂ ਪਈਆਂ ਹਨ। ਉਨ੍ਹਾਂ ਵਕਤਾਂ ਬਾਰੇ ਕੋਈ ਨਾ ਕੋਈ ਕਹਾਣੀ, ਕਿਸੇ ਨਾ ਕਿਸੇ ਸੰਸਥਾ ਜਾਂ ਸ਼ਖਸ ਰਾਹੀਂ ਆਵਾਮ ਤੱਕ ਲਗਾਤਾਰ ਪੁੱਜ ਰਹੀ ਹੈ। ਹਾਲ ਹੀ ਵਿਚ ਬਦਨਾਮ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਨੇ ਆਪਣੇ ਆਕਾਵਾਂ ਦੀ ਬੇਰੁਖੀ ਤੋਂ ਖਫਾ ਹੋ ਕੇ ਉਸ ਦੌਰ ਬਾਰੇ ਕੁਝ ਸੱਚ ਸਾਹਮਣੇ ਲਿਆਉਣ ਦਾ ਦਾਅਵਾ ਕੀਤਾ ਹੈ। ਇਸ ਪ੍ਰਸੰਗ ਦੇ ਪਿਛੋਕੜ ਵਿਚ ਉਸ ਦੌਰ ਨਾਲ ਡੂੰਘੇ ਜੁੜੇ ਰਹੇ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ ਲਿਖਿਆ ਹੈ ਜਿਸ ਵਿਚ ਉਸ ਵਕਤ ਵੱਖ-ਵੱਖ ਰੂਪ ਅਖਤਿਆਰ ਕਰ ਰਹੀਆਂ ਘਟਨਾਵਾਂ ਦੇ ਵੱਖ-ਵੱਖ ਪੱਖ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਪੱਖਾਂ ਬਾਰੇ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਪਰ ਇਸ ਲਿਖਤ ਤੋਂ ਉਨ੍ਹਾਂ ਵਕਤਾਂ ਵਿਚ ਮੱਚੇ ਘਮਸਾਣ ਉਤੇ ਭਰਵੀਂ ਝਾਤ ਜ਼ਰੂਰ ਪਾਈ ਗਈ ਹੈ। ਐਤਕੀਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੇ ਹਵਾਲੇ ਨਾਲ ਅਕਾਲੀ ਸਿਆਸਤ ਦੇ ਕੁਝ ਪੱਤਰੇ ਫਰੋਲੇ ਗਏ ਹਨ। -ਸੰਪਾਦਕ*

ਸਾਲ 1982 ਦਾ ਮੋਰਚਾ ਅਕਾਲੀਆਂ ਨੇ ਕਾਮਰੇਡਾਂ ਨਾਲ ਮਿਲ ਕੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਲਗਾਇਆ। ਸਵਾਲ ਹੈ ਕਿ ਇਸ ਨੂੰ ਧਰਮ ਯੁੱਧ ਮੋਰਚੇ ਵਿਚ ਬਦਲਣ ਲਈ ਪ੍ਰਕਾਸ਼ ਸਿੰਘ ਬਾਦਲ ਜਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਜਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚੋਂ ਸਭ ਤੋਂ ਵੱਡੀ ਭੂਮਿਕਾ ਕਿਸ ਦੀ ਸੀ? ਇਹ ਸਵਾਲ ਛੱਡ ਵੀ ਦੇਈਏ... ਬਾਦਲ ਇਹ ਤਾਂ ਦੱਸਣ ਕਿ ਪਿਛਲੇ ਸਾਲਾਂ ਦੌਰਾਨ ਉਨ੍ਹਾਂ ਮੁੱਦਿਆਂ ਦੀ ਗੱਲ ਮੁੜ ਕਿਉਂ ਨਹੀਂ ਕੀਤੀ? ਇਨ੍ਹਾਂ ਆਗੂਆਂ ਵਿਚੋਂ ਕਿਸੇ ਨੇ ਵੀ ਨਹੀਂ ਦੱਸਿਆ ਕਿ ਮੋਰਚੇ ਦੌਰਾਨ ਹਿੰਸਾ ਅਤੇ ਪ੍ਰਤੀ-ਹਿੰਸਾ ਦਾ ਕਾਰੋਬਾਰ ਹਾਵੀ ਹੋ ਜਾਣ 'ਤੇ ਜਦੋਂ ਉਨ੍ਹਾਂ ਦੀ ਬੇਵਾਹ ਹੋ ਗਈ ਸੀ, ਤਾਂ ਉਨ੍ਹਾਂ ਮੋਰਚਾ ਰੋਕਣ ਦੀ ਜ਼ੁਰਅਤ ਕਿਉਂ ਨਾ ਕੀਤੀ?

ਪੱਤਰਕਾਰ ਜਗਤਾਰ ਸਿੰਘ ਨੇ ਆਪਣੀ ਕਿਤਾਬ 'ਖਾਲਿਸਤਾਨ- ਏ ਨਾਨ-ਮੂਵਮੈਂਟ' ਵਿਚ ਕਈ ਅਹਿਮ ਨੁਕਤੇ ਉਠਾਏ ਹਨ। ਉਹ ਦੱਸਦੇ ਹਨ ਕਿ ਕੈਪਟਨ ਕੰਵਲਜੀਤ ਸਿੰਘ ਇਕਲੌਤੇ ਅਕਾਲੀ ਆਗੂ ਸਨ ਜਿਨ੍ਹਾਂ ਸੰਤ ਲੌਂਗੋਵਾਲ ਨੂੰ ਇਸ ਪ੍ਰਥਾਏ ਸੋਚਣ ਲਈ ਗੁਜ਼ਾਰਿਸ਼ ਕੀਤੀ ਸੀ। ਉਹ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਬਾਦਲ ਅਤੇ



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਸੁਰਜੀਤ ਸਿੰਘ ਬਰਨਾਲਾ ਨੂੰ ਕਈ ਵਾਰ ਪੁੱਛਿਆ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਹੋਰ ਕੇਂਦਰੀ ਨੇਤਾਵਾਂ ਨਾਲ ਜੋ 9 ਗੁਪਤ ਮੀਟਿੰਗਾਂ ਹੋਈਆਂ, ਉਨਾਂ ਦੌਰਾਨ ਕੀ ਗੱਲਾਂ ਹੁੰਦੀਆਂ ਰਹੀਆਂ, ਉਹ ਦੱਸਦੇ ਕਿਉਂ ਨਹੀਂ?

ਸੀਨੀਅਰ ਅਕਾਲੀ ਨੇਤਾਵਾਂ ਵਿਚੋਂ ਜੀਵਨ ਸਿੰਘ ਉਮਰਾਨੰਗਲ ਇੱਕੋ-ਇੱਕ ਆਗੂ ਸੀ ਜਿਸ ਨੇ ਗ਼ਲਤ ਜਾਂ ਠੀਕ, ਪਰ ਸਪਸ਼ਟ ਸਟੈਂਡ ਲਿਆ ਅਤੇ ਉਸ 'ਤੇ ਪਹਿਰਾ ਵੀ ਦਿੱਤਾ। 1994 ਵਿਚ ਪੂਰਾ ਹਫਤਾ ਉਨ੍ਹਾਂ ਦੇ ਘਰ ਰਹਿ ਕੇ ਉਨ੍ਹਾਂ ਦੀ ਗੱਲਬਾਤ ਰਿਕਾਰਡ ਕੀਤੀ ਸੀ। ਸ਼੍ਰੋਮਣੀ ਕਮੇਟੀ ਦੀ ਚੋਣ ਪਹਿਲੀ ਵਾਰੀ ਜਿੱਤ ਕੇ ਉਹ ਧੰਨਵਾਦੀ ਦੌਰੇ 'ਤੇ ਜਦੋਂ ਸਾਡੇ ਪਿੰਡ ਚੌਗਾਨ ਆਏ, ਤਾਂ ਉਨ੍ਹਾਂ ਦਾ ਸਾਦਾ ਜਿਹਾ ਬਿੰਬ ਸਿਮਰਤੀ ਵਿਚ ਵੱਸ ਗਿਆ, ਪਰ ਆਪਣੀ ਸਿਆਸਤ ਬਾਰੇ ਉਹ ਇੰਨੇ ਸਪਸ਼ਟ ਹੋਣਗੇ, ਇਹ ਗੱਲ ਖਾਬੋ-ਖਿਆਲ ਵਿਚ ਵੀ ਨਹੀਂ ਸੀ। ਉਨ੍ਹਾਂ ਕੋਲ ਜਾਣ ਦਾ ਸਬੱਬ ਵੀ ਨਿਰਾਲਾ ਹੈ। 1990 ਤੋਂ ਬਾਅਦ ਸਾਬਕਾ ਚੀਫ ਇੰਜੀਨੀਅਰ ਪਾਲ ਸਿੰਘ ਢਿੱਲੋਂ ਜਿਨ੍ਹਾਂ 'ਏ ਟੇਲ ਆਫ਼ ਟੂ ਰਿਵਰਜ਼' ਨਾਂ ਦੀ ਦਰਿਆਈ ਪਾਣੀਆਂ ਬਾਰੇ ਪੁਸਤਕ ਰਚੀ, ਨਾਲ ਅਨੇਕਾਂ ਮੁਲਾਕਾਤਾਂ ਦੌਰਾਨ ਉਨ੍ਹਾਂ ਸਹਿਵਨ ਹੀ ਦੱਸਿਆ ਸੀ ਕਿ ਉਮਰਾਨੰਗਲ ਬਹੁਤ ਸਮਝਦਾਰ ਸਨ। ਗੱਲ ਉਹ ਇਹ ਕਰ ਰਹੇ ਸਨ ਕਿ ਅਫ਼ਸਰਸ਼ਾਹੀ ਦਾ ਕੋਈ ਮੈਂਬਰ ਕਿੰਨਾ ਵੀ ਪੜ੍ਹਿਆ ਕਿਉਂ ਨਾ ਹੋਵੇ, ਫੀਲਡ 'ਚ ਰਾਜਨੀਤੀ ਕਰਨ ਵਾਲਾ ਸਾਧਾਰਨ ਕਾਰਕੁਨ ਵੀ ਜ਼ਿੰਦਗੀ ਦੇ ਮਸਲਿਆਂ ਬਾਰੇ ਉਸ ਤੋਂ ਵਧੇਰੇ ਸਜੱਗ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਉਮਰਾਨੰਗਲ ਮਾਲ ਮੰਤਰੀ ਸਨ। ਕਿਸੇ ਅਹਿਮ ਮਸਲੇ 'ਤੇ ਕੋਈ ਹੰਗਾਮੀ ਮੀਟਿੰਗ ਆ ਗਈ। ਢਿੱਲੋਂ ਨੂੰ ਅਚਾਨਕ ਕਿਧਰੇ ਜਾਣਾ ਪੈ ਗਿਆ। ਉਨ੍ਹਾਂ ਨੂੰ ਲੱਗਾ ਕਿ ਉਮਰਾਨੰਗਲ ਕੋਲੋਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਮਸਲੇ ਨਾਲ ਨਜਿੱਠਿਆ ਨਹੀਂ ਜਾਣਾ, ਪਰ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਪੰਜ ਮਿੰਟਾਂ ਦੀ ਗੱਲਬਾਤ ਵਿਚ ਉਮਰਾਨੰਗਲ ਨੇ ਮਸਲੇ ਦਾ ਹਰ ਪਹਿਲੂ ਬਾਰੀਕੀ ਨਾਲ ਸਮਝ ਲਿਆ। ਫਿਰ ਮੀਟਿੰਗ ਦੌਰਾਨ ਉਨ੍ਹਾਂ ਖੁਦ ਢਿੱਲੋਂ ਤੋਂ ਵੀ ਬਿਹਤਰ ਆਪਣੀ ਧਿਰ ਦਾ ਪੱਖ ਪੇਸ਼ ਕਰ ਦਿੱਤਾ ਸੀ।

ਪੰਜਾਬ ਵਿਚ ਖਾੜਕੂ ਲਹਿਰ ਦੀ ਸ਼ੁਰੂਆਤ 1978 ਦੀ ਵਿਸਾਖੀ ਮੌਕੇ ਸਿੱਖ-ਨਿਰੰਕਾਰੀ ਝਗੜੇ ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ ਅਤੇ ਇਸ ਮੁੱਦੇ ਨਾਲ ਉਮਰਾਨੰਗਲ ਦਾ ਨਾਂ ਉਸੇ ਦਿਨ ਤੋਂ ਹੀ ਜੁੜਿਆ ਰਿਹਾ ਹੈ। ਉਨ੍ਹਾਂ ਅਨੁਸਾਰ, ਉਸ ਦਿਨ ਸ਼ਾਮ ਤੱਕ ਉਨ੍ਹਾਂ ਦਿੱਲੀ ਪੁੱਜਣਾ ਸੀ। ਵੰਡ ਨਾਲ ਸਬੰਧਤ ਲੋਕਾਂ ਦੇ ਪੁਰਾਣੇ ਮੁਆਵਜ਼ਿਆਂ ਬਾਰੇ ਮੀਟਿੰਗ ਸੀ। ਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਸਵੇਰੇ ਉਹ ਮੰਜੀ ਸਾਹਿਬ ਦੀਵਾਨ ਵਿਚ ਹਾਜ਼ਰੀ ਲਵਾਉਣ ਪੁੱਜੇ। ਉਥੇ ਉਨ੍ਹਾਂ ਦੀ ਟਕਸਾਲ ਦੇ ਬੰਦਿਆਂ ਨਾਲ ਮੁਲਾਕਾਤ ਹੋ ਗਈ ਜੋ ਮੰਗ ਕਰ ਰਹੇ ਸਨ ਕਿ ਨਿਰੰਕਾਰੀ ਸਮਾਗਮ ਅਤੇ ਜਲੂਸ ਬੰਦ ਕਰਵਾ ਦਿੱਤਾ ਜਾਵੇ। ਸਮਾਗਮ 3 ਦਿਨਾਂ ਤੋਂ ਜਾਰੀ ਸੀ ਤੇ ਉਨ੍ਹਾਂ ਜਥੇ ਦੇ ਮੈਂਬਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਜੇ ਉਹ ਪਹਿਲਾਂ ਕਹਿੰਦੇ ਤਾਂ ਡੀ.ਸੀ. ਮਹਿਜ਼ ਅਮਨ-ਕਾਨੂੰਨ ਨੂੰ ਖਤਰੇ ਦੀ ਗੱਲ ਕਰ ਕੇ ਉਨ੍ਹਾਂ ਨੂੰ ਸਮਾਗਮ ਤੋਂ ਵਰਜ ਸਕਦਾ ਸੀ। ਹੁਣ ਉਹ ਉਨ੍ਹਾਂ ਦੇ ਇਤਰਾਜ਼ਯੋਗ ਭਾਸ਼ਣ ਰਿਕਾਰਡ ਕਰ ਲੈਣ, ਉਨ੍ਹਾਂ ਦੀ ਸ਼ਿਕਾਇਤ 'ਤੇ ਪਿਛੋਂ ਵਿਧੀਵਤ ਕਾਰਵਾਈ ਹੋ ਸਕਦੀ ਸੀ।

ਫਿਰ ਵਰ੍ਹਾ ਕੁ ਪਿਛੋਂ ਬਾਦਲ ਦੇ ਕਹਿਣ 'ਤੇ ਉਨ੍ਹਾਂ ਮਾਲ ਮੰਤਰੀ ਵਜੋਂ ਅਸਤੀਫ਼ਾ ਦੇ ਕੇ ਭਾਈ ਅਮਰੀਕ ਸਿੰਘ ਖਿਲਾਫ ਜਦੋਂ ਵੱਕਾਰੀ ਚੋਣ ਲੜੀ ਤਾਂ ਪੰਜਾਬ ਦੇ ਲਗਪਗ ਸਾਰੇ ਕਾਂਗਰਸੀ ਆਗੂਆਂ ਨੇ ਉਨ੍ਹਾਂ ਨੂੰ ਹਰਾਉਣ ਲਈ ਉਥੇ ਪੂਰਾ ਮਹੀਨਾ ਛਾਉਣੀਆਂ ਪਾਈ ਰੱਖੀਆਂ। ਧਰਮ ਯੁੱਧ ਮੋਰਚੇ ਦੌਰਾਨ ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਭਾਈ ਕਿਰਪਾਲ ਸਿੰਘ ਨੂੰ ਮਿਲ ਕੇ ਦਰਬਾਰ ਸਾਹਿਬ ਦੇ ਹਾਲਤ ਠੀਕ ਕਰਨ ਖਾਤਰ ਦਖਲ ਦੇਣ ਲਈ ਉਚੇਚਾ ਅੰਮ੍ਰਿਤਸਰ ਉਨ੍ਹਾਂ ਦੇ ਘਰ ਜਾ ਕੇ ਕਿਹਾ। ਮਾਸਟਰ ਤਾਰਾ ਸਿੰਘ ਵਿਰੁਧ ਸੰਤ ਫ਼ਤਿਹ ਸਿੰਘ ਦੀ ਚੜ੍ਹਤ ਦੇ ਮੁੱਢਲੇ ਦਿਨੀਂ ਉਹ ਸੰਤਾਂ ਦੇ ਸਭ ਤੋਂ ਕਰੀਬੀ ਸਾਥੀ ਸਨ। ਜਥੇਦਾਰ ਟੌਹੜਾ ਬਾਰੇ ਉਨ੍ਹਾਂ ਦੀਆਂ ਮੁੱਢਲੇ ਦੌਰ ਦੀਆਂ ਅਨੇਕਾਂ ਮਿੱਠੀਆਂ ਯਾਦਾਂ ਸਨ, ਪਰ ਧਰਮ ਯੁੱਧ ਮੋਰਚੇ ਦੇ ਦਿਨਾਂ ਦੇ ਜਥੇਦਾਰ ਟੌਹੜਾ ਬਾਰੇ ਉਨ੍ਹਾਂ ਦੇ ਬੇਹੱਦ ਤਲਖ਼ ਤਜਰਬੇ ਸਨ। ਉਨ੍ਹਾਂ ਦਾ ਸੰਗੀਨ ਦੋਸ਼ ਸੀ ਕਿ ਪੰਜਾਬ ਨੂੰ ਬਲਦੀ ਦੇ ਬੂਥੇ ਧੱਕਣ ਲਈ ਜੇ ਕੋਈ ਸ਼ਖ਼ਸ ਸਭ ਤੋਂ ਵੱਧ ਜ਼ਿੰਮੇਵਾਰ ਸੀ, ਤਾਂ ਉਹ ਉਨ੍ਹਾਂ ਦਾ ਪੁਰਾਣਾ ਤੇ ਪਿਆਰਾ ਸੱਜਣ ਜਥੇਦਾਰ ਟੌਹੜਾ ਹੀ ਸੀ। ਉਹ ਸੰਤ ਭਿੰਡਰਾਂਵਾਲੇ ਨੂੰ ਅੱਗੇ ਲਾ ਕੇ ਬਾਦਲ ਦੇ ਪੈਰੀਂ ਪੈਂਖੜ ਪਾਉਣਾ ਚਾਹੁੰਦਾ ਸੀ।

ਉਮਰਾਨੰਗਲ ਨੇ ਉਸ ਦੌਰ ਵਿਚ ਵੀ ਖੜਕੇ-ਦੜਕੇ ਰਾਹੀਂ ਡਰਾਉਣ-ਧਮਾਉਣ ਵਾਲੀ ਰਾਜਨੀਤੀ ਦਾ ਵਿਰੋਧ ਜਚ ਕੇ ਕੀਤਾ। ਜਦੋਂ ਬਾਕੀ ਸਭ ਅਕਾਲੀ ਆਗੂ ਦੜ ਵੱਟ ਗਏ ਸਨ, ਡੀ.ਆਈ.ਜੀ. ਅਟਵਾਲ ਦੇ ਕਤਲ ਅਤੇ ਢਿੱਲਵਾਂ ਕਾਂਡ ਪਿਛੋਂ ਉਹ ਸੰਤ ਲੌਂਗੋਵਾਲ ਨੂੰ ਮਿਲੇ ਤੇ ਅਜਿਹੀਆਂ ਵਾਰਦਾਤਾਂ ਰੋਕਣ ਜਾਂ ਕੰਪਲੈਕਸ ਛੱਡ ਕੇ ਲੌਂਗੋਵਾਲ ਚਲੇ ਜਾਣ ਲਈ ਕਿਹਾ। ਪਿਛੋਂ ਆ ਕੇ, ਜਦੋਂ ਉਨ੍ਹਾਂ ਦੀ ਕੋਈ ਵਾਹ-ਪੇਸ਼ ਨਾ ਗਈ, ਤਾਂ ਉਨ੍ਹਾਂ ਰੋਸ ਵਜੋਂ ਸ਼੍ਰੋਮਣੀ ਕਮੇਟੀ ਦੇ ਉਪ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਬਲਿਊ ਸਟਾਰ ਤੋਂ ਵਰ੍ਹਾ ਕੁ ਪਿਛੋਂ ਉਨ੍ਹਾਂ ਨੂੰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ, ਪਰ ਉਨ੍ਹਾਂ ਆਪਣਾ ਪੈਂਤੜਾ ਨਾ ਛੱਡਿਆ। 1987 ਵਿਚ ਇਲਾਕੇ ਦੇ ਹਿੰਦੂ ਪਰਿਵਾਰਾਂ ਨੇ ਜਦੋਂ ਹਿਜਰਤ ਕਰਨੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਵਾਪਿਸ ਮੋੜਨ ਲਈ ਉਹ ਥਾਂ ਥਾਂ ਗਏ। ਕੇਂਦਰ ਦੇ ਏਜੰਟ ਹੋਣ ਦੇ ਦੋਸ਼ ਬਾਰੇ ਉਹ ਹੱਸਣ ਲੱਗ ਜਾਂਦੇ- ਅਖੇ, ਉਦੋਂ ਕਿਹੜਾ ਕੇਂਦਰ ਸੀ ਤੇ ਕਿਸ ਦੇ ਉਹ ਏਜੰਟ ਸਨ!

8 ਮਈ 1987 ਨੂੰ ਖਾੜਕੂਆਂ ਨੇ ਉਨ੍ਹਾਂ ਦੇ ਲੜਕੇ ਸੁਖਦੇਵ ਸਿੰਘ ਸੁੱਖੇ ਨੂੰ ਪਿੰਡ ਦੇ ਲਾਗੇ ਹੀ ਗੋਲੀ ਮਾਰ ਕੇ ਮਾਰ ਦਿੱਤਾ। ਉਨ੍ਹਾਂ ਨੇ ਆਪਣੀ ਮੁਹਿੰਮ ਪਿੰਡੋਂ ਵੀ ਨਾ ਛੱਡੀ। ਉਹ ਗੁਰਬਚਨ ਸਿੰਘ ਮਾਨੋਚਾਹਲ ਤੇ ਕਈ ਹੋਰ ਖਾੜਕੂਆਂ ਦੇ ਪਿੰਡਾਂ ਵਿਚ ਗਏ ਤੇ ਉਨ੍ਹਾਂ ਨੂੰ ਨਿੱਕੇ ਭਰਾਵਾਂ ਵਾਂਗ ਕਿਧਰੇ ਵੀ ਗੱਲਬਾਤ ਲਈ ਆਉਣ ਦਾ ਸੱਦਾ ਦਿੱਤਾ, ਪਰ ਖਾੜਕੂ ਭਰਾਵਾਂ ਨੇ ਉਨ੍ਹਾਂ ਨਾਲ ਗੱਲ ਕਰਨ ਦੀ ਥਾਂ ਰਾਕਟਾਂ ਨਾਲ ਉਨ੍ਹਾਂ ਦੇ ਘਰ 'ਤੇ ਹਮਲਾ ਕੀਤਾ।

ਯਾਦ ਰਹੇ, 1973 ਵਿਚ ਅਨੰਦਪੁਰ ਸਾਹਿਬ ਦਾ ਮਤਾ ਪਾਸ ਹੋਣ ਤੇ ਉਥੋਂ ਪਰਤਦੇ ਸਾਰ ਖਡੂਰ ਸਾਹਿਬ ਵਾਲੇ ਮਾਸਟਰ ਜਗੀਰ ਸਿੰਘ ਨੂੰ ਨਾਲ ਲੈ ਕੇ ਅੰਮ੍ਰਿਤਸਰ ਡੀ.ਸੀ. ਦਫ਼ਤਰ ਉਪਰ ਖਾਲਿਸਤਾਨ ਦਾ ਝੰਡਾ ਜਥੇਦਾਰ ਉਮਰਾਨੰਗਲ ਨੇ ਲਹਿਰਾਇਆ ਸੀ, ਉਹ ਇਸ ਕੌਤਕ ਦੇ ਦੋਸ਼ ਵਿਚ ਕੈਦ ਵੀ ਹੋਏ ਸਨ। ਇਸ ਬਾਰੇ ਪੁੱਛਣ 'ਤੇ ਉਨ੍ਹਾਂ ਉਸ ਘਟਨਾ ਵਿਚ ਸ਼ਮੂਲੀਅਤ ਤੁਰਤ ਮੰਨ ਲਈ। ਇਹ ਗੱਲ ਵਿਸਥਾਰ ਵਿਚ ਸੁਣਾਈ ਕਿ ਕਿਵੇਂ ਮਾਸਟਰ ਜਗੀਰ ਸਿੰਘ ਜੇਲ੍ਹ ਜਾਣ ਤੋਂ ਡਰਦਾ ਸੁੱਤਿਆਂ ਪਿਆਂ ਬੁੜ-ਬੁੜਾਉਣ ਲੱਗ ਪਿਆ ਸੀ, ਪਰ ਉਨ੍ਹਾਂ ਦਾ ਦਾਅਵਾ ਸੀ ਕਿ ਉਨ੍ਹਾਂ ਦੀ ਮੁਰਾਦ ਮੁਲਕ ਨਾਲੋਂ ਵੱਖ ਹੋ ਕੇ ਵੱਖਰੇ ਖਾਲਿਸਤਾਨ ਦੀ ਨਹੀਂ ਸੀ, ਬਲਕਿ ਸਿੱਖਾਂ ਅਤੇ ਪੰਜਾਬੀਆਂ ਦੀ ਵੱਖਰੀ ਸਭਿਆਚਾਰਕ ਪਛਾਣ ਦੀ ਸੀ। ਉਹ ਪੰਜਾਬ ਦਾ ਸਭ ਤੋਂ ਵੱਡਾ ਨਾਇਕ ਮਹਾਰਾਜਾ ਰਣਜੀਤ ਸਿੰਘ ਨੂੰ ਮੰਨਦੇ ਸਨ। ਉਨ੍ਹਾਂ ਉਸ ਸਮੇਂ ਕੇਸਰੀ ਝੰਡਾ ਉਸੇ ਆਸ਼ੇ ਨਾਲ ਝੁਲਾਇਆ ਸੀ। ਜ਼ਰਾ ਵਿਸਥਾਰ ਵਿਚ ਪੁੱਛਿਆ, ਤਾਂ ਉਨ੍ਹਾਂ ਮੰਨ ਲਿਆ ਕਿ ਸ਼ਾਇਦ ਇਹ ਉਨ੍ਹਾਂ ਦੀ ਗ਼ਲਤੀ ਸੀ ਅਤੇ ਨਾਲ ਹੀ ਕਿਹਾ, ਜਿਸ ਦਿਨ ਤੋਂ ਹੋਸ਼ ਸੰਭਾਲੀ ਸੀ, 'ਪੰਥ ਨੂੰ ਖਤਰੇ' ਦੀਆਂ ਦੁਹਾਈਆਂ ਹੀ ਤਾਂ ਕੰਨਾਂ ਵਿਚ ਪੈਂਦੀਆਂ ਸਨ! ਅਨੰਦਪੁਰ ਸਾਹਿਬ ਦੇ ਮਤੇ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀਆਂ 'ਚੋਂ ਬਹੁਤਿਆਂ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਅਮਲੀ ਰੂਪ ਵਿਚ ਉਸ ਦੇ ਅਰਥ ਕੀ ਸਨ!

ਜਥੇਦਾਰ ਉਮਰਾਨੰਗਲ ਨੂੰ ਇਹ ਮੰਨਣ ਵਿਚ ਭੋਰਾ ਝਿਜਕ ਨਹੀਂ ਸੀ ਕਿ ਬੋਲੀ ਆਧਾਰਿਤ ਸੂਬੇ ਦੀ ਮੰਗ ਤਾਂ ਖੁਦ ਲਛਮਣ ਸਿੰਘ ਅਤੇ ਸੰਤ ਫ਼ਤਹਿ ਸਿੰਘ ਨੇ ਸਿੱਧੀ ਕੀਤੀ ਸੀ, ਨਹੀਂ ਤਾਂ ਇਹ ਰੱਫੜ ਮੁੱਕਣਾ ਨਹੀਂ ਸੀ। ਉਨ੍ਹਾਂ ਮੁਤਾਬਕ, ਸਿੱਖ ਵਿਤਕਰੇ ਦੇ ਦੋਸ਼ ਲਗਾ ਕੇ ਪੰਜਾਬੀ ਸੂਬਾ ਨਾ ਦੇਣ ਖਿਲਾਫ ਮੋਰਚੇ ਲਗਾਉਂਦੇ ਰਹੇ ਅਤੇ ਲੋਕਾਂ ਨੂੰ ਇੱਕੋ ਗੱਲ ਦੱਸਦੇ ਰਹੇ ਕਿ ਕੇਂਦਰ ਨੇ ਹੋਰ ਸਾਰੇ ਸੂਬੇ ਬਣਾ ਦਿੱਤੇ, ਪਰ ਪੰਜਾਬੀ ਸੂਬਾ ਨਹੀਂ ਬਣਾ ਰਹੇ, ਜਦੋਂਕਿ ਸੱਚ ਇਹ ਸੀ ਕਿ ਮਰਹੱਟਿਆਂ ਨੂੰ ਵੀ ਸੂਬਾ ਸੰਨ ਸੰਤਾਲੀ ਤੋਂ ਪੂਰੇ 13 ਵਰ੍ਹਿਆਂ ਪਿਛੋਂ ਦਿੱਤਾ ਸੀ, ਤੇ ਕਈ ਹੋਰ ਖਿੱਤਿਆਂ ਦੇ ਲੋਕਾਂ ਨੂੰ ਵੱਖਰੇ ਸੂਬੇ ਪਿਛੋਂ ਅਲਾਟ ਹੋਏ ਸਨ।

ਇੱਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਮਾਸਟਰ ਤਾਰਾ ਸਿੰਘ ਦੇ ਟਾਕਰੇ 'ਤੇ ਗ਼ਰੀਬ ਜੱਟ-ਸਿੱਖਾਂ ਦਾ ਅਕਾਲੀ ਦਲ ਬਣਾਉਣ ਲਈ ਜਥੇਦਾਰ ਟੌਹੜਾ ਨੂੰ, ਉਹ ਅਤੇ ਸੰਤ ਜੀ, ਖੁਦ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋ ਰਹੇ ਨੂੰ ਪ੍ਰੇਰ ਕੇ ਅੰਮ੍ਰਿਤਸਰ ਲੈ ਕੇ ਆਏ ਸਨ। ਜਥੇਦਾਰ ਟੌਹੜਾ ਨਾਲ ਉਨ੍ਹਾਂ ਨੂੰ ਹਜ਼ਾਰ ਸ਼ਿਕਵੇ ਸਨ, ਪਰ ਸਭ ਤੋਂ ਵੱਡਾ ਸ਼ਿਕਵਾ ਇਹ ਸੀ ਕਿ ਬਾਦਲ ਅਤੇ ਟੌਹੜਾ ਨੇ ਸੰਤ ਲੌਂਗੋਵਾਲ ਵਰਗੇ ਬੰਦੇ ਨੂੰ ਪਹਿਲਾਂ ਐਮਰਜੈਂਸੀ ਤੇ ਦਰਬਾਰਾ ਸਿੰਘ ਦੀ ਸਰਕਾਰ ਮੌਕੇ ਵਡਿਆ ਕੇ ਅੱਗੇ ਡਾਹਿਆ, ਫਿਰ ਜਦੋਂ ਉਹ ਮਾਰਿਆ ਗਿਆ ਤਾਂ ਖਾੜਕੂਆਂ ਤੋਂ ਡਰਦੇ ਉਸ ਦੇ ਭੋਗ ਸਮਾਗਮ 'ਤੇ ਵੀ ਨਾ ਪਹੁੰਚੇ।

ਦਰਸ਼ਨ ਸਿੰਘ ਫੇਰੂਮਾਨ ਅਤੇ ਜਥੇਦਾਰ ਊਧਮ ਸਿੰਘ ਨਾਗੋਕੇ ਉਨ੍ਹਾਂ ਤੋਂ ਕਾਫੀ ਵਡੇਰੀ ਉਮਰ ਦੇ ਸਨ, ਪਰ ਆਪਣੇ ਹਲਕੇ ਦੇ ਹੋਣ ਕਰ ਕੇ ਉਹ ਉਨ੍ਹਾਂ ਦੀ ਦ੍ਰਿੜਤਾ ਅਤੇ ਸਿਰੜੀ ਸੁਭਾਅ ਦੇ ਪ੍ਰਸ਼ੰਸਕ ਸਨ। ਫੇਰੂਮਾਨ ਦੇ ਮਰਨ ਵਰਤ ਨਾਲ ਉਨ੍ਹਾਂ ਦੀ ਸੰਮਤੀ ਨਹੀਂ ਸੀ; ਪਰ ਉਨ੍ਹਾਂ ਦਾ ਕਹਿਣਾ ਸੀ ਕਿ ਉਸ ਸਮੇਂ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਦਾ ਬੇੜਾ ਗਰਕ ਕਰਨ ਲਈ ਜਗਜੀਤ ਸਿੰਘ ਚੌਹਾਨ ਅਤੇ ਕੁਝ ਹੋਰ ਇੱਲਤੀ ਲੋਕਾਂ ਨੇ ਉਨ੍ਹਾਂ ਦੀ ਬਲੀ ਦਿਵਾਈ ਸੀ।

ਟੌਹੜਾ ਅਤੇ ਬਾਦਲ ਦੇ ਆਪਸੀ ਵਿਰੋਧ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਐਮਰਜੈਂਸੀ ਪਿੱਛੋਂ ਅਕਾਲੀ ਦਲ ਦੀ ਤਾਕਤ ਦੀ ਸੋਹਣੀ ਵੰਡ ਹੋ ਗਈ ਸੀ। ਬਾਦਲ ਨੂੰ 'ਮੁੱਖ ਮੰਤਰੀ' ਮੰਨ ਲਿਆ ਗਿਆ; ਟੌਹੜਾ ਕੋਲ ਸ਼੍ਰੋਮਣੀ ਕਮੇਟੀ ਸੀ ਅਤੇ ਜਥੇਦਾਰ ਤਲਵੰਡੀ ਅਕਾਲੀ ਦਲ ਦਾ ਪ੍ਰਧਾਨ ਸੀ, ਪਰ ਇਨ੍ਹਾਂ ਵਰ੍ਹਾ ਵੀ ਨਾ ਕੱਢਿਆ ਕਿ ਆਪਸ ਵਿਚ ਝਗੜਨਾ ਸ਼ੁਰੂ ਕਰ ਦਿਤਾ। ਟੌਹੜਾ ਨੇ ਜਟਕੇ ਜਥੇਦਾਰ ਤਲਵੰਡੀ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਧੂ ਸਿੰਘ ਕੋਲ ਬਾਦਲ ਵਿਰੁਧ ਸ਼ਿਕਾਇਤ ਲਗਾ ਦਿਤੀ। ਸ਼ਿਕਾਇਤ ਕੀ ਲਾਈ, ਅਸਤੀਫਾ ਦੇ ਦਿੱਤਾ! ਬਾਦਲ ਦੀ ਸਰਕਾਰ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਰਾਜਪਾਲ ਨੂੰ ਪੱਤਰ ਕਿਸੇ ਕਾਂਗਰਸੀ ਨੇ ਨਹੀਂ, ਬਲਕਿ ਦੋਵਾਂ ਜਥੇਦਾਰਾਂ ਨੇ ਦਿੱਤਾ ਸੀ। ਉਂਜ ਉਮਰਾਨੰਗਲ ਨੂੰ ਇਹ ਯਾਦ ਨਹੀਂ ਸੀ ਕਿ ਬਾਦਲ ਨੇ ਜਦੋਂ ਤਲਵੰਡੀ ਦਾ ਫਾਹਾ ਵੱਢ ਕੇ ਸੰਤ ਲੌਂਗੋਵਾਲ ਨੂੰ ਪ੍ਰਧਾਨ ਬਣਾਇਆ ਤਾਂ ਟੌਹੜਾ, ਤਲਵੰਡੀ ਨੂੰ ਛੱਡ ਕੇ ਬਾਦਲ ਦੇ ਖੇਮੇ ਵਿਚ ਵਾਪਸ ਕਿਵੇਂ ਆਇਆ!

ਅਕਾਲੀ ਦਲ ਦੇ ਇਨ੍ਹਾਂ ਦੋਵਾਂ 'ਪੰਥ ਰਤਨਾਂ' (ਬਾਦਲ ਤੇ ਟੌਹੜਾ) ਦੇ ਰੋਲ ਨੂੰ ਕੋਸਦਿਆਂ ਉਮਰਾਨੰਗਲ ਨੂੰ ਗੁਰਚਰਨ ਸਿੰਘ ਸੈਕਟਰੀ ਯਾਦ ਆ ਗਿਆ। ਉਨ੍ਹਾਂ ਅਨੁਸਾਰ, ਇਹ ਦੋਵੇਂ ਜਣੇ, ਸੰਤ ਨੂੰ ਮੋਰਚੇ ਦਾ ਡਿਕਟੇਟਰ ਬਣਾ ਕੇ ਆਪ ਜੇਲ੍ਹਾਂ ਜਾਂ 'ਰੈਸਟ ਹਾਊਸਾਂ' ਵਿਚ ਪਨਾਹ ਲੈਂਦੇ ਰਹੇ; ਸੰਤ ਲੌਂਗੋਵਾਲ ਦੀ ਬਾਤ ਕਦੀ ਵੀ ਨਾ ਪੁੱਛੀ। ਉਸ ਨੂੰ ਉਸ ਖੌਫ਼ਜ਼ਦਾ ਮਾਹੌਲ ਵਿਚ ਗੁਰਚਰਨ ਸਿੰਘ ਸਕੱਤਰ ਅਤੇ ਉਸ ਦੇ ਯਾਰਾਂ ਦਾ ਹੀ ਆਸਰਾ ਰਿਹਾ। ਉਹ ਮਰਦੇ ਦਮ ਤੱਕ ਸੰਤ ਲੌਂਗੋਵਾਲ ਦੇ ਅੰਗ-ਸੰਗ ਰਿਹਾ। ਉਨ੍ਹਾਂ ਨੂੰ ਸੰਤ ਲੌਂਗੋਵਾਲ 'ਤੇ ਵੀ ਸ਼ਿਕਵਾ ਸੀ ਕਿ ਸਾਕਾ ਨੀਲਾ ਤਾਰਾ ਤੋਂ ਮਹੀਨਾ-ਦੋ ਮਹੀਨੇ ਪਹਿਲਾਂ ਛਿੰਦੇ ਬਦਮਾਸ਼ ਅਤੇ ਉਸ ਦੀ ਸਹੇਲੀ ਹੱਥੋਂ ਸੁਰਿੰਦਰ ਸਿੰਘ ਸੋਢੀ ਦੇ ਮਾਰੇ ਜਾਣ 'ਤੇ ਉਨ੍ਹਾਂ ਐਵੇਂ ਹੀ ਸਕੱਤਰ ਦੇ ਸਾਜ਼ਿਸ਼ ਵਿਚ ਹੱਥ ਹੋਣ ਦਾ ਹਵਾੜਾ ਉਡਾ ਦਿੱਤਾ। ਦੋ-ਤਿੰਨ ਬੇ-ਪ੍ਰਤੀਤੇ ਜਿਹੇ ਅਕਾਲੀ ਆਗੂਆਂ 'ਤੇ ਆਧਾਰਿਤ ਪੜਤਾਲੀਆ ਕਮੇਟੀ ਜੋ ਬਣੀ, ਉਨ੍ਹਾਂ ਨੇ ਸੰਤ ਲੌਂਗੋਵਾਲ ਨੂੰ ਪਿੱਠ ਦੇ ਦਿੱਤੀ ਅਤੇ ਸੰਤ ਭਿੰਡਰਾਂਵਾਲੇ ਨੂੰ ਖੁਸ਼ ਕਰਨ ਲਈ ਰਿਪੋਰਟ ਇਹ

(ਬਾਕੀ ਅਗਲੇ ਸਫੇ 'ਤੇ)

*ਜਥੇਦਾਰ ਟੌਹੜਾ ਬਾਰੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੀਆਂ ਮੁੱਢਲੇ ਦੌਰ ਦੀਆਂ ਅਨੇਕਾਂ ਮਿੱਠੀਆਂ ਯਾਦਾਂ ਸਨ, ਪਰ ਧਰਮ ਯੁੱਧ ਮੋਰਚੇ ਦੇ ਦਿਨਾਂ ਦੇ ਜਥੇਦਾਰ ਟੌਹੜਾ ਬਾਰੇ ਉਨ੍ਹਾਂ ਦੇ ਬੇਹੱਦ ਤਲਖ਼ ਤਜਰਬੇ ਸਨ। ਉਨ੍ਹਾਂ ਨੂੰ ਇਸ ਗੱਲ ਬਾਰੇ ਭੋਰਾ ਵੀ ਸੰਦੇਹ ਨਹੀਂ ਸੀ, ਬਲਕਿ ਉਨ੍ਹਾਂ ਦਾ ਸੰਗੀਨ ਦੋਸ਼ ਸੀ ਕਿ ਪੰਜਾਬ ਨੂੰ ਬਲਦੀ ਦੇ ਬੂਥੇ ਧੱਕਣ ਲਈ ਜੇ ਕੋਈ ਇਕੱਲਾ ਸ਼ਖ਼ਸ ਸਭ ਤੋਂ ਵੱਧ ਜ਼ਿੰਮੇਵਾਰ ਸੀ, ਤਾਂ ਉਹ ਉਨ੍ਹਾਂ ਦਾ ਪੁਰਾਣਾ ਤੇ ਪਿਆਰਾ ਸੱਜਣ ਜਥੇਦਾਰ ਟੌਹੜਾ ਹੀ ਸੀ। ਉਹ ਸੰਤ ਭਿੰਡਰਾਂਵਾਲੇ ਨੂੰ ਅੱਗੇ ਲਾ ਕੇ ਬਾਦਲ ਦੇ ਪੈਰੀਂ ਪੈਂਖੜ ਪਾਉਣਾ ਚਾਹੁੰਦਾ ਸੀ।*



*ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ।*



ਪ੍ਰਕਾਸ਼ ਸਿੰਘ ਬਾਦਲ

*ਐਮਰਜੈਂਸੀ ਪਿੱਛੋਂ ਅਕਾਲੀ ਦਲ ਦੀ ਤਾਕਤ ਦੀ ਸੋਹਣੀ ਵੰਡ ਹੋ ਗਈ ਸੀ। ਬਾਦਲ ਨੂੰ 'ਮੁੱਖ ਮੰਤਰੀ' ਮੰਨ ਲਿਆ ਗਿਆ; ਟੌਹੜਾ ਕੋਲ ਸ਼੍ਰੋਮਣੀ ਕਮੇਟੀ ਸੀ ਤੇ ਤਲਵੰਡੀ ਅਕਾਲੀ ਦਲ ਦਾ ਪ੍ਰਧਾਨ ਸੀ, ਪਰ ਇਨ੍ਹਾਂ ਆਪਸ ਵਿਚ ਝਗੜਨਾ ਸ਼ੁਰੂ ਕਰ ਦਿਤਾ। ਟੌਹੜਾ ਨੇ ਤਲਵੰਡੀ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲ ਬਾਦਲ ਵਿਰੁਧ ਸ਼ਿਕਾਇਤ ਲਗਾ ਦਿਤੀ। ਬਾਦਲ ਦੀ ਸਰਕਾਰ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਰਾਜਪਾਲ ਨੂੰ ਪੱਤਰ ਕਿਸੇ ਕਾਂਗਰਸੀ ਨੇ ਨਹੀਂ, ਬਲਕਿ ਦੋਵਾਂ ਜਥੇਦਾਰਾਂ ਨੇ ਦਿੱਤਾ ਸੀ।*

# ਕਾਇਨਾਤ-ਏ-ਕਿਤਾਬ

***ਸੰਜਮਪ੍ਰੀਤ ਸਿੰਘ ਅੱਜ ਕੱਲ੍ਹ ਚੰਡੀਗੜ੍ਹੋਂ ਨਿਕਲਦੀ ਅੰਗਰੇਜ਼ੀ ਅਖਬਾਰ 'ਦਿ ਟ੍ਰਿਬਿਊਨ' ਦਾ ਕਾਰਿੰਦਾ ਹੈ। ਆਪਣੇ ਪਿਤਾ ਸਵਰਗੀ ਨਰਿੰਦਰ ਸਿੰਘ ਭੁੱਲਰ ਵਾਂਗ ਉਹ ਕਿਤਾਬਾਂ ਪੜ੍ਹਨ-ਪੜ੍ਹਾਉਣ ਦਾ ਸ਼ੁਕੀਨ ਹੈ। ਹਰ ਸਾਲ ਵਾਂਗ ਇਸ ਵਰ੍ਹੇ ਵੀ ਉਹ ਦਿੱਲੀ ਦੇ ਸੰਸਾਰ ਕਿਤਾਬ ਮੇਲੇ ਵਿਚ ਗਿਆ ਸੀ। ਇਸ ਮੇਲੇ ਬਾਰੇ ਉਸ ਨੇ ਕੁਝ ਪ੍ਰਭਾਵ ਸਾਂਝੇ ਕੀਤੇ ਹਨ। ਇਨ੍ਹਾਂ ਪ੍ਰਭਾਵਾਂ ਸਦਕਾ ਹੀ ਇਸ ਲਿਖਤ ਵਿਚ ਨਰਿੰਦਰ ਬਾਰੇ ਕੁਝ ਗੱਲਾਂ ਆ ਗਈਆਂ ਹਨ, ਜਿਸ ਦੀ 'ਪੰਜਾਬ ਟਾਈਮਜ਼' ਪਰਿਵਾਰ ਨਾਲ ਗਹਿਰੀ ਸਾਂਝ ਰਹੀ ਹੈ। ਇਹ ਸਾਂਝ ਹੁਣ ਸੰਜਮਪ੍ਰੀਤ ਦੀਆਂ ਲਿਖਤਾਂ ਨਾਲ ਅਗਾਂਹ ਤੁਰ ਰਹੀ ਹੈ। -ਸੰਪਾਦਕ***




ਕਿਤਾਬਾਂ ਤੁਹਾਡੇ ਮੋਢੇ ਉਤੇ ਹੱਥ ਰੱਖ ਕੇ ਤੁਹਾਨੂੰ ਖ਼ਬਰਦਾਰ ਕਰਦੀਆਂ ਨੇ: ਤੁਹਾਨੂੰ ਬਹੁਤ ਕੁਝ ਦਿੰਦੀਆਂ ਹਨ, ਖ਼ੁਸ਼ੀ-ਗ਼ਮੀ ਵਿਚ ਤੁਹਾਡਾ ਸਾਥ ਦਿੰਦੀਆਂ ਹਨ, ਤੁਹਾਡੀ ਦੌਲਤ ਵੀ ਬਣਦੀਆਂ ਹਨ-ਗਿਆਨ ਦੀ ਦੌਲਤ। ਪ੍ਰੋ. ਮੋਹਨ ਸਿੰਘ ਦੀਆਂ ਸਤਰਾਂ ਯਾਦ ਆ ਗਈਆਂ:

ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,
ਮੇਰਾ ਵਧਦਾ ਜਾਏ ਹਨੇਰ ਕੁੜੇ।

ਤੁਸੀਂ ਕਿਤਾਬਾਂ ਦੇ ਪੰਨੇ ਪਲਟਦੇ ਹੋ ਤਾਂ ਸ਼ਬਦਾਂ ਦੀ ਸਰਗਮ ਅਤੇ ਪੁਰਾਣੇ ਖਤਾਂ ਦਾ ਨਿੱਘ ਕਿਤੇ ਦਾ ਕਿਤੇ ਲੈ ਜਾਂਦਾ ਹੈ। ਨਾਲ ਹੀ ਵਕਤ ਦੀਆਂ ਵੰਗਾਰਾਂ ਬਾਰੇ ਸੂਹਾਂ



**ਸੰਜਮਪ੍ਰੀਤ ਸਿੰਘ**
**ਫੋਨ: +91-98720-21979**

ਸੁੱਟਦਾ ਹੈ। ਇਸੇ ਕਾਰਨ ਕਿਤਾਬਾਂ ਨਾਲ ਮੇਰਾ ਇੰਨਾ ਤਿਹੁ-ਮੋਹ ਹੈ। ਇਨ੍ਹਾਂ ਸ਼ਬਦਾਂ ਅਤੇ ਸਫ਼ਿਆਂ ਦੀ ਯਾਦ-ਗਲੀ ਵਿਚੋਂ ਲੰਘਦਾ ਹਾਂ ਤਾਂ 15 ਸਾਲ ਪਹਿਲਾਂ ਦਿੱਲੀ ਦਾ ਪ੍ਰਗਤੀ ਮੈਦਾਨ ਜ਼ਿਹਨ ਵਿਚ ਘੁੰਮ ਜਾਂਦਾ ਹੈ। ਉਦੋਂ ਪਹਿਲੀ ਵਾਰ ਕਿਤਾਬਾਂ ਦੇ ਮੇਲੇ 'ਤੇ ਗਿਆ ਸਾਂ। ਉਦੋਂ ਤੋਂ ਹਰ ਸਾਲ ਇਹ ਰੀਤ ਅਤੇ ਪ੍ਰੀਤ ਨਿਭ ਰਹੀ ਹੈ। ਇਹ ਰੀਤ ਮੇਰੇ ਲਈ ਖ਼ੁਸ਼ੀ ਅਤੇ ਗ਼ਮੀ, ਇਕੋ ਵੇਲੇ ਲੈ ਕੇ ਆਉਂਦੀ ਹੈ। ਭੁੱਲੀਆਂ-ਵਿੱਸਰੀਆਂ ਗੱਲਾਂ-ਬਾਤਾਂ ਇਨ੍ਹੀਂ ਦਿਨੀਂ ਜ਼ਿਹਨ ਵਿਚ ਛੱਲਾਂ ਬਣ-ਬਣ ਉਠਦੀਆਂ ਅਤੇ ਫਿਰ ਪਹਿਲ-ਪਲੇਠੜੀਆਂ ਕਣੀਆਂ ਵਾਂਗ ਹੰਝੂ ਬਣ ਕੇ ਵਹਿ ਤੁਰਦੀਆਂ ਹਨ।

ਐਤਕੀਂ ਅੱਧੀ ਰਾਤੀਂ ਅਖ਼ਬਾਰ ਦੀ ਡਿਊਟੀ ਮੁਕਾਈ, ਘਰ ਪੁੱਜਾ, ਛੋਟੇ ਬੈਗ ਵਿਚ ਵੱਡਾ ਖਾਲੀ ਬੈਗ ਪੈਕ ਕੀਤਾ, ਚਾਰ ਕੁ ਘੰਟੇ ਅੱਖ ਲਾਈ ਅਤੇ ਅਗਲੇ ਛੇ ਘੰਟੇ ਲੰਘਣ ਤੋਂ ਬਾਅਦ ਸਿੱਧਾ ਦਿੱਲੀ ਦੇ ਪ੍ਰਗਤੀ ਮੈਦਾਨ ਅੱਗੇ ਸਾਂ, ਜਿੱਥੇ ਕਿਤਾਬਾਂ ਦਾ ਮੇਲਾ ਲੱਗਿਆ ਹੋਇਆ ਸੀ। ਸਫ਼ਰ ਕਰਦਿਆਂ ਅਕਸਰ ਹੈਰਾਨੀ ਹੁੰਦੀ ਹੈ। ਅਸੀਂ ਸਰੀਰਿਕ ਤੌਰ 'ਤੇ ਭਾਵੇਂ ਇਕ ਤੋਂ ਦੂਜੀ ਥਾਂ ਜਾ ਰਹੇ ਹੁੰਦੇ ਹਾਂ, ਪਰ ਮਨ ਦੀਆਂ ਬਸਤੀਆਂ ਵਿਚ ਕੋਈ ਹੋਰ ਸਮਾਂ ਥਾਂ ਮੱਲ ਰਿਹਾ ਹੁੰਦਾ ਹੈ।

ਸਾਲ 2001 ਸੀ ਤੇ ਮੈਂ ਉਦੋਂ ਅੱਠਵੀਂ ਵਿਚ ਪੜ੍ਹਦਾ ਸਾਂ। ਪਾਪਾ (ਨਰਿੰਦਰ ਸਿੰਘ ਭੁੱਲਰ) ਨੇ ਅੱਖਾਂ ਵਿਚ ਸਿੱਧਾ ਝਾਕਦਿਆਂ ਪੁੱਛਿਆ ਸੀ- ਕਿਤਾਬਾਂ ਦੇ ਮੇਲੇ 'ਤੇ ਚੱਲਣੈ ਨਾਲ ਮੇਰੇ? ਮੇਰਾ ਕੋਈ ਯੂਨਿਟ ਟੈਸਟ ਸੀ ਸ਼ਾਇਦ; ਸੋ ਰਤਾ ਕੁ ਚੁੱਪ ਛਾਈ ਰਹੀ। ਫਿਰ ਮੈਂ ਆਪਣੇ ਅੰਦਰ ਝਾਤੀ ਮਾਰੀ-ਯੂਨਿਟ ਟੈਸਟ ਸਾਲ ਵਿਚ ਚਾਰ ਵਾਰ ਆਉਂਦੈ, ਤੇ ਮੇਲਾ ਦੋ ਸਾਲਾਂ ਵਿਚ ਸਿਰਫ ਇਕ ਵਾਰ! (2012 ਤੱਕ ਦਿੱਲੀ ਵਾਲਾ ਸੰਸਾਰ ਕਿਤਾਬ ਮੇਲਾ ਦੋ ਸਾਲ ਬਾਅਦ ਲਗਦਾ ਰਿਹਾ ਏ)। ਇਹ ਤਾਂ ਅੰਤ ਹੀ ਸੀ ਸਮਝੋ! ਮੈਂ ਝੱਟ ਆਪਣਾ ਬੈਗ




***ਨਰਿੰਦਰ ਸਿੰਘ ਭੁੱਲਰ ਜਦੋਂ 2007 ਵਿਚ 'ਪੰਜਾਬ ਟਾਈਮਜ਼' ਨਾਈਟ ਮੌਕੇ ਅਮਰੀਕਾ ਆਇਆ ਸੀ।***

ਪੈਕ ਕਰ ਲਿਆ। ਪਾਪਾ ਨੂੰ ਦੱਸਿਆ ਹੀ ਨਹੀਂ ਕਿ ਕੋਈ ਯੂਨਿਟ ਟੈਸਟ ਵੀ ਹੈ।

ਪਾਪਾ ਹੁਣ ਇਸ ਸੰਸਾਰ 'ਚ ਨਹੀਂ; 2007 ਵਿਚ ਉਹ ਰੁਖ਼ਸਤ ਹੋ ਗਏ।...ਤੇ ਮੈਂ ਹੁਣ ਹਰ ਵਾਰ ਮੇਲੇ 'ਤੇ ਜਾਂਦਾ ਹਾਂ ਅਤੇ ਉਨ੍ਹਾਂ ਯਾਦ-ਗਲੀਆਂ ਵਿਚੋਂ ਲੰਘਦਾ ਹਾਂ।

ਜਾਣ ਲੱਗਿਆਂ ਐਤਕੀਂ ਕਿਸੇ ਦਾ ਸਾਥ ਨਹੀਂ ਸੀ ਜੁੜਿਆ। ਕਿਤਾਬਾਂ ਵੱਲ ਬਸ ਇਕੱਲੇ ਦਾ ਸਫ਼ਰ ਸੀ। ਮੇਲੇ ਦਾ ਦਿਨ ਵੀ ਆਖ਼ਰੀ ਸੀ। ਸਵੇਰ ਦੇ ਸਵਾ ਦਸ ਵੱਜ ਚੁੱਕੇ ਹਨ, ਸਟਾਲ ਅਜੇ 11 ਵਜੇ ਖੁੱਲ੍ਹਣੇ ਸਨ। ਮੈਂ ਪੁਰਾਣੀਆਂ ਕਿਤਾਬਾਂ ਵਾਲੇ ਸਟਾਲਾਂ ਵੱਲ ਮੁੜਦਾ ਹਾਂ। ਇਨ੍ਹਾਂ ਸਟਾਲਾਂ ਵਾਲਿਆਂ ਕੋਲ ਕਿਤਾਬਾਂ ਦੀਆਂ ਕੋੜੀਆਂ ਲੱਗੀਆਂ ਹੁੰਦੀਆਂ, ਇਕ ਤੋਂ ਉਪਰ ਇਕ ਕਿਤਾਬ! ਥਾਂ ਦੀ ਕਮੀ ਜੋ ਹੋਈ! ਛੇਤੀ ਹੀ ਅੱਠ ਪਸੰਦੀਦਾ ਕਿਤਾਬਾਂ ਮੇਰੇ ਬੋਝੇ ਵਿਚ ਸਨ: ਜਲੰਧਰ ਦੇ ਪਿਛੋਕੜ ਵਾਲੇ ਇੰਗਲੈਂਡ ਵਸਦੇ ਸੰਜੀਵ ਸਹੋਤਾ ਦਾ ਨਾਵਲ 'ਆਵਰਜ਼ ਆਰ ਦਿ ਸਟ੍ਰੀਟ' ਸੀ, 'ਰੀਡਿੰਗ ਲੋਲਿਤਾ ਇਨ ਤਹਿਰਾਨ' ਵਾਲੀ ਅਜ਼ਰਾ ਨਫੀਸੀ ਦੀ ਕਿਤਾਬ 'ਦਿ ਰਿਪਬਲਿਕ ਆਫ ਇਮੈਜੀਨੇਸ਼ਨ' ਸੀ, ਇਕ ਕੇਅਨਜ਼ ਦੀ ਜੀਵਨੀ ਅਤੇ ਇਕ ਹੋਰ ਕਿਤਾਬ ਜਿਹੜੀ ਮੈਂ ਚਿਰਾਂ ਤੋਂ ਟੋਲ ਰਿਹਾ ਸਾਂ: 'ਏ ਡੇਂਜਰਸ ਲਈਅਨ-ਏ ਰੈਵੇਲੇਟਰੀ ਨਿਊ ਬਾਇਓਗ੍ਰਾਫੀ ਆਫ ਸਿਮੋਨ ਦਿ ਬੋਵਿਓ ਐਂਡ ਯਾਂ ਪਾਲ ਸਾਰਤਰ'। ਇਹ ਕਿਤਾਬ ਕੈਰੋਲ ਸੇਅਮਰ-ਜੋਨਸ ਦੀ ਲਿਖੀ ਹੋਈ ਹੈ।

ਇਕ ਤਰ੍ਹਾਂ ਨਾਲ ਮੇਰੀ ਤਾਂ ਤਸੱਲੀ ਹੋ ਗਈ ਸੀ- ਚੰਗੀਆਂ ਕਿਤਾਬਾਂ ਘੱਟ ਪੈਸਿਆਂ ਵਿਚ ਹੀ ਮਿਲ ਗਈਆਂ; ਪਰ ਨਾਲ ਹੀ ਫ਼ਿਕਰ ਜਾਗ ਪਿਆ- ਪਾਠਕਾਂ ਵਾਂਗ ਮੇਲੇ ਦਾ ਘੇਰਾ ਵੀ ਸੁੰਗੜ ਰਿਹਾ ਸੀ। ਪਹਿਲਾਂ-ਪਹਿਲ ਮੈਂ ਦੋ ਦਿਨ ਇਸ ਮੇਲੇ ਲਈ ਕੱਢਦਾ ਹੁੰਦਾ ਸਾਂ, ਹੁਣ ਇਕ ਦਿਨ ਵੀ ਬਹੁਤ ਜਾਪ ਰਿਹਾ ਸੀ। ਇਸ ਵਾਰ ਸਟਾਲ ਵੀ ਘੱਟ ਸਨ। ਇਕ ਡਿਸਟੀਬਿਊਟਰ ਨਾਲ ਗੱਲ ਕੀਤੀ ਤਾਂ ਉਹ ਬੋਲਿਆ: 'ਸੱਚੀਂ ਕਿਤਾਬ ਮੇਲਾ ਛੋਟਾ ਹੋ ਰਿਹਾ ਏ'।

ਮੇਲੇ ਦੇ ਪ੍ਰਬੰਧਕ ਨੈਸ਼ਨਲ ਬੁੱਕ ਟਰਸਟ (ਐਨਬੀਟੀ) ਦੀ ਵੈਬਸਾਈਟ ਵੀ ਇਹੀ ਦਰਸਾਉਂਦੀ ਹੈ। ਆਏ ਸਾਲ ਮੇਲੇ ਵਿਚ ਆਉਣ ਵਾਲੇ ਪ੍ਰਕਾਸ਼ਕਾਂ/ ਵਿਤਰਕਾਂ ਦੀ ਗਿਣਤੀ ਘਟ ਰਹੀ ਹੈ। 2008 ਵਿਚ ਇਹ ਗਿਣਤੀ 1343 ਸੀ ਜੋ 2016 ਵਿਚ ਘੱਟ ਕੇ ਤਕਰੀਬਨ 1000 ਰਹਿ ਗਈ ਹੈ। ਐਨਬੀਟੀ ਦੇ ਨੁਮਾਇੰਦੇ ਦਾ ਤਰਕ ਸੀ ਕਿ ਮੇਲਾ ਸਾਲਾਨਾ ਹੋਣ ਕਰਕੇ ਕੁਝ ਪ੍ਰਕਾਸ਼ਕ/ ਵਿਤਰਕ ਇਕ ਸਾਲ ਛੱਡ ਕੇ ਮੇਲੇ ਵਿਚ ਸ਼ਿਰਕਤ ਕਰਦੇ ਹਨ, ਖੈਰ! ਤਰਕਾਲਾਂ ਲਹਿੰਦਿਆਂ ਮੇਰੇ ਬੈਗ ਦਾ ਭਾਰ ਚੋਖਾ ਹੋ ਗਿਆ ਸੀ।

ਹੁਣ ਵਾਪਸੀ ਦਾ ਵੇਲਾ ਸੀ। ਸਟਾਲਾਂ 'ਚੋਂ ਨਿਕਲ ਮੁੱਖ ਗੇਟ 'ਤੇ ਪੁੱਜ ਗਿਆ ਸਾਂ, ਜਿੱਥੇ ਕਦੀ ਇਕ ਸੋਹਣੀ ਕੁੜੀ ਨੂੰ ਚਾਰ ਕਦਮ ਨਾਲ ਤੁਰਨ ਦੀ ਨਾਕਾਮ ਘੇਰ ਪਾਈ ਸੀ। ਜ਼ਾਹਿਰ ਹੈ ਕਿ ਮੈਂ ਇਸ ਮੇਲੇ ਵਿਚ ਸਿਰਫ ਕਿਤਾਬਾਂ ਲਈ ਨਹੀਂ ਆਉਂਦਾ!

# ਗੁਰਮੀਤ ਪਿੰਕੀ ਦੀਆਂ 'ਚਿੰਘਾੜਾਂ' ਦੇ ਪ੍ਰਸੰਗ-4

***(ਪਿਛਲੇ ਸਫੇ ਦੀ ਬਾਕੀ)***

ਦਿੱਤੀ ਕਿ ਸ਼ੱਕ ਦੀ ਸੂਈ ਸਕੱਤਰ ਦਾ ਹੱਥ ਹੋਣ ਵੱਲ ਘੁੰਮਦੀ ਸੀ। ਇਨ੍ਹਾਂ ਨੇ ਇਹ ਕਿਉਂ ਨਾ ਪਤਾ ਕੀਤਾ ਕਿ ਸੋਢੀ, ਛਿੰਦੇ ਅਤੇ ਉਸ ਦੀ ਸਹੇਲੀ ਕੋਲ ਬੈਠਾ ਕਰਦਾ ਕੀ ਸੀ? ਜਥੇਦਾਰ ਟੌਹੜਾ ਤਾਂ ਡਿਪਲੋਮੈਟਿਕ ਚੁੱਪ ਧਾਰ ਕੇ ਪਾਸੇ ਹੋਇਆ ਰਿਹਾ, ਪਰ ਸੰਤ ਲੌਂਗੋਵਾਲ ਦਾਬੇ ਹੇਠ ਆ ਗਿਆ ਅਤੇ ਉਸ ਵੀ ਸਕੱਤਰ ਨੂੰ 'ਸਕੱਤਰੀ' ਤੋਂ ਹਟਾ ਕੇ, ਤੇ ਬਚਾ ਕੇ ਪਿੰਡ ਵਾਪਿਸ ਚਲੇ ਜਾਣ ਲਈ ਆਖ ਦਿੱਤਾ, ਪਰ ਉਹ ਬੁਰਛਾਗਰਦੀ ਤੋਂ ਡਰਦਿਆਂ ਸੰਤ ਲੌਂਗੋਵਾਲ ਨੂੰ ਛੱਡ ਕੇ ਨਾ ਗਿਆ, ਬਲਕਿ ਉਥੇ ਹੀ ਪਰਿਕਰਮਾ 'ਚ ਗੇੜੇ ਦਿੰਦਾ ਰਿਹਾ।

ਜਥੇਦਾਰ ਉਮਰਾਨੰਗਲ ਮੁਤਾਬਕ, ਢਿੱਲਵਾਂ ਬੱਸ ਮੁਸਾਫ਼ਿਰ ਹੱਤਿਆ ਕਾਂਡ ਤੋਂ ਕੁਝ ਦਿਨ ਪਿਛੋਂ ਉਹ ਉਚੇਚਾ ਪਿੰਡ ਮਿਲ ਕੇ ਗਿਆ ਸੀ। ਉਸ ਦੇ ਜ਼ੋਰ ਦੇਣ 'ਤੇ ਹੀ ਇੱਕ ਵਾਰ ਉਨ੍ਹਾਂ ਨੇ ਅਕਾਲ ਤਖ਼ਤ ਦੇ ਉਦੋਂ ਦੇ ਜਥੇਦਾਰ ਕ੍ਰਿਪਾਲ ਸਿੰਘ ਨੂੰ ਪਰਿਕਰਮਾ 'ਚ ਹਥਿਆਰ ਲੈ ਕੇ ਚੱਲਣ ਵਿਰੁੱਧ ਆਦੇਸ਼ ਜਾਰੀ ਕਰਨ ਲਈ ਕਿਹਾ ਸੀ। ਜਥੇਦਾਰ ਨਰਮ ਆਦਮੀ ਸੀ। ਉਸ ਨੇ ਕੋਸ਼ਿਸ਼ ਵੀ ਕੀਤੀ ਸੀ, ਪਰ ਅਗਲਿਆਂ ਦਾ ਉਦੋਂ ਜ਼ੋਰ ਹੀ ਇੰਨਾ ਸੀ ਕਿ ਉਨ੍ਹਾਂ ਨੇ ਉਸ ਨੂੰ ਯਰਕਾ ਲਿਆ ਸੀ।

ਜਥੇਦਾਰ ਦਾ ਕਹਿਣਾ ਸੀ ਕਿ ਉਨ੍ਹਾਂ ਮਾੜੇ ਦਿਨਾਂ ਵਿਚ ਕਾਮਰੇਡਾਂ ਨੂੰ ਛੱਡ ਕੇ, ਅਕਾਲੀ ਸਫ਼ਾਂ ਵਿਚ ਆਇਆ ਉਹ ਸਹੀ ਅਰਥਾਂ 'ਚ ਇੱਕੋ ਇੱਕ 'ਜਰਨੈਲ' ਸੀ, ਪਰ ਅਕਾਲੀਆਂ ਉਸ ਦਾ ਮੁੱਲ ਨਾ ਪਾਇਆ। ਬਲਵੰਤ ਸਿੰਘ ਰਾਮੂਵਾਲੀਏ ਵਰਗੇ ਸਾਰੇ ਬਚ ਗਏ; ਬੱਬਰ ਵੀ ਨਿਕਲ ਗਏ; ਸਕੱਤਰ ਦਾ ਪਤਾ ਹੀ ਨਾ ਲੱਗਾ ਕਿ ਉਸ ਨੂੰ ਇਨ੍ਹਾਂ ਨੇ ਮਾਰਿਆ ਕਿ ਜਾਂ ਸ਼ਾਇਦ ਉਹ ਜਰਨਲ ਬਰਾੜ ਦੀਆਂ ਫ਼ੌਜਾਂ ਹੱਥੋਂ ਨਿਹੱਕ ਹੀ ਰਗੜਿਆ ਗਿਆ।

ਜਥੇਦਾਰ ਨੂੰ ਬਾਦਲ ਅਤੇ ਟੌਹੜਾ 'ਤੇ ਇੱਕ ਹੋਰ ਗਿਲਾ ਸੀ ਕਿ ਜਦੋਂ ਸ. ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣ ਗਿਆ, ਤੇ ਉਸ ਦੀ ਢਿੱਲ-ਮੱਠ ਦਾ ਲਾਹਾ ਲੈਂਦਿਆਂ ਖਾੜਕੂ ਜਦੋਂ ਮੁੜ ਸ੍ਰੀ ਅਕਾਲ ਤਖ਼ਤ 'ਤੇ ਹਾਵੀ ਹੋ ਗਏ, ਤਾਂ ਸ਼੍ਰੋਮਣੀ ਕਮੇਟੀ ਦੇ ਜਰਨਲ ਇਜਲਾਸ ਪਿਛੋਂ ਸਿੰਘ ਸਾਹਿਬ ਨੂੰ ਆਖ ਕੇ 16 ਫਰਵਰੀ 1986 ਨੂੰ 'ਸਰਬੱਤ ਖਾਲਸਾ' ਸਮਾਗਮ ਸਦਵਾ ਲਿਆ। ਉਸ ਸਮਾਗਮ ਦੀ ਕਾਰਵਾਈ ਅਤੇ ਮਤੇ ਕੋਈ ਪੜ੍ਹ ਲਵੇ, ਉਮਰਾਨੰਗਲ ਦਾ ਕਹਿਣਾ ਸੀ ਕਿ ਇਨ੍ਹਾਂ ਸਾਰਿਆਂ ਨੇ ਪੂਰੇ ਜ਼ੋਰ-ਸ਼ੋਰ ਨਾਲ ਬਰਨਾਲਾ ਨੂੰ ਕੋਈ ਵੀ ਢੰਗ-ਤਰੀਕਾ ਵਰਤ ਕੇ ਕੰਪਲੈਕਸ ਨੂੰ ਖਾੜਕੂਆਂ ਤੋਂ ਸੁਰਖਰੂ ਕਰਵਾਉਣ ਲਈ ਕਿਹਾ ਸੀ।

ਪੱਤਰਕਾਰ ਦਲਬੀਰ ਸਿੰਘ ਦਾ ਜ਼ਿਕਰ ਆਇਆ ਤਾਂ ਜਥੇਦਾਰ ਕਹਿਣ ਲੱਗੇ ਕਿ ਸਿੱਖਾਂ ਦੀ ਮਾੜੀ ਕਿਸਮਤ, ਸੰਤ ਜਰਨੈਲ ਸਿੰਘ ਨੇ ਉਸ ਨੂੰ ਆਪਣਾ ਵਿਸ਼ਵਾਸ-ਪਾਤਰ ਬਣਾ ਲਿਆ ਅਤੇ ਹਰ ਕੰਮ ਵਿਚ ਉਸ ਦੀ ਸਲਾਹ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਪਤਾ ਸੀ ਕਿ ਦਲਬੀਰ ਸਿੰਘ ਸਿਰੇ ਦਾ ਅੱਖੜ ਕਾਮਰੇਡ ਸੀ ਅਤੇ ਨੈਸ਼ਨਲ ਕਾਲਜ ਸਠਿਆਲਾ ਵਿਚ ਕਈ ਵਰ੍ਹੇ ਕਲਰਕ ਲੱਗਾ ਰਿਹਾ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਕਾਲਜ ਪ੍ਰਿੰਸੀਪਲ ਬੀ.ਐੱਲ. ਸ਼ਰਮਾ ਬੜਾ ਸਿਆਣਾ ਆਦਮੀ ਸੀ, ਉਹ ਆਪ ਵੀ ਕਾਮਰੇਡ ਸੀ ਅਤੇ ਕਾਲਜ ਵਿਚ ਉਸ ਨੂੰ ਲੈ ਕੇ ਵੀ ਉਹੀ ਆਇਆ ਸੀ, ਪਰ ਇਸ ਪਿਓ ਦੇ ਪੁੱਤਰ ਨੇ ਕਾਲਜ ਵਿਚੋਂ ਉਸ ਦੀਆਂ ਜੜ੍ਹਾਂ ਪੁੱਟ ਕੇ ਸਾਹ ਲਿਆ ਸੀ।

ਜਥੇਦਾਰ ਨੂੰ ਭਾਅ ਜੀ ਦਲਬੀਰ ਸਿੰਘ ਵਿਰੁੱਧ ਸਭ ਤੋਂ ਵੱਧ ਗੁੱਸਾ ਇਹ ਸੀ ਕਿ 1978 ਦੇ ਨਿਰੰਕਾਰੀ ਝਗੜੇ ਬਾਰੇ ਉਹ ਸਦਾ ਇੱਕ ਪਾਸੜ ਹੀ ਰਿਪੋਰਟਾਂ ਦਿੰਦਾ ਰਿਹਾ। ਉਨ੍ਹਾਂ ਦੱਸਿਆ- "ਮੈਂ ਉਦੋਂ ਵਜ਼ਾਰਤ ਵਿਚ ਸਾਂ, ਮੇਰਾ ਨਾਂ ਉਹ ਲਈ ਜਾਂਦਾ ਸੀ, ਪਰ ਕਦੀ ਮੇਰਾ ਪੱਖ ਨਾ ਪੁੱਛਿਆ।"

ਦਰਬਾਰਾ ਸਿੰਘ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਸੌ ਪਾਪੜ ਵੇਲਣ ਪਿਛੋਂ ਕੁਰਸੀ ਉਸ ਨੂੰ ਮਿਲੀ ਤਾਂ ਅਕਾਲੀਆਂ ਨੇ ਇੱਕ ਦਿਨ ਵੀ ਉਸ ਨੂੰ ਚੈਨ ਨਾ ਲੈਣ ਦਿੱਤਾ। ਖੈਰ, ਦਰਬਾਰਾ ਸਿੰਘ ਦਾ ਚੈਨ ਅਕਾਲੀਆਂ ਨੇ ਹਰਾਮ ਕੀਤਾ ਜਾਂ ਨਾ, ਇਹ ਤਾਂ ਵਿਵਾਦ ਵਾਲੀ ਗੱਲ ਹੈ, ਪਰ ਗਿਆਨੀ ਜ਼ੈਲ ਸਿੰਘ ਨੇ ਗ੍ਰਹਿ ਮੰਤਰੀ ਹੁੰਦਿਆਂ ਕੋਈ ਕਸਰ ਨਹੀਂ ਸੀ ਛੱਡੀ ਸੀ। ਇਸ ਦੀ ਗਵਾਹੀ ਗੁਰਦੇਵ ਗਰੇਵਾਲ ਨੇ ਆਪਣੀ ਕਿਤਾਬ 'ਦਿ ਸਰਚਿੰਗ ਆਈ' ਦੇ ਕਾਂਡ 'ਏ ਡੀਵਾਈਨ ਇੰਟਰਵੈਨਸ਼ਨ' ਵਿਚ ਪਾਈ ਹੋਈ ਹੈ। ਇਹੀ ਗੱਲ ਸੀਨੀਅਰ ਪੱਤਰਕਾਰ ਸਤਿੰਦਰਾ ਸਿੰਘ ਤੋਂ ਮੂੰਹੋਂ ਵੀ ਉਨ੍ਹਾਂ ਨੇ ਸੁਣੀ ਹੋਈ ਸੀ। ਸਤਿੰਦਰਾ ਸਿੰਘ ਦਾ ਕਹਿਣਾ ਸੀ ਕਿ ਇੰਦਰਾ ਗਾਂਧੀ ਨੇ ਪੰਜਾਬ ਅਤੇ ਖੁਦ ਆਪਣੇ 'ਦੁਖਾਂਤ' ਦੀ ਸਕ੍ਰਿਪਟ ਤਾਂ ਉਸ ਸਮੇਂ ਹੀ ਲਿਖ ਲਈ ਸੀ ਜਦੋਂ ਗਿਆਨੀ ਜ਼ੈਲ ਸਿੰਘ ਵਰਗੇ 'ਰਾਜਨੀਤਕ ਬੰਦੇ' ਨੂੰ ਗ੍ਰਹਿ ਮੰਤਰੀ ਵਰਗਾ ਅਹਿਮ ਅਤੇ ਨਾਜ਼ੁਕ ਮੰਤਰਾਲਾ ਸੰਭਾਲ ਦਿੱਤਾ ਸੀ!

ਅੱਜ ਜਦੋਂ 20 ਵਰ੍ਹੇ ਪਿਛੋਂ ਉਮਰਾਨੰਗਲ ਨਾਲ ਹੋਈਆਂ ਗੱਲਾਂ ਨੂੰ ਅਕਾਲੀਆਂ ਦੀ 'ਪਾਵਰ ਪਾਲਿਟਿਕਸ' ਦੇ ਸਿੱਟਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਅਸੀਂ ਚਿਤਾਰ ਰਹੇ ਹਾਂ ਤਾਂ ਦਲਬੀਰ ਸਿੰਘ ਦੇ ਲੇਖ 'ਅਜੋਕੇ ਪੰਥਕ ਸੰਕਟ ਦਾ ਹੱਲ: ਪੰਜ ਪਿਆਰੇ ਸਾਂਭਣ ਕਮਾਂਡ' ਵਿਚੋਂ ਉਨ੍ਹਾਂ ਦੀਆਂ ਕੁਝ ਨੇਕ ਸਲਾਹਾਂ ਸਾਂਝੀਆਂ ਕਰਨ 'ਤੇ ਮਨ ਕਰ ਆਇਆ ਹੈ। ਉਹ ਦੱਸ ਰਹੇ ਹਨ: "ਸਿੱਖੀ ਵਿਚਾਰਧਾਰਾ ਪੰਜਾਬ ਵਿਚ ਜੰਮੀ... ਧਰਤੀ ਦੀ ਸਮੁੱਚੀ ਲੋਕਾਈ ਦੇ ਦੁੱਖਾਂ ਨੂੰ ਮੇਟਣ ਯੋਗ, ਪਰ ਅੱਜ ਉਹ ਆਪਣੇ ਹੀ ਘਰੇ ਕਾਤਲਾਂ, ਮੂਰਖਾਂ, ਪਾਪੀਆਂ ਅਤੇ ਦੁਸ਼ਟਾਂ ਦੇ ਢਹੇ ਚੜ੍ਹੀ ਹੋਈ ਹੈ। ਸਾਡੀ ਰਾਏ ਵਿਚ ਅੱਜ ਇਸ ਦੀ ਤੰਦਰੁਸਤੀ ਅਸਲ ਵਿਚ ਕੇਵਲ ਪੰਜ ਪਿਆਰੇ ਹੀ ਕਰਨ ਦੇ ਅਸਲ ਯੋਗ ਪੁਰਖ ਹਨ।... ਭਾਰਤ ਦੇ ਅਜੋਕੇ ਰਾਜਨੀਤਿਕ ਬ੍ਰਾਹਮਣੀ ਅਤੇ ਬਾਣੀਆਵਾਦੀ ਰੂਪ ਵਿਚ ਕਾਂਗਰਸੀ ਅਤੇ ਭਾਜਪਾਈ ਹੁੰਦੇ ਹੋਏ ਗੁਰਬਾਣੀ ਦੇ ਉਪਰੋਕਤ ਗੁਣਾਂ ਨੂੰ ਸਹਿਜ ਕਰਨ ਲਈ ਤਿਆਰ ਨਹੀਂ। (ਉਨ੍ਹਾਂ ਮੁਤਾਬਿਕ) ਇਸ ਲੜੀ ਦੇ ਅਜੋਕੇ ਮੁੱਖ ਦੋਸ਼ੀ ਹਨ: ਬਾਦਲ ਕੇ, ਅਮਰਿੰਦਰ ਕੇ, ਖਾਲਿਸਤਾਨੀ ਮਾਨ ਕੇ, ਜਿਸ ਦੀ ਖਾਲਿਸਤਾਨੀ ਪਹੁੰਚ ਗੁਰਬਾਣੀ ਦੀ ਦੁਸ਼ਮਣ ਹੈ, ਗੁਰਧਾਮਾਂ 'ਚ ਕਰਾਮਾਤਾਂ ਨੂੰ ਮੰਨਣ ਵਾਲੇ ਪੁਜਾਰੀ, ਗੋਲਕਾਂ ਲੁੱਟਣ ਵਾਲੇ ਹਰਚਰਨ ਕੇ ਆਦਿ।" ਇਸ ਬਾਰੇ ਫ਼ੈਸਲਾ ਹੁਣ ਪਾਠਕ ਖੁਦ ਹੀ ਕਰਨ!

ਜਥੇਦਾਰ ਉਮਰਾਨੰਗਲ ਨਾਲ 1993-94 'ਚ ਹੋਈਆਂ ਇਨ੍ਹਾਂ ਖੁੱਲ੍ਹੀਆਂ ਗੱਲਾਂ ਨੂੰ ਜਦੋਂ ਅਸੀਂ ਗੁਰਮੀਤ ਸਿੰਘ ਪਿੰਕੀ ਦੀਆਂ 'ਚਿੰਘਾੜਾਂ' ਦੇ ਅਰਥਾਂ ਦੀ 'ਰਾਜਨੀਤੀ' ਨੂੰ ਸਮਝਣ ਦਾ ਯਤਨ ਕਰ ਰਹੇ ਹਾਂ ਤਾਂ ਸਨਦ ਵਜੋਂ ਭਾਅ ਜੀ ਕਰਮਜੀਤ ਸਿੰਘ ਤੋਂ ਵੀ ਉਚੇਰੇ ਥਾਂ ਖੜ੍ਹੇ ਇੱਕ ਹੋਰ ਵੱਡੇ ਭਾਈ ਡਾ. ਬਲਕਾਰ ਸਿੰਘ ਦੀ 'ਪੰਜਾਬ ਦਾ ਬਾਬਾ ਬੋਹੜ: ਗੁਰਚਰਨ ਸਿੰਘ ਟੌਹੜਾ' ਸਿਰਲੇਖ ਹੇਠਲੀ ਜਥੇਦਾਰ ਟੌਹੜਾ ਦੀ ਜੀਵਨੀ ਦੇ ਪੰਨਾ 88 'ਤੇ ਅੰਕਿਤ ਬਜ਼ੁਰਗ ਆਗੂ ਦੀ ਸ਼ਖਸੀਅਤ ਅਤੇ ਤਰਜ਼-ਏ-ਰਾਜਨੀਤੀ ਬਾਰੇ ਕੁਝ ਸਤਰਾਂ ਆਪ ਮੁਹਾਰੇ ਹੀ ਜ਼ਿਹਨ 'ਚ ਉਭਰ ਆਈਆਂ ਹਨ: "ਜਥੇਦਾਰ ਟੌਹੜਾ ਅਕਾਲੀਆਂ ਦੀ ਸਾਡੇ ਸਮਿਆਂ ਦੀ ਮਹਾਂਭਾਰਤ ਦੇ ਭੀਸ਼ਮ ਪਿਤਾਮਾ ਸਨ। ਇਸੇ ਲਈ ਉਹ ਵਾਪਰ ਰਹੇ ਦੁਖਾਂਤ ਦੇ ਮੂਕ ਦਰਸ਼ਕ ਨਹੀਂ ਸਨ। ਉਨ੍ਹਾਂ ਨੂੰ ਆਪਣੀ ਸਿਆਸੀ ਹੋਣੀ ਬਾਰੇ ਵੀ ਕੋਈ ਭੁਲੇਖਾ ਨਹੀਂ ਸੀ। ਆਪਣਿਆਂ ਦੇ ਤੀਰਾਂ ਨਾਲ ਵਿੰਨ੍ਹੇ ਹੋਏ ਉਹ ਆਪਣਾ ਦਰਦ ਆਮ ਸਿੱਖਾਂ ਨਾਲ ਉਨਾ ਵੰਡ ਨਹੀਂ ਰਹੇ ਸਨ ਜਿੰਨਾ ਹੰਢਾਅ ਰਹੇ ਸਨ। ਜਥੇਦਾਰ ਟੌਹੜਾ ਦੀ ਇੱਕਲਿਆਂ ਰਹਿ ਜਾਣ ਦੀ ਸਿਆਸੀ ਹੋਣੀ ਉਨ੍ਹਾਂ ਦੀ ਪੰਥਕ ਮਾਨਸਿਕਤਾ ਨਾਲ ਜੁੜੀ ਹੋਈ ਸੀ।"

ਪੰਨਾ 56 'ਤੇ ਲਿਖਦੇ ਹਨ: "ਵਰਤਮਾਨ ਅਕਾਲੀ ਸਿਆਸਤ ਵਿਚ ਟੌਹੜਾ ਦੀ ਬਜ਼ੁਰਗੀ ਦਾ ਕੋਈ ਸ਼ਰੀਕ ਹੀ ਨਹੀਂ ਸੀ। (ਅਖੇ) ਉਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਵਾਲੀ ਸਿਆਸੀ ਚੇਤਨਾ ਅਤੇ ਗਿਆਨੀ ਕਰਤਾਰ ਸਿੰਘ ਵਾਲੀ ਸਿਆਸੀ ਮਲੰਗੀ ਇਕੱਠੀਆਂ ਹੋ ਗਈਆਂ ਸਨ। ਉਹ ਸਿਆਸਤ ਦੇ ਸੰਘਣੇ ਜੰਗਲ ਵਿਚ ਸ਼ੇਰ ਵਾਂਗ ਵਿਚਰਦੇ ਸਨ ਅਤੇ ਵਿਰੋਧੀਆਂ ਦਾ ਭੈਅ ਉਨ੍ਹਾਂ ਦੇ ਨੇੜੇ ਨਹੀਂ ਫਟਕਦਾ ਸੀ।" ਪੰਨਾ 55 'ਤੇ ਇਸੇ ਤਰ੍ਹਾਂ ਉਹ ਦੱਸਦੇ ਹਨ: "ਗੁਰੂ ਦੇ ਇਸ ਲਾਡਲੇ ਪੁੱਤਰ ਨੂੰ ਨੇੜਿਓਂ ਦੇਖਿਆਂ ਯਕੀਨ ਆ ਜਾਂਦਾ ਸੀ ਕਿ 'ਪੰਥ ਵਸੇ ਮੈਂ ਉਜੜਾਂ ਮਨ ਚਾਓ ਘਨੇਰਾ' ਦੀ ਖ਼ਾਲਸਾ ਰੀਤ ਹੀ ਉਨ੍ਹਾਂ ਦੀ ਮੰਜ਼ਿਲ ਸੀ।"

ਪੁਸਤਕ ਦੇ ਮੁੱਖ ਬੰਦ ਵਿਚ ਦਰਜ ਹੈ: "ਅਤਿਵਾਦੀ ਦੌਰ ਬਾਰੇ ਉਨ੍ਹਾਂ ਦੀ ਸੁਹਿਰਦ ਅਤੇ ਸਪਸ਼ਟ ਰਾਏ ਸੀ: 'ਸਭ ਪੰਜਾਬ ਦਾ ਹੀ ਨੁਕਸਾਨ ਸੀ। ਪੁਲਿਸ ਦੇ ਮੁੰਡੇ ਵੀ ਤਾਂ ਸਾਡੇ ਆਪਣੇ ਮੁੰਡੇ ਸਨ। ਸਭ ਪਾਸੇ ਪੰਜਾਬ ਦੇ ਲੋਕਾਂ ਦਾ ਹੀ ਘਾਣ ਹੋ ਰਿਹਾ ਸੀ। ਸੰਤ ਲੌਂਗੋਵਾਲ ਸਾਡੇ ਸਨ। ਉਨ੍ਹਾਂ ਨੂੰ ਮਾਰਨ ਵਾਲੇ ਮੁੰਡੇ ਵੀ ਸਾਡੇ ਸਨ। ਅਕਾਲੀ ਦੋਵਾਂ ਦੇ ਭੋਗਾਂ ਉਤੇ ਗਏ'। ਇਹ ਪੱਧਰ ਪ੍ਰੋ. ਪੂਰਨ ਸਿੰਘ ਦੇ ਬੋਲਾਂ 'ਆ ਭੈਣ ਹੀਰੇ, ਆ ਵੀਰ ਰਾਂਝਿਆ' ਦੇ ਹਾਣ ਦਾ ਹੈ ਅਤੇ ਇਸ ਨੂੰ ਇਸੇ ਮੁਤਾਬਿਕ ਸਮਝਿਆ ਜਾਣਾ ਚਾਹੀਦਾ ਹੈ।"

ਅਕਾਲੀ ਦਲ ਦੀ 'ਪਾਵਰ ਪਾਲਿਟਿਕਸ' ਵਿਚ ਜੱਥੇਦਾਰ ਟੌਹੜਾ ਦੀ ਭੂਮਿਕਾ ਅਤੇ ਸਭ ਕਾਸੇ ਵਿਚ 'ਮਸੂਮੀਅਤ' ਦੇ ਉਨ੍ਹਾਂ ਦੇ ਦਾਅਵੇ ਬਾਰੇ ਮੁੱਖ ਬੰਦ ਵਿਚ ਹੀ ਡਾ. ਬਲਕਾਰ ਸਿੰਘ ਦਾ ਇੰਤਕਾਦ ਵੇਖੋ: "(ਅਖੇ) ਪੰਥਕ ਲਗਾਅ ਦੇ ਨਾਲ-ਨਾਲ ਅਕਾਲੀ ਦਲ ਨੂੰ ਅਪੰਥਕਤਾ ਤੋਂ ਬਚਾਓਣ ਦੇ ਬਿਰਦ ਦੀ ਪਾਲਣਾ ਜਿਵੇਂ ਉਨ੍ਹਾਂ ਨੇ ਜੀਅ-ਜਾਨ ਨਾਲ ਕਰਨ ਦੀ ਕੋਸ਼ਿਸ਼ ਕੀਤੀ, ਉਸ ਦੀ ਕੀਮਤ ਉਨ੍ਹਾਂ ਨੂੰ 1998 ਵਿਚ ਮਰਨ ਵੇਲੇ ਤੱਕ ਲਗਾਤਾਰ ਤਾਰਨੀ ਪਈ ਸੀ। (ਅਖੇ) ਹਾਲਾਂਕਿ ਉਹ ਕਹਿੰਦੇ ਰਹੇ ਸਨ, 'ਅਕਾਲੀ ਦਲ ਦੀ ਪ੍ਰਧਾਨਗੀ ਅਤੇ ਮੁੱਖ ਮੰਤਰੀ ਦਾ ਅਹੁਦਾ ਦੋ ਬਿਲਕੁਲ ਅੱਡੋ-ਅੱਡਰੀਆਂ ਜ਼ਿੰਮੇਵਾਰੀਆਂ ਹਨ। ਮੁੱਖ ਮੰਤਰੀ ਹੋਰ ਸਹੁੰ ਚੁੱਕਦਾ ਹੈ, ਅਕਾਲੀ ਦਲ ਦਾ ਪ੍ਰਧਾਨ ਹੋਰ।... ਮੈਂ ਬਾਦਲ ਨੂੰ ਸਿਰਫ ਇੰਨਾ ਹੀ ਕਿਹਾ ਸੀ ਕਿ ਚਾਹੇ ਉਹ ਆਪਣੇ ਕਿਸੇ ਖਾਸ ਵਿਸ਼ਵਾਸ-ਪਾਤਰ ਨੂੰ ਹੀ ਇਹ ਅਹੁਦਾ ਦੇਣ, ਪਰ ਉਹ ਸਰਕਾਰ ਚਲਾਉਣ ਦੀਆਂ ਮਜਬੂਰੀਆਂ ਦੇ ਵਸ ਪੈ ਕੇ ਅਕਾਲੀ ਦਲ ਦੇ ਪ੍ਰੋਗਰਾਮਾਂ ਅਤੇ ਜ਼ਿੰਮੇਵਾਰੀਆਂ ਨੂੰ ਅਣਡਿੱਠ ਨਾ ਕਰਨ। ਸਰਕਾਰ ਵਿਚ ਰਹਿ ਕੇ ਸਾਨੂੰ ਅਕਾਲੀ ਦਲ ਦੇ ਬਹੁਤ ਸਾਰੇ ਸਿਧਾਂਤਾਂ ਤੇ ਪ੍ਰੋਗਰਾਮਾਂ ਨਾਲ ਸਮਝੌਤੇ ਕਰਨੇ ਪੈ ਰਹੇ ਹਨ, ਜਿਨ੍ਹਾਂ ਕਰ ਕੇ ਅਕਾਲੀ ਦਲ ਦਾ ਅਕਸ ਖਰਾਬ ਹੋ ਰਿਹਾ ਹੈ। ਅਜਿਹੀ ਚਿੰਤਾ ਵਿਚ ਹੀ ਮੈਂ ਬਾਦਲ ਸਾਹਿਬ ਨੂੰ ਸਲਾਹ ਦਿੱਤੀ ਸੀ, ਕੋਈ ਅਸਤੀਫਾ ਮੰਗਣ ਵਾਲੀ ਗੱਲ ਨਹੀਂ ਕੀਤੀ ਸੀ'।"

ਹੁਣ ਸਵਾਲ ਹੈ ਕਿ ਆਦਮ ਪੁਰ ਜ਼ਿਮਨੀ ਚੋਣ 'ਚ ਥੋੜ੍ਹੀਆਂ ਜਿਹੀਆਂ ਵੋਟਾਂ 'ਤੇ ਅਕਾਲੀ ਉਮੀਦਵਾਰ ਦੀ ਹਾਰ; ਭਰਪੂਰ ਸਿੰਘ ਬਲਬੀਰ ਦੀ ਤਰਜ਼-ਏ-ਪੱਤਰਕਾਰੀ; ਟੌਹੜਾ ਤੇ ਬਾਦਲ ਦੀ ਅੰਦਰੇ-ਅੰਦਰ ਦਹਾਕਿਆਂ ਤੋਂ ਚਲੀ ਆ ਰਹੀ ਰਾਜਸੀ ਸ਼ਰੀਕੇਬਾਜ਼ੀ; 'ਅਜੀਤ' ਦੇ ਸੰਪਾਦਕ ਬਰਜਿੰਦਰ ਸਿੰਘ ਦਾ ਉਨ੍ਹਾਂ ਦਿਨਾਂ ਦਾ ਬਾਦਲ ਨਾਲ ਨੇੜਲਾ ਰਿਸ਼ਤਾ; ਪਟਿਆਲੇ ਜ਼ਿਲ੍ਹੇ ਦੀ ਸਥਾਨਕ ਅਕਾਲੀ ਸਿਆਸਤ ਵਿਚ ਕੈਪਟਨ ਕੰਵਲਜੀਤ ਸਿੰਘ ਤੇ ਜਥੇਦਾਰ ਟੌਹੜਾ ਦੀ ਰੱਸਾਕਸ਼ੀ; ਸੁਖਬੀਰ ਸਿੰਘ ਬਾਦਲ ਤੇ ਉਸ ਦੀ ਮਾਤਾ ਦਾ ਜਥੇਦਾਰ ਟੌਹੜਾ ਨਾਲ ਸਾੜਾ; ਅਨੇਕਾਂ ਹੀ ਫੈਕਟਰ ਸਨ, ਜਿਹੜੇ ਗੌਲਣੇ ਬਣਦੇ ਹਨ।

***(ਚਲਦਾ)***

ਕਹਾਣੀ


# ਬੇਗ਼ਮ

***'ਬੇਗ਼ਮ' ਇਕੱਲੀ ਨੂਰੀ ਜਾਂ ਉਸ ਦੇ ਪਰਿਵਾਰ ਦੀ ਕਹਾਣੀ ਨਹੀਂ, ਕਹਾਣੀਕਾਰ ਐਸ. ਸਾਕੀ ਨੇ ਇਸ ਕਹਾਣੀ ਦਾ ਬਿਰਤਾਂਤ ਘਟਨਾਵਾਂ, ਸਮੇਂ ਤੇ ਸਥਾਨ ਦੇ ਪ੍ਰਸੰਗ ਇਸ ਤਰ੍ਹਾਂ ਬੀੜਿਆ ਹੈ ਕਿ ਇਹ ਭਾਰਤ ਦੀ ਆਜ਼ਾਦੀ ਤੋਂ ਬਾਅਦ ਦਸਤਕਾਰਾਂ ਦੀ ਹੋਣੀ ਦੀ ਕਹਾਣੀ ਹੋ ਨਿਬੜਦੀ ਹੈ। ਆਲੇ-ਦੁਆਲੇ ਤਬਦੀਲੀ ਹੋ ਰਹੀ ਹੈ ਅਤੇ ਦਿਸ ਵੀ ਰਹੀ ਹੈ, ਪਰ ਨੂਰੀ ਅਤੇ ਉਸ ਦੇ ਪਰਿਵਾਰ ਲਈ ਇਹ ਤਬਦੀਲੀ ਉਲਟੇ ਦਾਅ ਹੋ ਰਹੀ ਹੈ। ਲੇਖਕ ਨੇ ਇਸ ਕਹਾਣੀ ਵਿਚ ਵੱਡੀ ਗੱਲ ਬੜੇ ਸਾਧਾਰਨ ਜਿਹੇ ਸ਼ਬਦਾਂ ਵਿਚ ਆਖ ਸੁਣਾਈ ਹੈ। -ਸੰਪਾਦਕ***

ਨੂਰੀ ਦਾ ਨਿਕਾਹ ਨਹੀਂ ਸੀ ਹੁੰਦਾ। ਖਾਸੀ ਉਮਰ ਹੋ ਗਈ ਸੀ। ਅਠਾਈ ਪਾਰ ਕਰ ਗਈ ਸੀ ਉਹ। ਉਸ ਦੀਆਂ ਸਹੇਲੀਆਂ ਵਿਚੋਂ ਹੁਣ ਤਾਂ ਕੋਈ ਵੀ ਬਾਕੀ ਨਹੀਂ ਸੀ ਬਚੀ। ਜ਼ੁਬੈਦਾ, ਹਮੀਸਾ, ਪਰਵੀਨ, ਗੁਲਬਾਨੋ ਸਾਰੀਆਂ ਹੀ ਆਪੋ-ਆਪਣੇ ਸਹੁਰੇ ਘਰ ਟੁਰ ਗਈਆਂ ਸਨ, ਵਿਆਹ ਕਰਵਾ ਕੇ। ਨੂਰੀ ਨੂੰ ਧੱਕਾ ਤਾਂ ਉਦੋਂ ਲੱਗਾ ਜਦੋਂ ਉਸ ਦੀ ਹਮਉਮਰ ਸਹੇਲੀ ਜ਼ੋਹਰਾ ਵੀ ਉਸ ਨੂੰ ਇਕੱਲੀ ਛੱਡ ਗਈ, ਜਿਸ ਦਾ ਦੋ ਮਹੀਨੇ ਪਹਿਲਾਂ ਜ਼ਫਰ ਨਾਲ ਮੌਲਵੀ ਨੇ ਨਿਕਾਹ ਪੜ੍ਹਵਾ ਦਿੱਤਾ ਸੀ।

ਜਦੋਂ ਵੀ ਮੁਹੱਲੇ ਵਿਚ ਜਾਂ ਮੁਹੱਲੇ ਤੋਂ ਦੂਰ ਰਿਸ਼ਤੇਦਾਰੀ ਵਿਚ ਕਿਸੇ ਵੀ ਕੁੜੀ ਦਾ ਨਿਕਾਹ ਹੁੰਦਾ ਤਾਂ ਉਨ੍ਹਾਂ ਘਰ ਸੱਦਾ ਪੱਤਰ ਜ਼ਰੂਰ ਆਉਂਦਾ ਸੀ। ਨੂਰੀ ਆਪਣੀ ਅੰਮੀ ਨਾਲ ਹਮੇਸ਼ਾਂ ਉਥੇ ਜਾਂਦੀ। ਨੂਰੀ ਨਵੇਂ ਕੱਪੜਿਆਂ ਵਿਚ ਸਜੀਆਂ ਕੁੜੀਆਂ ਤੇ ਔਰਤਾਂ ਨੂੰ ਵੇਖਦੀ। ਆਪਣੀ ਤੁਲਨਾ ਨਿਕਾਹ ਹੋਣ ਵਾਲੀ ਕੁੜੀ ਨਾਲ ਕਰਦੀ। ਉਸ ਤੋਂ ਵੱਧ ਕੇ ਸੋਹਣੀ ਸੀ ਉਹ...।

ਵਿਆਹੀ ਜਾਣ ਵਾਲੀ ਨੂੰ ਵੇਖ ਉਹ ਜਿਵੇਂ ਆਪਣੇ ਆਪ ਨੂੰ ਕਹਿੰਦੀ, "ਮੇਰਾ ਵਿਆਹ ਕਿਉਂ ਨਹੀਂ ਹੁੰਦਾ? ਮੈਂ ਹਰ ਵਾਰੀ ਨੂਰੀ ਬਣੀ ਰਹਿ ਜਾਂਦੀ ਹਾਂ। ਨਿਕਾਹ ਕਰਵਾ ਕੇ ਨੂਰੀ ਬੇਗ਼ਮ ਕਿਉਂ ਨਹੀਂ ਬਣ ਜਾਂਦੀ?" ਕਈ ਸਵਾਲ ਆਉਂਦੇ ਉਹਦੇ ਮਨ ਵਿਚ, ਪਰ ਉਸ ਨੂੰ ਉਨ੍ਹਾਂ ਦਾ ਕੋਈ ਠੀਕ ਜਵਾਬ ਨਾ ਲੱਭਦਾ।



**ਐਸ. ਸਾਕੀ**

ਵਿਆਹ ਵਿਚ ਆਈਆਂ ਔਰਤਾਂ ਉਸ ਦੀ ਮਾਂ ਨੂੰ ਜ਼ਰੂਰ ਪੁੱਛ ਲੈਂਦੀਆਂ ਸਨ, "ਨੂਰੀ ਦੀ ਅੰਮੀ, ਤੂੰ ਬੇਟੀ ਨੂੰ ਵਿਆਹ ਦਾ ਜੋੜਾ ਕਦੋਂ ਪਹਿਨਾਵੇਂਗੀ? ਕਦੋਂ ਜਾਵੇਗੀ ਉਹ ਆਪਣੇ ਸਹੁਰੇ ਘਰ?" ਅਜਿਹੇ ਸਵਾਲਾਂ ਦਾ ਉਹਦੀ ਅੰਮੀ ਰੇਸ਼ਮਾ ਨੂੰ ਜਵਾਬ ਦੇਣਾ ਬਹੁਤ ਔਖਾ ਲੱਗਦਾ। ਉਹ ਉਨ੍ਹਾਂ ਔਰਤਾਂ ਵੱਲ ਵੇਖਦੀ ਹੋਈ ਕਹਿੰਦੀ, "ਮੈਂ ਤਾਂ ਨਿਕਾਹ ਕਰ ਦੇਵਾਂ ਇੰਸ਼ਾ ਅੱਲਾ। ਮੁੰਡੇ ਵੀ ਬਹੁਤੇਰੇ ਫਿਰਦੇ ਨੇ ਸਾਡੇ ਪਿੱਛੇ। ਕਿੰਨੇ ਹੀ ਰਿਸ਼ਤੇ ਆਉਂਦੇ ਨੇ ਸਾਡੀ ਨੂਰੀ ਨੂੰ। ਕਾਹਦੀ ਕਮੀ ਹੈ ਇਸ ਵਿਚ ਕਿ ਪੁੱਛ ਨਾ ਪਵੇ, ਪਰ ਚੱਜ ਦਾ ਮੁੰਡਾ ਤਾਂ ਮਿਲੇ। ਜਿਹੜੇ ਮਿਲਦੇ ਨੇ ਬਸ ਐਵੇਂ ਹੀ...ਸਾਡੀ ਨੂਰੀ ਨੇੜੇ ਤਾਂ ਖੜੋਣ ਜੋਗਾ ਵੀ ਨਹੀਂ ਕੋਈ...।"

ਨੂਰੀ ਦੀ ਅੰਮੀ ਝੂਠ ਬੋਲਦੀ। ਸ਼ਾਇਦ ਰੇਸ਼ਮਾ ਦੀ ਇਹ ਸਾਰੀ ਗੱਲ ਠੀਕ ਨਹੀਂ ਸੀ। ਜਦੋਂ ਨੂਰੀ ਅਠਾਰਵੇਂ ਵਿਚ ਲੱਗੀ ਸੀ, ਰੇਸ਼ਮਾ ਨੇ ਤਾਂ ਤਦੇ ਹੀ ਉਸ ਦੇ ਨਿਕਾਹ ਬਾਰੇ ਆਪਣੇ ਪਤੀ ਖ਼ਾਲਿਦ ਨਾਲ ਗੱਲ ਵੀ ਕੀਤੀ ਸੀ, ਪਰ ਉਸ ਨੇ ਰੇਸ਼ਮਾ ਨੂੰ 'ਅਜੇ ਛੋਟੀ ਹੈ' ਕਹਿ ਕੇ ਗੱਲ ਟਾਲ ਦਿੱਤੀ ਸੀ, ਜਦੋਂਕਿ ਗੱਲ ਇਹ ਨਹੀਂ ਸੀ। ਜਦੋਂ ਵੀ ਉਥੇ ਵਿਆਹ ਹੁੰਦੇ ਸਨ ਤਾਂ ਧੀਆਂ ਵਾਲਿਆਂ ਸਾਹਮਣੇ ਮੁੰਡੇ ਵਾਲੇ ਅਕਸਰ ਆਪਣੀ ਮੰਗ ਪਹਿਲਾਂ ਹੀ ਰੱਖ ਦਿੰਦੇ ਸਨ ਜਿਹੜੀ ਨਿਕਾਹ ਤੋਂ ਪਹਿਲਾਂ ਦੇਣੀ ਹੁੰਦੀ ਸੀ।

ਖ਼ਾਲਿਦ ਸਾਹਮਣੇ ਵੀ ਇਹੋ ਅੜਚਣ ਸੀ। ਉਸ ਨੇ ਇਸ ਤੋਂ ਪਹਿਲਾਂ ਆਪਣੀ ਵੱਡੀ ਧੀ ਨਫ਼ੀਸਾ ਦਾ ਵਿਆਹ ਕੀਤਾ ਸੀ। ਤਦ ਉਸ ਨੇ ਵਿਆਹ ਲਈ ਵਿਆਜੂ ਪੈਸੇ ਫੜੇ ਸਨ ਜਿਹੜੇ ਹੁਣ ਤਕ ਉਸੇ ਤਰ੍ਹਾਂ ਸਿਰ 'ਤੇ ਖਲੋਤੇ ਸਨ। ਹਰ ਵਰ੍ਹੇ ਉਸ ਦਾ ਵਿਆਜ ਹੀ ਮੋੜ ਪਾਉਂਦਾ ਸੀ ਉਹ। ਰਕਮ ਉਸ ਕੋਲੋਂ ਨਹੀਂ ਉਤਰਦੀ ਸੀ।

ਖ਼ਾਲਿਦ ਪੇਸ਼ੇ ਵੱਲੋਂ ਬੁਣਕਰ ਸੀ। ਉਹ ਸ਼ੁਰੂ ਤੋਂ ਇਸ ਖਾਨਦਾਨੀ ਪੇਸ਼ੇ ਵਿਚ ਸੀ। ਪੀੜ੍ਹੀਆਂ ਤੋਂ ਉਹ ਲੋਕ ਕਾਲੀਨ ਬੁਣਨ ਦਾ ਕੰਮ ਕਰਦੇ ਆ ਰਹੇ ਸਨ। ਖ਼ਾਲਿਦ ਜਿਹੇ ਕਾਰੀਗਰ ਤਾਂ ਸਾਰੇ ਕਸ਼ਮੀਰ ਵਿਚ ਇੱਕ ਦੋ ਹੀ ਸਨ।

ਖ਼ਾਲਿਦ ਨੇ ਵੱਡਾ ਚੰਗਾ ਵਕਤ ਵੇਖਿਆ ਸੀ ਜਦੋਂ ਸੱਤ ਅੱਠ ਵਰ੍ਹਿਆਂ ਦੀ ਉਮਰ ਵਿਚ ਉਹ ਆਪਣੇ ਅੱਬਾ ਨਾਲ ਇਸ ਪੇਸ਼ੇ ਵਿਚ ਪੈ ਗਿਆ ਸੀ। ਉਦੋਂ ਦਿਨ ਬਹੁਤ ਵਧੀਆ ਸਨ। ਮਸ਼ੀਨੀ ਯੁੱਗ ਸ਼ੁਰੂ ਨਹੀਂ ਸੀ ਹੋਇਆ। ਕਾਲੀਨ ਤਿਆਰ ਕਰਨ ਲਈ ਸੂਤ ਦਾ ਤਾਣਾ ਬੁਣਿਆ ਜਾਂਦਾ। ਇੱਕ-ਇੱਕ ਗੰਢ ਮਾਰ ਕੇ ਫਿਰ ਉਹ ਕਾਲੀਨ ਬੁਣਨ ਲੱਗਦੇ। ਇਸ ਕੰਮ ਵਿਚ ਸਾਰਾ ਟੱਬਰ ਹੀ ਲੱਗ ਜਾਂਦਾ, ਕੀ ਵੱਡੇ ਤੇ ਕੀ ਛੋਟੇ, ਸਾਰੇ ਹੀ। ਛੋਟੀ ਤੋਂ ਛੋਟੀ ਗੰਢ ਮਾਰੀ ਜਾਂਦੀ। ਅਖੀਰ ਇੰਨਾ ਖ਼ੂਬਸੂਰਤ ਕਾਲੀਨ ਬਣਦਾ ਕਿ ਘਰ ਦਾ ਮੋਢੀ ਕਿੰਨਾ-ਕਿੰਨਾ ਚਿਰ ਉਸ ਵੱਲ ਇਸ ਤਰ੍ਹਾਂ ਵੇਖਦਾ ਰਹਿੰਦਾ ਜਿਵੇਂ ਕਾਲੀਨ ਨਾ ਹੋ ਕੇ ਉਸ ਦਾ ਜਾਇਆ ਹੋਵੇ।

ਜੇ ਵਰ੍ਹੇ ਵਿਚ ਇੱਕ ਕਾਲੀਨ ਤਿਆਰ ਹੁੰਦਾ ਤਾਂ ਉਸ ਨੂੰ ਖ਼ਰੀਦਣ ਵਾਲੇ ਰਾਜੇ ਤੋਂ ਇਲਾਵਾ ਹੋਰ ਬਹੁਤ ਸਾਰੇ ਅਮੀਰ ਲੋਕ ਹੁੰਦੇ, ਜਿਹੜੇ ਉਸ ਦੀ ਮੂੰਹ ਮੰਗੀ ਕੀਮਤ ਦੇ ਦਿੰਦੇ ਸਨ। ਜਿਸ ਨਾਲ ਘਰ ਦਾ ਇੱਕ ਸਾਲ ਦਾ ਖ਼ਰਚਾ ਟੁਰਦਾ ਰਹਿੰਦਾ ਸੀ। ਕਦੇ ਵੀ ਉਨ੍ਹਾਂ ਨੂੰ ਤੰਗੀ ਦਾ ਮੂੰਹ ਨਹੀਂ ਸੀ ਵੇਖਣਾ ਪੈਂਦਾ। ਇਹ ਸਾਰਾ ਕੁਝ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਤੋਂ ਚੱਲਿਆ ਆ ਰਿਹਾ ਸੀ।

ਵਕਤ ਬਦਲਿਆ। ਦੇਸ਼ ਨੂੰ ਆਜ਼ਾਦੀ ਮਿਲੀ, ਅੰਗਰੇਜ਼ ਚਲੇ ਗਏ, ਰਾਜਿਆਂ ਦੇ ਰਾਜ ਖ਼ਤਮ ਹੋ ਗਏ। ਪੱਛਮੀ ਸਭਿਅਤਾ ਹੌਲੀ-ਹੌਲੀ ਮੁਲਕ ਵਿਚ ਪਸਰਨ ਲੱਗੀ। ਲੋਕਾਂ ਦੇ ਸ਼ੌਕ ਵਿਚ ਪਰਿਵਰਤਨ ਆ ਗਿਆ। ਘਰ ਦੀ ਸਜਾਵਟ ਤਾਂ ਹੁੰਦੀ, ਪਰ ਉਸ ਲਈ ਜਿਹੜਾ ਕਾਲੀਨ ਸਾਰਾ ਟੱਬਰ ਇੱਕ ਵਰ੍ਹੇ ਵਿਚ ਲੱਗ ਕੇ ਤਿਆਰ ਕਰਦਾ ਸੀ, ਮਸ਼ੀਨ ਅਜਿਹੇ ਕਈ ਇੱਕ ਦਿਨ ਵਿਚ ਬੁਣ ਦਿੰਦੀ।

ਘਰਾਂ ਵਿਚ ਕਾਲੀਨ ਹੁਣ ਵੀ ਵਿਛਾਏ ਜਾਂਦੇ ਸਨ, ਪਰ ਬੁਣਕਰਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਕੋਈ ਨਾ ਦਿੰਦਾ। ਮੁਨਾਫ਼ਾ ਕਾਰੀਗਰਾਂ ਦੇ ਹੱਥਾਂ 'ਚੋਂ ਨਿਕਲ ਉਨ੍ਹਾਂ ਲੋਕਾਂ ਕੋਲ ਚਲਾ ਗਿਆ ਜਿਹੜੇ ਪਹਿਲਾਂ ਤੋਂ ਹੀ ਪੈਸੇ ਵਾਲੇ ਸਨ। ਜਿਹੜੇ ਕਾਲੀਨ ਬੁਣਨ ਲਈ ਕਾਰੀਗਰਾਂ ਨੂੰ ਮਾਲ ਦਿੰਦੇ ਸਨ। ਉਧਾਰ ਦਿੱਤੇ ਮਾਲ 'ਤੇ ਵਿਆਜ ਲਾਉਂਦੇ ਸਨ। ਤਿਆਰ ਕੀਤੇ ਕਾਲੀਨ ਨੂੰ ਸਸਤਾ ਖ਼ਰੀਦ ਕੇ ਵੱਡੇ-ਵੱਡੇ ਸ਼ੋਅਰੂਮਾਂ ਵਿਚ ਮੂੰਹ ਮੰਗੇ ਮੁੱਲ 'ਤੇ ਵੇਚਦੇ ਸਨ। ਬਾਹਰ ਦੇ ਮੁਲਕਾਂ ਵਿਚ ਭੇਜ ਦਿੰਦੇ ਸਨ। ਬੁਣਕਰ ਫ਼ਿਰ ਭੁੱਖੇ ਦੇ ਭੁੱਖੇ ਹੀ ਰਹਿ ਜਾਂਦੇ ਸਨ।

ਉਨ੍ਹਾਂ ਬੁਣਕਰਾਂ ਵਿਚ ਖ਼ਾਲਿਦ ਵੀ ਸੀ। ਸੱਠਾਂ ਦੀ ਉਮਰ ਦਾ ਜਿਸ ਦੇ ਘਰ ਵਿਚ ਤਿੰਨ ਧੀਆਂ ਪੈਦਾ ਹੋਈਆਂ। ਜਿਨ੍ਹਾਂ ਵਿਚੋਂ ਇੱਕ ਉਸ ਨੇ ਵਿਆਹ ਦਿੱਤੀ ਸੀ। ਦੂਜੀ ਅਠਾਈ ਵਰਿਆਂ ਦੀ ਨੂਰੀ ਅਜੇ ਵੀ ਉਸ ਦੀ ਚੌਖਟ 'ਤੇ ਕਿੱਲ ਵਾਂਗ ਗੱਡੀ ਹੋਈ ਸੀ। ਉਸ ਨੇ ਕਈ ਵਾਰੀ ਕੋਸ਼ਿਸ਼ ਕੀਤੀ ਉਸ ਕਿੱਲ ਨੂੰ ਪੁੱਟ ਘਰੋਂ ਬਾਹਰ ਸੁੱਟ ਦੇਵੇ, ਪਰ ਹਰ ਵਾਰ ਘਰ ਦੀ ਤੰਗੀ ਵਿਚਕਾਰ ਆ ਖਲੋਂਦੀ। ਜਦੋਂ ਖ਼ਾਲਿਦ ਦਾ ਨਿਕਾਹ ਹੋਇਆ ਸੀ ਤਾਂ ਉਸ ਦੇ ਅੱਬਾ ਨੇ ਰੇਸ਼ਮਾ ਦੇ ਅੱਬਾ ਕੋਲੋਂ ਇੱਕ ਪੈਸਾ ਵੀ ਨਕਦ ਨਹੀਂ ਸੀ ਲਿਆ, ਪਰ ਹੁਣ ਰੀਤ ਬਦਲ ਗਈ ਸੀ। ਮੁੰਡਿਆਂ ਦੇ ਸੌਦੇ ਹੋਣ ਲੱਗੇ ਸਨ। ਮੁੰਡੇ ਵਾਲੇ ਹੈਸੀਅਤ ਵਿਚ ਜਿੰਨੇ ਤਕੜੇ ਹੁੰਦੇ ਸਨ ਉਨੇ ਹੀ ਉਨ੍ਹਾਂ ਦੇ ਮੂੰਹ ਵੱਧ ਅੱਡੇ ਹੁੰਦੇ ਸਨ।

ਨੂਰ ਜੁਆਨ ਹੋ ਗਈ ਸੀ। ਇਹ ਖ਼ਾਲਿਦ ਨੂੰ ਵੀ ਪਤਾ ਸੀ, ਪਰ ਬਹੁਤ ਕੋਸ਼ਿਸ਼ ਕਰਨ 'ਤੇ ਵੀ ਉਹ ਕੋਈ ਮੁੰਡਾ ਉਸ ਲਈ ਨਹੀਂ ਸੀ ਲੱਭ ਸਕਿਆ। ਉਸ ਨੂੰ ਕਈ ਵਾਰੀ ਨੂਰੀ ਦਾ ਖ਼ਿਆਲ ਆਉਂਦਾ ਜਿਹੜੀ ਹਰ ਪਾਸੇ ਤੋਂ ਗੁਣੀ ਸੀ। ਰੱਜ ਕੇ ਖ਼ੂਬਸੂਰਤ ਸੀ ਉਹ। ਕੰਮ ਵਿਚ ਨਿਪੁੰਨ ਸੀ। ਉਹ ਬੁਣੇ ਜਾ ਰਹੇ ਕਾਲੀਨ ਵਿਚ ਕਈ ਵਾਰੀ ਅਜਿਹਾ ਡਿਜ਼ਾਈਨ ਪਾ ਦਿੰਦੀ ਸੀ ਕਿ ਖ਼ਾਲਿਦ ਵੇਖਦਾ ਹੀ ਰਹਿ ਜਾਂਦਾ ਸੀ। ਖ਼ਾਲਿਦ ਦਾ ਮਨ ਕਰਦਾ ਕਿ ਨੂਰੀ ਅਜਿਹੇ ਘਰ ਜਾਵੇ ਜਿੱਥੋਂ ਦੇ ਬੁਣੇ ਕਾਲੀਨ ਵੱਡੇ-ਵੱਡੇ ਘਰਾਂ ਦੀ ਸ਼ੋਭਾ ਬਣਦੇ ਹੋਣ, ਪਰ ਉਨ੍ਹਾਂ ਘਰਾਂ ਦੇ ਮੁੰਡਿਆਂ ਨੂੰ ਦੇਣ ਲਈ ਉਸ ਕੋਲ ਤਾਂ ਕੁਝ ਵੀ ਨਹੀਂ ਸੀ।


ਇੱਕ ਦਿਨ ਦੂਰ ਦੇ ਰਿਸ਼ਤੇਦਾਰ ਨੇ ਨਾਲ ਦੇ ਪਿੰਡ ਕਿਸੇ ਮੁੰਡੇ ਦੀ ਦੱਸ ਪਾਈ। ਖ਼ਾਲਿਦ ਨੇ ਅਗਲੇ ਦਿਨ ਸਵੇਰੇ ਉਠ ਨਮਾਜ਼ ਅਦਾ ਕੀਤੀ ਅਤੇ ਤਿਆਰ ਹੋ ਕੇ ਉਸ ਪਿੰਡ ਵੱਲ ਟੁਰ ਪਿਆ। ਉਸ ਨੇ ਭਾਵੇਂ ਆਪਣੀ ਪਤਨੀ ਰੇਸ਼ਮਾ ਨਾਲ ਹੀ ਇਸ ਬਾਰੇ ਗੱਲ ਕੀਤੀ ਸੀ, ਪਰ ਉਨ੍ਹਾਂ ਨੂੰ ਹੌਲੀ-ਹੌਲੀ ਕਿਸੇ ਮੁੰਡੇ ਬਾਰੇ ਬੋਲਦਿਆਂ ਨੂਰੀ ਨੇ ਵੀ ਸੁਣ ਲਿਆ ਸੀ।

ਅੱਬਾ ਦੇ ਘਰੋਂ ਬਾਹਰ ਚਲੇ ਜਾਣ 'ਤੇ ਉਹਦੇ ਮਨ 'ਚ ਆਇਆ ਕਿ ਉਹ ਅੰਮੀ ਨਾਲ ਗੱਲ ਕਰੇ, ਪਰ ਉਸ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ। ਜਦੋਂ ਦਾ ਉਸ ਦੀ ਸਹੇਲੀ ਜ਼ੋਹਰਾ ਦਾ ਵਿਆਹ ਹੋਇਆ ਸੀ, ਉਸ ਨੇ ਸ਼ੀਸ਼ਾ ਵੇਖਣਾ ਹੀ ਬੰਦ ਕਰ ਦਿੱਤਾ ਸੀ। ਉਹ ਸੋਚਦੀ, "ਕਿਸ ਲਈ ਵੇਖਾਂ ਮੈਂ ਸ਼ੀਸ਼ਾ? ਕੌਣ ਪਾਵੇਗਾ ਮੇਰੀ ਕਦਰ? ਮੈਨੂੰ ਤਾਂ ਕਿਸੇ ਨੇ ਬੇਗ਼ਮ ਬਣਾਉਣਾ ਹੀ ਨਹੀਂ। ਮੈਂ ਤਾਂ ਸਾਰੀ ਉਮਰ ਆਪਣੇ ਅੱਬਾ ਦੀ ਚੌਖਟ 'ਤੇ ਬੈਠੀ ਰਹਾਂਗੀ।" ਪਰ ਅੱਜ...।

ਪਤਾ ਨਹੀਂ ਕੀ ਸੋਚ ਕੇ ਉਹ ਸ਼ੀਸ਼ੇ ਵਿਚ ਆਪਣੀ ਸ਼ਕਲ ਵੇਖਣ ਲੱਗੀ। ਉਸ ਦੇ ਮਨ ਵਿਚ ਖ਼ੂਬਸੂਰਤ ਮੁੰਡੇ ਦਾ ਵਜੂਦ ਸੀ ਜਿਹੜਾ ਨਵੇਂ ਕੱਪੜੇ ਪਹਿਨ ਉਸ ਦੇ ਘਰ ਆਵੇਗਾ। ਪਰਦੇ ਪਿੱਛੇ ਬੈਠੀ ਕੋਲੋਂ ਮੌਲਵੀ ਜੀ ਪੁੱਛਣਗੇ, "ਬੀਬੀ ਨੂਰੀ ਤੇਰਾ ਨਿਕਾਹ ਹਫ਼ੀਜ਼ ਮੀਆਂ ਦੇ ਪੁੱਤਰ ਰੁਸਤਮ ਨਾਲ ਹੋ ਰਿਹੈ, ਕੀ ਤੂੰ ਇਸ ਨਿਕਾਹ ਲਈ ਰਾਜ਼ੀ ਹੈ?" ਜਦੋਂ ਉਹ ਹਾਂ ਕਹੇਗੀ ਘਰ ਖ਼ੁਸ਼ੀਆਂ ਨਾਲ ਭਰ ਜਾਵੇਗਾ। ਅੰਮੀ ਅਜਿਹਾ ਹੋਣ 'ਤੇ ਉਸ ਦਾ ਮੱਥਾ ਚੁੰਮ ਉਸ ਨੂੰ ਸੀਨੇ ਨਾਲ ਲਾ ਲਾਵੇਗੀ। ਉਸ ਦੇ ਅੱਬਾ ਦੇ ਘਰ ਦੀ ਚੌਖਟ 'ਤੇ ਕਿੰਨੇ ਵਰ੍ਹਿਆਂ ਦੀ ਗੱਡੀ ਕਿੱਲ ਉਖੜ, ਘਰ ਅੰਦਰ ਜਾਣ ਦਾ ਰਾਹ ਮੋਕਲਾ ਹੋ ਜਾਵੇਗਾ।

ਦਿਨ ਹੌਲੀ-ਹੌਲੀ ਟੁਰਨ ਲੱਗਾ। ਸਾਰੇ ਦਿਨ ਵਿਚ ਨੂਰੀ ਨੇ ਠੀਕ ਤਰ੍ਹਾਂ ਰੋਟੀ ਵੀ ਨਹੀਂ ਸੀ ਖਾਧੀ। ਉਹ ਤਾਂ ਕਿਤੇ ਬਾਹਰ ਵੀ ਨਹੀਂ ਗਈ। ਬੱਸ ਉਸ ਨੂੰ ਤਾਂ ਉਡੀਕ ਸੀ ਆਪਣੇ ਅੱਬਾ ਦੀ ਜਿਹੜਾ ਉਸ ਲਈ ਖ਼ੁਸ਼ੀ ਦਾ ਪੈਗਾਮ ਲੈ ਕੇ ਆਵੇਗਾ।

ਅਜੇ ਚੰਗੀ ਤਰ੍ਹਾਂ ਧੁੱਪ ਵੀ ਨਹੀਂ ਸੀ ਚੜ੍ਹੀ ਕਿ ਖ਼ਾਲਿਦ ਉਸ ਪਿੰਡ ਪਹੁੰਚ ਗਿਆ ਸੀ ਅਤੇ ਫਿਰ ਮੁੰਡੇ ਦੇ ਘਰ ਨੇੜੇ...! ਉਹ ਪਿੰਡ ਦੀਆਂ ਜਿਹੜੀਆਂ ਗਲੀਆਂ ਰਾਹੀਂ ਲੰਘਦਾ ਜਾ ਰਿਹਾ ਸੀ, ਉਹ ਇੰਨੀਆਂ ਸਾਫ਼ ਨਹੀਂ ਸਨ। ਗੰਦੀਆਂ-ਗੰਦੀਆਂ ਸਨ, ਉਸ ਦੇ ਪਿੰਡ ਦੀਆਂ ਗਲੀਆਂ ਨਾਲੋਂ ਵੀ ਵੱਧ। ਘਰ ਵੀ ਐਵੇਂ ਟੁੱਟੇ ਭੱਜੇ ਸਨ, ਜਿਨ੍ਹਾਂ ਦੇ ਬੂਹਿਆਂ 'ਤੇ ਟਾਟ ਲਮਕ ਰਹੇ ਸਨ।



ਖ਼ਾਲਿਦ ਦਾ ਦਿਲ ਛੋਟਾ ਹੁੰਦਾ ਜਾ ਰਿਹਾ ਸੀ। ਉਹ ਮਨੋ-ਮਨ ਅੱਲ੍ਹਾ ਅੱਗੇ ਜਿਵੇਂ ਫਰਿਆਦ ਕਰ ਰਿਹਾ ਸੀ ਕਿ ਉਸ ਦੀ ਧੀ ਲਈ ਜਿਹੜਾ ਘਰ ਉਹ ਵੇਖਣ ਜਾ ਰਿਹਾ ਹੈ, ਕਿਤੇ ਇਸੇ ਤਰ੍ਹਾਂ ਦਾ ਟੁੱਟਿਆ ਭੱਜਿਆ ਨਾ ਹੋਵੇ, ਪਰ ਅੱਲ੍ਹਾ ਨੇ ਉਸ ਦੀ ਨਹੀਂ ਸੁਣੀ। ਗਲੀ ਦੇ ਸਿਰੇ 'ਤੇ ਇੱਕ ਮੁੰਡੇ ਕੋਲੋਂ ਘਰ ਦਾ ਪਤਾ ਪੁੱਛਿਆ ਤਾਂ ਉਸ ਨੂੰ ਉਸੇ ਤਰ੍ਹਾਂ ਦਾ ਟੁੱਟਿਆ ਭੱਜਿਆ ਘਰ ਦਿਸਿਆ ਜਿਸ ਦੇ ਬੂਹੇ 'ਤੇ ਦੂਜੇ ਘਰਾਂ ਵਾਂਗ ਟਾਟ ਲਮਕ ਰਿਹਾ ਸੀ।

ਘਰ ਮੂਹਰੇ ਪਹੁੰਚ ਕੁਝ ਚਿਰ ਲਈ ਖ਼ਾਲਿਦ ਚੁੱਪ ਖਲੋਤਾ ਰਿਹਾ। ਫਿਰ ਉਸ ਨੇ ਹਫ਼ੀਜ਼ ਮੀਆਂ ਕਹਿ ਆਵਾਜ਼ ਲਗਾਈ। ਕੁਝ ਚਿਰ ਬਾਅਦ ਟਾਟ ਦਾ ਪਰਦਾ ਹਟਾ ਉਸ ਘਰ ਜਿਹਾ ਹੀ ਕੋਈ ਸੱਠਾਂ ਦੇ ਗੇੜ ਦਾ ਟੁੱਟਿਆ ਭੱਜਿਆ ਬੰਦਾ ਬਾਹਰ ਨਿਕਲਿਆ।

"ਅਸਲਾਮਾ ਲੇਕਮ।" ਖ਼ਾਲਿਦ ਨੇ ਉਸ ਨੂੰ ਵੇਖ ਆਖਿਆ। ਜਿਸ ਦੇ ਜਵਾਬ ਵਿਚ ਉਸ ਸ਼ਖ਼ਸ ਨੇ ਵੀ 'ਵਾਅਲੈਕੁਮ-ਸਲਾਮ' ਕਿਹਾ, ਪਰ ਇਹ ਕਹਿੰਦਿਆਂ ਉਸ ਨੇ ਖ਼ਾਲਿਦ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਅੱਖਾਂ ਰਾਹੀਂ ਪੁੱਛਿਆ ਹੋਵੇ-ਕੌਣ ਹੈ ਤੂੰ...?

ਖ਼ਾਲਿਦ ਨੇ ਆਪਣੀ ਜਾਣ-ਪਛਾਣ ਕਰਵਾਈ, ਆਪਣੇ ਆਉਣ ਦਾ ਮਕਸਦ ਵੀ ਦੱਸਿਆ। ਹਫ਼ੀਜ਼ ਮੀਆਂ ਟਾਟ ਦਾ ਪਰਦਾ ਚੁੱਕ ਫਿਰ ਅੰਦਰ ਚਲਾ ਗਿਆ ਅਤੇ ਛੋਟੀ ਜਿਹੀ ਮੰਜੀ ਬਾਹਰ ਲੈ ਆਇਆ ਜਿਸ ਦੀ ਦੌਣ ਢਿੱਲੀ ਸੀ ਅਤੇ ਇੱਕ ਪਾਵੇ ਨੇ ਇੰਜ ਟੰਗ ਉਪਰ ਚੁੱਕੀ ਹੋਈ ਸੀ ਜਿਵੇਂ ਕੋਈ ਛੋਟੀ ਟੰਗ ਵਾਲਾ ਸ਼ਖ਼ਸ ਹੋਵੇ।

ਖ਼ਾਲਿਦ ਨੇ ਹੀ ਨੂਰੀ ਦੀ ਗੱਲ ਟੋਰੀ, "ਭਾਈ ਜਾਨ ਰਿਸ਼ਤੇ ਤਾਂ ਸਾਡੇ ਰੁਸਤਮ ਲਈ ਬਹੁਤ ਆਉਂਦੇ ਨੇ। ਇੱਕੋ-ਇੱਕ ਔਲਾਦ ਹੈ ਸਾਡੀ। ਮੇਰੇ ਮਰਨ ਤੋਂ ਬਾਅਦ ਸਭ ਕਾਸੇ ਦਾ ਮਾਲਕ ਉਹੀ ਹੋਵੇਗਾ...।" ਹਫ਼ੀਜ਼ ਮੀਆਂ ਅਜੇ ਪੁੱਤ ਬਾਰੇ ਦੱਸ ਹੀ ਰਿਹਾ ਸੀ ਕਿ ਖ਼ਾਲਿਦ ਦੀ ਨਜ਼ਰ ਇੱਕ ਵਾਰੀ ਫਿਰ ਖੰਡਰ-ਨੁਮਾ ਉਸ ਘਰ ਵੱਲ ਚਲੀ ਗਈ ਜਿਸ ਦੀ ਮਲਕੀਅਤ ਉਸ ਸਾਹਮਣੇ ਬੈਠੇ ਟੁੱਟੇ ਭੱਜੇ ਘਰ ਜਿਹੇ ਬੰਦੇ ਦੇ ਪੁੱਤ ਹਿੱਸੇ ਆਉਂਦੀ ਸੀ।

ਉਹ ਸ਼ਖ਼ਸ ਬੋਲਦਾ ਗਿਆ ਅਤੇ ਖ਼ਾਲਿਦ ਸੁਣਦਾ ਰਿਹਾ। ਅਖੀਰ ਉਸ ਬੰਦੇ ਨੇ ਪੱਚੀ ਹਜ਼ਾਰ ਦੀ ਮੰਗ ਖ਼ਾਲਿਦ ਮੂਹਰੇ ਰੱਖ ਦਿੱਤੀ। ਪੱਚੀ ਹਜ਼ਾਰ ਆਖ ਉਹ ਖ਼ਾਲਿਦ ਦੇ ਚਿਹਰੇ ਵੱਲ ਵੇਖਣ ਲੱਗਾ, ਸਿਰਫ਼ ਇਹ ਜਾਣਨ ਲਈ ਕਿ ਉਸ ਦੀ ਗੱਲ ਦਾ ਕਿੰਨਾ ਅਤੇ ਕਿਹਾ ਅਸਰ ਹੋਇਆ। ਚੁੱਪ ਬੈਠਾ ਖ਼ਾਲਿਦ ਮਨੋ-ਮਨ ਹਿਸਾਬ ਲਾਉਣ ਲੱਗਾ ਕਿ ਕੀ ਨਵਾਂ ਕਾਲੀਨ ਬੁਣ ਕੇ ਉਹ ਪੱਚੀ ਹਜ਼ਾਰ ਕਮਾ ਲਵੇਗਾ?

ਗੱਲ ਪੰਦਰਾਂ ਹਜ਼ਾਰ 'ਤੇ ਆ ਕੇ ਖੜੋ ਗਈ। "ਦੇਖੋ ਭਾਈ ਜਾਨ ਇੱਕ ਗੱਲ ਹੁਣੇ ਸਾਫ਼ ਕਰ ਦਿੰਦਾ ਹਾਂ, ਇਹ ਪੰਦਰਾਂ ਹਜ਼ਾਰ ਨਕਦ ਤੇ ਨਿਕਾਹ ਤੋਂ ਪਹਿਲਾਂ ਦੇਣੇ ਪੈਣਗੇ। ਬਰਾਤ ਫਿਰ ਹੀ ਤੁਹਾਡੇ ਬੂਹੇ 'ਤੇ ਪਹੁੰਚੇਗੀ। ਦੂਜਾ ਇਹ ਨਿਕਾਹ ਦਸ ਮਹੀਨੇ ਬਾਅਦ ਹੋਵੇਗਾ। ਬਕਰੀਦ ਤੋਂ ਦੋ ਮਹੀਨੇ ਬਾਅਦ। ਅਸੀਂ ਹੁਣੇ ਤਰੀਕ ਪੱਕੀ ਕਰ ਲੈਂਦੇ ਹਾਂ। ਮੈਂ ਇਸ ਤੋਂ ਨਾ ਤਾਂ ਇੱਕ ਦਿਨ ਵੱਧ ਦੇਵਾਂਗਾ ਅਤੇ ਨਾ ਹੀ ਘੱਟ ਕਰਾਂਗਾ। ਜੇ ਰਕਮ ਚੁਕਾ ਦਿੱਤੀ ਤਾਂ ਨਿਕਾਹ ਪੱਕਾ, ਨਹੀਂ ਤੁਸੀਂ ਆਪਣੀ ਥਾਂ ਅਤੇ ਅਸੀਂ ਆਪਣੀ ਥਾਂ...ਫਿਰ ਮੇਰੀ ਮਰਜ਼ੀ ਹੋਵੇਗੀ, ਮੈਂ ਕਿਵੇਂ ਵੀ ਕਰਾਂ।" ਖ਼ਾਲਿਦ ਨੂੰ ਦਸ ਮਹੀਨੇ ਥੋੜ੍ਹੇ ਲੱਗੇ, ਪਰ ਉਸ ਨੂੰ ਆਪਣੇ ਆਪ 'ਤੇ ਭਰੋਸਾ ਸੀ ਕਿ ਪੰਦਰਾਂ ਹਜ਼ਾਰ ਉਹ ਦਸ ਮਹੀਨਿਆਂ ਵਿਚ ਕਾਲੀਨ ਪੂਰਾ ਕਰ ਕੇ ਜ਼ਰੂਰ ਕਮਾ ਲਵੇਗਾ।

ਅਜੇ ਉਨ੍ਹਾਂ ਦੀਆਂ ਗੱਲਾਂ ਚੱਲ ਹੀ ਰਹੀਆਂ ਸਨ ਕਿ ਖ਼ਾਲਿਦ ਦਾ ਹੋਣ ਵਾਲਾ ਦਾਮਾਦ ਵੀ ਕਿਤੇ ਬਾਹਰੋਂ ਆ ਗਿਆ ਸੀ। ਜਦੋਂ ਹਫ਼ੀਜ਼ ਮੀਆਂ ਨੇ ਆਪਣੇ ਪੁੱਤ ਰੁਸਤਮ ਦੀ ਜਾਣ-ਪਛਾਣ ਖ਼ਾਲਿਦ ਨਾਲ ਕਰਵਾਈ ਤਾਂ ਉਸ ਨੇ ਉਸੇ ਤਰ੍ਹਾਂ ਦੇਖਦਿਆਂ ਖ਼ਾਲਿਦ ਨੂੰ ਸਲਾਮ ਕਿਹਾ। ਮੁੰਡੇ ਦੇ ਆਉਣ ਤੋਂ ਪਹਿਲਾਂ ਖ਼ਾਲਿਦ ਨੇ ਉਸ ਦੇ ਪਿਉ ਨੂੰ ਵੇਖ ਕੇ ਅੰਦਾਜ਼ਾ ਲਾ ਲਿਆ ਸੀ ਉਸ ਦਾ ਪੁੱਤ ਕਿਹੋ ਜਿਹਾ ਹੋਵੇਗਾ। ਉਹ ਉਸੇ ਤਰ੍ਹਾਂ ਦਾ ਸੀ ਜਿਹਾ ਖ਼ਾਲਿਦ ਨੇ ਸੋਚਿਆ ਸੀ। ਮੁੰਡੇ ਨੂੰ ਵੇਖ ਭਾਵੇਂ ਬਹੁਤ ਖ਼ੁਸ਼ ਨਹੀਂ ਸੀ ਖ਼ਾਲਿਦ, ਪਰ ਤਾਂ ਵੀ ਉਹਨੇ ਉਹਦੇ ਹੱਥ ਵਿਚ ਵੀਹ ਰੁਪਏ ਫੜਾਏ ਅਤੇ ਗੱਲ ਪੱਕੀ ਕਰ ਕੇ ਆਪਣੇ ਘਰ ਵੱਲ ਟੁਰ ਪਿਆ।

ਸੂਰਜ ਨੀਵਾਂ ਹੁੰਦਾ ਜਾ ਰਿਹਾ ਸੀ। ਖ਼ਾਲਿਦ ਦੇ ਪੈਰਾਂ ਵਿਚ ਇਸ ਵੇਲੇ ਜਿਵੇਂ ਕਾਹਲ ਸੀ। ਉਹ ਇਹ ਖ਼ੁਸ਼ੀ ਭਰੀ ਖ਼ਬਰ ਛੇਤੀ ਤੋਂ ਛੇਤੀ ਰੇਸ਼ਮਾ ਨੂੰ ਸੁਣਾਉਣਾ ਚਾਹੁੰਦਾ ਸੀ। ਜਦੋਂ ਉਹ ਘਰ ਪਹੁੰਚਿਆ ਤਾਂ ਹਨ੍ਹੇਰਾ ਹੋ ਚਲਿਆ ਸੀ। ਘਰ ਦੇ ਤਿੰਨੋ ਜੀਅ ਖ਼ਾਲਿਦ ਦੀ ਉਡੀਕ ਕਰ ਰਹੇ ਸਨ। ਜਦੋਂ ਉਸ ਨੇ ਜਾਂਦਿਆਂ ਸਾਰ ਆਪਣੀ ਬੇਗਮ ਰੇਸ਼ਮਾ ਨੂੰ ਇਹ ਖ਼ੁਸ਼ਖ਼ਬਰੀ ਸੁਣਾਈ ਤਾਂ ਉਸ ਨੇ ਉਠ ਕੇ ਨੂਰੀ ਦਾ ਮੱਥਾ ਚੁੰਮ ਲਿਆ।

ਉਹ ਸਾਰੀ ਰਾਤ ਖ਼ਾਲਿਦ ਦੀਆਂ ਅੱਖਾਂ ਥਾਈਂ ਲੰਘ ਗਈ। ਭਾਵੇਂ ਖ਼ਾਲਿਦ ਦੀ ਬੇਗ਼ਮ ਤੇ ਦੋਵੇਂ ਧੀਆਂ ਆਰਾਮ ਨਾਲ ਸੌਂ ਗਈਆਂ ਸਨ, ਪਰ ਖ਼ਾਲਿਦ ਸਾਰੀ ਰਾਤ ਇਹੋ ਹਿਸਾਬ ਲਾਉਂਦਾ ਰਿਹਾ ਸੀ ਕਿ ਉਹ ਕਿੰਨੇ ਆਕਾਰ ਦਾ ਕਾਲੀਨ ਸ਼ੁਰੂ ਕਰੇ ਜਿਸ ਨਾਲ ਉਸ ਨੂੰ ਪੰਦਰਾਂ ਹਜ਼ਾਰ ਰੁਪਏ ਦੀ ਬੱਚਤ ਤਾਂ ਹੋਵੇ, ਨਾਲ ਘਰ ਦਾ ਦਸ ਮਹੀਨਿਆਂ ਦਾ ਖ਼ਰਚ ਵੀ ਨਿਕਲੇ।

ਜਦੋਂ ਸਵੇਰੇ ਚਾਰ ਵਜੇ ਉਸ ਦੀ ਅੱਖ ਲੱਗੀ ਉਦੋਂ ਤੀਕ ਉਸ ਨੇ ਸਾਰਾ ਹਿਸਾਬ ਲਗਾ ਕੇ ਕਾਲੀਨ ਦਾ ਡਿਜ਼ਾਈਨ ਵੀ ਮਨ ਵਿਚ ਸੋਚ ਲਿਆ। ਉਹ ਸਵੇਰੇ ਸ਼ਾਹੂਕਾਰ ਕੋਲੋਂ ਮਾਲ ਲਿਆ ਕੇ ਛੇਤੀ ਕੰਮ ਸ਼ੁਰੂ ਕਰ ਦੇਣਾ ਚਾਹੁੰਦਾ ਸੀ। ਭਾਵੇਂ ਉਹ ਸਾਰੀ ਰਾਤ ਜਾਗਦਾ ਰਿਹਾ ਸੀ, ਪਰ ਤਾਂ ਵੀ ਉਸ ਸਵੇਰੇ ਸਦੇਹਾਂ ਹੀ ਉਠ ਖਲੋਤਾ। ਉਹ ਰੋਜ਼ ਵਾਂਗ ਨਹਾਤਾ। ਸਵੇਰ ਦੀ ਨਮਾਜ਼ ਅਦਾ ਕੀਤੀ। ਚਾਹ ਦਾ ਕੱਪ ਪੀਤਾ ਅਤੇ ਦਸ ਵੱਜਣ ਦਾ ਇੰਤਜ਼ਾਰ ਕਰਨ ਲੱਗਾ।

ਦੁਕਾਨ ਖੁੱਲ੍ਹਦਿਆਂ ਹੀ ਉਹ ਬਾਜ਼ਾਰ ਵੱਲ ਤੁਰ ਪਿਆ। ਦੋ ਦਿਨਾਂ ਵਿਚ ਉਸ ਨੇ ਕਾਲੀਨ ਦਾ ਸਾਰਾ ਤਾਣਾ ਤਿਆਰ ਕਰ ਲਿਆ। ਐਡਾ ਵੱਡਾ ਕਾਲੀਨ ਤਾਂ ਇਸ ਤੋਂ ਪਹਿਲਾਂ ਉਸ ਨੇ ਕਦੇ ਵੀ ਨਹੀਂ ਸੀ ਬੁਣਿਆ।

ਭਾਵੇਂ ਇੱਕ ਵਾਰੀ ਨੂਰੀ ਦੇ ਮਨ 'ਚ ਆਇਆ, ਅੱਬਾ ਨੂੰ ਪੁੱਛੇ ਕਿ ਕੀ ਦਸ ਮਹੀਨਿਆਂ ਵਿਚ ਉਹ ਇੰਨਾ ਵੱਡਾ ਕਾਲੀਨ ਤਿਆਰ ਕਰ ਲੈਣਗੇ? ਪਰ ਉਸ ਨੇ ਇਸ ਤਰ੍ਹਾਂ ਨਹੀਂ ਕੀਤਾ। ਕਾਲੀਨ ਬੁਣਨਾ ਸ਼ੁਰੂ ਕਰ ਦਿੱਤਾ ਗਿਆ। ਖ਼ਾਲਿਦ, ਰੇਸ਼ਮਾ, ਨੂਰੀ ਤੇ ਬਾਨੋ ਸਾਰੇ ਸਵੇਰੇ ਹੀ ਦੀਵਾ ਬਾਲ ਕੇ ਕੰਮ 'ਤੇ ਬਹਿ ਜਾਂਦੇ। ਉਹ ਛੋਟੀਆਂ-ਛੋਟੀਆਂ ਗੰਢਾਂ ਮਾਰ ਕੇ ਨਵੇਂ-ਨਵੇਂ ਡਿਜ਼ਾਈਨ ਪਾਉਣ ਲੱਗਦੇ। ਪਤਾ ਹੀ ਨਾ ਚਲਦਾ, ਕਦੋਂ ਦਿਨ ਚੜ੍ਹਦਾ, ਕਦੋਂ ਦੁਪਹਿਰ ਹੁੰਦੀ, ਪਤਾ ਨਾ ਚਲਦਾ ਕਦੋਂ ਸ਼ਾਮ ਢਲਦੀ ਅਤੇ ਕਦੋਂ ਰਾਤ ਆਉਂਦੀ। ਉਂਗਲਾਂ ਸਾਰਾ ਦਿਨ ਛੋਟੀਆਂ-ਛੋਟੀਆਂ ਗੰਢਾਂ ਮਾਰਦੀਆਂ ਜਿਵੇਂ ਹੰਭ ਜਾਂਦੀਆਂ, ਪਰ ਕੰਮ ਨਾ ਰੁਕਦਾ।


ਉਨ੍ਹਾਂ ਤਿੰਨਾਂ ਵਿਚੋਂ ਕੋਈ ਵੀ ਘਰ ਦਾ ਕੰਮ

*(ਬਾਕੀ ਅਗਲੇ ਸਫੇ 'ਤੇ)*

ਚਲਦੇ-ਚਲਦੇ

# ਸੁਖਾਂ ਸੁਖਦੀ ਨੂੰ ਇਹ ਦਿਨ ਆਏ

ਰਿਸ਼ਤੇ ਸਾਡੇ ਪੈਦਾ ਹੋਣ ਨਾਲ ਹੀ ਸ਼ੁਰੂ ਹੋ ਜਾਂਦੇ ਹਨ ਅਤੇ ਸਾਡੇ ਅੰਗ-ਸੰਗ ਹੀ ਵਸਦੇ ਹਨ। ਪੈਸੇ ਦੀ ਦੌੜ ਨੇ ਰਿਸ਼ਤਿਆਂ 'ਤੇ ਵੀ ਅਸਰ ਪਾਇਆ ਹੈ ਜਿਸ ਕਾਰਨ ਸਾਂਝੇ ਪਰਿਵਾਰ ਟੁਟ ਰਹੇ ਹਨ। ਸਾਂਝੇ ਪਰਿਵਾਰਾਂ ਵਿਚ ਰਹਿੰਦਿਆਂ ਹਰ ਰਿਸ਼ਤੇ ਦਾ ਗਿਆਨ ਹੋ ਜਾਇਆ ਕਰਦਾ ਸੀ। ਕਿਸੇ ਨੂੰ ਵੀ ਰਿਸ਼ਤੇ ਬਾਰੇ ਦੱਸਣ ਦੀ ਲੋੜ ਨਹੀਂ ਸੀ ਪੈਂਦੀ। ਘਰ ਦੇ ਸਾਰੇ ਜੀਅ ਰਿਸ਼ਤੇ ਨੂੰ ਸਮਝਦੇ ਸਨ ਤੇ ਕਦਰ ਕਰਨੀ ਜਾਣਦੇ ਸਨ। ਰਿਸ਼ਤੇ ਨੂੰ ਪਿਆਰ ਨਾਲ ਤਾਂ ਕਾਇਮ ਰਖਿਆ ਜਾ ਸਕਦਾ ਹੈ



ਪ੍ਰੰਤੂ ਸਖਤ ਸ਼ਬਦਾਂ ਦੀ ਵਰਤੋਂ ਰਿਸ਼ਤਿਆਂ ਨੂੰ ਟੋਟੇ-ਟੋਟੇ ਕਰ ਦਿੰਦੀ ਹੈ ਤੇ ਉਨ੍ਹਾਂ ਨੂੰ ਜੋੜਨਾ ਮੁਸ਼ਕਿਲ ਹੋ ਨਿਬੜਦਾ ਹੈ। ਕੁਝ ਰਿਸ਼ਤੇ ਵਿਆਹ ਤੋਂ ਬਾਅਦ

ਡਾ. ਅਜੀਤ ਸਿੰਘ ਕੋਟਕਪੂਰਾ

ਹੋਂਦ ਵਿਚ ਆਉਂਦੇ ਹਨ। ਸੱਸ ਅਤੇ ਨੂੰਹ ਦਾ ਰਿਸ਼ਤਾ, ਸਾਲਾ ਤੇ ਸਾਲੇਹਾਰ, ਧੀ ਤੇ ਜਵਾਈ ਦਾ ਰਿਸ਼ਤਾ ਆਦਿ ਉਹ ਰਿਸ਼ਤੇ ਹਨ ਜਿਨ੍ਹਾਂ ਦਾ ਪਰਿਵਾਰਕ ਜੀਵਨ ਵਿਚ ਵਿਸ਼ੇਸ਼ ਸਥਾਨ ਹੈ।

ਨਵੀਂ ਵਿਆਹੀ ਲੜਕੀ ਜਦੋਂ ਆਪਣੇ ਸਹੁਰੇ ਘਰ ਪੈਰ ਪਾਉਂਦੀ ਹੈ ਤਾਂ ਉਸ ਨੂੰ ਆਪਣੇ ਗੁੱਡੀਆਂ-ਪਟੋਲੇ ਯਾਦ ਆ ਰਹੇ ਹੁੰਦੇ ਹਨ। ਉਹ ਗੀਤ ਜੋ ਉਸ ਨੇ ਆਪਣੀਆਂ ਸਹੇਲੀਆਂ ਨਾਲ ਗਾਏ ਹੁੰਦੇ ਹਨ, ਗਿੱਧੇ ਵਿਚ ਪਾਈਆਂ ਬੋਲੀਆਂ ਉਸ ਦੇ ਜ਼ਿਹਨ ਵਿਚ ਵਾਰ ਵਾਰ ਆ ਕੇ ਦਸਤਕ ਦਿੰਦੇ ਹਨ। ਬਚਪਨ ਨੂੰ ਯਾਦਾਂ ਦੀਆਂ ਤਹਿਆਂ ਵਿਚੋਂ ਫਰੋਲ ਕੇ ਬੋਲਦੀ ਹੈ:

ਬਾਬਲ ਮੇਰੀਆਂ ਗੁੱਡੀਆਂ
ਤੇਰੇ ਘਰ ਰਹਿ ਗਈਆਂ।

ਗਿੱਧੇ ਵਿਚ ਬੋਲੇ ਬੋਲ ਉਸ ਨੂੰ ਸੱਸ ਨੂੰ ਵੇਖ ਕੇ ਯਾਦ ਆਉਂਦੇ ਹਨ:

ਕੁਕੜੀ ਉਹ ਲੈਣੀ
ਜਿਹੜੀ ਕੁੜ ਕੁੜ ਕਰਦੀ ਏ,
ਸਹੁਰੇ ਨਹੀਂ ਜਾਣਾ
ਸੱਸ ਬੁੜ ਬੁੜ ਕਰਦੀ ਏ।
ਕੁਕੜੀ ਉਹ ਲੈਣੀ
ਜਿਹੜੀ ਆਂਡੇ ਦੇਂਦੀ ਏ,
ਸਹੁਰੇ ਨਹੀਂ ਜਾਣਾ ਸੱਸ ਤਾਹਨੇ ਦੇਂਦੀ ਏ।

ਛੋਟੀ ਉਮਰੇ ਇਹ ਨਹੀਂ ਪਤਾ ਸੀ ਕਿ ਸਹੁਰੇ ਜਾਣਾ ਵੀ ਜਰੂਰੀ ਹੈ ਪਰ ਹੁਣ ਸਮਝ ਆ ਰਹੀ ਹੈ ਕਿ ਸਾਰੀ ਉਮਰ ਮਾਪਿਆਂ ਦੇ ਘਰ ਨਹੀਂ ਰਿਹਾ ਜਾ ਸਕਦਾ, ਸਹੁਰੇ ਤਾਂ ਜਾਣਾ ਹੀ ਪੈਂਦਾ ਹੈ। ਇਸ ਸਬੰਧ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਲਿਖਿਆ ਹੈ:

ਸਭਨਾ ਸਾਹੁਰੈ ਵੰਞਣਾ
ਸਭਿ ਮੁਕਲਾਵਣਹਾਰ॥ (ਪੰਨਾ 50)

ਹੁਣ ਉਸ ਨੂੰ ਉਹ ਗੱਲਾਂ ਯਾਦ ਆ ਰਹੀਆਂ ਹਨ ਜਦੋਂ ਕੋਈ ਗਲਤੀ ਕਰ ਲੈਣ 'ਤੇ ਮਾਂ ਆਖਦੀ ਸੀ ਕਿ ਕੰਮ ਠੀਕ ਢੰਗ ਨਾਲ ਕਰਨਾ ਸਿੱਖ ਲੈ, ਨਹੀਂ ਤਾਂ ਤੇਰੀ ਸੱਸ ਤੇਰੀ ਖਬਰ ਲਵੇਗੀ। ਪਹਿਲਾਂ ਉਸ ਨੇ ਸੱਸ ਬਾਰੇ ਬਹੁਤ ਸਾਰੀਆਂ ਗੱਲਾਂ ਸੁਣੀਆਂ ਸਨ, ਪਰ ਹੁਣ ਉਸ ਨੇ ਇਸ ਰਿਸ਼ਤੇ ਨੂੰ ਨੇੜੇ ਹੋ ਕੇ ਦੇਖਣਾ ਹੀ ਨਹੀਂ ਸਗੋਂ ਸੱਸ ਨਾਲ ਹੰਢਣਾ-ਵਰਤਣਾ ਵੀ ਹੈ। ਗੀਤਾਂ ਵਿਚੋਂ ਦੇਖੀ ਹੋਈ ਸੱਸ ਦੀ ਤਸਵੀਰ ਨੂੰ ਸਾਹਮਣੇ ਮਿਲੀ ਸੱਸ ਨਾਲ ਮਿਲਾ ਕੇ ਪਰਖਣਾ ਹੈ। ਉਹ ਮਹਿਸੂਸ ਕਰਦੀ ਹੈ ਕਿ ਇਹ ਸੱਸ ਮਾਂ ਨਹੀਂ ਹੈ। ਸਮੇਂ ਦੇ ਅੱਗੇ ਵਧਣ ਨਾਲ ਉਹ ਉਸ ਨੂੰ ਘ੍ਰਿਣਾ ਨਾਲ ਦੇਖਦੀ ਹੈ ਅਤੇ ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਸੱਸ ਉਸ ਦੀ ਸਹਾਇਤਾ ਕਰਨ ਵਾਲੀ ਮਾਂ ਨਹੀਂ ਹੈ। ਉਹ ਯਾਦ ਕਰਦੀ ਹੈ:

ਤੇਰੀ ਮਾਂ ਦਾ ਨਾ ਸੁਖ ਦੇਈ ਵੇ,
ਸਾਨੂੰ ਰੋਟੀ ਤਾਂ ਦਿੰਦੀ ਬੇਹੀ ਵੇ।

ਲੜਕੀ ਇਹ ਮਹਿਸੂਸ ਕਰਦੀ ਹੈ ਕਿ ਉਸ ਦੀ ਸੱਸ ਉਸ ਦੇ ਪਤੀ ਦੀ ਮਾਂ ਹੈ ਅਤੇ ਉਸ ਤੋਂ ਮਾਂ ਵਾਲਾ ਪਿਆਰ ਨਹੀਂ ਮਿਲ ਸਕਦਾ ਕਿਉਂਕਿ ਉਸ ਦੇ ਅਚੇਤ ਮਨ ਅੰਦਰ ਉਸ ਕੋਲੋਂ ਉਸ ਦੇ ਪੁਤਰ ਦੇ ਖੁਸ ਜਾਣ ਦਾ ਕਾਰਨ ਸੱਜ ਵਿਆਹੀ ਨੂੰਹ ਹੀ ਹੈ। ਇਸ ਕਾਰਨ ਉਹ ਚਾਹ ਕੇ ਵੀ ਨੂੰਹ ਨੂੰ ਧੀ ਸਮਝਣ ਵਿਚ ਸਫਲ ਨਹੀਂ ਹੋ ਸਕਦੀ। ਉਹ ਆਪਣੀ ਨੂੰਹ ਨੂੰ ਪਿਆਰੀ ਲਾਡਲੀ ਧੀ ਨਹੀਂ ਜਾਣਦੀ ਅਤੇ ਉਸ ਦੇ ਮਨ ਅੰਦਰ ਇਹ ਗੱਲ ਘਰ ਕਰ ਚੁਕੀ ਹੈ ਕਿ ਉਸ ਦਾ ਪਿਆਰਾ ਪੁਤਰ, ਉਸ ਦੀਆਂ ਅੱਖਾਂ ਦਾ ਤਾਰਾ ਜੋ ਕੇਵਲ ਤੇ ਕੇਵਲ ਉਸ ਦਾ ਸੀ, ਉਸ ਤੋਂ ਖੋਹਿਆ ਜਾ ਰਿਹਾ ਹੈ। ਉਹ ਪੁਤਰ ਦੇ ਵਰਤਾਓ ਤੋਂ ਇਹ ਅੰਦਾਜ਼ਾ ਲਾ ਰਹੀ ਹੁੰਦੀ ਹੈ ਕਿ ਮੇਰਾ ਲੜਕਾ ਹੁਣ ਮੇਰੇ ਪ੍ਰਤੀ ਉਦਾਸੀਨ ਹੈ ਤੇ ਉਸ ਦਾ ਝੁਕਾਅ ਆਪਣੀ ਪਤਨੀ ਵੱਲ ਜ਼ਿਆਦਾ ਹੈ। ਉਹ ਇਹ ਭੁੱਲ ਜਾਂਦੀ ਹੈ ਕਿ ਦੂਸਰੇ ਘਰ ਤੋਂ ਆਈ ਲੜਕੀ ਜੋ ਇਸ ਘਰ ਵਿਚ ਇੱਕਲੀ ਹੈ, ਨੂੰ ਵੀ ਸਾਥ ਦੀ ਲੋੜ ਹੈ। ਭਾਵੇਂ ਉਹ ਜਾਣਦੀ ਹੈ ਕਿ ਜਦੋਂ ਉਹ ਵਿਆਹੀ ਆਈ ਸੀ, ਉਸ ਵੇਲੇ ਉਸ ਦੀ ਵੀ ਅਜਿਹੀ ਹੀ ਹਾਲਤ ਸੀ ਤਾਂ ਉਸ ਨੂੰ ਕੇਵਲ ਆਪਣੇ ਪਤੀ 'ਤੇ ਭਰੋਸਾ ਸੀ ਤੇ ਉਹ ਵੀ ਅਚੇਤ ਮਨ ਵਿਚ ਗੁਣਗੁਣਾਇਆ ਕਰਦੀ ਸੀ:

ਮੈਨੂੰ ਸਾਰੇ ਟੱਬਰ ਦੀਆਂ ਝਿੜਕਾਂ
ਤੇ ਇੱਕ ਤੇਰਾ ਦਿਲਾਸਾ।

ਪ੍ਰੰਤੂ ਉਹ ਬੀਤੇ ਸਮੇਂ ਨੂੰ ਭੁੱਲ ਕੇ ਅੱਜ ਦੇ ਸਮੇਂ ਦੀ ਚਾਲ ਅਨੁਸਾਰ ਹੋ ਰਹੀਆਂ ਖੇਡਾਂ ਨੂੰ ਦੇਖ ਦੁਖੀ ਤੇ ਨਿਰਾਸ਼ ਹੋ ਜਾਂਦੀ ਹੈ। ਆਪਣੀ ਨੂੰਹ ਨੂੰ ਟੋਕਦੀ ਰਹਿੰਦੀ ਹੈ। ਘਰ ਵਿਚ ਕਲੇਸ਼ ਰਹਿਣ ਲਗਦਾ ਹੈ। ਸੱਸ ਇਹ ਗੱਲ ਵੀ ਵਿਸਾਰ ਬੈਠਦੀ ਹੈ ਕਿ ਜਦੋਂ ਨੂੰਹ ਵਿਆਹੀ ਆਈ ਸੀ ਤਾਂ ਕਿਵੇਂ ਉਸ ਨੇ ਪੂਰੇ ਚਾਅਵਾਂ ਨਾਲ ਉਸ ਦਾ ਸਵਾਗਤ ਕੀਤਾ ਸੀ ਅਤੇ ਆਪਣੇ ਪੁੱਤ-ਨੂੰਹ ਦੇ ਦੁਖ-ਸੁਖ ਆਪਣੇ ਸਿਰ ਲੈਣ ਦੇ ਮਿਠੜੇ ਗੀਤ ਗਾਏ ਸਨ:

ਪਾਣੀ ਵਾਰ ਬੰਨੇ ਦੀਏ ਮਾਏ,
ਬੰਨਾ ਤੇਰਾ ਬਾਹਰ ਖੜਾ।
ਸੁਖਾਂ ਸੁਖਦੀ ਨੂੰ ਇਹ ਦਿਨ ਆਏ,
ਬੰਨਾ ਤੇਰਾ ਬਾਹਰ ਖੜਾ।

ਸਮੇਂ ਦਾ ਚਰਖਾ ਅੱਗੇ ਵੱਲ ਘੁੰਮਦਾ ਸੱਸ ਨੂੰ ਅਹਿਸਾਸ ਕਰਵਾ ਦਿੰਦਾ ਹੈ ਕਿ ਮੇਰੇ ਪੁਤਰ 'ਤੇ ਨੂੰਹ ਨੇ ਜਾਦੂ ਕਰ ਦਿਤਾ ਹੈ ਤੇ ਹੁਣ ਉਹ ਮੇਰੀ ਪ੍ਰਵਾਹ ਨਹੀਂ ਕਰਦਾ ਤੇ ਜ਼ੋਰੂ ਦਾ ਗੁਲਾਮ ਹੋ ਗਿਆ ਹੈ। ਇਹ ਵਤੀਰਾ ਨਾ ਸਹਿਣ ਕਰਦੀ ਹੋਈ ਉਹ ਤੜਪਦੀ ਹੈ ਤੇ ਨੂੰਹ-ਸੱਸ ਦਾ ਝਗੜਾ ਵਧ ਜਾਂਦਾ ਹੈ। ਦੋਹਾਂ ਦੇ ਮਨਾਂ ਵਿਚ ਕੁੜਿਤਣ ਭਰਦੀ ਰਹਿੰਦੀ ਹੈ ਅਤੇ ਲੜਕੀ ਆਪਣੇ ਪੇਕੇ ਘਰ ਜਾ ਆਖਦੀ ਹੈ:

ਜਾਂ ਬਾਪੂ ਮੈਂ ਮਰ ਜਾਂ,
ਜਾਂ ਮਰ ਜੇ ਕੁੜਮਣੀ ਤੇਰੀ।

ਇਥੇ ਹੀ ਬਸ ਨਹੀਂ, ਲੜਕੀ ਅੱਕ ਕੇ ਆਪਣੇ ਘਰ ਵਾਲੇ ਨੂੰ ਵੀ ਆਖਦੀ ਹੈ:

ਤੇਰੀ ਆਈ ਮੈਂ ਮਰ ਜਾਂ,
ਮੇਰੀ ਆਈ 'ਤੇ ਮਰੇ ਤੇਰੀ ਮਾਈ।

ਜਦੋਂ ਲੜਕੀ ਆਪਣੀ ਸਖੀਆਂ-ਸਹੇਲੀਆਂ ਨੂੰ ਮਿਲਦੀ ਹੈ ਤਾਂ ਦਿਲ ਦੀ ਭੜਾਸ ਕਢਦੀ ਹੈ:

ਸੱਸਾਂ ਲੜਦੀਆਂ ਪੁਤਾਂ ਦੇ ਜੋਰ 'ਤੇ ਨੀ।

—

ਮੈਂ ਸੱਸ ਕੁਟਣੀ, ਕੁਟਣੀ ਸੰਦੂਕਾਂ ਓਹਲੇ।

ਸੱਸ ਨੂੰਹ ਦੀ ਖਟਪਟ ਵਧਦੀ-ਵਧਦੀ ਲੜਾਈ ਤੱਕ ਪੁਜ ਜਾਂਦੀ ਹੈ ਅਤੇ ਕਈ ਵਾਰ ਭਿਆਨਕ ਸਿੱਟੇ ਵੀ ਨਿਕਲਦੇ ਹਨ। ਇਸ ਲੜਾਈ ਤੋਂ ਦੁਖੀ ਹੋ ਲੜਕੇ ਮਜਬੂਰ ਹੋ ਗਲਤ ਕਦਮ ਚੁਕ ਬੈਠਦੇ ਹਨ ਅਤੇ ਦੋਵੇਂ ਨੂੰਹ-ਸੱਸ ਹੱਥ ਮਲਦੀਆਂ ਹੀ ਰਹਿ ਜਾਂਦੀਆਂ ਹਨ। ਜੇ ਲੜਾਈ ਅਜਿਹੇ ਮੋੜ 'ਤੇ ਪੁਜ ਰਹੀ ਹੋਵੇ ਤਾਂ ਨੂੰਹਾਂ ਇਸ ਤਰ੍ਹਾਂ ਵੀ ਆਖ ਦਿੰਦੀਆਂ ਹਨ:

ਜੇ ਸੱਸੇ ਤੂੰ ਬਹੁਤ ਹੀ ਔਖੀ,
ਤਾਂ ਫਿਰ ਸਾਨੂੰ ਅੱਡ ਕਰਦੇ।
ਮੇਰੇ ਬਾਪ ਦਾ ਜਵਾਈ ਸਾਡੇ ਵੱਲ ਕਰਦੇ।

ਸਵਾਲ ਹੈ ਕਿ ਇਹ ਕਿਉਂ ਹੁੰਦਾ ਹੈ ਅਤੇ ਇਸ ਦਾ ਹੱਲ ਕੀ ਹੋਵੇ? ਲੜਕੀ ਜਦੋਂ ਸੁਰਤ ਸੰਭਾਲਣ ਲਗਦੀ ਹੈ ਤਾਂ ਉਸ ਦੇ ਅਚੇਤ ਮਨ ਵਿਚ ਸੱਸ ਪ੍ਰਤੀ ਡਰ ਤੇ ਹਊਆ ਪੈਦਾ ਕਰ ਦਿੱਤਾ ਜਾਂਦਾ ਹੈ ਅਤੇ ਵਿਆਹ ਵਾਲੀ ਉਮਰ ਤਕ ਪੁਜਣ ਤੱਕ ਚਾਚੀਆਂ-ਮਾਸੀਆਂ ਲੜਕੀ ਦੇ ਮਨ ਵਿਚ ਇਸ ਖਿਆਲ ਪਕੇਰਾ ਕਰ ਦਿੰਦੀਆਂ ਹਨ ਕਿ ਸੱਸ ਮਾਂ ਨਹੀਂ ਹੁੰਦੀ ਅਤੇ ਉਸ ਤੋਂ ਪਿਆਰ ਦੀ ਉਮੀਦ ਨਾ ਰੱਖੀਂ। ਉਧਰ ਸੱਸ ਨੇ ਆਪਣਾ ਸਮਾਂ ਬਿਤਾਇਆ ਹੁੰਦਾ, ਉਸ ਦਾ ਬਦਲਾ ਅਚੇਤ ਤੌਰ 'ਤੇ ਉਹ ਲੈਣਾ ਚਾਹੁੰਦੀ ਹੈ ਤੇ ਇਸ ਤਰ੍ਹਾਂ ਦੋਹਾਂ ਪਾਸੇ ਸਹਿਣਸ਼ੀਲਤਾ ਨਾ ਹੋਣ ਕਾਰਨ ਝਗੜਾ ਹੁੰਦਾ ਹੈ।

ਇਸ ਰਿਸ਼ਤੇ ਨੂੰ ਸੁਖਾਵਾਂ ਬਣਾਇਆ ਜਾ ਸਕਦਾ ਹੈ ਜੇ ਸੱਸ, ਸੱਸ ਨਾ ਬਣ ਕੇ ਮਾਂ ਬਣ ਜਾਵੇ ਅਤੇ ਨੂੰਹ, ਨੂੰਹ ਨਾ ਬਣ ਕੇ ਧੀ ਬਣ ਜਾਵੇ ਅਤੇ ਟੋਕ ਟੁਕਾਈ ਨਾ ਸਮਝ ਕੇ ਸਿੱਖਣ ਦਾ ਯਤਨ ਕਰੇ। ਫਿਰ ਨੂੰਹ ਵੀ ਆਖੇਗੀ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਕੇਸਰ।
ਸੱਸ ਤਾਂ ਮੇਰੀ ਪਾਰਵਤੀ,
ਸਹੁਰਾ ਮੇਰਾ ਪਰਮੇਸ਼ਰ।

ਲੜਕੀ ਜਾਂ ਨੂੰਹ ਨੂੰ ਸੁਰੱਖਿਅਤ ਵਾਤਾਵਰਨ ਦਿਤਾ ਜਾਵੇ, ਉਹ ਆਪਣੇ ਦਿਓਰ ਨੂੰ ਭਰਾ ਸਮਝੇ ਅਤੇ ਨਨਾਣ ਨੂੰ ਭੈਣ ਬਣਾ ਲਵੇ ਅਤੇ ਸਹੇਲੀਆਂ ਬਣ ਘਰ ਵਿਚ ਵਿਚਰਨ ਅਤੇ ਸੱਸ ਮਾਂ ਜਿਹੀ ਹੋ ਜਾਵੇ ਤੇ ਸਹੁਰਾ ਬਾਪ ਵਾਲਾ ਪਿਆਰ ਦੇਵੇ ਤਾਂ ਨੂੰਹ ਵੀ ਕਹੇਗੀ:

ਜੇ ਸੱਸ ਮਾਂ ਬਣ ਜਾਵੇ
ਤਾਂ ਮੈਂ ਪੇਕੇ ਕਾਸ ਨੂੰ ਜਾਵਾਂ।

# ਬੇਗਮ

(ਪਿਛਲੇ ਸਫੇ ਦੀ ਬਾਕੀ)

ਕਰਨ ਲੱਗ ਜਾਂਦਾ, ਪਰ ਖਾਲਿਦ ਨਾ ਉਠਦਾ। ਕਦੋਂ ਰੋਟੀ ਪਕਦੀ, ਕਦੋਂ ਉਹ ਖਾ ਲੈਂਦੇ ਉਨ੍ਹਾਂ ਨੂੰ ਪਤਾ ਹੀ ਨਾ ਲੱਗਦਾ। ਦੇਰ ਰਾਤ ਗਈ ਤੀਕ ਉਹ ਸਾਰੇ ਮਿਲ ਕੇ ਦੀਵੇ ਦੀ ਲੋਅ ਵਿਚ ਕੰਮ ਕਰਦੇ ਰਹਿੰਦੇ। ਥੱਕ ਜਾਣ 'ਤੇ ਵੀ ਕੋਈ ਇੱਕ ਦੂਜੇ ਨੂੰ ਇਹ ਨਾ ਦਰਸਾਉਂਦਾ ਕਿ ਉਸ ਤੋਂ ਹੋਰ ਕੰਮ ਨਹੀਂ ਹੋਵੇਗਾ। ਸਾਰਿਆਂ ਦੇ ਮਨ ਵਿਚ ਬੱਸ ਇੱਕੋ ਗੱਲ, ਇੱਕੋ ਉਦੇਸ਼ ਸੀ ਕਿ ਵਕਤ 'ਤੇ ਕਾਲੀਨ ਤਿਆਰ ਹੋ ਜਾਵੇ ਅਤੇ ਨੂਰੀ ਆਪਣੇ ਸਹੁਰੇ ਘਰ ਚਲੀ ਜਾਵੇ।

ਪੈਸੇ ਬਚਾਉਣ ਲਈ ਇੱਕ ਕਿਲੋ ਦੀ ਥਾਂ 'ਤੇ ਅੱਧਾ ਕਿਲੋ ਦੁੱਧ ਕਰ ਦਿੱਤਾ ਗਿਆ। ਖਾਲਿਦ ਜਿਹੜਾ ਕੰਮ ਕਰਦਿਆਂ ਦਿਨ ਵਿਚ ਚਾਰ ਵਾਰੀ ਚਾਹ ਪੀਂਦਾ ਸੀ, ਉਸ ਨੇ ਇੱਕ ਵਾਰੀ ਚਾਹ ਪੀਣੀ ਸ਼ੁਰੂ ਕਰ ਦਿੱਤੀ। ਕਿਉਂ ਉਨ੍ਹਾਂ ਦੇ ਘਰ ਮਹੀਨੇ 'ਚ ਤਿੰਨ ਵਾਰੀ ਗੋਸ਼ਤ ਪੱਕਦਾ ਸੀ, ਪਰ ਹੁਣ ਪਿਛਲੇ ਅੱਠ ਮਹੀਨਿਆਂ ਤੋਂ ਉਨ੍ਹਾਂ ਗੋਸ਼ਤ ਦਾ ਸੁਆਦ ਵੀ ਨਹੀਂ ਸੀ ਚੱਖਿਆ। ਕੋਈ ਵੀ ਨਵੀਂ ਚੀਜ਼ ਘਰ ਵਿਚ ਨਹੀਂ ਸੀ ਲਿਆਂਦੀ। ਕੀ ਖਾਲਿਦ, ਕੀ ਰੇਸ਼ਮਾ, ਕੀ ਨੂਰੀ ਜਾਂ ਬਾਨੋ ਹਰ ਪਾਸੇ ਤੋਂ ਪੈਸਾ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਕਿ ਉਨ੍ਹਾਂ ਰਾਹੀਂ ਬਚਾਇਆ ਪੈਸਾ ਨਿਕਾਹ ਵੇਲੇ ਕੰਮ ਆ ਸਕੇ ਜਿਹੜਾ ਉਨ੍ਹਾਂ ਨੂੰ ਕਾਲੀਨ ਪੂਰਾ ਹੋਣ 'ਤੇ ਮਿਲਣਾ ਸੀ।

ਅੱਠ ਮਹੀਨਿਆਂ ਬਾਅਦ ਈਦ ਆ ਗਈ। ਅੱਗੇ ਜਿੰਨੀਆਂ ਵੀ ਈਦਾਂ ਲੰਘੀਆਂ ਸਨ, ਭਾਵੇਂ ਕਿੰਨੀ ਵੀ ਤੰਗੀ ਦੇ ਦਿਨ ਆਏ, ਖਾਲਿਦ ਆਪਣੇ ਅਤੇ ਘਰ ਦੇ ਜੀਆਂ ਲਈ ਹਮੇਸ਼ਾਂ ਨਵੇਂ ਕੱਪੜੇ ਸਿਲਵਾਇਆ ਕਰਦਾ। ਘਰ ਵਿਚ ਕੁਰਬਾਨੀ ਦਿੱਤੀ ਜਾਂਦੀ ਸੀ ਪਰ ਇਸ ਵਾਰੀ?

ਉਨ੍ਹਾਂ ਦੋ ਦਿਨ ਪਹਿਲਾਂ ਆਪਣੇ ਪੁਰਾਣੇ ਕੱਪੜੇ ਧੋ ਕੇ ਈਦ ਲਈ ਤਿਆਰ ਕਰ ਲਏ ਸਨ। ਖਾਲਿਦ ਵੱਡੀ ਮਸੀਤ 'ਚ ਨਮਾਜ਼ ਪੜ੍ਹਨ ਗਿਆ। ਉਸ ਨੇ ਬਹੁਤ ਮਨ ਨਾਲ ਨਮਾਜ਼ ਅਦਾ ਕੀਤੀ। ਅੱਲ੍ਹਾ ਅੱਗੇ ਦਿਲੋਂ ਦੁਆ ਕੀਤੀ, "ਹੇ ਅੱਲ੍ਹਾ! ਤੂੰ ਮੇਰੀ ਨੂਰੀ ਦਾ ਕਾਰਜ ਸਿਰੇ ਚਾੜ੍ਹ ਦੇ ਤਾਂ ਕਿ ਉਹ ਆਪਣੇ ਘਰ ਚਲੀ ਜਾਵੇ।"

ਰੁਸਤਮ ਦੇ ਪਿਉ ਹਫ਼ੀਜ਼ ਮੀਆਂ ਵੱਲੋਂ ਦਿੱਤੇ ਦਿਨਾਂ ਦੀ ਗਿਣਤੀ ਘਟਦੀ ਜਾ ਰਹੀ ਸੀ। ਉਹਦੀ ਸ਼ਰਤ ਅਨੁਸਾਰ ਜੇ ਵਕਤ 'ਤੇ ਨਿਕਾਹ ਵਾਲੀ ਰਕਮ ਦੇ ਪੰਦਰਾਂ ਹਜ਼ਾਰ ਉਸ ਨੂੰ ਨਾ ਦਿੱਤੇ ਗਏ ਤਾਂ ਉਹ ਰਿਸ਼ਤਾ ਤੋੜ ਲਵੇਗਾ।

ਹੁਣ ਤਾਂ ਸਾਰੀ ਸਾਰੀ ਰਾਤ ਨਾ ਖਾਲਿਦ ਸੌਂਦਾ ਅਤੇ ਨਾ ਹੀ ਨੂਰੀ ਸੌਂਦੀ। ਉਹ ਜਾਣਦੇ ਸਨ ਨਿਕਾਹ ਵਿਚ ਕੇਵਲ ਇੱਕ ਮਹੀਨਾ ਬਾਕੀ ਸੀ ਅਤੇ ਕਾਲੀਨ ਪੂਰਾ ਹੋਣ ਲਈ ਅਜੇ ਵੀ ਤਿੰਨ ਮਹੀਨੇ ਮੰਗਦਾ ਸੀ। ਫਿਰ ਵੀ ਉਹ ਉਸ ਨੂੰ ਇੱਕ ਮਹੀਨੇ ਵਿਚ ਪੂਰਾ ਕਰ ਦੇਣਾ ਚਾਹੁੰਦੇ ਸਨ।

ਵਕਤ ਮੁੱਠੀ ਵਿਚਲੀ ਰੇਤ ਵਾਂਗ ਕਿਰਦਾ ਵੇਖ ਇੱਕ ਦਿਨ ਰੇਸ਼ਮਾ ਨੇ ਪਤੀ ਨੂੰ ਸਲਾਹ ਦਿੱਤੀ ਕਿ ਉਹ ਸ਼ਾਹੂਕਾਰ ਕੋਲੋਂ ਨਿਕਾਹ ਲਈ ਐਡਵਾਂਸ ਪੈਸੇ ਮੰਗ ਲਵੇ। ਜਦੋਂ ਖਾਲਿਦ ਸ਼ਾਹੂਕਾਰ ਕੋਲ ਗਿਆ ਤਾਂ ਉਸ ਨੇ ਇਹ ਆਖ ਮਨ੍ਹਾਂ ਕਰ ਦਿੱਤਾ ਕਿ ਸਾਡੇ ਕਾਰੋਬਾਰ ਵਿਚ ਇਸ ਤਰ੍ਹਾਂ ਕਰਨਾ ਨਹੀਂ ਲਿਖਿਆ ਹੋਇਆ।

ਨਿਕਾਹ ਵਿਚ ਕੁਝ ਦਸ ਦਿਨ ਬਾਕੀ ਸਨ। ਉਨ੍ਹਾਂ ਨੂੰ ਸਾਫ਼ ਦਿੱਸਣ ਲੱਗਾ ਸੀ ਕਿ ਕਾਲੀਨ ਪੂਰਾ ਹੋਣ ਲਈ ਅਜੇ ਵੀ ਮਹੀਨੇ ਤੋਂ ਵੱਧ ਵਕਤ ਲੱਗ ਜਾਵੇਗਾ। ਅਖੀਰ ਇੱਕ ਦਿਨ ਫਿਰ ਰੇਸ਼ਮਾ ਨੇ ਪਤੀ ਨੂੰ ਮੁੰਡੇ ਵਾਲਿਆਂ ਕੋਲੋਂ ਹੋਰ ਦੋ ਮਹੀਨੇ ਦਾ ਵਕਤ ਮੰਗਣ ਲਈ ਆਖਿਆ। "ਸਾਡੀ ਨੂਰੀ ਇੰਨੀ ਸੋਹਣੀ ਹੈ ਕਿ ਉਹ ਮਨ੍ਹਾਂ ਨਹੀਂ ਕਰਨਗੇ।" ਇਹ ਤੁਰਨ ਲੱਗੇ ਖਾਲਿਦ ਨੂੰ ਰੇਸ਼ਮਾ ਨੇ ਕਿਹਾ ਸੀ।

ਸੂਰਜ ਚੜ੍ਹਨ ਤੋਂ ਪਹਿਲਾਂ ਹੀ ਖਾਲਿਦ ਉਸ ਪਿੰਡ ਵੱਲ ਪੈਦਲ ਤੁਰ ਪਿਆ। ਜਦੋਂ ਉਹ ਹਫ਼ੀਜ਼ ਮੀਆਂ ਦੇ ਘਰ ਪਹੁੰਚਿਆ ਤਾਂ ਦਿਨ ਚੜ੍ਹ ਆਇਆ ਸੀ। ਉਸ ਨੇ ਪਹਿਲਾਂ ਵਾਂਗ ਬਾਹਰ ਗਲੀ 'ਚ ਖਲੋ ਹਫ਼ੀਜ਼ ਮੀਆਂ ਕਹਿ ਆਵਾਜ਼ ਲਗਾਈ। ਪਹਿਲਾਂ ਵਾਂਗ ਹੀ ਟਾਟ ਦਾ ਪਰਦਾ ਹਟਿਆ ਅਤੇ ਉਸ ਪਿੱਛੋਂ ਫਿਰ ਟੁੱਟਿਆ ਭੱਜਿਆ ਬੰਦਾ ਬਾਹਰ ਨਿਕਲਿਆ, ਉਹ ਹਫ਼ੀਜ਼ ਮੀਆਂ ਹੀ ਸੀ।

"ਕੀ ਪੈਸੇ ਦੇਣ ਆਏ ਹੋ?" ਉਸ ਨੇ ਇਸ ਵਾਰੀ ਸਾਹਿਬ ਸਲਾਮ ਵੀ ਨਹੀਂ ਕੀਤਾ ਸਗੋਂ ਖਾਲਿਦ ਪਾਸੋਂ ਸਿੱਧੇ ਪੈਸੇ ਮੰਗ ਲਏ। ਜਦੋਂ ਖਾਲਿਦ ਨੇ ਆਪਣੀ ਮਜਬੂਰੀ ਦੱਸਦਿਆਂ ਦੋ ਮਹੀਨਿਆਂ ਦਾ ਵਕਤ ਮੰਗਿਆ ਤਾਂ ਉਸ ਨੇ ਸਾਫ਼ ਇਨਕਾਰ ਕਰ ਦਿੱਤਾ ਕਿਉਂਕਿ ਇਸ ਦਸ ਮਹੀਨੇ ਦੇ ਅਰਸੇ ਵਿਚ ਉਸ ਨੂੰ ਇੱਕ ਹੋਰ ਕੁੜੀ ਵਾਲੇ ਮਿਲ ਗਏ ਸਨ ਜਿਹੜੇ ਨਿਕਾਹ ਪੱਚੀ ਹਜ਼ਾਰ ਵਿਚ ਕਰਨ ਲਈ ਤਿਆਰ ਸਨ।

ਖਾਲਿਦ ਨੇ ਹਫ਼ੀਜ਼ ਮੀਆਂ ਅੱਗੇ ਹੱਥ ਜੋੜੇ, ਉਸ ਦੇ ਬਹੁਤ ਤਰਲੇ ਕੱਢੇ ਪਰ ਉਹ ਟੱਸ ਤੋਂ ਮਸ ਨਾ ਹੋਇਆ। ਨਿਰਾਸ਼ ਹੋਇਆ ਖਾਲਿਦ ਆਪਣੇ ਘਰ ਵੱਲ ਤੁਰ ਪਿਆ। ਉਹ ਪੈਂਡਾ ਜਿਹੜਾ ਉਸ ਨੇ ਨੂਰੀ ਦਾ ਰਿਸ਼ਤਾ ਹੋਣ 'ਤੇ ਖੁਸ਼ੀ 'ਚ ਤੈਅ ਕੀਤਾ ਸੀ, ਹੁਣ ਜਿਵੇਂ ਕੋਹਾਂ ਦੀ ਵਾਟ ਹੋ ਗਿਆ ਸੀ। ਉਸ ਦੇ ਪੈਰ ਮਣ-ਮਣ ਭਾਰੇ ਹੋ ਗਏ ਸਨ। ਉਸ ਨੂੰ ਤਾਂ ਪੈਰ ਚੁੱਕ ਕੇ ਡਿੰਘ ਪੁੱਟਣੀ ਵੀ ਔਖੀ ਲੱਗ ਰਹੀ ਸੀ। ਉਹਦੇ ਮਨ ਵਿਚ ਉਸ ਵੇਲੇ ਸਿਵਾਏ ਨੂਰੀ ਦੇ ਹੋਰ ਕੋਈ ਨਹੀਂ ਸੀ।

ਉਹ ਥੋੜ੍ਹੀ ਦੂਰ ਤੁਰਦਾ ਅਤੇ ਜਿਵੇਂ ਹੰਭ ਜਾਂਦਾ। ਸਹਾਰਾ ਲੈਣ ਲਈ ਕਿਸੇ ਰੁੱਖ ਹੇਠ ਪੱਥਰ 'ਤੇ ਬਹਿ ਜਾਂਦਾ ਅਤੇ ਕੁਝ ਚਿਰ ਬਾਅਦ ਫਿਰ ਤੁਰਨ ਲੱਗਦਾ। ਇਸ ਤਰ੍ਹਾਂ ਕਰਦਿਆਂ ਤਰਕਾਲਾਂ ਢਲ ਗਈਆਂ ਸਨ। ਨੂਰੀ, ਰੇਸ਼ਮਾ ਤੇ ਬਾਨੋ ਉਸ ਦੀ ਉਡੀਕ ਕਰ ਰਹੀਆਂ ਸਨ। ਨੂਰੀ ਨੂੰ ਤਾਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਜ਼ਰੂਰ ਕੁਝ ਮਾੜਾ ਹੋ ਗਿਆ ਹੋਵੇਗਾ।

ਖਾਲਿਦ ਘਰ ਪਹੁੰਚ ਕੁਝ ਨਹੀਂ ਬੋਲਿਆ। ਕਿਸੇ ਨੇ ਵੀ ਉਸ ਨੂੰ ਕੁਝ ਨਾ ਪੁੱਛਿਆ। ਉਸ ਦੀ ਸ਼ਕਲ ਨੇ ਹੀ ਜਿਵੇਂ ਉਨ੍ਹਾਂ ਨੂੰ ਸਭ ਕੁਝ ਦੱਸ ਦਿੱਤਾ ਸੀ।

ਰੁਸਤਮ ਦੇ ਪਿਓ ਹਫ਼ੀਜ਼ ਮੀਆਂ ਨੂੰ ਨਿਕਾਹ ਲਈ ਨਾਂਹ ਕੀਤਿਆਂ ਅੱਜ ਇੱਕ ਹਫ਼ਤਾ ਹੋ ਚੱਲਿਆ ਸੀ। ਖਾਲਿਦ ਦੇ ਘਰ 'ਚ ਜਿਵੇਂ ਕਿਸੇ ਦੀ ਮੌਤ ਹੋ ਗਈ ਸੀ ਅਤੇ ਸਾਰੇ ਉਸ ਦਾ ਸੋਗ ਮਨਾ ਰਹੇ ਸਨ। ਇਨ੍ਹਾਂ ਸੱਤ ਦਿਨਾਂ ਵਿਚ ਕਿਸੇ ਨੇ ਠੀਕ ਤਰ੍ਹਾਂ ਨਾਲ ਰੋਟੀ ਵੀ ਨਹੀਂ ਸੀ ਖਾਧੀ।

ਕਿਸੇ ਨੇ ਵੀ ਕੋਈ ਕੰਮ ਨਹੀਂ ਸੀ ਕੀਤਾ। ਜਿੰਨੀਆਂ ਗੰਢਾਂ ਕਾਲੀਨ ਵਿਚ ਪਾਈਆਂ ਹੋਈਆਂ ਸਨ, ਉਨੀਆਂ ਹੀ ਰਹਿ ਗਈਆਂ ਸਨ। ਕਿਸੇ ਨੇ ਵੀ ਕਾਲੀਨ ਨਹੀਂ ਸੀ ਬੁਣਿਆ, ਹੱਥ ਤੀਕ ਨਹੀਂ ਸੀ ਲਾਇਆ ਉਸ ਨੂੰ। ਨੂਰੀ ਨੇ ਵੀ ਹੁਣ ਆਪਣੇ ਅੱਬਾ ਨੂੰ ਕਾਲੀਨ ਵਿਚ ਕੋਈ ਨਵਾਂ ਡਿਜ਼ਾਈਨ ਪਾਉਣ ਦੀ ਸਲਾਹ ਨਹੀਂ ਸੀ ਦਿੱਤੀ ਕਿਉਂਕਿ ਉਨ੍ਹਾਂ ਨੂੰ ਹੁਣ ਵਧੀਆ ਕਾਲੀਨ ਤਿਆਰ ਕਰਨ ਦੀ ਕਾਹਲ ਨਹੀਂ ਸੀ।

ਘਰ ਵਿਚ ਇੱਕ ਨੂਰੀ ਸੀ ਜਿਹੜੀ ਇਸ ਵਾਰੀ ਵੀ ਕਿਸੇ ਦੀ ਬੇਗ਼ਮ ਬਣਨ ਤੋਂ ਰਹਿ ਗਈ ਸੀ।

# ਲਿੱਟੇ ਤੇ ਭਾਰਤੀ ਫੌਜ...

(ਸਫਾ 29 ਦੀ ਬਾਕੀ)

ਭਾਰਤੀ ਆਰਮੀ ਚੀਫ ਨੇ ਰਾਜੀਵ ਗਾਂਧੀ ਨੂੰ ਕਿਹਾ ਸੀ ਕਿ ਲਿੱਟੇ ਨੇ ਬਦਤਮੀਜ਼ੀ ਕੀਤੀ ਤਾਂ ਤਿੰਨ ਦਿਨਾਂ ਵਿਚ ਸਿੱਧੇ ਕਰ ਦਿਆਂਗੇ। ਖੁਫੀਆ ਏਜੰਸੀ 'ਰਾਅ' ਦੀ ਵੀ ਰਿਪੋਰਟ ਇਸ ਨਾਲ ਮਿਲਦੀ-ਜੁਲਦੀ ਸੀ। ਇਹ ਨਿਰੀ ਖੁਸ਼ਫਹਿਮੀ ਸਾਬਤ ਹੋਈ। ਜਰਨੈਲ ਸੋਚਣ ਲੱਗੇ, ਪ੍ਰਭਾਕਰਨ ਨੂੰ ਕਿਵੇਂ ਫੜਿਆ ਜਾਵੇ? ਪਤਾ ਸੀ, ਉਹ ਜਾਫਨਾ ਯੂਨੀਵਰਸਿਟੀ ਦੇ ਇਰਦ-ਗਿਰਦ ਰਹਿੰਦੈ। ਹੈਲੀਕਾਪਟਰ ਰਾਹੀਂ ਭਾਰਤੀ ਕਮਾਂਡੋ ਹੇਠਾਂ ਉਤਾਰੇ ਤਾਂ ਉਤਰਦਿਆਂ ਨੂੰ ਲਿੱਟੇ ਖਾੜਕੂਆਂ ਨੇ ਭੁੰਨ ਦਿੱਤਾ। ਖਾੜਕੂਆਂ ਨੇ ਫੌਜ ਦਾ ਰੇਡੀਓ ਸਿਸਟਮ ਕੋਡ ਕਾਬੂ ਕਰ ਲਿਆ ਸੀ ਜਿਸ ਰਾਹੀਂ ਇਨ੍ਹਾਂ ਦੇ ਉਤਰਨ ਦਾ ਪਤਾ ਲੱਗਾ। ਫੌਜ ਵਿਚ ਸੋਗ ਫੈਲ ਗਿਆ।

ਇਕ ਪੱਤਰ ਮੁੱਖ ਮੰਤਰੀ ਐਮ.ਜੀ.ਆਰ. ਅਤੇ ਦੋ ਰਾਜੀਵ ਗਾਂਧੀ ਨੂੰ ਪ੍ਰਭਾਕਰਨ ਨੇ ਲਿਖੇ, ਜੰਗਬੰਦੀ ਦੀ ਮੰਗ ਕੀਤੀ- "ਅਸੀਂ ਤੁਹਾਨੂੰ ਅਮਨ ਕਾਇਮ ਕਰਨ ਲਈ ਸੱਦਿਆ ਸੀ, ਤੁਸੀਂ ਸਾਡੀ ਨਸਲਕੁਸ਼ੀ ਸ਼ੁਰੂ ਕਰ ਦਿੱਤੀ। ਇਨ੍ਹਾਂ ਪੱਤਰਾਂ ਨੂੰ ਰਹਿਮ ਦੀਆਂ ਅਪੀਲਾਂ ਨਾ ਸਮਝ ਜਾਣਾ। ਅਸੀਂ ਬੜੇ ਸਖਤ-ਜਾਨ ਲੋਕ ਹਾਂ, ਲੰਮਾ ਸਮਾਂ ਲੜਾਂਗੇ, ਆਪਣੀ ਹੋਣੀ ਆਪ ਘੜਾਂਗੇ। ਭਾਰਤ ਵਰਗੇ ਵੱਡੇ ਲੋਕਤੰਤਰ ਨੂੰ ਸੋਭਾ ਨਹੀਂ ਦਿੰਦਾ ਕਿ ਨਿੱਕੀ ਜਿਹੀ ਨਸਲ ਨੂੰ ਕਤਲ ਕਰੇ।" ਤਿੰਨਾਂ ਵਿਚੋਂ ਕਿਸੇ ਦਾ ਜਵਾਬ ਨਹੀਂ ਆਇਆ, ਅਖਬਾਰਾਂ ਨੇ ਖਤ ਛਾਪੇ। ਪ੍ਰਭਾਕਰਨ ਵਾਸਤੇ ਦੋਵੇਂ ਪਾਸੇ ਠੀਕ, ਜੇ ਰਾਜੀਵ ਗਾਂਧੀ ਫੌਜ ਵਾਪਸ ਬੁਲਾ ਲਏ ਤਾਂ ਚੰਗਾ; ਜੇ ਜੰਗ ਜਾਰੀ ਰੱਖੀ, ਦੁਨੀਆਂ ਵਿਚ ਬਦਨਾਮੀ ਹੋਵੇਗੀ ਕਿ ਗੁਆਂਢੀ ਦੇਸ਼ ਵਿਚ ਹਮਲੇ ਕਰ ਰਿਹਾ ਹੈ।

ਬੜਾ ਖਤਰਨਾਕ ਗੁਰੀਲਾ ਯੁੱਧ ਚੱਲਿਆ। ਕਿਸ ਦਰਖਤ, ਕੰਧ, ਖੁੰਢ, ਖੰਭੇ, ਛੱਪਰ ਪਿਛੇ ਖਾੜਕੂ ਲੁਕਿਆ ਬੈਠਾ ਹੈ, ਪਤਾ ਨਹੀਂ। ਦਰਖਤਾਂ ਉਪਰ ਚੜ੍ਹੇ ਹੁੰਦੇ। ਸਾਹਮਣਿਉਂ ਭਾਰਤੀ ਸੈਨਾ ਦੀ ਟੁਕੜੀ ਆਉਂਦੀ ਦੇਖਣੀ, ਅਫਸਰ ਨੂੰ ਫੁੰਡ ਦੇਣਾ, ਨਿਸ਼ਾਨਾ ਪੱਕਾ। ਅਫਸਰਾਂ ਨੇ ਬੈਜ ਪਹਿਨਣੇ ਛੱਡ ਦਿੱਤੇ। ਬਹੁਤੇ ਖਾੜਕੂ ਭਾਰਤ ਵਿਚ ਸਿਖਲਾਈ ਲੈ ਕੇ ਆਏ ਸਨ, ਹਥਿਆਰ ਲੈ ਕੇ ਆਏ ਸਨ, ਪਰ ਮਜਾਲ ਹੈ ਇਸ ਗਲ ਦੇ ਅਹਿਸਾਨ ਸਦਕਾ ਤਰਸ ਖਾਣ।

ਰਾਜੀਵ ਗਾਂਧੀ ਦਾ ਸੂਰਜ ਢਲਣ ਲੱਗਾ। ਬੋਫੋਰਜ਼ ਤੋਪਾਂ ਦੀ ਖਰੀਦ ਦੇ ਘਪਲੇ ਦਾ ਰੌਲਾ ਪੈ ਗਿਆ। ਤਮਿਲਨਾਡੂ ਵਿਚ ਮੀਟਿੰਗਾਂ ਹੋਣ ਲੱਗੀਆਂ, ਲੰਕਾ ਦੇ ਤਮਿਲਾਂ ਦੇ ਹੱਕ ਵਿਚ ਇਕੱਠ ਹੋਣ ਲੱਗੇ। ਐਮ.ਜੀ.ਆਰ. ਕਾਫੀ ਕੁਝ ਕਰ ਸਕਦਾ ਸੀ ਜੇ ਬਿਮਾਰ ਨਾ ਹੁੰਦਾ। ਦਸੰਬਰ 1987 ਵਿਚ ਉਸ ਦੀ ਮੌਤ ਹੋ ਗਈ। ਪ੍ਰਭਾਕਰਨ ਨੇ ਇਕ ਹੋਰ ਸਿਆਸੀ ਚਾਲ ਚੱਲੀ। ਲਿੱਟੇ ਨੇ ਜਿਹੜੇ 18 ਭਾਰਤੀ ਫੌਜੀ ਬੰਦੀ ਬਣਾਏ ਸਨ, ਭਾਰਤ ਦੀ ਹਮਦਰਦੀ ਜਿੱਤਣ ਲਈ ਰਿਹਾਅ ਕਰ ਦਿੱਤੇ। ਇਸ ਦੀ ਕਿਸੇ ਨੂੰ ਉਮੀਦ ਨਹੀਂ ਸੀ। ਮਹਾਤਿਆ ਨੇ ਪੱਤਰਕਾਰਾਂ ਦੇ ਵੱਡੇ ਇਕੱਠ ਵਿਚ ਬੰਦੀ ਭਾਰਤੀ ਫੌਜ ਦੇ ਹਵਾਲੇ ਕੀਤੇ। ਪ੍ਰਭਾਕਰਨ ਦੀ ਲੰਮੀ ਸਟੇਟਮੈਂਟ ਰਿਲੀਜ਼ ਕੀਤੀ- ਅਸੀਂ ਭਾਰਤ ਨੂੰ ਦਿਲੋਂ ਪਿਆਰ ਕਰਦੇ ਹਾਂ। ਧੱਕੇ ਨਾਲ ਮੇਰੇ ਸੰਘ ਹੇਠ ਰਾਜੀਵ ਗਾਂਧੀ ਨੇ ਲੰਕਾ ਸਮਝੌਤਾ ਤੁੰਨ ਦਿੱਤਾ। ਅਸੀਂ ਭਾਰਤ 'ਤੇ ਹਮਲਾ ਨਹੀਂ ਕੀਤਾ। ਭਾਰਤੀ ਫੌਜ ਮੇਰੇ ਲੋਕਾਂ 'ਤੇ ਹਮਲਾ ਕਰਨ ਲੰਕਾ ਵਿਚ ਕਿਉਂ ਆਈ? ਸਾਨੂੰ ਸ਼ਾਂਤੀ ਪਾਠ ਪੜ੍ਹਨ ਦਾ ਹੁਕਮ ਹੈ ਤੇ ਫੌਜ ਸਾਡੇ ਉਪਰ ਮੀਂਹ ਵਾਂਗ ਗੋਲੀਆਂ ਵਰ੍ਹਾ ਰਹੀ ਹੈ। ਅਠਾਰਾਂ ਭਾਰਤੀ ਬੰਦੀ ਰਿਹਾਅ ਕਰ ਕੇ ਅਸੀਂ ਦੋਸਤੀ ਸਦਭਾਵਨਾ ਦਾ ਸਬੂਤ ਦਿੱਤਾ। ਸਾਨੂੰ ਤੁਹਾਥੋਂ ਇਹੋ ਉਮੀਦ ਹੈ।

ਇਹੋ ਬੋਲੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਰਾਜੀਵ ਗਾਂਧੀ ਵਿਰੁੱਧ ਬੋਲ ਰਹੀ ਸੀ। ਹਰ ਕੋਈ ਪੁੱਛ ਰਿਹਾ ਸੀ, ਲੰਕਾ ਵਿਚ ਭਾਰਤੀ ਫੌਜ ਕਿਉਂ ਮਰਵਾਈ ਜਾ ਰਹੀ ਹੈ? ਪ੍ਰਭਾਕਰਨ ਜੋ ਚਾਹੁੰਦਾ ਸੀ, ਉਵੇਂ ਅਸਰ ਹੋਇਆ। ਭਾਰਤ ਨੇ 21 ਨਵੰਬਰ ਨੂੰ 48 ਘੰਟਿਆਂ ਦੀ ਗੋਲੀਬੰਦੀ ਦਾ ਹੁਕਮ ਦੇ ਦਿੱਤਾ। ਬਹਾਦਰੀ ਪੱਖੋਂ ਨਹੀਂ, ਗਿਣਤੀ ਪੱਖੋਂ ਲਿੱਟੇ ਮਾਰ ਖਾ ਰਿਹਾ ਸੀ। ਸ਼ੁਰੂ ਵਿਚ ਪੰਜ ਹਜ਼ਾਰ ਫੌਜੀ ਲੰਕਾ ਵਿਚ ਆਏ ਸਨ, ਮੁਕਾਬਲੇ ਵਧਦੇ ਗਏ, ਇਕ ਲੱਖ ਭਾਰਤੀ ਸੈਨਿਕ ਲੰਕਾ ਵਿਚ ਜਾ ਉਤਰੇ। ਐਮ.ਜੀ.ਆਰ. ਦੇ ਜਿਉਂਦਿਆਂ ਪਰਵਾਹ ਨਹੀਂ ਕੀਤੀ, ਪ੍ਰਭਾਕਰਨ ਨੇ ਹੁਣ ਤਮਿਲਨਾਡੂ ਨੇਤਾ ਕਰੁਨਾਨਿਧੀ ਕੋਲ ਮਿੱਤਰਤਾ ਦਾ ਸੁਨੇਹਾ ਭੇਜਿਆ। ਕਰੁਨਾਨਿਧੀ ਤਾਂ ਉਡੀਕ ਰਿਹਾ ਸੀ ਕਿ ਭਾਰਤੀ ਤਮਿਲਾਂ ਦੀ ਮਦਦ ਨਾਲ ਰਾਜੀਵ ਕਾਂਗਰਸ ਨੂੰ ਹਰਾਇਆ ਜਾਵੇ।

(ਚਲਦਾ)

# ਪਰਦੇ 'ਤੇ ਕਵਿਤਾ: ਮੇਰੇ ਅਪਨੇ




## ਗੁਲਜ਼ਾਰ ਦੀ ਜਾਦੂਗਰੀ

ਆਵਾਜ਼ ਦੇ ਕਹਾਂ ਹੈ... -37-



ਕੁਲਦੀਪ ਕੌਰ
ਫੋਨ: +91-98554-04330

ਗੁਲਜ਼ਾਰ ਕਵੀ ਹੈ। ਉਸ ਵੱਲੋਂ ਨਿਰਦੇਸ਼ਿਤ ਫਿਲਮਾਂ ਦੀ ਸੁਰ ਕਾਵਿਮਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਫਿਲਮਾਂ ਬੰਗਲਾ ਸਾਹਿਤ 'ਤੇ ਆਧਾਰਤ ਹਨ। ਪਹਿਲੀ ਫਿਲਮ 'ਮੇਰੇ ਅਪਨੇ' ਦਾ ਗਾਣਾ 'ਕੋਈ ਹੋਤਾ ਜਿਸ ਕੋ ਅਪਨਾ, ਹਮ ਅਪਨਾ ਕਹਿ ਲੇਤੇ ਯਾਰੋ, ਪਾਸ ਨਹੀਂ ਤੋ ਦੂਰ ਹੀ ਹੋਤਾ, ਲੇਕਿਨ ਕੋਈ ਮੇਰਾ ਅਪਨਾ' ਬੇਗਾਨਗੀ ਦੇ ਘੇਰਿਆਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਫਿਲਮ ਨਾਲ ਜੁੜਿਆ ਦੂਜਾ ਮਹੱਤਵਪੂਰਨ ਤੱਥ ਸੀ ਕਿ ਇਹ ਫਿਲਮ ਅਦਾਕਾਰਾ ਮੀਨਾ ਕੁਮਾਰੀ ਦੀ ਆਖਰੀ ਫਿਲਮ ਸੀ। ਫਿਲਮ ਵਿਚ ਉਸ ਦਾ ਕਿਰਦਾਰ ਅਜਿਹੀ ਬਜ਼ੁਰਗ ਔਰਤ ਦਾ ਹੈ ਜੋ ਰਿਸ਼ਤਿਆਂ ਦੀ ਘੁੰਮਣਘੇਰੀ ਵਿਚ ਉਲਝ ਕੇ ਰਹਿ ਜਾਂਦੀ ਹੈ, ਪਰ ਉਹ ਹਾਰਦੀ ਨਹੀਂ, ਸਗੋਂ ਮੁੰਡਿਆਂ ਦੇ ਦੋ ਅਜਿਹੇ ਗਰੁਪਾਂ ਨਾਲ ਜਜ਼ਬਾਤੀ ਤੌਰ 'ਤੇ ਜੁੜ ਜਾਂਦੀ ਹੈ ਜਿਹੜੇ ਦੋ ਵੱਖ-ਵੱਖ ਸਿਆਸੀ ਪਾਰਟੀਆਂ ਲਈ ਕੰਮ ਕਰ ਰਹੇ ਹਨ। ਸਮਾਂ 20ਵੀਂ ਸਦੀ ਦਾ 7ਵਾਂ ਦਹਾਕਾ ਹੈ। ਇਹ ਦਹਾਕਾ ਸਿਆਸੀ ਵਿਚਾਰਾਂ ਦੇ ਭੇੜ, ਲੱਕ ਤੋੜਵੀਂ ਮਹਿੰਗਾਈ, ਬੇਰੁਜ਼ਗਾਰਾਂ ਦੀਆਂ ਭੀੜਾਂ ਅਤੇ ਅਲਗਰਜ਼ੀ ਵਾਲਾ ਹੈ। ਮੀਨਾ ਕੁਮਾਰੀ ਬਿਮਾਰੀ ਦੇ ਕਮਜ਼ੋਰ ਕੀਤੇ ਸਰੀਰ, ਪਰ ਮਜ਼ਬੂਤ ਇਰਾਦੇ ਨਾਲ ਫਿਲਮ 'ਤੇ ਆਪਣੀ ਛਾਪ ਛੱਡਦੀ ਹੈ। ਫਿਲਮ ਵਿਚ ਫਿਲਮ ਸੰਸਥਾ ਪੂਨੇ ਤੋਂ ਤਾਜ਼ਾ-ਤਾਜ਼ਾ ਅਦਾਕਾਰ ਬਣ ਕੇ ਨਿਕਲੇ ਅਸਰਾਨੀ, ਡੈਨੀ, ਦੇਵਨ ਵਰਮਾ ਨੇ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ ਹਨ। ਆਪਣੀ ਇਸ ਫਿਲਮ ਨਾਲ ਗੁਲਜ਼ਾਰ ਦਾ ਰਿਸ਼ਤਾ ਕਾਫੀ ਭਾਵਨਾਤਮਿਕ ਹੈ ਜਿਸ ਨੂੰ ਉਸ ਦੇ ਇਸ ਖੂਬਸੂਰਤ ਬਿਆਨ ਰਾਹੀਂ ਸਮਝਿਆ ਜਾ ਸਕਦਾ ਹੈ: "ਜਦੋਂ ਸ਼ਹਿਰ ਦਿਆਂ ਨੁੱਕੜਾਂ 'ਤੇ ਇਸ ਫਿਲਮ ਦੇ ਪੋਸਟਰ ਲੱਗੇ, ਤਾਂ ਕਈ ਦੋਸਤਾਂ ਨੇ ਸਵਾਲ ਪੁੱਛਣੇ ਸ਼ੁਰੂ ਕੀਤੇ ਕਿ ਗੁੰਡਿਆਂ-ਬਦਮਾਸ਼ਾਂ ਨਾਲ ਭਰੀ ਇਸ ਫਿਲਮ ਵਿਚ ਮੀਨਾ ਕੁਮਾਰੀ ਕੀ ਕਰ ਰਹੀ ਹੈ? ਦੱਸਣਾ ਪਿਆ ਕਿ ਜਦੋਂ ਮੈਂ ਤਪਨ ਸਿਨਹਾ ਦੀ ਬੰਗਲਾ ਫਿਲਮ 'ਅਪਨ ਜਾਨ' ਦੇਖੀ ਤਾਂ ਇਸ ਵਿਚਲਾ ਪਿਆਰ ਤੇ ਹਿੰਸਾ ਦਾ ਦਵੰਦ ਕਿੰਨੇ ਦਿਨ ਮੇਰੇ ਅੰਦਰ ਚੱਲਦਾ ਰਿਹਾ। ਜੇ ਮੀਨਾ ਕੁਮਾਰੀ ਪਿਆਰ ਦੀ ਨੁਮਾਇੰਦਗੀ ਕਰਦੀ ਹੈ ਤਾਂ ਫਿਲਮ ਵਿਚ ਵਿਨੋਦ ਖੰਨਾ ਤੇ ਸ਼ਤਰੂਘਨ ਸਿਨਹਾ ਹਿੰਸਾ ਦੀਆਂ ਚਲਦੀਆਂ-ਫਿਰਦੀਆਂ ਦੁਕਾਨਾਂ ਹਨ, ਪਰ ਜਿਹੜੀ ਗੱਲ ਉਨ੍ਹਾਂ ਨੂੰ ਪੁੱਛਣੀ ਚਾਹੀਦੀ ਸੀ, ਪਰ ਉਨ੍ਹਾਂ ਨਹੀਂ ਪੁੱਛੀ, ਉਹ ਇਹ ਸੀ ਕਿ ਮੈਂ ਲੇਖਕ ਅਤੇ ਨਿਰਦੇਸ਼ਕ ਵਿਚਕਾਰਲਾ ਆਪਸੀ ਰਿਸ਼ਤਾ ਕਿਵੇਂ ਹੰਢਾਇਆ? 'ਮੇਰੇ ਅਪਨੇ' ਮੇਰੇ ਲਈ ਦੋਹਰਾ ਕਿਰਦਾਰ ਨਿਭਾਉਣ ਵਾਂਗ ਸੀ। ਫਿਲਮ ਦਾ ਨਿਰਦੇਸ਼ਕ ਨੌਸਿਖੀਆ ਸੀ, ਪਰ ਲੇਖਕ ਦੇ ਪੈਰ ਜੰਮ ਚੁੱਕੇ ਸਨ। ਉਹ ਉਸ ਸਮੇਂ ਪਟਕਥਾ ਲੇਖਕ ਵਜੋਂ ਸਥਾਪਿਤ ਹੋ ਚੁੱਕਾ ਸੀ। ਹੁੰਦਾ ਇਹ ਸੀ ਕਿ ਬਹੁਤੀ ਵਾਰ ਪਟਕਥਾ-ਲੇਖਕ ਭਾਰੂ ਪੈ ਜਾਂਦਾ, ਉਹ ਅਕਸਰ ਨਿਰਦੇਸ਼ਕ ਨੂੰ ਡਾਂਟ ਦਿੰਦਾ, ਅਖੇ... ਪਹਿਲਾਂ ਮੇਰੀ ਗੱਲ ਸੁਣ! ਮੈਂ ਉਸ ਨੂੰ ਵਰਜਦਾ, ਪਰ ਹੌਲੀ-ਹੌਲੀ ਉਸ ਦਾ ਆਗਿਆਕਾਰੀ ਬਣ ਗਿਆ। ਕਈ ਵਾਰ ਉਹ ਮੇਰੇ ਵੱਲ ਕੁਨੱਖਾ ਝਾਕਦਾ, ਜਿਵੇਂ ਕਹਿ ਰਿਹਾ ਹੋਵੇ ਕਿ ਮੇਰੀ ਵਜ੍ਹਾ ਨਾਲ ਹੀ ਤਾਂ ਤੂੰ ਅੱਜ ਨਿਰਦੇਸ਼ਕ ਬਣਿਆ ਏਂ! ਸੈੱਟ 'ਤੇ ਬੈਠਾ ਉਹ ਮੈਨੂੰ ਸੰਮੋਹਿਤ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ। ਦੋਹਾਂ ਵਿਚਕਾਰ ਕਸ਼ਮਕਸ਼ ਚੱਲਦੀ ਰਹਿੰਦੀ। ਅਚਾਨਕ ਮੈਂ ਕੁਝ ਇੱਦਾਂ ਦੇ ਸ਼ਾਟ ਲੈਂਦਾ ਜਿਨ੍ਹਾਂ ਬਾਰੇ ਉਹਨੂੰ ਕਿਆਸ ਵੀ ਨਹੀਂ ਸੀ ਹੋ ਸਕਦਾ। ਕੁਨੱਖੀਆਂ ਵਿਚੋਂ ਮੈਂ ਉਸ ਦੇ ਚਿਹਰੇ 'ਤੇ ਫੈਲਦੀ ਹੈਰਾਨੀ ਪੜ੍ਹਨ ਦੀ ਕੋਸ਼ਿਸ਼ ਕਰਦਾ। ਦਿਨ ਬੀਤਣ ਨਾਲ ਨਿਰਦੇਸ਼ਕ ਦਾ ਆਤਮ-ਵਿਸ਼ਵਾਸ ਵਧਦਾ ਗਿਆ।... ਜਦੋਂ ਕਦੀ ਉਹ ਮੈਨੂੰ ਨਿੱਠ ਕੇ ਲਿਖਣ ਲਈ ਆਖਦਾ, ਮੈਂ ਘੇਸਲ ਮਾਰ ਜਾਂਦਾ। ਮੈਂ ਘਰੋਂ ਤਿਆਰੀ ਕਰ ਕੇ ਨਾ ਜਾਂਦਾ। ਉਹ ਸੈੱਟ 'ਤੇ ਮੂੰਹ ਵਿੰਗਾ ਕਰ ਲੈਂਦਾ ਤੇ ਕੰਮ ਤੋਂ ਜੀ ਚੁਰਾਉਂਦਾ। ਜੇ ਕਿਸੇ ਸੀਨ ਵਿਚ ਮੈਂ ਕੁਝ ਬਦਲਣਾ ਚਾਹੁੰਦਾ ਤਾਂ ਉਹ ਭੱਜ ਖਲੋਂਦਾ। ਮੈਂ ਉਸ ਦੇ ਪਿੱਛੇ ਜਾਂਦਾ ਤੇ ਉਹਨੂੰ ਮਨਾ ਲੈਂਦਾ। ਆਖਿਰ ਅਸੀਂ ਇਕੱਠਿਆਂ ਕੰਮ ਕਰਨਾ ਸੀ! ਅਸੀਂ ਇਹ ਕਿਵੇਂ ਭੁੱਲ ਸਕਦੇ ਸਾਂ ਕਿ ਅਸੀਂ ਪਰਦੇ ਪਿੱਛੇ ਦੋਹਰਾ ਕਿਰਦਾਰ ਨਿਭਾ ਰਹੇ ਸਾਂ। ਹੌਲੀ-ਹੌਲੀ ਅਸੀਂ ਇੱਕ-ਦੂਜੇ ਨੂੰ ਬਰਦਾਸ਼ਤ ਕਰਨਾ ਸਿੱਖ ਲਿਆ। ਮੈਂ ਘਰੋਂ ਪੂਰੀ ਤਿਆਰੀ ਨਾਲ ਆਉਂਦਾ। ਜਦੋਂ ਦ੍ਰਿਸ਼ ਸਿਰਜਣਾ ਹੁੰਦਾ, ਉਹ ਮੈਨੂੰ ਇਕੱਲਾ ਛੱਡ ਦਿੰਦਾ। ਮੈਂ ਉਸ ਦੇ ਮਾਧਿਅਮ ਦੀ ਇੱਜ਼ਤ ਕਰਦਾ ਸਾਂ ਅਤੇ ਹੁਣ ਉਹ ਮੇਰੇ ਨਵੇਂ ਹੁਨਰ ਨੂੰ ਪਸੰਦ ਕਰਨਾ ਸਿੱਖ ਰਿਹਾ ਸੀ। ਅਸੀਂ 'ਲੇਖਕ-ਨਿਰਦੇਸ਼ਕ ਭਾਈ-ਭਾਈ' ਬਣ ਚੁੱਕੇ ਸਾਂ।... ਜੇ 'ਮੇਰੇ ਅਪਨੇ' ਦੇ ਬਣਾਉਣ ਸਮੇਂ ਮੈਂ ਇਸ ਕਲਾਤਮਿਕ ਕਸ਼ਮਕਸ਼ ਵਿਚ ਲੰਘ ਰਿਹਾ ਸੀ ਤਾਂ ਕਈ ਹੋਰ ਮੁੱਦੇ ਵੀ ਸਨ ਜਿਨ੍ਹਾਂ ਨਾਲ ਮੈਨੂੰ ਜੂਝਣਾ ਪੈ ਰਿਹਾ ਸੀ। ਸਭ ਤੋਂ ਪਹਿਲਾਂ ਤਾਂ ਫਿਲਮ ਦਾ ਵਿਸ਼ਾ ਪਿਆਰ ਅਤੇ ਹਿੰਸਾ ਦੇ ਆਪਸੀ ਰਿਸ਼ਤੇ 'ਤੇ ਆਧਾਰਤ ਹੋਣਾ ਸੀ। ਕੀ ਇਹ ਰਿਸ਼ਤਾ ਸਿਰਫ ਸਮਾਜਕ ਹੀ ਹੈ? ਕੀ ਇਨ੍ਹਾਂ ਦੋਹਾਂ ਨਾਲ ਜੁੜੀਆਂ ਮਾਨਵੀ ਭਾਵਨਾਵਾਂ ਦਾ ਕੋਈ ਮੁੱਲ ਨਹੀਂ? ਇਨ੍ਹਾਂ ਭਾਵਨਾਵਾਂ ਨੂੰ ਵੀ ਤਾਂ ਬੇਕਾਬੂ ਹੋਣ ਤੋਂ ਬਚਾਉਣਾ ਪਏਗਾ! ਪੇਸ਼ਕਾਰੀ ਦੇ ਢੰਗ ਵਿਚ ਇਨ੍ਹਾਂ ਭਾਵਨਾਵਾਂ ਨੂੰ ਕਿਵੇਂ ਵਰਤਿਆਂ ਜਾ ਸਕਦਾ ਹੈ? ਭੀੜ ਵਿਚੋਂ ਬੰਦਿਆਂ ਨੂੰ ਕਿਵੇਂ ਵੱਖ ਕੀਤਾ ਜਾਵੇ? ਘੱਟ ਤੋਂ ਘੱਟ ਸ਼ਬਦਾਂ ਵਿਚ ਗੁੰਡਿਆਂ ਵਿਚੋਂ ਬੰਦਿਆਈ ਕਿਵੇਂ ਬਾਹਰ ਲਿਆਂਦੀ ਜਾਵੇ? ਫਲੈਸ਼ ਬੈਕ ਤਕਨੀਕ ਕਿਵੇਂ ਵਰਤੀਆ ਜਾਵੇ? ਸਭ ਤੋਂ ਜ਼ਿਆਦਾ ਮਸਲਾ ਇਹ ਬਣਿਆ ਕਿ ਹਿੰਸਾ ਤੇ ਪਿਆਰ ਵਿਚੋਂ ਕਿਸ ਨੂੰ ਜਿਤਾਇਆ ਜਾਵੇ? ਹੁਣ ਤ੍ਰਾਸਦੀ ਇਹ ਹੈ ਕਿ ਬੰਦੂਕ ਦੀ ਨੋਕ 'ਤੇ ਹਮੇਸ਼ਾ ਪਿਆਰ ਹੀ ਹੁੰਦਾ ਹੈ। ਇਹੀ ਫਿਲਮ ਦੇ ਅੰਤ ਸਮੇਂ ਹੋਇਆ ਜਿਥੇ ਫਿਲਮ ਦੀ ਸਭ ਤੋਂ ਪਿਆਰੀ ਕਿਰਦਾਰ ਆਨੰਦੀ ਨੂੰ ਦੋਹਾਂ ਗਰੁਪਾਂ ਦੀ ਲੜਾਈ ਵਿਚ ਜਾਨ ਦੇਣੀ ਪੈਂਦੀ ਹੈ।"




ਫਿਲਮ 'ਮੇਰੇ ਅਪਨੇ' ਦਾ ਪੋਸਟਰ।



'ਮੇਰੇ ਅਪਨੇ' ਦੀ ਇਕ ਝਲਕ।


ਫਿਲਮ ਵਿਚ ਸਲਿਲ ਚੌਧਰੀ ਦੇ ਸੰਗੀਤ ਵਿਚ ਭਿੱਜਿਆ ਗਾਣਾ 'ਰੋਜ਼ ਅਕੇਲੀ ਆਏ, ਰੋਜ਼ ਅਕੇਲੀ ਜਾਏ... ਚਾਂਦ ਕਟੋਰਾ ਲੀਏ ਭਿਖਾਰਨ ਰਾਤ' ਫਿਲਮ ਦਾ ਹਿੱਸਾ ਨਾ ਬਣ ਸਕਣ ਦੇ ਬਾਵਜੂਦ ਹੁਣ ਤੱਕ ਹਿੰਦੀ ਸਿਨੇਮਾ ਦੇ ਬਿਹਰਤਰੀਨ ਗੀਤਾਂ ਵਿਚ ਸ਼ਾਮਿਲ ਹੈ। ਇਹੀ ਗੁਲਜ਼ਾਰ ਦੇ ਸ਼ਬਦਾਂ ਦੀ ਜਾਦੂਗਰੀ ਹੈ।

> *"ਮੇਰੇ ਲਈ 'ਮੇਰੇ ਅਪਨੇ' ਦੋਹਰਾ ਕਿਰਦਾਰ ਨਿਭਾਉਣ ਵਾਂਗ ਸੀ। ਫਿਲਮ ਦਾ ਨਿਰਦੇਸ਼ਕ ਨੌਸਿਖੀਆ ਸੀ, ਪਰ ਲੇਖਕ ਦੇ ਪੈਰ ਜੰਮ ਚੁੱਕੇ ਸਨ। ਹੁੰਦਾ ਇਹ ਸੀ ਕਿ ਬਹੁਤੀ ਵਾਰ ਪਟਕਥਾ-ਲੇਖਕ ਭਾਰੂ ਪੈ ਜਾਂਦਾ, ਉਹ ਅਕਸਰ ਨਿਰਦੇਸ਼ਕ ਨੂੰ ਡਾਂਟ ਦਿੰਦਾ, ਅਖੇ... ਪਹਿਲਾਂ ਮੇਰੀ ਗੱਲ ਸੁਣ! ਮੈਂ ਉਸ ਨੂੰ ਵਰਜਦਾ, ਪਰ ਹੌਲੀ-ਹੌਲੀ ਉਸ ਦਾ ਆਗਿਆਕਾਰੀ ਬਣ ਗਿਆ। ਕਈ ਵਾਰ ਉਹ ਮੇਰੇ ਵੱਲ ਕੁਨੱਖਾ ਝਾਕਦਾ, ਜਿਵੇਂ ਕਹਿ ਰਿਹਾ ਹੋਵੇ ਕਿ ਮੇਰੀ ਵਜ੍ਹਾ ਨਾਲ ਹੀ ਤਾਂ ਤੂੰ ਅੱਜ ਨਿਰਦੇਸ਼ਕ ਬਣਿਆ ਏਂ! ਸੈੱਟ 'ਤੇ ਬੈਠਾ ਉਹ ਮੈਨੂੰ ਸੰਮੋਹਿਤ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ। ਦੋਹਾਂ ਵਿਚਕਾਰ ਕਸ਼ਮਕਸ਼ ਚੱਲਦੀ ਰਹਿੰਦੀ।... -ਗੁਲਜ਼ਾਰ*

# ਮੋਜ਼ੇਜ਼ ਸਿੰਘ ਦਾ ਮਿਜਾਜ਼: ਜ਼ੁਬਾਨ

ਨੌਜਵਾਨ ਫਿਲਮਸਾਜ਼ ਮੋਜ਼ੇਜ਼ ਸਿੰਘ ਦੀ ਫਿਲਮ 'ਜ਼ੁਬਾਨ' ਜੋ ਕੌਮਾਂਤਰੀ ਫਿਲਮ ਮੇਲਿਆਂ ਵਿਚ ਆਪਣੀ ਹੋਂਦ ਦਰਜ ਕਰਵਾ ਚੁੱਕੀ ਹੈ, ਹੁਣ ਚਾਰ ਮਾਰਚ ਨੂੰ ਰਿਲੀਜ਼ ਹੋ ਰਹੀ ਹੈ। ਪਿਛਲੇ ਸਾਲ ਇਟਲੀ ਵਿਚ ਹੋਏ ਬੁਸਾਨ ਕੌਮਾਂਤਰੀ ਫਿਲਮ ਮੇਲੇ ਵਿਚ ਮੋਜ਼ੇਜ਼ ਸਿੰਘ ਨੂੰ 'ਰਾਈਜ਼ਿੰਗ ਡਾਇਰੈਕਟਰ ਏਸ਼ੀਆ ਸਟਾਰ ਐਵਾਰਡ' ਨਾਲ ਨਿਵਾਜਿਆ ਗਿਆ ਸੀ। ਇਹ ਉਸ ਦੀ ਪਲੇਠੀ ਫਿਲਮ ਹੈ। ਇਸ ਫਿਲਮ ਵਿਚ ਨਾਇਕ ਵਿੱਕੀ ਕੌਸ਼ਲ ਹੈ ਜਿਸ ਨੇ ਪਿਛੇ ਜਿਹੇ ਚਰਚਾ ਵਿਚ ਆਈ ਫਿਲਮ 'ਮਸਾਨ' ਵਿਚ ਅਹਿਮ ਕਿਰਦਾਰ ਨਿਭਾਇਆ ਸੀ। ਅਸਲ ਵਿਚ ਅਦਾਕਾਰ ਵਿੱਕੀ ਕੌਸ਼ਲ ਮੋਜ਼ੇਜ਼ ਸਿੰਘ ਦੀ ਖੋਜ ਹੈ ਅਤੇ ਮੋਜ਼ੇਜ਼ ਸਿੰਘ ਨੇ ਉਸ ਨੂੰ ਫਿਲਮ 'ਮਸਾਨ' ਤੋਂ ਵੀ ਪਹਿਲਾਂ ਸਾਇਨ ਕਰ ਲਿਆ ਸੀ, ਪਰ ਕੁਝ ਕਾਰਨਾਂ ਕਰ ਕੇ ਫਿਲਮ 'ਮਸਾਨ' ਪਹਿਲਾਂ ਰਿਲੀਜ਼ ਹੋ ਗਈ। ਉਂਜ ਮੋਜ਼ੇਜ਼ ਸਿੰਘ ਬਹੁਤ ਖੁਸ਼ ਹੈ ਕਿ ਫਿਲਮ 'ਮਸਾਨ' ਵਿਚ ਵਿੱਕੀ ਕੌਸ਼ਲ ਦੀ ਉਮਦਾ ਅਦਾਕਾਰੀ ਕਰ ਕੇ ਉਸ ਦੀ ਬੜੀ ਚਰਚਾ ਹੋਈ ਅਤੇ ਇਸ ਚਰਚਾ ਦਾ ਲਾਭ ਹੁਣ 'ਜ਼ੁਬਾਨ' ਨੂੰ ਜ਼ਰੂਰ ਮਿਲੇਗਾ। ਉਹ ਦੱਸਦਾ ਹੈ ਕਿ ਵਿੱਕੀ ਕੌਸ਼ਲ ਦੀ ਚੋਣ 300 ਅਦਾਕਾਰਾਂ ਦੀ ਇੰਟਰਵਿਊ ਤੋਂ ਬਾਅਦ ਕੀਤੀ ਗਈ ਸੀ। ਮੋਜ਼ੇਜ਼ ਸਿੰਘ ਨੂੰ ਵਿੱਕੀ ਕੌਸ਼ਲ ਇਕ ਲਘੂ ਫਿਲਮ ਰਾਹੀਂ ਲੱਭਿਆ। ਇਹ ਫਿਲਮ ਦਰਅਸਲ ਉਸ ਦੇ ਕਾਸਟਿੰਗ ਡਾਇਰੈਕਟਰ ਨੇ ਉਸ ਭੇਜ ਕੇ ਫਿਲਮ 'ਜ਼ੁਬਾਨ' ਲਈ ਵਿੱਕੀ ਕੌਸ਼ਲ ਬਾਰੇ ਗੌਰ ਕਰਨ ਦੀ ਤਾਕੀਦ ਕੀਤੀ ਸੀ। ਇਤਫਾਕ ਇਹ ਬਣਿਆ ਕਿ ਮੋਜ਼ੇਜ਼ ਸਿੰਘ ਇਹ ਲਘੂ ਫਿਲਮ ਦੇਖ ਨਾ ਸਕਿਆ, ਪਰ ਜਦੋਂ ਕਾਸਟਿੰਗ ਡਾਇਰੈਕਟਰ ਨੇ ਇਕ ਵਾਰ ਫਿਰ ਜ਼ੋਰ ਪਾਇਆ ਤਾਂ ਮੋਜ਼ੇਜ਼ ਸਿੰਘ ਫਿਲਮ ਦੇਖਦੇ ਸਾਰ ਕੂਕ ਉਠਿਆ, "ਇਹੀ ਮੁੰਡਾ ਮੇਰੀ ਫਿਲਮ ਦਾ ਹੀਰੋ ਹੋਵੇਗਾ।" ਮੋਜ਼ੇਜ਼ ਸਿੰਘ ਦਾ ਆਖਣਾ ਹੈ ਕਿ ਵਿੱਕੀ ਕੌਸ਼ਲ ਵੱਡੀ ਸਮਰੱਥਾ ਵਾਲਾ ਅਦਾਕਾਰ ਹੈ ਅਤੇ ਫਿਲਮੀ ਦੁਨੀਆਂ ਵਿਚ ਉਹ ਆਪਣੀ ਥਾਂ ਬਣਾ ਲਵੇਗਾ।

ਇਸ ਫਿਲਮ ਦਾ ਵਿਸ਼ਾ ਸੰਗੀਤ ਨਾਲ ਸਬੰਧਤ ਹੈ ਅਤੇ ਇਸ ਵਿਚ ਕੁੱਲ 15 ਗੀਤ ਸ਼ਾਮਲ ਕੀਤੇ ਗਏ ਹਨ। ਫਿਲਮ ਦਾ ਸੰਗੀਤ ਆਸ਼ੂਤੋਸ਼ ਪਾਠਕ ਨੇ ਤਿਆਰ ਕੀਤਾ ਹੈ ਜੋ ਭਾਰਤੀ ਸੰਗੀਤ ਸਨਅਤ ਵਿਚ ਰੌਕ ਕਲਾਕਾਰ ਵਜੋਂ ਮਸ਼ਹੂਰ ਹੈ, ਉਸ ਨੇ ਹੈਲਫ, ਵ੍ਹਾਇਟ ਨੁਆਇਸ, ਸਨਿੱਪ, ਬੰਬੇ ਬੁਆਇਸ ਅਤੇ ਵਿਸਪਰਸ ਵਰਗੀਆਂ ਚਰਚਿਤ ਫਿਲਮਾਂ ਲਈ ਸੰਗੀਤ ਦਿੱਤਾ ਹੈ। ਪ੍ਰਸਿੱਧ ਮੈਗਜ਼ੀਨ 'ਹਾਲੀਵੁੱਡ ਰਿਪੋਰਟਰ' ਨੇ ਉਸ ਦੀ ਖੂਬ ਪ੍ਰਸ਼ੰਸਾ ਕੀਤੀ ਸੀ।









ਫਿਲਮਸਾਜ਼ ਮੋਜ਼ੇਜ਼ ਸਿੰਘ (ਵਿਚਕਾਰ) ਦੀ ਫਿਲਮ 'ਜ਼ੁਬਾਨ' ਦਾ ਪੋਸਟਰ ਅਤੇ ਸਾਰਾਹ ਜੇਨ ਡਾਇਸ ਤੇ ਵਿੱਕੀ ਕੌਸ਼ਲ।

# ਬੜਾ ਪਿੰਡ ਕਬੱਡੀ ਕੱਪ 2016




ਵੱਖ ਵੱਖ ਖੇਤਰਾਂ ਦੀਆਂ ਵੱਡੀਆਂ ਸ਼ਖਸੀਅਤਾਂ ਦੀ ਜਨਮ-ਭੂਮੀ ਜਲੰਧਰ ਜਿਲੇ ਦੇ ਨਾਮੀ ਪਿੰਡ ਬੜਾ ਪਿੰਡ ਵਿਖੇ ਸ਼ੁੱਕਰਵਾਰ, 12 ਫਰਵਰੀ 2016 ਨੂੰ ਕਬੱਡੀ ਫੈਡਰੇਸ਼ਨ ਦੀਆਂ 8 ਅਕੈਡਮੀਆਂ ਵਿਚਾਲੇ ਹੋਣ ਵਾਲੇ ਕਬੱਡੀ ਕੱਪ ਵਿਚ ਦੇਸ-ਵਿਦੇਸ਼ ਵਸਦੇ ਖੇਡ ਪ੍ਰੇਮੀਆਂ, ਖਾਸ ਕਰ ਕਬੱਡੀ ਨੂੰ ਪਿਆਰ ਕਰਨ ਵਾਲੇ ਪੰਜਾਬੀਆਂ ਨੂੰ ਸਨਿਮਰ ਬੇਨਤੀ ਹੈ ਕਿ ਆਪਣੇ ਮਿੱਤਰਾਂ-ਦੋਸਤਾਂ, ਸਾਕ-ਸਬੰਧੀਆਂ, ਖਿਡਾਰੀਆਂ ਨੂੰ ਇਸ ਕਬੱਡੀ ਕੱਪ ਵਿਚ ਪਹੁੰਚਣ ਦੀ ਅਪੀਲ ਕਰਨ। ਜੇ ਕੋਈ ਖੁਦ ਵੀ ਪਹੁੰਚ ਸਕੇ, ਤਾਂ ਹੋਰ ਵੀ ਚੰਗਾ ਹੋਵੇਗਾ।

ਬੜਾ ਪਿੰਡ ਵਿਚ ਲੱਗਣ ਵਾਲਾ ਇਹ ਕਬੱਡੀ ਕੱਪ ਪੰਜਾਬ ਦੀ ਨੌਜਵਾਨ ਪੀੜ੍ਹੀ ਲਈ ਇਕ ਮਾਰਗ ਦਰਸ਼ਕ ਅਤੇ ਨਵੀਆਂ ਲੀਹਾਂ ਦੇਣ ਵਾਲਾ ਹੋਵੇਗਾ

## ਗੋਲਡ ਸਪਾਂਸਰ: ਯੁਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ



ਅਮੋਲਕ ਸਿੰਘ ਗਾਖਲ, ਬਾਨੀ
831-247-4637



ਇਕਬਾਲ ਸਿੰਘ ਗਾਖਲ
ਡਾਇਰੈਕਟਰ



ਪਲਵਿੰਦਰ ਸਿੰਘ ਗਾਖਲ
ਡਾਇਰੈਕਟਰ




ਦਲਵਿੰਦਰ ਸਿੰਘ ਪੱਡਾ
ਉਪ ਖਜ਼ਾਨਚੀ



ਮੱਖਣ ਸਿੰਘ ਬੈਂਸ
ਚੇਅਰਮੈਨ



ਨਰਿੰਦਰ ਸਿੰਘ ਸਹੋਤਾ
ਮੀਤ ਪ੍ਰਧਾਨ



ਜਗਰਾਜ ਸਿੰਘ ਸਹੋਤਾ
ਖਜ਼ਾਨਚੀ



ਪਰਮਜੀਤ ਸਿੰਘ ਸੰਧੂ
ਮੁੱਖ ਕਬੱਡੀ ਕੋਚ



ਕੁਲਦੀਪ ਸਿੰਘ ਮਾਨ
ਡਾਇਰੈਕਟਰ



ਬਲਬੀਰ ਸਿੰਘ ਭਾਟੀਆ
ਪ੍ਰਧਾਨ



ਗੁਰਦਾਵਰ ਸਿੰਘ ਮਹੇੜੂ
ਜਨਰਲ ਸਕੱਤਰ
ਫੋਨ: 510-468-9381

**ਬੇਨਤੀਕਰਤਾ: ਜਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ-ਬੜਾ ਪਿੰਡ ਨਿਵਾਸੀ**

ਨਿਰਵਿਘਨ ਪ੍ਰਕਾਸ਼ਨ ਦੇ 17ਵੇਂ ਸਾਲ 'ਚ (ਪਹਿਲੀ ਜਨਵਰੀ 2000-2016)

# ਪੰਜਾਬ ਟਾਈਮਜ਼

## 16ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ


## 'ਪੰਜਾਬ ਟਾਈਮਜ਼ ਨਾਈਟ'

### ਸਨਿਚਰਵਾਰ, 26 ਮਾਰਚ 2016 ਸਮਾਂ: ਸ਼ਾਮੀ 6:30 ਵਜੇ


**The Cotillion** 360 South Creek Side, Palatine, IL 60074 (Route 14 & 1/2 Block West of 53)

Minimum Contribution $50 Limited Seats, Reserve Your Seat.

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿੱਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ



ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੁਰਾ


ਜਗਦੀਸ਼ਰ ਸਿੰਘ ਕਲੇਰ


ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ



ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਇੰਦਰਮੋਹਨ ਸਿੰਘ ਛਾਬੜਾ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਭੁੱਲਰ



ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਕਾਨਾ ਸਿੰਘ


ਬਲਜੀਤ ਬਾਸੀ


ਹਰਪਾਲ ਸਿੰਘ ਪੰਨੂ


ਜਤਿੰਦਰ ਪੰਨੂ


ਦਲਜੀਤ ਅਮੀ


ਮੇਜਰ ਕੁਲਾਰ


ਇਕਬਾਲ ਜੱਬੋਵਾਲ

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@sbcglobal.net, website: www.punjabtimesusa.com*